Golden State Realty
JASSI GILL Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

Law Office of M Vivek Malik
Toll free no 866-424-4000
www.usa.immigrationlaw.com
M Vivek Malik
ACCOMPLISHED IMMIGRATION Attorneys
Help FAMILIES REUNITE in the US
Our Global & Nationwide Services in the field of U.S. Immigration & Nationality law
Business immigration & worksite compliance
Family & general immigration
Naturalization & citizenship
Removal defense & waivers
ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰੋ

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587

Twenty-Third Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 23, Issue 27, July 2, 2022 20451 N. Plum Grove Rd., Palatine, IL 60074 Ph:847-359-0746, Fax:847-705-9388

# ਪੰਥਕ ਸਿਆਸਤ 'ਚ ਨਵਾਂ ਉਭਾਰ

**ਚੰਡੀਗੜ੍ਹ:** ਸੰਗਰੂਰ ਲੋਕ ਸਭਾ ਜ਼ਿਮਨੀ ਚੋਣ ਦੇ ਨਤੀਜੇ ਪੰਜਾਬ ਦੀਆਂ ਸਿਆਸੀ ਧਿਰਾਂ ਦੀਆਂ ਅੱਖਾਂ ਖੋਲ੍ਹਣ ਵਾਲੇ ਹਨ। ਇਨ੍ਹਾਂ ਨਤੀਜਿਆਂ ਨੇ ਜਿਥੇ ਮਹਿਜ਼ 100 ਕੁ ਦਿਨ ਪਹਿਲਾਂ ਪੰਜਾਬ ਦੀ ਹਕੂਮਤ ਸੰਭਾਲਣ ਵਾਲੀ ਆਮ ਆਦਮੀ ਪਾਰਟੀ ਨੂੰ ਪੈਰੋਂ ਕੱਢ ਦਿੱਤਾ ਹੈ, ਉਥੇ ਆਪਣੇ ਆਪ ਨੂੰ ਪੰਥਕ ਧਿਰ ਵਜੋਂ ਪੇਸ਼ ਕਰਦੇ ਰਹੇ ਅਕਾਲੀ ਦਲ ਬਾਦਲ ਦੇ ਸਾਰੇ ਭਰਮ ਭੁਲੇਖੇ ਦੂਰ ਕਰ ਦਿੱਤੇ ਹਨ। ਇਨ੍ਹਾਂ ਨਤੀਜਿਆਂ ਪਿੱਛੋਂ ਸੂਬੇ ਦੀ ਪੰਥਕ ਸਿਆਸਤ ਦੇ ਸਮੀਕਰਨ ਬਦਲਣ ਬਾਰੇ ਵੀ ਚਰਚਾ ਛਿੜ ਗਈ ਹੈ।

ਯਾਦ ਰਹੇ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਨੇ ਇਹ ਚੋਣ ਬੰਦੀ ਸਿੰਘਾਂ ਦੀ ਰਿਹਾਈ ਨੂੰ ਮੁੱਖ ਮੁੱਦਾ ਬਣਾ ਕੇ ਲੜੀ ਸੀ। ਬੰਦੀ ਸਿੰਘਾਂ ਦੇ ਪਰਿਵਾਰਾਂ 'ਚੋਂ ਬੀਬੀ ਕਮਲਦੀਪ ਕੌਰ ਰਾਜੋਆਣਾ ਨੂੰ ਉਮੀਦਵਾਰ ਬਣਾਇਆ ਜਿਸ ਦੇ ਹੱਕ ਵਿਚ ਚੋਣ ਪ੍ਰਚਾਰ ਲਈ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਣੇ ਸਮੁੱਚੀ ਅਕਾਲੀ ਲੀਡਰਸ਼ਿਪ ਨੇ ਹਲਕੇ ਵਿਚ ਹੀ ਡੇਰੇ ਲਾਈ ਰੱਖੇ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਵੀ ਬੰਦੀ ਸਿੰਘਾਂ ਦੀ ਰਿਹਾਈ ਤੋਂ ਇਲਾਵਾ ਪੰਜਾਬ ਦੇ ਕਈ ਮੁੱਦਿਆਂ 'ਤੇ ਆਧਾਰ 'ਤੇ ਵੋਟਾਂ ਮੰਗੀਆਂ।

ਅਸਲ ਵਿਚ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਬਹਿਬਲ ਕਾਂਡ, ਡੇਰਾ ਸਿਰਸਾ ਮੁਖੀ ਨੂੰ ਮੁਆਫੀ ਸਣੇ ਹੋਰ ਮੁੱਦਿਆਂ ਉਤੇ ਘਿਰੇ ਬਾਦਲ ਧੜੇ ਨੇ ਸੰਗਰੂਰ ਚੋਣ ਤੇ ਇਸ ਤੋਂ ਪਹਿਲਾਂ ਵਿਧਾਨ ਸਭਾ ਚੋਣਾਂ ਵਿਚ ਪੰਥਕ ਓਟ ਲੈਣ ਦੀ ਕੋਸ਼ਿਸ਼ ਕੀਤੀ ਸੀ। ਇਸੇ ਮਕਸਦ ਨਾਲ ਅਕਾਲ ਤਖਤ ਦੇ ਜਥੇਦਾਰ, ਇਥੋਂ ਤੱਕ ਫਾਂਸੀਯਾਫਤਾ ਬਲਵੰਤ ਸਿੰਘ ਰਾਜੋਆਣਾ ਤੋਂ ਵੀ ਅਕਾਲੀ ਦਲ ਬਾਦਲ ਨੂੰ ਤਕੜਾ ਕਰਨ ਲਈ ਬਿਆਨ ਦਿਵਾਏ। ਸਾਰੀਆਂ ਪੰਥਕ ਧਿਰਾਂ ਨੂੰ ਕਮਲਦੀਪ ਕੌਰ ਰਾਜੋਆਣਾ ਨੂੰ ਮੌਕਾ ਦੇਣ ਦੀ ਅਪੀਲ ਕੀਤੀ ਪਰ ਸੰਗਰੂਰ ਵਾਸੀਆਂ ਨੇ ਸਾਰੀਆਂ ਅਪੀਲਾਂ ਦਰਕਿਨਾਰ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੇ ਹੱਕ ਵਿਚ ਫਤਵਾ ਦਿੱਤਾ। ਇਹ ਫਤਵਾ ਸਾਫ ਇਸ਼ਾਰਾ ਕਰ ਰਿਹਾ ਹੈ ਕਿ ਬਾਦਲਾਂ ਦੇ ਸਿਆਸੀ ਭਵਿੱਖ ਨੂੰ ਵੱਡੀ ਵੰਗਾਰ ਖੜ੍ਹੀ ਹੋਣ ਵਾਲੀ ਹੈ। ਜੇਕਰ ਆਉਂਦੇ ਸਮੇਂ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਚੋਣਾਂ ਹੁੰਦੀਆਂ ਹਨ ਤਾਂ ਇਸ ਸਿਰਮੌਰ ਸੰਸਥਾ ਉਤੇ ਹਾਵੀ ਰਹੇ ਬਾਦਲ ਧੜੇ ਲਈ ਵੱਡੀ ਚੁਣੌਤੀ ਹੋਣਗੀਆਂ।



ਸਭ ਤੋਂ ਅਹਿਮ ਪੱਖ ਇਹ ਹੈ ਕਿ 101 ਸਾਲ ਪੁਰਾਣੀ ਪਾਰਟੀ ਅਕਾਲੀ ਦਲ ਦੀ ਉਮੀਦਵਾਰ ਕਮਲਦੀਪ ਕੌਰ ਪੰਜਾਬ ਦੀਆਂ ਪ੍ਰਮੁੱਖ ਸਿਆਸੀ ਧਿਰਾਂ ਦੇ ਉਮੀਦਵਾਰਾਂ ਵਿਚੋਂ ਸਭ ਤੋਂ ਪਿੱਛੇ ਰਹੇ ਹਨ। ਭਾਜਪਾ ਉਮੀਦਵਾਰ ਵੀ ਅਕਾਲੀ ਦਲ ਉਮੀਦਵਾਰ ਤੋਂ ਵੱਧ ਵੋਟਾਂ ਪ੍ਰਾਪਤ ਕਰਨ ਵਿਚ ਸਫਲ ਰਿਹਾ ਹੈ।

ਬਾਦਲ ਦਲ ਦਾ ਪੰਜਵੇਂ ਸਥਾਨ ਉਤੇ ਖਿਸਕ ਜਾਣਾ ਸਿਆਸੀ ਵਿਸ਼ਲੇਸ਼ਣ ਦਾ ਆਧਾਰ ਬਣੇਗਾ। ਦਰਅਸਲ, ਪਿਛਲੇ ਕੁਝ ਸਮੇਂ ਤੋਂ ਅਕਾਲੀ ਦਲ ਖੇਤਰੀ ਮੁੱਦਿਆਂ ਤੇ ਘੱਟ ਗਿਣਤੀਆਂ ਖਿਲਾਫ਼ ਹੋਣ ਵਾਲੇ ਜਬਰ ਬਾਰੇ ਖਾਮੋਸ਼ ਰਹਿਣ ਲੱਗਾ ਹੈ। ਪਹਿਲਾਂ ਹੀ ਪਾਰਟੀ ਦੇ ਪ੍ਰਧਾਨ ਅਤੇ ਦੂਸਰੇ ਆਗੂਆਂ ਨੂੰ ਹਟਾਏ ਜਾਣ ਦੀ ਸਿਫਾਰਿਸ਼ ਵਾਲੀ ਰਿਪੋਰਟ ਮੌਜੂਦ ਹੈ। ਅਕਾਲੀ ਦਲ (ਅੰਮ੍ਰਿਤਸਰ) ਦੇ ਉਮੀਦਵਾਰ ਸਿਮਰਨਜੀਤ ਸਿੰਘ ਮਾਨ ਦੀ ਜਿੱਤ ਵਿਚ ਨੌਜਵਾਨ ਵਰਗ ਨੇ ਵੱਡੀ ਭੂਮਿਕਾ ਰਹੀ ਹੈ। ਮਰਹੂਮ ਅਦਾਕਾਰ ਦੀਪ ਸਿੱਧੂ ਦੀ ਸੜਕ ਹਾਦਸੇ 'ਚ ਮੌਤ ਤੇ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਦੀਆਂ ਘਟਨਾਵਾਂ ਮਗਰੋਂ ਨੌਜਵਾਨ ਵਰਗ ਦਾ ਝੁਕਾਅ ਸਿਮਰਨਜੀਤ ਸਿੰਘ ਮਾਨ ਵੱਲ ਹੋਇਆ ਜੋ ਮਾਨ ਦੀ ਜਿੱਤ ਦਾ ਕਾਰਨ ਮੰਨਿਆ ਜਾ ਰਿਹਾ ਹੈ। ਇਹ ਨੌਜਵਾਨ ਵਰਗ ਪਹਿਲਾਂ ਵਿਧਾਨ ਸਭਾ ਤੇ ਹੁਣ ਜਿਮਨੀ ਚੋਣ ਵਿਚ ਪੰਥ ਨੂੰ ਤਕੜਾ ਕਰਨ ਲਈ ਸਿਮਰਨਜੀਤ ਸਿੰਘ ਮਾਨ ਦੇ ਹੱਕ ਵਿਚ ਵੋਟਾਂ ਮੰਗਦਾ ਰਿਹਾ ਹੈ।

ਸਾਲ 2019 ਦੇ ਮੁਕਾਬਲੇ ਭਾਵੇਂ 'ਆਪ' ਦੀ ਵੋਟ ਕਰੀਬ 2.5 ਫੀਸਦੀ ਹੀ ਘਟੀ ਹੈ ਪਰ ਅਕਾਲੀ ਦਲ ਦੀ ਵੋਟ 23.8 ਫੀਸਦੀ ਤੋਂ ਘਟ ਕੇ ਸਿਰਫ਼ 6.25 ਰਹਿ ਗਈ ਹੈ; ਭਾਵ ਅਕਾਲੀ ਦਲ ਦੀਆਂ 17 ਫੀਸਦੀ ਵੋਟਾਂ ਨੂੰ ਖੋਰਾ ਲੱਗਿਆ ਹੈ। ਇਸੇ ਤਰ੍ਹਾਂ 2019 ਵਿਚ ਕਾਂਗਰਸ ਦੀ ਵੋਟ 27.4 ਫੀਸਦੀ ਸੀ ਜੋ ਹੁਣ 11.21 ਫੀਸਦੀ ਰਹਿ ਗਈ ਹੈ। ਸਿਮਰਨਜੀਤ ਸਿੰਘ ਮਾਨ ਨੂੰ 2019 ਦੀ ਸੰਸਦੀ ਚੋਣ ਵਿਚ ਸਿਰਫ਼ 4.37 ਫੀਸਦੀ ਵੋਟਾਂ ਮਿਲੀਆਂ ਸੀ, ਜਦਕਿ ਹੁਣ 35.61 ਫੀਸਦੀ ਵੋਟਾਂ ਮਿਲੀਆਂ ਹਨ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਨਤੀਜਿਆਂ 'ਚ ਸ਼੍ਰੋਮਣੀ ਅਕਾਲੀ ਦਲ ਦੇ ਪੰਜਵੇਂ ਸਥਾਨ 'ਤੇ ਰਹਿਣ ਕਾਰਨ ਪਾਰਟੀ ਵਰਕਰਾਂ ਤੇ ਆਗੂਆਂ ਨੂੰ ਵੱਡਾ ਝਟਕਾ ਲੱਗਾ ਹੈ। ਪਾਰਟੀ ਉਮੀਦਵਾਰ ਆਪਣੀ ਜ਼ਮਾਨਤ ਵੀ ਨਹੀਂ ਬਚਾਅ ਸਕਿਆ। ਚੋਣ ਨਤੀਜੇ 'ਚ ਪਾਰਟੀ ਦੀ ਕਾਰਗੁਜ਼ਾਰੀ 'ਤੇ ਪਾਰਟੀ ਦੇ ਅੰਦਰੋਂ ਸਵਾਲ ਖੜ੍ਹੇ ਹੋਣ ਲੱਗੇ ਹਨ।

ਵਿਧਾਨ ਸਭਾ ਚੋਣਾਂ (ਸ਼੍ਰੋਮਣੀ ਅਕਾਲੀ ਦਲ ਦੀਆਂ 117 'ਚੋਂ ਤਿੰਨ ਸੀਟਾਂ) ਵਿਚ ਕਰਾਰੀ ਹਾਰ ਹੋਣ ਤੋਂ ਤਿੰਨ ਮਹੀਨੇ ਬਾਅਦ ਹੋਈ ਜ਼ਿਮਨੀ ਚੋਣ ਵਿਚ ਜਿੱਤਣ ਬਾਰੇ ਕੋਈ ਵੀ ਪਾਰਟੀ ਨਹੀਂ ਸੋਚਦੀ ਪਰ ਸ਼੍ਰੋਮਣੀ ਅਕਾਲੀ ਦਲ ਲਈ ਇਹ ਚੋਣ ਨਤੀਜੇ ਵੱਡਾ ਝਟਕਾ ਇਸ ਲਈ ਵੀ ਹਨ ਕਿਉਂਕਿ ਉਸ ਦੀ ਪੁਰਾਣੀ ਭਾਈਵਾਲ ਭਾਰਤੀ ਜਨਤਾ ਪਾਰਟੀ ਨੂੰ ਇਸ ਚੋਣ 'ਚ ਉਸ ਨਾਲੋਂ ਵੱਧ ਵੋਟਾਂ ਮਿਲੀਆਂ ਹਨ ਤੇ ਉਹ ਚੌਥੇ ਸਥਾਨ 'ਤੇ ਰਹੀ ਹੈ। ਸ਼੍ਰੋਮਣੀ ਅਕਾਲੀ 2009 ਤੋਂ ਬਾਅਦ ਇਹ ਸੀਟ ਨਹੀਂ ਜਿੱਤ ਸਕਿਆ ਹੈ ਪਰ ਉਸ ਨੇ ਹਰ ਚੋਣ ਵਿਚ ਸਖਤ

(ਬਾਕੀ ਸਫਾ 6 'ਤੇ)

## ਸੁਖਬੀਰ ਤੋਂ ਪ੍ਰਧਾਨਗੀ ਖੁੱਸਣ ਦੀ ਚਰਚਾ

**ਚੰਡੀਗੜ੍ਹ:** ਸੰਗਰੂਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਦੇ ਨਤੀਜੇ ਬਾਅਦ ਸ਼੍ਰੋਮਣੀ ਅਕਾਲੀ ਦਲ ਵਿਚ ਆਗੂ ਤਬਦੀਲ ਕਰਨ ਦੀਆਂ ਆਵਾਜ਼ਾਂ ਉੱਠਣੀਆਂ ਸ਼ੁਰੂ ਹੋ ਗਈਆਂ ਹਨ। ਸੁਖਬੀਰ ਸਿੰਘ ਬਾਦਲ ਦੇ ਪ੍ਰਧਾਨਗੀ ਤੋਂ ਅਸਤੀਫੇ ਦੀ ਚਰਚਾ ਨੂੰ ਪਾਰਟੀ ਦੇ ਸਕੱਤਰ ਜਨਰਲ ਬਲਵਿੰਦਰ ਸਿੰਘ ਭੂੰਦੜ ਨੇ ਭਾਵੇਂ ਅਫਵਾਹਾਂ ਦੱਸਿਆ ਹੈ ਪਰ ਮਾਮਲਾ ਜ਼ਿਆਦਾ ਗੰਭੀਰ ਦਿਖਾਈ ਦਿੰਦਾ ਹੈ। ਪਾਰਟੀ ਦੀ ਕੋਰ ਕਮੇਟੀ ਦੇ ਮੈਂਬਰ ਜਗਮੀਤ ਸਿੰਘ ਨੇ ਆਪਣੇ ਤਰੀਕੇ ਨਾਲ ਆਗੂ ਤਬਦੀਲ ਕਰਨ ਦੀ ਰਾਇ ਦਾ ਪ੍ਰਗਟਾਵਾ ਕੀਤਾ ਹੈ। ਉਸ ਨੇ ਤਿੰਨ ਆਗੂਆਂ ਮਨਪ੍ਰੀਤ ਸਿੰਘ ਇਯਾਲੀ, ਰਵੀਕਰਨ ਸਿੰਘ ਕਾਹਲੋਂ ਅਤੇ ਗੁਰਪ੍ਰਤਾਪ ਸਿੰਘ ਵਡਾਲਾ ਨੂੰ ਪਾਰਟੀ ਵਿਚ ਪ੍ਰਮੁੱਖ ਸਥਾਨ ਦੇਣ ਦੀ ਵਕਾਲਤ ਕੀਤੀ ਹੈ। ਜਗਮੀਤ ਸਿੰਘ ਨੇ ਸ਼੍ਰੋਮਣੀ ਕਮੇਟੀ ਵਿਚ ਸਹਿਜਧਾਰੀਆਂ ਦੀ ਵੋਟ ਨੂੰ ਸਵੀਕਾਰ ਕਰਨ ਦੀ ਗੱਲ ਕਰਕੇ ਨਵੀਂ ਬਹਿਸ ਦੀ ਸ਼ੁਰੂਆਤ ਵੀ ਕਰ ਦਿੱਤੀ ਹੈ।

## 'ਆਪ' ਦੇ ਪਲੇਠੇ ਬਜਟ 'ਚ ਹੀ ਨਵੀਨਤਾ ਗਾਇਬ



**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਨੇ ਮਾਲੀ ਵਰ੍ਹੇ 2022-23 ਲਈ 1,55,859.78 ਕਰੋੜ ਦਾ ਆਪਣਾ ਪਲੇਠਾ ਬਜਟ ਪੇਸ਼ ਕੀਤਾ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਸਦਨ 'ਚ 'ਜਨਤਾ ਬਜਟ' ਪੇਸ਼ ਕਰਦਿਆਂ ਸੂਬੇ ਦੇ ਲੋਕਾਂ 'ਤੇ ਟੈਕਸਾਂ ਦਾ ਕੋਈ ਨਵਾਂ ਬੋਝ ਪਾਉਣ ਤੋਂ ਗੁਰੇਜ਼ ਕੀਤਾ ਹੈ। ਡਿਜੀਟਲ ਬਜਟ ਦਾ ਮੁੱਖ ਫੋਕਸ ਸਿੱਖਿਆ, ਸਿਹਤ ਤੇ ਖੇਤੀ 'ਤੇ ਰਿਹਾ। ਇਸ ਬਜਟ ਬਾਰੇ ਸਰਕਾਰ ਨੇ ਹੋਰ ਵੀ ਕਈ ਦਾਅਵੇ ਕੀਤੇ ਹਨ ਪਰ ਆਰਥਿਕ ਮਾਹਿਰਾਂ ਅਨੁਸਾਰ ਇਸ ਬਜਟ ਵਿਚ ਨਵੀਨਤਾ ਦੀ ਘਾਟ ਹੈ। ਪੰਜਾਬ ਨੂੰ ਆਰਥਿਕ ਪੱਧਰ 'ਤੇ ਜਿਸ ਤਰ੍ਹਾਂ ਦੇ ਸੰਕਟ ਦਰਪੇਸ਼ ਹਨ, ਉਸ ਦੇ ਮੁਕਾਬਲੇ ਇਹ ਬਜਟ ਹੀਣਾ ਪ੍ਰਤੀਤ ਹੁੰਦਾ ਹੈ ਅਤੇ ਇਹ ਪੰਜਾਬ ਨੂੰ ਸੰਕਟ ਵਿਚੋਂ ਕੱਢ ਨਹੀਂ ਸਕੇਗਾ।

ਚਲੰਤ ਵਰ੍ਹੇ ਦੇ ਬਜਟ 'ਚ 95,378.28 ਕਰੋੜ ਦੀ ਆਮਦਨ ਦਾ ਅਨੁਮਾਨ ਹੈ ਜਦੋਂ ਕਿ 1,55,859 ਕਰੋੜ ਰੁਪਏ ਦਾ ਖਰਚਾ ਤਜਵੀਜ਼

(ਬਾਕੀ ਸਫਾ 6 'ਤੇ)

Harmit Toor
Your Realtor® For Life!
Help you Buy or Sell:
♦Residential Property
♦Commercial property
♦Business Opportunity
Financing:
♦Residential Loans
♦Commercial Loans
♦SBA Loans
Commercial Leasing
Broker Associate
BRE Lic.# 01462579
NMLS ID 358820
2015-19 Awarded Grand Master Achievement Club Certificate
BEB BAY EAST BROKERS
EQUAL HOUSING OPPORTUNITY
Ph: 925-202-7027
HDtoor@gmail.com
WWW.BayEastBrokers.Com



Raja SWEETS & CATERING
AUTHORIZED CATERER FOR MAJOR 5-STAR HOTELS
Follow us on:
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Faloода Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS
17 years of experience

Services
-We do Same day IRP Plates
-Truck Permits
-New company
-Truck ELD
-Trucking compliance
Rajinder Singh
159 D'Arcy Pkwy, Lathrop, CA 95330
Phone: 209 636 0880

Tel.: 317-426-5410
Ext. 2001 & 2403
XPressCargo

100% ਓਨਰ ਆਪਰੇਟਰ ਕੰਪਨੀ

Pay Every Week
Pay Single 60 Cent + Team 70 Cent

100% OWNER OPERATOR COMPANY

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੋਰੇਜ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਅਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com

# ਸਿਮਰਨਜੀਤ ਸਿੰਘ ਮਾਨ ਨੇ 'ਆਪ' ਦੇ ਗੜ੍ਹ ਵਿਚ ਸੰਨ੍ਹ ਲਾਈ

**ਸੰਗਰੂਰ:** ਪੰਜਾਬ ਵਿਧਾਨ ਸਭਾ ਚੋਣਾਂ ਜਿੱਤਣ ਮਗਰੋਂ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਅਸਤੀਫਾ ਦੇਣ ਕਾਰਨ ਖਾਲੀ ਹੋਈ ਸੰਗਰੂਰ ਲੋਕ ਸਭਾ ਸੀਟ ਦੀ ਜ਼ਿਮਨੀ ਚੋਣ ਵਿਚ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਜਿੱਤ ਦਰਜ ਕੀਤੀ ਹੈ।

ਉਨ੍ਹਾਂ ਆਪਣੇ ਮੁੱਖ ਵਿਰੋਧੀ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਮੇਲ ਸਿੰਘ ਨੂੰ 5822 ਵੋਟਾਂ ਦੇ ਫਰਕ ਨਾਲ ਹਰਾਇਆ ਹੈ। ਇਸ ਜਿੱਤ ਨਾਲ 77 ਸਾਲਾ ਸਿਮਰਨਜੀਤ ਸਿੰਘ ਮਾਨ ਤਕਰੀਬਨ ਦੋ ਦਹਾਕੇ ਬਾਅਦ ਸੰਸਦ ਭਵਨ ਜਾਣਗੇ। ਉਨ੍ਹਾਂ ਇਸ ਤੋਂ ਪਹਿਲਾਂ 1999 ਵਿਚ ਉਨ੍ਹਾਂ ਸੰਗਰੂਰ ਤੋਂ ਹੀ ਲੋਕ ਸਭਾ ਚੋਣ ਜਿੱਤੀ ਸੀ। ਪੰਜਾਬ ਦੀ ਸੱਤਾ 'ਤੇ ਕਾਬਜ਼ 'ਆਪ' ਸੌ ਦਿਨ ਦੀ ਕਾਰਗੁਜ਼ਾਰੀ ਮਗਰੋਂ ਆਪਣੇ ਪਲੇਠੇ ਇਮਤਿਹਾਨ ਵਿਚ ਮਾਤ ਖਾ ਗਈ ਹੈ। ਸੰਗਰੂਰ ਲੋਕ ਸਭਾ ਹਲਕੇ 'ਚ ਕੁੱਲ ਪਈਆਂ 7,08,448 ਵੋਟਾਂ ਵਿਚੋਂ ਸਿਮਰਨਜੀਤ ਸਿੰਘ ਮਾਨ ਨੂੰ 2,53,154 ਵੋਟਾਂ ਮਿਲੀਆਂ ਜਦਕਿ ਉਨ੍ਹਾਂ ਦੇ ਮੁੱਖ ਵਿਰੋਧੀ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਮੇਲ ਸਿੰਘ ਨੂੰ 2,47,332 ਵੋਟਾਂ ਪ੍ਰਾਪਤ ਹੋਈਆਂ।



### ਪੰਜਾਬ ਦੇ ਮਸਲੇ ਲੋਕ ਸਭਾ ਵਿਚ ਚੁੱਕਾਂਗਾ: ਮਾਨ

**ਧੂਰੀ:** ਸੰਗਰੂਰ ਜ਼ਿਮਨੀ ਚੋਣ ਵਿਚ ਜੇਤੂ ਰਹੇ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਹਰ ਵਰਗ ਨੇ ਉਨ੍ਹਾਂ ਨੂੰ ਦਿਲ ਖੋਲ੍ਹ ਕੇ ਵੋਟਾਂ ਪਾ ਕੇ ਸੰਸਦ ਮੈਂਬਰ ਚੁਣਿਆ ਹੈ ਤੇ ਉਹ ਹਰ ਵਰਗ ਦੀਆਂ ਮੁਸ਼ਕਲਾਂ ਦੇ ਹੱਲ ਕਰਨ ਅਤੇ ਸੰਗਰੂਰ ਜ਼ਿਲ੍ਹੇ ਦੀ ਤਰੱਕੀ ਲਈ ਪੂਰੀ ਵਾਹ ਲਾ ਦੇਣਗੇ। ਉਨ੍ਹਾਂ ਕਿਹਾ ਕਿ ਉਹ ਪੰਜਾਬ ਦੇ ਮਸਲੇ ਲੋਕ ਸਭਾ ਵਿਚ ਉਠਾਉਣਗੇ, ਸੰਗਰੂਰ ਜ਼ਿਲ੍ਹੇ ਵਿਚ ਵਿਕਾਸ ਕਾਰਜਾਂ ਨੇਪਰੇ ਚਾੜ੍ਹਨ ਦੀ ਕੋਸ਼ਿਸ਼ ਕਰਨਗੇ ਤੇ ਨੌਜਵਾਨਾਂ ਲਈ ਰੁਜ਼ਗਾਰ ਦੇ ਵਸੀਲੇ ਪੈਦਾ ਕਰਨਗੇ। ਉਨ੍ਹਾਂ ਕਿਹਾ ਕਿ ਸੰਗਰੂਰ ਜ਼ਿਲ੍ਹੇ ਦੀ ਸਭ ਤੋਂ ਵੱਡੀ ਮੁਸ਼ਕਲ ਘੱਗਰ ਨਦੀ ਦੀ ਹੈ ਤੇ ਇਸ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ।

### ਲੋਕਾਂ ਦਾ ਫੈਸਲਾ ਸਿਰ ਮੱਥੇ: ਭਗਵੰਤ ਮਾਨ

**ਚੰਡੀਗੜ੍ਹ:** ਸੰਗਰੂਰ ਲੋਕ ਸਭਾ ਜ਼ਿਮਨੀ ਚੋਣ ਵਿਚ ਪੰਜਾਬ ਦੀ ਸੱਤਾਧਾਰੀ ਧਿਰ ਆਮ ਆਦਮੀ ਪਾਰਟੀ (ਆਪ) ਦੀ ਹਾਰ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਤੇ ਪਾਰਟੀ ਦੇ ਸੂਬਾ ਪ੍ਰਧਾਨ ਭਗਵੰਤ ਮਾਨ ਨੇ ਲੋਕ ਫਤਵੇ ਨੂੰ ਪ੍ਰਵਾਨ ਕਰਦਿਆਂ ਪੰਜਾਬ ਦੀ ਤਰੱਕੀ ਤੇ ਖੁਸ਼ਹਾਲੀ ਲਈ ਕੰਮ ਕਰਦੇ ਰਹਿਣ ਦਾ ਅਹਿਦ ਲਿਆ ਹੈ। ਭਗਵੰਤ ਮਾਨ ਨੇ ਟਵੀਟ ਕੀਤਾ, ''ਸੰਗਰੂਰ ਦੇ ਲੋਕਾਂ ਦਾ ਫਤਵਾ ਸਿਰ ਮੱਥੇ.. ਮੈਂ ਪੰਜਾਬ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਦਿਨ-ਰਾਤ ਇਮਾਨਦਾਰੀ ਤੇ ਮਿਹਨਤ ਨਾਲ ਕੰਮ ਕਰਦਾ ਰਹਾਂਗਾ। ਮੈਂ ਤੁਹਾਡਾ ਪੁੱਤ ਹਾਂ ਤੇ ਤੁਹਾਡੇ ਪਰਿਵਾਰਾਂ ਦਾ ਭਵਿੱਖ ਰੋਸ਼ਨ ਬਣਾਉਣ ਲਈ ਕੋਈ ਕਸਰ ਨਹੀਂ ਛੱਡਾਂਗਾ।''

### ਮਾਨ ਸੰਸਦ ਵਿਚ ਸਿੱਖਾਂ ਦੇ ਮਸਲੇ ਉਠਾਉਣ: ਧਾਮੀ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੰਗਰੂਰ ਜ਼ਿਮਨੀ ਚੋਣ ਵਿਚ ਜਿੱਤ ਹਾਸਲ ਕਰਨ 'ਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੂੰ ਵਧਾਈ ਦਿੰਦਿਆਂ ਸੰਸਦ ਵਿਚ ਸਿੱਖ ਮਸਲੇ ਉਠਾਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਸੰਗਰੂਰ ਦੇ ਲੋਕਾਂ ਨੇ ਸਿਮਰਨਜੀਤ ਸਿੰਘ ਮਾਨ 'ਤੇ ਭਰੋਸਾ ਕੀਤਾ ਹੈ, ਜਿਸ ਨਾਲ ਉਨ੍ਹਾਂ ਦੀ ਜ਼ਿੰਮੇਵਾਰੀ ਹੋਰ ਵਧ ਜਾਂਦੀ ਹੈ।

ਕਾਂਗਰਸੀ ਉਮੀਦਵਾਰ ਦਲਵੀਰ ਗੋਲਡੀ 79,668 ਵੋਟਾਂ ਪ੍ਰਾਪਤ ਕਰਕੇ ਤੀਜੇ, ਭਾਜਪਾ ਉਮੀਦਵਾਰ ਕੇਵਲ ਸਿੰਘ ਢਿੱਲੋਂ 66,298 ਵੋਟਾਂ ਨਾਲ ਚੌਥੇ ਅਤੇ ਸ਼੍ਰੋਮਣੀ ਅਕਾਲੀ ਦਲ ਤੇ ਬਸਪਾ ਗੱਠਜੋੜ ਦੀ ਉਮੀਦਵਾਰ ਬੀਬੀ ਕਮਲਦੀਪ ਕੌਰ ਸਿਰਫ਼ 44,428 ਵੋਟਾਂ ਪ੍ਰਾਪਤ ਕਰਕੇ ਪੰਜਵੇਂ ਸਥਾਨ 'ਤੇ ਰਹੇ। ਚੋਣ ਕਮਿਸ਼ਨ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨੂੰ 35.61 ਫੀਸਦੀ, ਆਮ ਆਦਮੀ ਪਾਰਟੀ ਨੂੰ 34.79 ਫੀਸਦੀ, ਕਾਂਗਰਸ ਪਾਰਟੀ ਨੂੰ 11.21 ਫੀਸਦੀ, ਭਾਜਪਾ ਨੂੰ 9.33 ਫੀਸਦੀ ਅਤੇ ਅਕਾਲੀ ਦਲ ਨੂੰ 6.25 ਫੀਸਦੀ ਵੋਟ ਮਿਲੀ ਹੈ। ਸੰਗਰੂਰ ਸੰਸਦੀ ਹਲਕੇ ਦੀ ਜ਼ਿਮਨੀ ਚੋਣ ਲੜ ਰਹੇ ਕੁੱਲ 16 ਉਮੀਦਵਾਰਾਂ ਵਿਚੋਂ ਬਹੁਤਿਆਂ ਦੀ ਜ਼ਮਾਨਤ ਜ਼ਬਤ ਹੋ ਗਈ। ਕਾਂਗਰਸ, ਭਾਜਪਾ ਅਤੇ ਅਕਾਲੀ ਦਲ ਦੇ ਉਮੀਦਵਾਰ ਵੀ ਆਪਣੀਆਂ ਜ਼ਮਾਨਤਾਂ ਨਹੀਂ ਬਚਾ ਸਕੇ। ਸਭ ਤੋਂ ਅਹਿਮ ਪੱਖ ਇਹ ਹੈ ਕਿ 101 ਸਾਲ ਪੁਰਾਣੀ ਪਾਰਟੀ ਅਕਾਲੀ ਦਲ ਦੀ ਉਮੀਦਵਾਰ ਬੀਬੀ ਕਮਲਦੀਪ ਕੌਰ ਪੰਜਾਬ ਦੀਆਂ ਪ੍ਰਮੁੱਖ ਸਿਆਸੀ ਧਿਰਾਂ ਦੇ ਉਮੀਦਵਾਰਾਂ ਵਿਚੋਂ ਸਭ ਤੋਂ ਪਿੱਛੇ ਰਹੇ ਹਨ। ਭਾਜਪਾ ਉਮੀਦਵਾਰ ਵੀ ਅਕਾਲੀ ਦਲ ਉਮੀਦਵਾਰ ਤੋਂ ਵੱਧ ਵੋਟਾਂ ਪ੍ਰਾਪਤ ਕਰਨ ਵਿਚ ਸਫਲ ਰਿਹਾ ਹੈ। ਸੰਗਰੂਰ ਸੰਸਦੀ ਹਲਕੇ ਦੇ ਚੋਣ ਨਤੀਜਿਆਂ ਅਨੁਸਾਰ ਆਮ ਆਦਮੀ ਪਾਰਟੀ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੇ ਹਲਕੇ ਦਿੜ੍ਹਬਾ ਤੋਂ 7553 ਵੋਟਾਂ ਅਤੇ ਸਿੱਖਿਆ ਮੰਤਰੀ ਮੀਤ ਹੇਅਰ ਦੇ ਹਲਕੇ ਬਰਨਾਲਾ ਤੋਂ 2295 ਵੋਟਾਂ ਦੇ ਫਰਕ ਨਾਲ ਹਾਰੀ ਹੈ। ਇਸ ਤੋਂ ਇਲਾਵਾ 'ਆਪ' ਮਾਲੇਰਕੋਟਲਾ ਤੋਂ 8101 ਤੇ ਭਦੌੜ ਹਲਕੇ ਤੋਂ 7125 ਵੋਟਾਂ ਦੇ ਫਰਕ ਨਾਲ ਪੱਛੜ ਗਈ ਹੈ। ਇਨ੍ਹਾਂ ਹਲਕਿਆਂ 'ਚੋਂ ਸਿਮਰਨਜੀਤ ਸਿੰਘ ਮਾਨ ਜੇਤੂ ਰਹੇ। ਆਮ ਆਦਮੀ ਪਾਰਟੀ ਮੁੱਖ ਮੰਤਰੀ ਭਗਵੰਤ ਮਾਨ ਦੇ ਹਲਕੇ ਧੂਰੀ ਤੋਂ 12,036 ਵੋਟਾਂ ਨਾਲ ਜੇਤੂ ਰਹੀ ਹੈ। ਇਸੇ ਤਰ੍ਹਾਂ 'ਆਪ' ਹਲਕਾ ਸੁਨਾਮ ਤੋਂ 1483, ਹਲਕਾ ਲਹਿਰਾ ਤੋਂ 2790 ਵੋਟਾਂ ਅਤੇ ਮਹਿਲ ਕਲਾਂ ਤੋਂ ਸਿਰਫ਼ 203 ਵੋਟਾਂ ਨਾਲ ਜੇਤੂ ਰਹੀ ਹੈ।

ਇਸੇ ਤਰ੍ਹਾਂ ਆਜ਼ਾਦ ਉਮੀਦਵਾਰ ਕੁਲਬੀਰ ਸਿੰਘ ਨੂੰ 3023, ਆਜ਼ਾਦ ਉਮੀਦਵਾਰ ਜਗਪਾਲ ਸਿੰਘ ਨੂੰ 2691, ਆਜ਼ਾਦ ਉਮੀਦਵਾਰ ਗਗਨਦੀਪ ਸਿੰਘ ਨੂੰ 2400, ਆਪਣੀ ਏਕਤਾ ਪਾਰਟੀ ਦੇ ਹਸਨ ਮੁਹੰਮਦ ਨੂੰ 1842, ਆਜ਼ਾਦ ਉਮੀਦਵਾਰ ਰਤਨ ਲਾਲ ਸਿੰਗਲਾ ਨੂੰ 1717, ਆਜ਼ਾਦ ਉਮੀਦਵਾਰ ਪੱਪੂ ਕੁਮਾਰ ਨੂੰ 1414, ਆਜ਼ਾਦ ਉਮੀਦਵਾਰ ਸੁਨੈਨਾ ਨੂੰ 1390, ਪੀਪਲਜ਼ ਪਾਰਟੀ ਆਫ਼ ਇੰਡੀਆ ਦੇ ਜਗਮੋਹਨ ਸਿੰਘ ਨੂੰ 1062, ਆਜ਼ਾਦ ਉਮੀਦਵਾਰ ਸ਼ਕਤੀ ਕੁਮਾਰ ਗੁਪਤਾ ਨੂੰ 964, ਆਜ਼ਾਦ ਉਮੀਦਵਾਰ ਅਮਨਦੀਪ ਕੌਰ ਉੱਪਲ ਨੂੰ 677 ਤੇ ਆਜ਼ਾਦ ਉਮੀਦਵਾਰ ਅਜੈ ਕੁਮਾਰ ਨੂੰ 388 ਵੋਟਾਂ ਪ੍ਰਾਪਤ ਹੋਈਆਂ ਹਨ। ਇਸ ਤੋਂ ਇਲਾਵਾ 2471 ਵੋਟਾਂ ਨੋਟਾ (ਕੋਈ ਵੀ ਪਸੰਦ ਨਹੀਂ) ਨੂੰ ਪਈਆਂ ਹਨ।

ਤੀਜੀ ਵਾਰ ਸੰਸਦ ਵਿਚ ਦਾਖਲਾ: ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਤੀਜੀ ਵਾਰ ਲੋਕ ਸਭਾ ਚੋਣ ਜਿੱਤੀ ਹੈ। ਮਾਨ ਨੇ ਪਹਿਲੀ ਵਾਰ ਸਾਲ 1989 ਵਿਚ ਤਰਨ ਤਾਰਨ ਲੋਕ ਸਭਾ ਹਲਕੇ ਤੋਂ ਚੋਣ ਜਿੱਤੀ ਸੀ। ਸਾਲ 1999 ਵਿਚ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਸੁਰਜੀਤ ਸਿੰਘ ਬਰਨਾਲਾ ਨੂੰ ਹਰਾ ਕੇ ਸੰਗਰੂਰ ਲੋਕ ਸਭਾ ਹਲਕੇ ਦੀ ਚੋਣ ਜਿੱਤੀ ਸੀ। ਭਾਵੇਂ ਉਸ ਮਗਰੋਂ ਸਿਮਰਨਜੀਤ ਸਿੰਘ ਮਾਨ ਨੇ ਸੰਗਰੂਰ ਸੰਸਦੀ ਹਲਕੇ ਤੋਂ ਸਾਲ 1996, 1998, 2004, 2009, 2019 ਵਿਚ ਵੀ ਚੋਣ ਲੜੀ ਪਰ ਉਨ੍ਹਾਂ ਨੂੰ ਜਿੱਤ ਹਾਸਲ ਨਹੀਂ ਹੋ ਸਕੀ ਸੀ।

ਪੰਥਕ ਰਾਜਨੀਤੀ ਦੀ ਵਾਪਸੀ: ਸ੍ਰੀ ਅਕਾਲ ਤਖ਼ਤ ਦੇ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੂੰ ਜਿੱਤ ਦੀ ਵਧਾਈ ਦਿੰਦਿਆਂ ਕਿਹਾ ਕਿ ਅੱਜ 23 ਸਾਲਾਂ ਬਾਅਦ ਪੰਜਾਬ ਵਿਚ ਪੰਥਕ ਰਾਜਨੀਤੀ ਦੀ ਵਾਪਸੀ ਹੋਈ ਹੈ। ਜਥੇਦਾਰ ਮੰਡ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਸਿਮਰਨਜੀਤ ਸਿੰਘ ਮਾਨ ਪਾਸੋਂ ਬਹੁਤ ਸਾਰੀਆਂ ਆਸਾਂ ਹਨ ਤੇ ਉਹ ਹਰ ਵਰਗ ਦੇ ਲੋਕਾਂ ਦੀਆਂ ਉਮੀਦਾਂ 'ਤੇ ਖਰੇ ਉਤਰਨਗੇ।

# ਜ਼ਿਮਨੀ ਚੋਣ ਵਿਚ ਭਾਜਪਾ ਤੋਂ ਵੀ ਪੱਛੜਿਆ ਅਕਾਲੀ ਦਲ ਬਾਦਲ

**ਚੰਡੀਗੜ੍ਹ:** ਸੰਗਰੂਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਦੇ ਨਤੀਜਿਆਂ 'ਚ ਸ਼੍ਰੋਮਣੀ ਅਕਾਲੀ ਦਲ ਦੇ ਪੰਜਵੇਂ ਸਥਾਨ 'ਤੇ ਰਹਿਣ ਕਾਰਨ ਪਾਰਟੀ ਵਰਕਰਾਂ ਤੇ ਆਗੂਆਂ ਨੂੰ ਵੱਡਾ ਝਟਕਾ ਲੱਗਾ ਹੈ। ਪਾਰਟੀ ਉਮੀਦਵਾਰ ਆਪਣੀ ਜ਼ਮਾਨਤ ਵੀ ਨਹੀਂ ਬਚਾਅ ਸਕਿਆ। ਚੋਣ ਨਤੀਜੇ 'ਚ ਪਾਰਟੀ ਦੀ ਕਾਰਗੁਜ਼ਾਰੀ 'ਤੇ ਪਾਰਟੀ ਦੇ ਅੰਦਰੋਂ ਸਵਾਲ ਖੜ੍ਹੇ ਹੋਣ ਲੱਗੇ ਹਨ।

### ਲੀਡਰਸ਼ਿਪ ਹਾਰ ਦੀ ਪੜਚੋਲ ਕਰੇਗੀ: ਹਰਸਿਮਰਤ

**ਮਾਨਸਾ:** ਲੋਕ ਸਭਾ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਸੰਗਰੂਰ ਵਿਚ ਉਪ ਚੋਣ ਵਿਚ ਹੋਈ ਹਾਰ ਦੀ ਪੜਚੋਲ ਕਰੇਗੀ। ਪੰਜਾਬ ਦੇ ਵੋਟਰਾਂ ਨੇ ਹਮੇਸ਼ਾ ਅਕਾਲੀ ਦਲ ਦਾ ਸਹਿਯੋਗ ਦਿੱਤਾ ਹੈ।

### ਸਿੱਖ ਬੰਦੀਆਂ ਦਾ ਮਸਲਾ ਉਠਾਉਂਦੇ ਰਹਾਂਗੇ: ਸੁਖਬੀਰ

ਚੰਡੀਗੜ੍ਹ: ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਉਨ੍ਹਾਂ ਇਹ ਜ਼ਿਮਨੀ ਚੋਣ ਸਿਧਾਂਤਾਂ 'ਤੇ ਲੜੀ ਹੈ। ਦਲ ਸਿੱਖ ਬੰਦੀਆਂ ਦੀ ਰਿਹਾਈ ਲਈ ਆਪਣਾ ਸੰਘਰਸ਼ ਜਾਰੀ ਰੱਖੇਗਾ।

ਵਿਧਾਨ ਸਭਾ ਚੋਣਾਂ (ਸ਼੍ਰੋਮਣੀ ਅਕਾਲੀ ਦਲ ਦੀਆਂ 117 'ਚੋਂ ਤਿੰਨ ਸੀਟਾਂ) ਵਿਚ ਕਰਾਰੀ ਹਾਰ ਹੋਣ ਤੋਂ ਤਿੰਨ ਮਹੀਨੇ ਬਾਅਦ ਹੋਈ ਜ਼ਿਮਨੀ ਚੋਣ ਵਿਚ ਜਿੱਤਣ ਬਾਰੇ ਕੋਈ ਵੀ ਪਾਰਟੀ ਨਹੀਂ ਸੋਚਦੀ ਪਰ ਸ਼੍ਰੋਮਣੀ ਅਕਾਲੀ ਦਲ ਲਈ ਇਹ ਚੋਣ ਨਤੀਜੇ ਵੱਡਾ ਝਟਕਾ ਇਸ ਲਈ ਵੀ ਹਨ ਕਿਉਂਕਿ ਉਸ ਦੀ ਪੁਰਾਣੀ ਭਾਈਵਾਲ ਭਾਰਤੀ ਜਨਤਾ ਪਾਰਟੀ ਨੂੰ ਇਸ ਚੋਣ 'ਚ ਉਸ ਨਾਲੋਂ ਵੱਧ ਵੋਟਾਂ ਮਿਲੀਆਂ ਹਨ ਤੇ ਉਹ ਚੌਥੇ ਸਥਾਨ 'ਤੇ ਰਹੀ ਹੈ। ਸ਼੍ਰੋਮਣੀ ਅਕਾਲੀ 2009 ਤੋਂ ਬਾਅਦ ਇਹ ਸੀਟ ਨਹੀਂ ਜਿੱਤ ਸਕਿਆ ਹੈ ਪਰ ਉਸ ਨੇ ਹਰ ਚੋਣ ਵਿਚ ਸਖਤ ਟੱਕਰ ਜ਼ਰੂਰ ਦਿੱਤੀ ਹੈ। ਸ਼੍ਰੋਮਣੀ ਅਕਾਲੀ ਦਲ ਨੂੰ ਜਿਥੇ 6.2% ਵੋਟਾਂ ਮਿਲੀਆਂ, ਉਥੇ ਭਾਜਪਾ ਨੂੰ 9.33% ਵੋਟਾਂ ਪੋਲ ਹੋਈਆਂ। ਭਾਜਪਾ ਨੂੰ ਸਾਬਕਾ ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਦੇ ਇਸ ਹਲਕੇ ਵਿਚਲੇ ਪ੍ਰਭਾਵ ਦਾ ਲਾਹਾ ਮਿਲਿਆ ਹੈ।

ਇਸ ਸੀਟ 'ਤੇ 18 ਵਾਰ ਹੋਈਆਂ ਚੋਣਾਂ 'ਚੋਂ ਸ਼੍ਰੋਮਣੀ ਅਕਾਲੀ ਦਲ ਨੇ ਛੇ ਵਾਰ ਜਿੱਤ ਦਰਜ ਕੀਤੀ ਹੈ। ਪਾਰਟੀ ਨੇ ਆਖਰੀ ਵਾਰ 2004 ਦੀਆਂ ਚੋਣਾਂ 'ਚ ਇਹ ਸੀਟ ਜਿੱਤੀ ਸੀ ਜਦੋਂ ਸੁਖਦੇਵ ਸਿੰਘ ਢੀਂਡਸਾ ਪਾਰਟੀ ਵੱਲੋਂ ਉਮੀਦਵਾਰ ਸਨ। ਇਸ ਤੋਂ ਬਾਅਦ ਪਾਰਟੀ ਦਾ ਨਿਘਾਰ ਸ਼ੁਰੂ ਹੋ ਗਿਆ। ਸਾਲ 2009 ਦੀ ਚੋਣ ਵਿਚ ਸੁਖਦੇਵ ਢੀਂਡਸਾ 34.13 ਫੀਸਦ ਵੋਟਾਂ ਹਾਸਲ ਕਰਕੇ ਦੂਜੇ ਸਥਾਨ 'ਤੇ ਰਹੇ ਸਨ। 2014 'ਚ ਸੁਖਦੇਵ ਸਿੰਘ ਢੀਂਡਸਾ ਨੂੰ 29.23 ਫੀਸਦ ਵੋਟਾਂ ਮਿਲੀਆਂ ਤੇ ਦੂਜੇ ਸਥਾਨ 'ਤੇ ਰਹੇ। 2019 ਦੀਆਂ ਲੋਕ ਸਭਾ ਚੋਣਾਂ ਦੌਰਾਨ ਸ੍ਰੀ ਢੀਂਡਸਾ ਦੇ ਪੁੱਤਰ ਪਰਮਿੰਦਰ ਸਿੰਘ ਢੀਂਡਸਾ ਨੇ ਇਸ ਸੀਟ ਤੋਂ ਚੋਣ ਲੜੀ ਤੇ 23.88 ਫੀਸਦ ਵੋਟਾਂ ਹਾਸਲ ਕੀਤੀਆਂ। ਜੁਲਾਈ 2020 ਵਿਚ ਢੀਂਡਸਾ ਪਰਿਵਾਰ ਨੇ ਲੀਡਰਸ਼ਿਪ ਤੇ ਸਿਆਸਤ ਦੇ ਮੁੱਦੇ 'ਤੇ ਸ਼੍ਰੋਮਣੀ ਅਕਾਲੀ ਦਲ ਨਾਲੋਂ ਤੋੜ-ਵਿਛੋੜਾ ਕਰ ਲਿਆ।

# ਸੌ ਦਿਨ ਦੀ ਕਾਰਗੁਜ਼ਾਰੀ ਮਗਰੋਂ ਆਪਣੇ ਪਲੇਠੇ ਇਮਤਿਹਾਨ 'ਚ ਹੀ ਮਾਤ ਖਾ ਗਈ ਆਪ

**ਸੰਗਰੂਰ:** ਸੰਗਰੂਰ ਸੰਸਦੀ ਹਲਕੇ ਦੀ ਉਪ ਚੋਣ ਹਾਰਨ ਮਗਰੋਂ ਆਮ ਆਦਮੀ ਪਾਰਟੀ ਦਾ ਜਿਥੇ ਲੋਕ ਸਭਾ 'ਚ ਖਾਤਾ ਬੰਦ ਹੋ ਗਿਆ ਹੈ, ਉਥੇ ਪੰਜਾਬ ਦੀ ਸੱਤਾ 'ਤੇ ਕਾਬਜ਼ 'ਆਪ' ਸੌ ਦਿਨ ਦੀ ਕਾਰਗੁਜ਼ਾਰੀ ਮਗਰੋਂ ਆਪਣੇ ਪਲੇਠੇ ਇਮਤਿਹਾਨ ਵਿਚ ਮਾਤ ਖਾ ਗਈ ਹੈ। ਸੰਗਰੂਰ ਲੋਕ ਸਭਾ ਹਲਕੇ ਤੋਂ ਸਾਲ 2014 ਦੀ ਚੋਣ ਵਿਚ 'ਆਪ' ਉਮੀਦਵਾਰ ਭਗਵੰਤ ਮਾਨ ਨੇ 2,11,721 ਵੋਟਾਂ ਦੇ ਵੱਡੇ ਫਰਕ ਨਾਲ ਜਿੱਤ ਪ੍ਰਾਪਤ ਕੀਤੀ ਸੀ।

ਸਾਲ 2019 ਦੀ ਚੋਣ ਮੌਕੇ ਭਗਵੰਤ ਮਾਨ ਨੇ ਮੁੜ 1,10,211 ਵੋਟਾਂ ਨਾਲ ਜਿੱਤ ਦੇ ਝੰਡੇ ਬੁਲੰਦ ਰੱਖੇ। ਫਰਵਰੀ ਮਹੀਨੇ ਹੋਈਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ 92 ਸੀਟਾਂ ਜਿੱਤ ਕੇ ਸੂਬੇ ਦੀ ਸੱਤਾ 'ਤੇ ਕਾਬਜ਼ ਹੋਈ ਅਤੇ ਭਗਵੰਤ ਮਾਨ ਮੁੱਖ ਮੰਤਰੀ ਬਣੇ ਸਨ। ਉਨ੍ਹਾਂ ਦੇ ਅਸਤੀਫਾ ਦੇਣ ਨਾਲ ਸੰਗਰੂਰ ਲੋਕ ਸਭਾ ਸੀਟ ਖਾਲੀ ਹੋਈ ਸੀ ਜਿਥੋਂ ਆਏ ਚੋਣ ਨਤੀਜਿਆਂ ਵਿਚ 'ਆਪ' ਉਮੀਦਵਾਰ ਦੀ ਹਾਰ ਹੋਣ ਨਾਲ ਪਾਰਟੀ ਦੀ ਲੋਕ ਸਭਾ 'ਚ ਨੁਮਾਇੰਦਗੀ ਖਤਮ ਹੋ ਗਈ ਹੈ। ਪੰਜਾਬ ਵਿਧਾਨ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਨੇ ਸੰਗਰੂਰ ਸੰਸਦੀ ਹਲਕੇ ਵਿਚ ਪੈਂਦੇ 9 ਵਿਧਾਨ ਸਭਾ ਹਲਕਿਆਂ ਸੰਗਰੂਰ, ਧੂਰੀ, ਸੁਨਾਮ, ਦਿੜ੍ਹਬਾ, ਲਹਿਰਾਗਾਗਾ,



ਮਾਲੇਰਕੋਟਲਾ, ਮਹਿਲ ਕਲਾਂ, ਬਰਨਾਲਾ ਅਤੇ ਭਦੌੜ ਵਿਚ ਹੂੰਝਾ ਫੇਰ ਜਿੱਤ ਪ੍ਰਾਪਤ ਕੀਤੀ ਸੀ, ਜਿਸ ਕਾਰਨ ਸੰਗਰੂਰ ਸੰਸਦੀ ਹਲਕੇ ਨੂੰ 'ਆਪ' ਦਾ ਗੜ੍ਹ ਮੰਨਿਆ ਜਾਂਦਾ ਸੀ। ਕੁਝ ਦਿਨ ਪਹਿਲਾਂ ਹੀ ਚੋਣ ਪ੍ਰਚਾਰ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਸੀ ਕਿ ਸੰਗਰੂਰ ਦੀ ਧਰਤੀ ਇਨਕਲਾਬੀ ਹੈ, ਜਿੱਥੋਂ ਦੇ ਲੋਕ ਪੂਰੇ ਦੇਸ਼ ਵਿਚ ਬਦਲਾਅ ਲਿਆਉਣ ਲਈ ਜਾਣੇ ਜਾਂਦੇ ਹਨ।

ਇਸ ਸਾਲ ਵਿਧਾਨ ਸਭਾ ਚੋਣਾਂ ਦੌਰਾਨ ਪੰਜਾਬ ਵਿਚ ਜਿਹੜਾ ਇਨਕਲਾਬ ਆਇਆ ਹੈ, ਉਸ ਦੀ ਸ਼ੁਰੂਆਤ ਵੀ 2014 ਵਿੱਚ ਸੰਗਰੂਰ ਦੇ ਲੋਕਾਂ ਨੇ ਹੀ ਕੀਤੀ ਸੀ। ਹੁਣ ਮੌਜੂਦਾ ਉਪ ਚੋਣ 'ਚ ਵੀ ਸੰਗਰੂਰ ਵਾਸੀਆਂ ਨੇ 'ਆਪ' ਨੂੰ ਸਿਆਸੀ ਝਟਕਾ ਦਿੱਤਾ ਹੈ। ਸੰਸਦੀ ਉੱਪ ਚੋਣ ਵਿਚ ਆਮ ਆਦਮੀ ਪਾਰਟੀ ਚਾਰ ਵਿਧਾਨ ਸਭਾ ਹਲਕਿਆਂ ਤੋਂ ਚੋਣ ਹਾਰ ਗਈ ਹੈ। ਇਨ੍ਹਾਂ ਚਾਰ ਹਲਕਿਆਂ ਮਾਲੇਰਕੋਟਲਾ, ਭਦੌੜ, ਬਰਨਾਲਾ ਅਤੇ ਦਿੜ੍ਹਬਾ ਤੋਂ ਸਿਮਰਨਜੀਤ ਸਿੰਘ ਮਾਨ ਕਰੀਬ 25 ਹਜ਼ਾਰ ਦੀ ਲੀਡ ਲੈਣ ਵਿਚ ਸਫਲ ਰਹੇ। 'ਆਪ' ਸਰਕਾਰ ਦੀ 100 ਦਿਨ ਦੀ ਕਾਰਗੁਜ਼ਾਰੀ ਦੇ ਹੱਕ ਵਿਚ ਸੰਗਰੂਰ ਹਲਕੇ ਦੇ ਲੋਕਾਂ ਨੇ ਫ਼ਤਵਾ ਨਹੀਂ ਦਿੱਤਾ ਕਿਉਂਕਿ ਸਰਕਾਰ ਦੇ 100 ਦਿਨਾਂ ਦੌਰਾਨ ਹੀ ਵੱਡੀ ਗਿਣਤੀ 'ਚ ਬੇਰੁਜ਼ਗਾਰ ਜਥੇਬੰਦੀਆਂ ਸੜਕਾਂ 'ਤੇ ਉਤਰੀਆਂ। ਟੈਂਕੀਆਂ 'ਤੇ ਚੜ੍ਹ ਕੇ ਪ੍ਰਦਰਸ਼ਨ ਹੋਏ ਅਤੇ ਮੁੱਖ ਮੰਤਰੀ ਦੀ ਕੋਠੀ ਅੱਗੇ ਪੱਕੇ ਮੋਰਚੇ ਚੱਲਦੇ ਰਹੇ। ਸੰਸਦੀ ਚੋਣ ਦੇ ਪ੍ਰਚਾਰ ਦੌਰਾਨ ਅਰਵਿੰਦ ਕੇਜਰੀਵਾਲ ਦੇ ਰੋਡ ਸ਼ੋਅ ਤੋਂ ਪਹਿਲਾਂ ਭਾਵੇਂ ਸਾਰੀਆਂ ਬੇਰੁਜ਼ਗਾਰ ਜਥੇਬੰਦੀਆਂ ਨਾਲ ਮੁੱਖ ਮੰਤਰੀ ਨੇ ਮੀਟਿੰਗਾਂ ਕਰਕੇ ਮੰਗਾਂ ਦੇ ਹੱਲ ਦਾ ਭਰੋਸਾ ਦਿੱਤਾ ਸੀ ਪਰ ਮਸਲੇ ਜਿਉਂ ਦੇ ਤਿਉਂ ਹੋਣ ਕਾਰਨ ਬੇਰੁਜ਼ਗਾਰਾਂ ਵਿਚ ਸਰਕਾਰ ਪ੍ਰਤੀ ਰੋਸ ਹੈ।

### ਦਿੱਲੀ ਦੇ ਦਖਲ ਕਾਰਨ 'ਆਪ' ਹਾਰੀ: ਡਾ. ਗਾਂਧੀ

**ਪਟਿਆਲਾ:** ਸਾਬਕਾ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੇ ਸੰਗਰੂਰ ਜ਼ਿਮਨੀ ਚੋਣ ਵਿਚ ਆਮ ਆਦਮੀ ਪਾਰਟੀ ਦੀ ਹੋਈ ਹਾਰ ਸਬੰਧੀ ਕਿਹਾ ਕਿ ਸੰਗਰੂਰ ਦੇ ਲੋਕਾਂ ਨੇ ਪੰਜਾਬ ਸਰਕਾਰ ਵਿਚ ਦਿੱਲੀ ਦੀ ਦਖਲਅੰਦਾਜ਼ੀ ਨੂੰ ਹਰਾਇਆ ਹੈ। ਉਨ੍ਹਾਂ ਕਿਹਾ ਕਿ 'ਆਪ' ਕਨਵੀਨਰ ਅਰਵਿੰਦ ਕੇਜਰੀਵਾਲ ਦੇ ਹੁਕਮਾਂ 'ਤੇ ਪੰਜਾਬ ਦੇ ਮਾਮਲਿਆਂ ਵਿਚ ਰਾਘਵ ਚੱਢਾ ਦੀ ਦਖਲਅੰਦਾਜ਼ੀ ਲੋਕਾਂ ਨੂੰ ਰੜਕ ਰਹੀ ਹੈ। ਉਨ੍ਹਾਂ ਕਿਹਾ ਕਿ ਸਿਮਰਨਜੀਤ ਸਿੰਘ ਮਾਨ ਦੀ ਜਿੱਤ ਮਗਰੋਂ ਹੁਣ ਲੋਕ ਸਭਾ ਵਿਚ ਆਮ ਆਦਮੀ ਪਾਰਟੀ ਦਾ ਇਕ ਵੀ ਮੈਂਬਰ ਨਹੀਂ ਰਹਿ ਗਿਆ ਹੈ।

### 'ਆਪ' ਦੀ ਤਿੰਨ ਮਹੀਨਿਆਂ ਵਿਚ ਪੋਲ ਖੁੱਲ੍ਹੀ: ਅਸ਼ਵਨੀ

**ਚੰਡੀਗੜ੍ਹ:** ਭਾਰਤੀ ਜਨਤਾ ਪਾਰਟੀ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਲੋਕ ਸਭਾ ਉਮੀਦਵਾਰ ਸਿਮਰਨਜੀਤ ਸਿੰਘ ਮਾਨ ਨੂੰ ਸੰਗਰੂਰ ਲੋਕ ਸਭਾ ਜ਼ਿਮਨੀ ਚੋਣ 'ਚ ਮਿਲੀ ਜਿੱਤ ਦੀ ਵਧਾਈ ਦਿੱਤੀ ਹੈ। ਉਨ੍ਹਾਂ ਕਿਹਾ ਕਿ ਜ਼ਿਮਨੀ ਚੋਣ ਵਿਚ 'ਆਪ' ਉਮੀਦਵਾਰ ਦੀ ਹਾਰ ਨੇ ਸਰਕਾਰ ਦੀ ਤਿੰਨ ਮਹੀਨਿਆਂ ਦੀ ਕਾਰਗੁਜ਼ਾਰੀ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ 92 ਵਿਧਾਇਕ ਹੋਣ ਦੇ ਬਾਵਜੂਦ 'ਆਪ' ਉਮੀਦਵਾਰ ਦਾ ਹਾਰ ਜਾਣਾ ਇਸ ਗੱਲ ਦਾ ਪ੍ਰਤੱਖ ਸਬੂਤ ਹੈ ਕਿ ਉਨ੍ਹਾਂ ਜਨਤਾ ਨੂੰ ਝੂਠ ਬੋਲ ਕੇ ਸੱਤਾ ਹਾਸਲ ਕੀਤੀ ਹੈ।

## ਵਰਲਡ ਸਿੱਖ ਰਾਈਟਰਜ਼ ਕਾਨਫ਼ਰੰਸ ਨੂੰ ਮੁੜ ਜਥੇਬੰਦ ਕੀਤਾ

**ਅੰਮ੍ਰਿਤਸਰ:** ਵਰਲਡ ਸਿੱਖ ਰਾਈਟਰਜ਼ ਕਾਨਫ਼ਰੰਸ ਦੇ ਸਕੱਤਰ ਇਕਵਾਕ ਸਿੰਘ ਪੱਟੀ ਨੇ ਦੱਸਿਆ ਕਿ ਸਿੱਖ ਲੇਖਕਾਂ ਦੀ ਇਸ ਕੌਮਾਂਤਰੀ ਜਮਾਤ ਦੇ ਚੇਅਰਮੈਨ ਡਾ. ਹਰਜਿੰਦਰ ਸਿੰਘ ਦਿਲਗੀਰ ਨੇ ਨਵੇਂ ਜਥੇਬੰਦਕ ਢਾਂਚੇ ਦਾ ਐਲਾਨ ਕੀਤਾ ਹੈ, ਜਿਸ ਵਿਚ ਸੈਂਟਰਲ ਕਮੇਟੀ ‘ਚ ਇਕਵਾਕ ਸਿੰਘ (ਅੰਮ੍ਰਿਤਸਰ), ਇੰਦਰਮੋਹਨ ਸਿੰਘ ਛਾਬੜਾ (ਅਮਰੀਕਾ), ਡਾ. ਗੁਰਵਿੰਦਰਸਿੰਘ ਧਾਲੀਵਾਲ (ਕੈਨੇਡਾ), ਬਲਦੇਵ ਸਿੰਘ (ਨਾਰਵੇ), ਜਾਗੀਰ ਸਿੰਘ ਹਮਦਰਦ (ਇੰਗਲੈਂਡ), ਸ਼ਿੰਦਾ ਸਿੰਘ (ਆਸਟਰੇਲੀਆ), ਡਾ. ਕਲਿਆਣ ਸਿੰਘ ਕਲਿਆਣ (ਪਾਕਿਸਤਾਨ), ਮਨਜੀਤ ਸਿੰਘ, ਕਾਬਲ ਸਿੰਘ, ਕੁਲਦੀਪ ਕੌਰ ਗ਼ਜ਼ਲ, ਜਸਵੰਤ ਸਿੰਘ (ਨਾਰਵੇ), ਡਾ.ਬਲਬੀਰ ਸਿੰਘ, ਜਗਦੀਸ਼ ਕੌਰ, ਪਰਮਜੀਤ ਸਿੰਘ, ਇੰਦਰਜੀਤ ਸਿੰਘ ਸੰਤਗੜ੍ਹ (ਦਿੱਲੀ), ਅੰਗਰੇਜ਼ ਸਿੰਘ ਪੰਨੂ, ਓਂਕਾਰ ਸਿੰਘ, ਅਵਤਾਰ ਸਿੰਘ ਕੋਲਕਾਤਾ, ਅਮਰਜੀਤ ਸਿੰਘ (ਉਤਰਾਖੰਡ), ਪਰਮਿੰਦਰ ਕੌਰ ਸੰਧੂ-ਸਿੱਧੂ (ਚੰਡੀਗੜ੍ਹ), ਚਮਨਦੀਪ ਸਿੰਘ ਬਤਰਾ, ਪ੍ਰੀਤਮ ਸਿੰਘ ਮਟਵਾਣੀ, ਤਰਲੋਚਨ ਸਿੰਘ ਲੋਚੀ (ਲੁਧਿਆਣਾ), ਬਲਜੀਤ ਸੈਣੀ (ਮੁਕੇਰੀਆਂ, ਹੁਸ਼ਿਆਰਪੁਰ), ਪ੍ਰੋ. ਬਲਵਿੰਦਰ ਸਿੰਘ ਥਿੰਦ (ਡਰੋਲੀ ਕਲਾਂ, ਜਲੰਧਰ), ਸਤਨਾਮ ਸਿੰਘ ਪਵਾਰ (ਦਿੱਲੀ) ਸ਼ਾਮਲ ਹਨ।


# ਫਲੈਟ ਵਿਕਾਊ ਹੈ

**ਚੰਡੀਗੜ੍ਹ ਨੇੜੇ ਜ਼ੀਰਕਪੁਰ-ਸ਼ਿਮਲਾ ਕੌਮੀ ਮਾਰਗ ‘ਤੇ ਪੰਚਕੂਲਾ ਸ਼ਹਿਰ ਦੇ ਵਿਕਸਿਤ ਸੈਕਟਰ-20 ਵਿਚ ਫਲੈਟ ਵਿਕਾਊ ਹੈ। ਰਹਿਣ ਲਈ ਤਿਆਰ, ਐਲੀਵੇਟਰ, ਕਾਰ ਪਾਰਕਿੰਗ, ਸੁਰੱਖਿਆ ਜਿਹੀਆਂ ਸਹੂਲਤਾਂ ਅਤੇ ਪੈਦਲ-ਦੂਰੀ ‘ਤੇ ਸਥਿੱਤ ਮਾਰਕਿਟ।**

*ਹੋਰ ਜਾਣਕਾਰੀ ਲਈ ਸੰਪਰਕ ਕਰੋ, ਸਿੰਘ*

**ਫੋਨ: 513-884-0456 ਜਾਂ 513-759 0010**

*(ਮੈਸੇਜ ਛੱਡ ਸਕਦੇ ਹੋ)*

## Flat For Sale

**Flat for sale in a developed Sector 20 Panchkula near Chandigarh, Close to Zirakpur-Shimla Natonal Highway, Vacant to move in, Elevator, Car parking, Security. Market nearby within walking distance.**

*For more details please contact: Singh*

**Ph: 513-884-0456 or 513-759 0010**

*(Leave Message)*

52-01


## ਨਰਿੰਦਰ ਸਿੰਘ ਸਰਾਂ ਨੂੰ ਸਦਮਾ-ਮਾਤਾ ਸੁਰਗਵਾਸ

**ਸ਼ਿਕਾਗੋ:** ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਦੇ ਮੈਂਬਰ ਸ. ਨਰਿੰਦਰ ਸਿੰਘ ਸਰਾਂ ਨੂੰ ਉਸ ਸਮੇਂ ਸਦਮਾ ਪਹੁੰਚਿਆ ਜਦੋਂ ਉਨ੍ਹਾਂ ਦੇ ਮਾਤਾ ਜੀ ਹਰਭਜਨ ਕੌਰ ਬੀਤੀ 26 ਜੂਨ ਨੂੰ ਸਦੀਵੀ ਵਿਛੋੜਾ ਦੇ ਗਏ। ਉਹ ਪਾਕਿਸਤਾਨ ਦੇ ਸ਼ਹਿਰ ਗੁਜਰਾਂਵਾਲਾ ‘ਚ 1932 ਵਿਚ ਜਨਮੇ। ਵੰਡ ਤੋਂ ਬਾਅਦ ਪੰਜਾਬ ਵਿਚ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਬਿਰਾਮਪੁਰ ਵਸ ਗਏ। ਅਜ-ਕਲ੍ਹ ਉਹ ਆਪਣੇ ਪੁਤਰਾਂ ਕੋਲ ਸ਼ਿਕਾਗੋ ਦੀ ਸਬਰਬ ਹੈਨਓਵਰ ਪਾਰਕ ਵਿਚ ਰਹਿ ਰਹੇ ਸਨ।



ਕਰੀਬ 100 ਸਾਲਾਂ ਦੀ ਲੰਮੀ ਆਰਜ਼ਾ ਪੂਰੀ ਕਰ ਕੇ ਉਹ ਆਪਣੇ ਪਿੱਛੇ ਪੁਤਰ-ਨਰਿੰਦਰ ਸਿੰਘ ਸਰਾਂ, ਰਣਜੀਤ ਸਿੰਘ ਸਰਾਂ, ਹਰਿੰਦਰ ਸਿੰਘ ਸਰਾਂ ਅਤੇ ਧੀਆਂ-ਸੁਖਵਿੰਦਰ ਕੌਰ ਅਤੇ ਮਨਜੀਤ ਕੌਰ ਤੋਂ ਇਲਾਵਾ ਪੋਤੇ-ਪੋਤਰਿਆਂ, ਦੋਹਤੇ-ਦੋਹਤਿਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ। ਕਲੱਬ ਦੇ ਸਾਰੇ ਮੈਂਬਰਾਂ ਨੇ ਪਰਿਵਾਰ ਨਾਲ ਦੁਖ ਸਾਂਝਾ ਕੀਤਾ ਹੈ। ਸ. ਨਰਿੰਦਰ ਸਿੰਘ ਸਰਾਂ ਨਾਲ ਸੰਪਰਕ ਫੋਨ 630-205-9264 ‘ਤੇ ਕੀਤਾ ਜਾ ਸਕਦਾ ਹੈ।**ਮਾਤਾ ਹਰਭਜਨ ਕੌਰ ਦਾ ਅੰਤਿਮ ਸੰਸਕਾਰ ਸ਼ਨਿਚਰਵਾਰ 2 ਜੁਲਾਈ ਨੂੰ 12 ਤੋਂ 2 ਵਜੇ ਤਕ** ਕੰਟਰੀਸਾਈਡ ਫਿਊਨਰਲ ਹੋਮ **(950 S Bartlett Rd Bartlett IL 60103) ਵਿਖੇ ਹੋਵੇਗਾ ਅਤੇ ਉਪਰੰਤ ਅਰਦਾਸ 3 ਤੋਂ 5 ਵਜੇ ਤਕ ਗੁਰਦੁਆਰਾ ਪੈਲਾਟਾਈਨ (1280 Winnetka St Palatine, IL 600673-5pm) ਵਿਖੇ ਹੋਵੇਗੀ।**

# Matrimonials

## ਲੜਕੇ ਦੀ ਲੋੜ ਹੈ

Looking for an educated Jatt Sikh Punjabi girl (willing to move in TX) for handsome Jatt Sikh boy 5'10" (32), US born and raised. Degree in BBA (IT), presently working, belongs to a educated family. Please contact and send bio-data at: srom2000@yahoo.com

27-30

Looking for a suitable Ramgarhia Sikh Dhiman match for our beautiful daughter (green card holder), 29 years, 5’ 7”, MSC - Physics (India), and licensed paraprofessional educator, residing in Chicago area. Please contact: manpreets1211@gmail.com

26-29

39 ਸਾਲਾ 5’2.5" ਅੰਮ੍ਰਿਤਧਾਰੀ ਪੋਸਟ ਗ੍ਰੈਜੂਏਟ ਅਮਰੀਕਾ ਵਿਚ ਗਰੀਨ ਕਾਰਡ ਹੋਲਡਰ ਤਲਾਕਸ਼ੁਦਾ ਲੜਕੀ ਲਈ 35 ਸਾਲ ਜਾਂ ਵੱਧ ਉਮਰ ਦੇ ਅੰਮ੍ਰਿਤਧਾਰੀ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਅਮਰੀਕਾ/ਕੈਨੇਡਾ ਨੂੰ ਪਹਿਲ। ਆਪਣਾ ਬਾਇਓਡਾਟਾ kaurgurvinder1965@yahoo.com ‘ਤੇ ਭੇਜੋ। ਚਾਹਵਾਨ 734 968 1195 ’ਤੇ ਛੇ ਵਜੇ ਤੋਂ ਸ਼ਾਮ 10 ਵਜੇ (*E.T.*) ਤੱਕ ਸੰਪਰਕ ਕਰ ਸਕਦੇ ਹਨ।

18-21

Ramgahria, Sikh family looking for USA or CANADA green card or PR holder match for their 1988 born 5`4” msc fashion designer beautiful daughter working as professor in Barnala (Punjab). Caste no bar. Please Contact us at: USA 2699061331 or India no. 9646206393

6-9

## ਲੜਕੀ ਦੀ ਲੋੜ ਹੈ

Looking for suitable match for 42, 6”, clean shaven Jatt Sikh Neuro-surgeon boy, working in Chicago. Divorcee, one daughter custody with mother. Contact us at: 917-238-3060

23-26

Khatri Sikh family looking for USA or Canadian citizen match for their 49, 5’10" divorced son. Now in USA, having training Hotel Management and has worked for Chef in Canada for 4 years, Family owns Hotel , Banquet, Bar & Restaurant in Wisconsin. Contact us at: 5152083861

23-26

Sikh Kamboj family, looking for a suitable match for their Oct 73, 5' 8" well educated, Electronics Engineer son working as a Director in the IT field. USA Citizen based in Bay Area, CA. Divorcee (issue less).
Contact us at: +1 (510) 806-7385

21-24

**ਸੈਣੀ ਸਿੱਖ 37, 5'-8" ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ।**
**ਚਾਹਵਾਨ ਸੰਪਰਕ ਕਰਨ: 319-670-8892**

21-24

Jatt Sikh Canadian Parents Looking for a suitable match for their 45, 5’10" divorced son. For more information please contact us at po55ible@yahoo.com or 647-474-5473

20-23

Sikh Kamboj family looking for Well educated girl for their B.Com, 29, 5’10” son, well settled (2 stores), Own home in Arkansas. Mom, dad & brother live in India.
Contact us at: 417-846-3741

***ਸਿੱਖ ਕੰਬੋਜ 29 ਸਾਲਾ 5’10”, ਅਮਰੀਕਾ ਵਿਚ ਵਧੀਆ ਸਥਾਪਿਤ, ਆਪਣਾ ਬਿਜ਼ਨਸ ਕਰਦੇ ਬੀ. ਕਾਮ ਲੜਕੇ ਲਈ ਸੋਹਣੀ-ਸੁਨੱਖੀ, ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਇੰਡੀਆ ਵਿਚ ਹੈ। ਚਾਹਵਾਨ*** 417-846-3741 ***’ਤੇ ਸੰਪਰਕ ਕਰ ਸਕਦੇ ਹਨ।***

apr16- may16


# 7-11 ਸਟੋਰ ਸੇਲ ’ਤੇ

## ਯੂਟਾ ਵਿਚ 7-11 ਸਟੋਰ ਸੇਲ ’ਤੇ ਹੈ

## ਕੁੱਲ ਕੀਮਤ: 3.99 ਹਜ਼ਾਰ ਡਾਲਰ ਲਾਈਸੈਂਸ ਫੀਸ ਸਮੇਤ

## ਆਮਦਨ:15 ਤੋਂ 20 ਹਜ਼ਾਰ ਮਹੀਨਾ

## ਕਾਲ ਜਾਂ ਟੈਕਸਟ ਕਰੋ:

## *ਮਿਸਟਰ ਸਿੰਘ, ਫੋਨ: 801-430-8436*

# Store For Sale

## 7-11 Store For Sale in Utah

## Total Price: $3.99 K (Including all Licences & Fees)

## Earn: 15-20 K/Month

## *Call or Text Mr. Singh 801-430-8436*

27-28



# ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

## ਫੋਨ (408) 687-1899

## Gurdip Singh Sandhu

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA

**Live on Jas TV**
**Saturday 9:30AM and Sunday 4PM (Pacific Time)**

**7021 Village Park Way, Dublin, CA 94568**



*Gurdip Singh Sandhu*

Email:
Homeomedicine@yahoo.com


## NAME CHANGE

**This is to certify that I, Tarsem Singh Dhillon, son of Bhan Singh, resident of Gobindgarh (Dabrikhana), Tehsil Jaitu, Distt: Faridkot, Punjab, India, now living at 2410 Neptune street, Portage, IN, 46368, have changed my name to Tarsem Singh. All concerned please note. Thank you**

# ਭਗਵੰਤ ਮਾਨ ਨੇ 'ਰੰਗਲਾ ਪੰਜਾਬ' ਬਣਾਉਣ ਦਾ ਵਾਅਦਾ ਦੁਹਰਾਇਆ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਵਿਧਾਨ ਸਭਾ ਦੇ ਬਜਟ ਇਜਲਾਸ 'ਚ ਅਮਨ ਸ਼ਾਂਤੀ ਤੇ ਖੁਸ਼ਹਾਲੀ ਲਈ ਆਪਣੀ ਵਚਨਬੱਧਤਾ ਜ਼ਾਹਿਰ ਕਰਦਿਆਂ ਸੂਬੇ ਦੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਪੰਜਾਬ ਦੀ ਅਮਨ ਸ਼ਾਂਤੀ ਵਿਗਾੜਨ ਵਾਲੇ ਬਖਸ਼ੇ ਨਹੀਂ ਜਾਣਗੇ। ਭਗਵੰਤ ਮਾਨ ਨੇ 'ਰੰਗਲਾ ਪੰਜਾਬ' ਬਣਾਉਣ ਦਾ ਵਾਅਦਾ ਵੀ ਦੁਹਰਾਇਆ।

ਮੁੱਖ ਮੰਤਰੀ ਨੇ ਰਾਜਪਾਲ ਦੇ ਭਾਸ਼ਣ 'ਤੇ ਹੋਈ ਬਹਿਸ ਦਾ ਜਵਾਬ ਦਿੰਦਿਆਂ ਕਿਹਾ ਕਿ ਅਮਨ ਕਾਨੂੰਨ ਦੀ ਸਥਿਤੀ ਬਿਹਤਰ ਬਣਾਉਣ ਲਈ ਵਿਆਪਕ ਸੁਧਾਰ ਕੀਤੇ ਜਾਣਗੇ ਤੇ ਪੰਜਾਬ 'ਚੋਂ ਗੈਂਗਸਟਰਾਂ ਨੂੰ ਜੜ੍ਹੋਂ ਖ਼ਤਮ ਕੀਤਾ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਜਲਦੀ ਹੀ ਵਿਟਨੈੱਸ ਪ੍ਰੋਟੈਕਸ਼ਨ ਬਿੱਲ (ਗਵਾਹ ਸੁਰੱਖਿਆ ਬਿੱਲ) ਲਿਆ ਰਹੀ ਹੈ ਅਤੇ ਇਸੇ ਤਰ੍ਹਾਂ ਜੇਲ੍ਹਾਂ ਨੂੰ ਅਤਿ ਸੁਰੱਖਿਅਤ ਜੇਲ੍ਹਾਂ ਵਜੋਂ ਅਪਗ੍ਰੇਡ ਕੀਤਾ ਜਾਵੇਗਾ। ਗੈਂਗਸਟਰ ਵਿਰੋਧੀ ਟਾਸਕ ਫੋਰਸ ਨੂੰ ਗੈਂਗਸਟਰਾਂ ਨਾਲ ਕਿਸੇ ਤਰ੍ਹਾਂ ਦਾ ਲਿਹਾਜ਼ ਨਾ ਕਰਨ ਦੇ ਹੁਕਮ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਸਰਹੱਦ ਪਾਰੋਂ ਨਸ਼ਿਆਂ ਤੇ ਹਥਿਆਰਾਂ ਦੀ ਤਸਕਰੀ ਰੋਕਣ ਲਈ ਕੇਂਦਰੀ ਏਜੰਸੀਆਂ ਨਾਲ ਤਾਲਮੇਲ ਕਰਕੇ ਕਾਰਵਾਈ ਵਿੱਢੀ ਹੋਈ ਹੈ। ਮੁੱਖ ਮੰਤਰੀ ਨੇ ਇਸ ਮੌਕੇ ਆਪਣੀ ਸਰਕਾਰ ਦੇ ਤਿੰਨ ਮਹੀਨੇ ਦੇ ਕਾਰਜਕਾਲ ਦੀਆਂ ਪ੍ਰਾਪਤੀਆਂ ਅਤੇ ਭਵਿੱਖ 'ਚ ਕੀਤੇ ਜਾਣ ਵਾਲੇ ਕੰਮਾਂ ਦਾ ਖਾਕਾ ਪੇਸ਼ ਕੀਤਾ। ਸਦਨ 'ਚ ਵਿਰੋਧੀ ਧਿਰ ਨੇ ਮੁੱਖ ਮੰਤਰੀ ਦਾ ਭਾਸ਼ਣ ਸ਼ੁਰੂ ਹੋਣ 'ਤੇ ਹੀ ਹੰਗਾਮਾ ਕੀਤਾ। ਵਿਰੋਧੀ ਧਿਰ ਨੇ ਅਮਨ ਕਾਨੂੰਨ ਦਾ ਮੁੱਦਾ ਚੁੱਕਿਆ ਤੇ 'ਆਪ' ਸਰਕਾਰ ਦੀ ਕਾਰਗੁਜ਼ਾਰੀ 'ਤੇ ਸੁਆਲ ਖੜ੍ਹੇ ਕੀਤੇ ਸਨ। ਮੁੱਖ ਮੰਤਰੀ ਨੇ ਵਿਰੋਧੀ ਧਿਰ ਦੀ ਗ਼ੈਰਹਾਜ਼ਰੀ 'ਚ ਆਪਣਾ ਭਾਸ਼ਣ ਪੂਰਾ ਕੀਤਾ। ਉਨ੍ਹਾਂ ਕਿਹਾ ਕਿ ਸਰਕਾਰ ਨੇ ਤਿੰਨ ਮਹੀਨਿਆਂ 'ਚ ਹੀ ਭ੍ਰਿਸ਼ਟਾਚਾਰ ਵਿਰੁੱਧ 29 ਕੇਸ ਦਰਜ ਕਰਕੇ 47 ਗ੍ਰਿਫਤਾਰੀਆਂ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲ ਛੇਤੀ ਹੀ ਆਲ੍ਹਾਮਿਆਰੀ ਬਣਨਗੇ। ਪ੍ਰਾਈਵੇਟ ਸਕੂਲਾਂ ਵੱਲੋਂ ਲਈ ਜਾਂਦੀ ਫੀਸ ਵੀ ਨਿਯਮਬੱਧ ਕੀਤੀ ਗਈ ਹੈ ਤੇ ਸਕੂਲਾਂ ਨੂੰ ਸਖ਼ਤ ਨਿਰਦੇਸ਼ ਹਨ ਕਿ ਉਹ ਬੱਚਿਆਂ ਦੇ ਮਾਪਿਆਂ ਨੂੰ ਕਿਸੇ ਵਿਸ਼ੇਸ਼ ਦੁਕਾਨ ਤੋਂ ਕਿਤਾਬਾਂ ਤੇ ਵਰਦੀਆਂ ਖ਼ਰੀਦਣ ਲਈ ਮਜਬੂਰ ਨਾ ਕਰਨ।



ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਸਾਰੀਆਂ ਖਾਲੀ ਅਸਾਮੀਆਂ ਭਰੇਗੀ ਅਤੇ 5994 ਈ.ਟੀ.ਟੀ. ਅਧਿਆਪਕਾਂ ਅਤੇ 8393 ਪ੍ਰੀ-ਪ੍ਰਾਇਮਰੀ ਅਧਿਆਪਕਾਂ ਦੀ ਭਰਤੀ ਦੀ ਪ੍ਰਕਿਰਿਆ ਜਾਰੀ ਹੈ। ਉਨ੍ਹਾਂ ਕਿਹਾ ਕਿ ਨਵੀਂ ਦਿੱਲੀ 'ਚ ਅਮਰੀਕੀ ਅੰਬੈਸੀ ਦੇ ਖੇਤਰੀ ਅੰਗਰੇਜ਼ੀ ਭਾਸ਼ਾ ਦਫਤਰ ਨਾਲ ਰਲ ਕੇ ਪੰਜਾਬ ਸਕੂਲ ਸਿੱਖਿਆ ਬੋਰਡ ਅਧਿਆਪਕਾਂ ਦੇ ਇਕ ਸਮੂਹ (50 ਦੇ ਲਗਭਗ) ਨੂੰ ਸਿਖਲਾਈ ਦੇਣ ਜਾ ਰਿਹਾ ਹੈ। ਉਨ੍ਹਾਂ ਵਾਅਦਾ ਕੀਤਾ ਕਿ ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਅਧਿਆਪਕਾਂ ਨੂੰ ਛੇਤੀ ਹੀ ਯੂਜੀਸੀ ਦੇ ਪੇਅ ਸਕੇਲ ਦਿੱਤੇ ਜਾਣਗੇ। ਤਕਨੀਕੀ ਸਿੱਖਿਆ ਮੁਹੱਈਆ ਕਰਵਾਉਣ ਲਈ 19 ਨਵੀਆਂ ਸਰਕਾਰੀ ਆਈ.ਟੀ.ਆਈਜ਼. ਖੋਲ੍ਹੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪੰਦਰਾਂ ਅਗਸਤ ਤੋਂ 75 ਮੁਹੱਲਾ ਕਲੀਨਿਕ ਖੋਲ੍ਹੇ ਜਾਣਗੇ। ਉਨ੍ਹਾਂ ਦੱਸਿਆ ਕਿ ਗੁਰਦਾਸਪੁਰ, ਨਾਭਾ, ਪੱਟੀ, ਰਾਏਕੋਟ, ਮੁਕਤਸਰ, ਤਲਵੰਡੀ ਸਾਬੋ ਤੇ ਡੇਰਾਬੱਸੀ ਵਿਚ 7 ਨਵੇਂ ਜੱਚਾ-ਬੱਚਾ ਸਿਹਤ ਕੇਂਦਰਾਂ ਦੀ ਉਸਾਰੀ ਨੂੰ ਪ੍ਰਵਾਨਗੀ ਦਿੱਤੀ ਗਈ ਹੈ। 2950 ਸਬ-ਸੈਂਟਰਾਂ ਨੂੰ 'ਤੰਦਰੁਸਤ ਪੰਜਾਬ ਸਿਹਤ ਕੇਂਦਰਾਂ' ਵਜੋਂ ਅੱਪਗ੍ਰੇਡ ਕਰਨ ਦਾ ਫੈਸਲਾ ਲਿਆ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਲਈ 25,000 ਮਕਾਨ ਬਣਾਉਣ ਦੀ ਤਜਵੀਜ਼ ਹੈ। ਸ਼ਹਿਰਾਂ ਲਈ ਮਾਸਟਰ ਪਲਾਨ 2-3 ਸਾਲਾਂ ਵਿਚ ਮੁਕੰਮਲ ਕਰ ਲਏ ਜਾਣਗੇ।

ਮੁੱਖ ਮੰਤਰੀ ਨੇ ਕਿਸਾਨਾਂ ਦੀ ਭਲਾਈ ਲਈ ਉਠਾਏ ਕਦਮਾਂ ਦੀ ਗੱਲ ਕਰਦਿਆਂ ਕਿਹਾ ਕਿ ਸਰਕਾਰ ਵੱਲੋਂ ਮੂੰਗੀ ਐਮ.ਐਸ.ਪੀ. 'ਤੇ ਖ਼ਰੀਦਣ ਨਾਲ ਕਿਸਾਨਾਂ ਨੂੰ ਪ੍ਰਤੀ ਏਕੜ 30,000 ਰੁਪਏ ਦੀ ਵਾਧੂ ਆਮਦਨ ਹੋਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਕਣਕ ਦੀ ਪਿਸਾਈ ਤੋਂ ਲੈ ਕੇ ਲਾਭਪਾਤਰੀਆਂ ਦੇ ਘਰ ਤੱਕ ਆਟੇ ਦੀ ਵੰਡ ਯਕੀਨੀ ਬਣਾਉਣ ਲਈ ਮਾਰਕਫੈੱਡ ਨੂੰ ਨੋਡਲ ਏਜੰਸੀ ਬਣਾਇਆ ਗਿਆ। ਉਨ੍ਹਾਂ ਦੱਸਿਆ ਕਿ ਆਉਣ ਵਾਲੇ ਵਿੱਤੀ ਸਾਲ ਦੌਰਾਨ ਗਿੱਦੜਬਾਹਾ ਵਿਚ 150 ਟੀ.ਪੀ.ਡੀ. ਦੀ ਸਮਰੱਥਾ ਵਾਲਾ ਨਵਾਂ ਕੈਟਲ ਫੀਡ ਪਲਾਂਟ ਵੀ ਬਣ ਕੇ ਤਿਆਰ ਹੋ ਜਾਵੇਗਾ। ਫਿਰੋਜ਼ਪੁਰ, ਜਲੰਧਰ, ਲੁਧਿਆਣਾ ਅਤੇ ਗੜਵਾਸੂ, ਲੁਧਿਆਣਾ 'ਚ ਨਵੇਂ ਦੁੱਧ ਪ੍ਰਾਸੈਸਿੰਗ ਪਲਾਂਟ ਲਾਏ ਜਾ ਰਹੇ ਹਨ। ਇਸੇ ਤਰ੍ਹਾਂ ਵੇਰਕਾ ਕੈਟਲ ਫੀਡ ਪਲਾਂਟ ਦੀ ਉਸਾਰੀ ਘਣੀਆ ਕੇ ਬਾਂਗਰ (ਗੁਰਦਾਸਪੁਰ) 'ਚ ਕੀਤੀ ਜਾ ਰਹੀ ਹੈ।

## 'ਆਪ' ਵੱਲੋਂ ਹਰ ਖੇਤਰ 'ਚ ਸੁਧਾਰ ਕਰਨ ਦਾ ਦਾਅਵਾ

**ਚੰਡੀਗੜ੍ਹ:** 'ਆਪ' ਨੇ ਪੰਜਾਬ ਵਿਚ 100 ਦਿਨਾਂ ਵਿਚ ਹਰ ਖੇਤਰ ਲਈ ਮਹੱਤਵਪੂਰਨ ਸੁਧਾਰ ਕਰਨ ਦਾ ਦਾਅਵਾ ਕੀਤਾ ਹੈ। 'ਆਪ' ਦੇ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਹੈ ਕਿ ਪਿਛਲੀਆਂ ਅਕਾਲੀ ਦਲ ਅਤੇ ਕਾਂਗਰਸ ਦੀਆਂ ਸਰਕਾਰਾਂ ਨੇ ਪੰਜਾਬ ਦੇ ਲੋਕਾਂ ਨੂੰ ਬੇਵਕੂਫ ਬਣਾਉਣ ਲਈ ਵ੍ਹਾਈਟ ਪੇਪਰ ਜਾਰੀ ਕਰਨ ਦਾ ਜੁਮਲਾ ਬਣਾਇਆ ਸੀ ਪਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਨੇ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰਦਿਆਂ ਵਿਧਾਨ ਸਭਾ 'ਚ ਪਹਿਲੀ ਵਾਰ ਵਿਚ ਹੀ ਵ੍ਹਾਈਟ ਪੇਪਰ ਜਾਰੀ ਕਰ ਦਿੱਤਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਆਜ਼ਾਦੀ ਤੋਂ ਬਾਅਦ ਪਹਿਲੀ ਵਾਰ 'ਆਪ' ਦੀ ਸਰਕਾਰ 'ਚ ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸਨ ਮਿਲ ਰਿਹਾ ਹੈ।

## ਸ਼੍ਰੋਮਣੀ ਕਮੇਟੀ ਨੇ ਅਫਗਾਨਿਸਤਾਨ ਫੇਰੀ ਦੇ ਪ੍ਰਬੰਧਾਂ ਲਈ ਜੈਸ਼ੰਕਰ ਨੂੰ ਪੱਤਰ ਲਿਖਿਆ

**ਨਵੀਂ ਦਿੱਲੀ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵਿਦੇਸ਼ ਮੰਤਰੀ ਐੱਸ.ਜੈਸ਼ੰਕਰ ਨੂੰ ਪੱਤਰ ਲਿਖ ਕੇ ਅਗਲੇ ਮਹੀਨੇ ਜੁਲਾਈ ਵਿਚ ਅਫਗਾਨਿਸਤਾਨ ਵਿਚ ਗੁਰਦੁਆਰਿਆਂ ਦੀ ਫੇਰੀ ਲਈ ਕਮੇਟੀ ਦਾ ਇਕ ਵਫਦ ਭੇਜਣ ਸਬੰਧੀ ਪ੍ਰਬੰਧ ਕਰਨ ਦੀ ਗੁਜ਼ਾਰਸ਼ ਕੀਤੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਪੱਤਰ ਵਿਚ ਕਿਹਾ ਕਿ ਕਮੇਟੀ ਦਾ ਵਫਦ ਇਤਿਹਾਸਕ ਸਿੱਖ ਵਿਰਾਸਤੀ ਥਾਵਾਂ ਦੀ ਸੁਰੱਖਿਆ ਤੇ ਸਾਂਭ-ਸੰਭਾਲ ਯਕੀਨੀ ਬਣਾਉਣ ਸਬੰਧੀ ਸਥਾਨਕ ਸਰਕਾਰੀ ਅਧਿਕਾਰੀਆਂ ਨੂੰ ਵੀ ਮਿਲਣਾ ਚਾਹੇਗਾ। ਚੇਤੇ ਰਹੇ ਕਿ ਇਸਲਾਮਿਕ ਦਹਿਸ਼ਤਗਰਦਾਂ ਵੱਲੋਂ 18 ਜੂਨ ਨੂੰ ਕਾਬੁਲ ਦੇ ਕਰਤੇ ਪਰਵਾਨ ਗੁਰਦੁਆਰੇ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਇਸ ਹਮਲੇ ਵਿਚ ਦੋ ਵਿਅਕਤੀਆਂ ਦੀ ਜਾਨ ਜਾਂਦੀ ਰਹੀ ਸੀ। ਸ਼੍ਰੋਮਣੀ ਕਮੇਟੀ ਨੇ ਕਿਹਾ ਕਿ ਵਫਦ ਤਿੰਨ ਦਿਨਾਂ ਵਿਚ ਅਫਗਾਨਿਸਤਾਨ ਦੇ ਸਾਰੇ ਇਤਿਹਾਸਕ ਗੁਰਦੁਆਰਿਆਂ ਦੀ ਫੇਰੀ ਪੂਰੀ ਕਰ ਲਏਗਾ।

## ਅਧਿਆਪਕਾਂ ਵੱਲੋਂ ਵਿਦੇਸ਼ ਜਾਣ ਲਈ ਛੁੱਟੀ 'ਤੇ ਪਾਬੰਦੀ ਦਾ ਵਿਰੋਧ

**ਬਰਨਾਲਾ:** ਸਿੱਖਿਆ ਵਿਭਾਗ ਵੱਲੋਂ ਵਿਦੇਸ਼ ਜਾਣ ਵਾਲੇ ਅਧਿਆਪਕਾਂ ਵੱਲੋਂ ਲਈ ਜਾਣ ਵਾਲੀ ਛੁੱਟੀ ਨੂੰ ਗਰਮੀਆਂ ਅਤੇ ਸਰਦੀਆਂ ਦੀਆਂ ਛੁੱਟੀਆਂ ਦੇ ਸਮੇਂ ਦੌਰਾਨ ਲੈਣ ਦੀਆਂ ਹਦਾਇਤਾਂ ਦੀ ਨਿਖੇਧੀ ਕਰਦਿਆਂ ਡੈਮੋਕਰੈਟਿਕ ਟੀਚਰਜ਼ ਫਰੰਟ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਗੁਰਮੀਤ ਸੁਖਪੁਰ ਤੇ ਜ਼ਿਲ੍ਹਾ ਜਨਰਲ ਸਕੱਤਰ ਰਾਜੀਵ ਕੁਮਾਰ ਤੇ ਜ਼ਿਲ੍ਹਾ ਵਿੱਤ ਸਕੱਤਰ ਬਲਜਿੰਦਰ ਪ੍ਰਭੂ ਨੇ ਕਿਹਾ ਕਿ ਵਿਭਾਗ ਵੱਲੋਂ ਇਹ ਨਾਦਰਸ਼ਾਹੀ ਫੈਸਲਾ ਲਿਆ ਗਿਆ ਹੈ ਜਿਸ ਵਿਚ ਵਿਭਾਗ ਨੇ ਪਰਵਾਸ ਦੀਆਂ ਸਮੱਸਿਆਵਾਂ ਨੂੰ ਅੱਖੋਂ ਪਰੋਖੇ ਕੀਤਾ ਹੈ।

ਉਨ੍ਹਾਂ ਕਿਹਾ ਕਿ ਵਿਦੇਸ਼ ਰਹਿ ਰਹੇ ਬੱਚਿਆਂ ਨੂੰ ਸੁੱਖ-ਦੁੱਖ ਗਰਮੀਆਂ ਜਾਂ ਸਰਦੀਆਂ ਦੀਆਂ ਛੁੱਟੀਆਂ ਦੇਖ ਕੇ ਆਵੇ, ਇਹ ਸੰਭਵ ਨਹੀਂ। ਡੈਮੋਕਰੈਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਕਮੇਟੀ ਮੈਂਬਰਾਂ ਗੁਰਮੇਲ ਭੁਟਾਲ, ਸੁਖਦੀਪ ਤਪਾ ਤੇ ਨਿਰਮਲ ਚੁਹਾਨਕੇ ਨੇ ਕਿਹਾ ਕਿ ਵਿਭਾਗ ਵੱਲੋਂ ਵਿਦੇਸ਼ ਛੁੱਟੀ ਸਬੰਧੀ ਲਾਈਆਂ ਇਹ ਪਾਬੰਦੀਆਂ ਸਿਵਲ ਸੇਵਾ ਨਿਯਮਾਂ ਦੇ ਉਲਟ, ਗੈਰ ਸੰਵਿਧਾਨਕ ਤੇ ਪੱਖਪਾਤੀ ਹਨ।

## ਵ੍ਹਾਈਟ ਪੇਪਰ: ਪੰਜ ਸਾਲਾਂ ਵਿਚ ਪੰਜਾਬ ਦਾ ਕਰਜ਼ਾ 44.23 ਫੀਸਦੀ ਵਧਿਆ

**ਚੰਡੀਗੜ੍ਹ:** ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਸਦਨ 'ਚ ਪੰਜਾਬ ਦੀ ਵਿੱਤੀ ਸਥਿਤੀ ਬਾਰੇ ਵ੍ਹਾਈਟ ਪੇਪਰ ਪੇਸ਼ ਕੀਤਾ। ਵਿੱਤ ਮੰਤਰੀ ਨੇ ਕਿਹਾ ਕਿ ਉਹ ਪੰਜਾਬ ਦੇ ਲੋਕਾਂ ਸਾਹਮਣੇ ਸੂਬੇ ਦੇ ਆਰਥਿਕ ਹਾਲਾਤ ਰੱਖ ਰਹੇ ਹਨ ਤੇ ਪਿਛਲੇ ਸਮਿਆਂ 'ਚ ਇਨ੍ਹਾਂ ਤੱਥਾਂ ਨੂੰ ਲੁਕੋਇਆ ਜਾਂਦਾ ਰਿਹਾ ਹੈ।

ਵਿੱਤ ਮੰਤਰੀ ਚੀਮਾ ਨੇ ਪੰਜਾਬ ਦੇ ਮੌਜੂਦਾ ਹਾਲਾਤ ਲਈ ਪਿਛਲੀਆਂ ਸਰਕਾਰਾਂ ਨੂੰ ਜ਼ਿੰਮੇਵਾਰ ਦੱਸਿਆ। ਵ੍ਹਾਈਟ ਪੇਪਰ ਅਨੁਸਾਰ ਪੰਜਾਬ ਸਿਰ ਇਸ ਵੇਲੇ 2.63 ਲੱਖ ਕਰੋੜ ਦਾ ਕਰਜ਼ਾ ਹੈ ਅਤੇ ਲੰਘੇ ਪੰਜ ਵਰ੍ਹਿਆਂ ਵਿਚ ਕਰਜ਼ੇ 'ਚ 44.23 ਫੀਸਦੀ ਦਾ ਵਾਧਾ ਹੋਇਆ ਹੈ। ਪ੍ਰਤੀ ਵਿਅਕਤੀ ਆਮਦਨ ਵਿਚ ਸਿਖਰ 'ਤੇ ਰਹਿਣ ਵਾਲਾ ਪੰਜਾਬ ਅੱਜ ਰੈਂਕਿੰਗ ਵਿਚ 11ਵੇਂ ਸਥਾਨ 'ਤੇ ਪੁੱਜ ਗਿਆ ਹੈ ਜਦਕਿ ਗੁਆਂਢੀ ਸੂਬਿਆਂ ਨੇ ਪੰਜਾਬ ਨੂੰ ਪਛਾੜ ਦਿੱਤਾ ਹੈ।

ਵ੍ਹਾਈਟ ਪੇਪਰ 'ਚ ਚੌਕਸ ਕੀਤਾ ਗਿਆ ਹੈ ਕਿ ਪੰਜਾਬ ਪਤਨ ਵੱਲ ਵੱਧ ਰਿਹਾ ਹੈ। ਪੰਜਾਬ ਦੇ ਮਾਲੀਏ ਵਿਚ ਵੀ ਕਟੌਤੀ ਹੋਈ ਹੈ ਅਤੇ ਲੰਘੇ ਇਕ ਦਹਾਕੇ 'ਚ ਰਾਜ ਦਾ ਆਪਣਾ ਮਾਲੀਆ ਕਰ 72 ਫੀਸਦੀ ਤੋਂ ਘੱਟ ਕੇ 48 ਫੀਸਦੀ ਰਹਿ ਗਿਆ ਹੈ। ਪੰਜਾਬ ਸਿਰ 1980-81 ਵਿਚ 1009 ਕਰੋੜ ਦਾ ਕਰਜ਼ਾ ਸੀ ਜੋ ਕਿ 2011-12 'ਚ 83,099 ਕਰੋੜ ਰੁਪਏ ਹੋ ਗਿਆ। 2.63 ਲੱਖ ਕਰੋੜ ਦੇ ਕਰਜ਼ੇ ਤੋਂ ਇਲਾਵਾ ਬੋਰਡਾਂ ਤੇ ਨਿਗਮਾਂ ਆਦਿ ਦਾ 55 ਹਜ਼ਾਰ ਕਰੋੜ ਦਾ ਕਰਜ਼ਾ ਹੈ ਜਿਸ 'ਚੋਂ ਕਰੀਬ 22,250 ਕਰੋੜ ਦੀ ਗਾਰੰਟੀ ਸੂਬਾ ਸਰਕਾਰ ਨੇ ਦਿੱਤੀ ਹੋਈ ਹੈ। ਕੈਸ਼ ਕਰੈਡਿਟ ਲਿਮਟ ਦੇ ਪਾੜੇ ਨੂੰ ਕਰਜ਼ੇ 'ਚ ਤਬਦੀਲ ਕਰਨ ਕਰਕੇ ਸਤੰਬਰ 2034 ਤੱਕ 3240 ਕਰੋੜ ਦੇ ਸਾਲਾਨਾ ਕਰਜ਼ੇ ਦੀ ਦੇਣਦਾਰੀ ਵੀ ਵੱਡਾ ਬੋਝ ਬਣ ਰਹੀ ਹੈ।



ਵ੍ਹਾਈਟ ਪੇਪਰ ਆਸਰੇ ਵਾਅਦਿਆਂ ਤੋਂ ਭੱਜਣਾ ਚਾਹੁੰਦੀ ਹੈ 'ਆਪ': ਢੀਂਡਸਾ: ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ 'ਆਪ' ਵੱਲੋਂ ਵਿਧਾਨ ਸਭਾ ਸੈਸ਼ਨ ਵਿਚ ਪੇਸ਼ ਕੀਤੇ ਵ੍ਹਾਈਟ ਪੇਪਰ 'ਤੇ ਸਵਾਲ ਉਠਾਏ ਹਨ। ਉਨ੍ਹਾਂ ਕਿਹਾ ਕਿ 'ਆਪ' ਇਸ ਵ੍ਹਾਈਟ ਪੇਪਰ ਨੂੰ ਆਧਾਰ ਬਣਾ ਕੇ ਆਪਣੇ ਚੋਣ ਵਾਅਦਿਆਂ ਤੋਂ ਭੱਜਣਾ ਚਾਹੁੰਦੀ ਹੈ। ਸ੍ਰੀ ਢੀਂਡਸਾ ਨੇ ਦੱਸਿਆ ਕਿ ਵ੍ਹਾਈਟ ਪੇਪਰ ਵਿਚ ਸੂਬੇ ਦੇ ਮੌਜੂਦਾ ਆਰਥਿਕ ਹਾਲਾਤਾਂ ਬਾਰੇ ਦੱਸਿਆ ਜਾਂਦਾ ਹੈ, ਇਸ ਵਿਚ ਇਹ ਦੱਸਣਾ ਹੁੰਦਾ ਹੈ ਕਿ ਸੂਬਾ ਕਿਸ ਆਰਥਿਕ ਦਰ ਨਾਲ ਵਿਕਾਸ ਕਰ ਰਿਹਾ ਹੈ।

# ਪੰਜਾਬ ਵਿਧਾਨ ਸਭਾ ਵਿਚ ਅਮਨ-ਕਾਨੂੰਨ ਦੇ ਮੁੱਦੇ ਉਤੇ ਘਿਰੀ ਮਾਨ ਸਰਕਾਰ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ 'ਚ ਬਜਟ ਸੈਸ਼ਨ ਦੌਰਾਨ ਸੂਬੇ 'ਚ ਅਮਨ-ਕਾਨੂੰਨ ਦਾ ਮੁੱਦਾ ਛਾਇਆ ਰਿਹਾ। ਤਲਖ਼ ਮਾਹੌਲ 'ਚ ਸ਼ੁਰੂ ਹੋਏ ਸੈਸ਼ਨ 'ਚ ਜਿਥੇ ਹਾਕਮ ਧਿਰ ਨੇ ਮੌਜੂਦਾ ਹਾਲਾਤ ਲਈ ਵਿਰੋਧੀ ਧਿਰ ਨੂੰ ਜ਼ਿੰਮੇਵਾਰ ਠਹਿਰਾਇਆ, ਉਥੇ ਮੁੱਖ ਵਿਰੋਧੀ ਧਿਰ ਕਾਂਗਰਸ ਨੇ 'ਆਪ' ਸਰਕਾਰ ਦੇ 90 ਦਿਨਾਂ ਦੇ ਕਾਰਜਕਾਲ ਦੌਰਾਨ ਵਿਗੜੇ ਮਾਹੌਲ ਨੂੰ ਲੈ ਕੇ ਸਰਕਾਰ ਨੂੰ ਕਟਹਿਰੇ ਵਿਚ ਖੜ੍ਹਾ ਕੀਤਾ।

ਸਦਨ ਦੀ ਕਾਰਵਾਈ ਕੁਝ ਸਮਾਂ ਪ੍ਰਭਾਵਿਤ ਰਹੀ ਅਤੇ ਅਖੀਰ ਕਾਂਗਰਸ ਅਤੇ ਭਾਜਪਾ ਦੇ ਵਿਧਾਇਕਾਂ ਨੇ ਨਾਅਰੇਬਾਜ਼ੀ ਕਰਦਿਆਂ ਸਦਨ 'ਚੋਂ ਵਾਕਆਊਟ ਕਰ ਦਿੱਤਾ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਅਤੇ ਬਸਪਾ ਦੇ ਵਿਧਾਇਕਾਂ ਨੇ ਵਾਕਆਊਟ 'ਚ ਸਾਥ ਨਾ ਦਿੱਤਾ। ਜਦੋਂ ਸਦਨ ਵਿਚ ਕਾਂਗਰਸੀ ਤੇ ਹੋਰ ਵਿਧਾਇਕ ਨਾਅਰੇ ਮਾਰ ਰਹੇ ਸਨ ਤਾਂ ਹਾਕਮ ਧਿਰ ਦੇ ਵਿਧਾਇਕਾਂ ਨੇ ਵੀ ਆਵਾਜ਼ ਬੁਲੰਦ ਕਰਕੇ ਵਿਰੋਧੀਆਂ ਨੂੰ ਮਾਤ ਦੇਣ ਦੀ ਕੋਸ਼ਿਸ਼ ਕੀਤੀ।

ਸਦਨ ਵਿਚ ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਦਾ ਮੁੱਦਾ ਛਾਇਆ ਰਿਹਾ ਤੇ ਵਿਰੋਧੀ ਧਿਰ ਨੇ ਸਿਆਸੀ ਆਗੂਆਂ ਤੋਂ ਇਲਾਵਾ ਸੂਬੇ ਦੇ ਆਮ ਲੋਕਾਂ ਨੂੰ ਫਿਰੌਤੀ ਲਈ ਆ ਰਹੀ ਫੋਨ ਕਾਲਾਂ 'ਤੇ ਫਿਕਰ ਜ਼ਾਹਰ ਕੀਤੇ। ਉਨ੍ਹਾਂ ਸੂਬੇ ਵਿਚ ਵਿਗੜ ਰਹੀ ਅਮਨ-ਕਾਨੂੰਨ ਦੀ ਸਥਿਤੀ ਨੂੰ ਪੰਜਾਬ ਦੇ ਭਵਿੱਖ ਲਈ ਖ਼ਤਰਾ ਦੱਸਿਆ। ਹਾਕਮ ਧਿਰ ਨੇ ਭ੍ਰਿਸ਼ਟਾਚਾਰ ਦੇ ਮੁੱਦੇ ਨੂੰ ਪ੍ਰਮੁੱਖਤਾ ਨਾਲ ਉਭਾਰਿਆ ਅਤੇ ਬਹਿਸ ਦੌਰਾਨ ਸਰਕਾਰ ਦੇ ਤਿੰਨ ਮਹੀਨੇ ਦੇ ਕਾਰਜਕਾਲ ਦੀਆਂ ਪ੍ਰਾਪਤੀਆਂ ਦਾ ਖਾਕਾ ਪੇਸ਼ ਕੀਤਾ। 'ਆਪ' ਵਿਧਾਇਕ ਅਮਨ ਅਰੋੜਾ ਨੇ ਸਦਨ ਵਿਚ ਰਾਜਪਾਲ ਦੇ ਭਾਸ਼ਣ 'ਤੇ ਧੰਨਵਾਦ ਪ੍ਰਸਤਾਵ ਪੇਸ਼ ਕੀਤਾ ਅਤੇ ਵਿਧਾਇਕ ਜੈ ਕਿਸ਼ਨ ਰੋੜੀ ਨੇ ਪ੍ਰਸਤਾਵ ਦੀ ਪ੍ਰੋੜ੍ਹਤਾ ਕੀਤੀ। ਸਦਨ ਦੇ ਨੇਤਾ ਭਗਵੰਤ ਮਾਨ ਦੀ ਮੌਜੂਦਗੀ ਵਿਚ ਅਮਨ ਅਰੋੜਾ ਨੇ ਬਹਿਸ ਦੀ ਸ਼ੁਰੂਆਤ ਕਰਦਿਆਂ ਸਰਕਾਰ ਦੇ ਤਿੰਨ ਮਹੀਨੇ ਦੇ ਸਮੇਂ ਦੌਰਾਨ ਭ੍ਰਿਸ਼ਟਾਚਾਰ ਖਿਲਾਫ ਵਿੱਢੀ ਮੁਹਿੰਮ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ। ਉਨ੍ਹਾਂ ਪਾਣੀ ਬਚਾਉਣ ਹਿੱਤ ਝੋਨੇ ਦੀ ਸਿੱਧੀ ਬਿਜਾਈ ਲਈ 1500 ਰੁਪਏ ਪ੍ਰਤੀ ਏਕੜ ਦੀ ਵਿੱਤੀ ਮਦਦ, ਮੂੰਗੀ ਦੀ ਘੱਟੋ ਘੱਟ ਸਮਰਥਨ ਭਾਅ 'ਤੇ ਖਰੀਦ, ਰਾਸ਼ਨ ਦੀ ਹੋਮ ਡਲਿਵਰੀ, ਪੰਜਾਬ ਤੋਂ ਦਿੱਲੀ ਹਵਾਈ ਅੱਡੇ ਤੱਕ ਸ਼ੁਰੂ ਕੀਤੀ ਗਈ ਵੋਲਵੋ ਬੱਸ ਸੇਵਾ ਅਤੇ ਪੰਚਾਇਤੀ ਜ਼ਮੀਨਾਂ ਤੋਂ ਹਟਾਏ ਨਾਜਾਇਜ਼ ਕਬਜ਼ਿਆਂ ਦੀ ਵੀ ਚਰਚਾ ਕੀਤੀ। ਸੂਬੇ 'ਚ ਅਮਨ-ਕਾਨੂੰਨ ਦੇ ਹਾਲਾਤ ਬਾਰੇ ਗੱਲ ਕਰਦਿਆਂ ਉਨ੍ਹਾਂ ਗੈਂਗਸਟਰਾਂ ਨੂੰ ਪਿਛਲੀਆਂ ਸਰਕਾਰਾਂ ਦੀ ਦੇਣ ਦੱਸਿਆ।



ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਪੰਜਾਬ ਪੁਲਿਸ ਨੇ ਰਾਜ ਦੀ ਅਮਨ-ਕਾਨੂੰਨ ਦੀ ਵਿਵਸਥਾ 'ਤੇ ਧਿਆਨ ਦੇਣ ਦੀ ਬਜਾਏ ਦਿੱਲੀ ਵਿਚ ਬੈਠੇ ਆਪਣੇ ਵਿਰੋਧੀਆਂ ਦੇ ਘਰਾਂ 'ਤੇ ਛਾਪੇ ਮਾਰਨ ਉਪਰ ਜ਼ੋਰ ਲਾਈ ਰੱਖਿਆ। 'ਪਟਿਆਲਾ ਵਿਚ ਪਿਛਲੇ ਸਮੇਂ ਦੌਰਾਨ ਬਣਿਆ ਫਿਰਕੂ ਤਣਾਅ 1983 ਦੇ ਵਰ੍ਹੇ ਦੇ ਤਣਾਅ ਨਾਲ ਮੇਲ ਖਾਂਦਾ ਹੈ।'

ਬਾਜਵਾ ਨੇ ਕਿਹਾ ਕਿ ਸਿੱਧੂ ਮੂਸੇਵਾਲਾ ਨੂੰ ਕਾਂਗਰਸ ਸਰਕਾਰ ਵੱਲੋਂ ਕਮਾਂਡੋਜ਼ ਦਿੱਤੇ ਗਏ ਸਨ ਪ੍ਰੰਤੂ 'ਆਪ' ਸਰਕਾਰ ਨੇ ਉਹ ਵਾਪਸ ਲੈ ਲਏ ਜਦਕਿ ਮੂਸੇਵਾਲਾ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਬਾਰੇ ਖੁਫੀਆ ਵਿੰਗ ਨੇ ਸਰਕਾਰ ਨੂੰ ਜਾਣੂ ਕਰਾ ਦਿੱਤਾ ਸੀ। ਉਨ੍ਹਾਂ ਕਿਹਾ ਕਿ ਦਿਨ-ਦਿਹਾੜੇ ਫਿਰੌਤੀਆਂ ਮੰਗੀਆਂ ਜਾ ਰਹੀਆਂ ਹਨ ਅਤੇ ਸ਼ਰੇਆਮ ਕਤਲ ਹੋ ਰਹੇ ਹਨ। ਬਾਜਵਾ ਨੇ ਬੇਅਦਬੀ ਦੇ ਮਾਮਲਿਆਂ ਦਾ ਮੁੱਦਾ ਵੀ ਚੁੱਕਿਆ।

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ਼ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਦਿੱਲੀ ਪੁਲਿਸ ਵੱਲੋਂ ਪੱਤਰਕਾਰ ਮੁਹੰਮਦ ਜ਼ੁਬੈਰ ਗ੍ਰਿਫਤਾਰ

**ਨਵੀਂ ਦਿੱਲੀ:** ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਨੇ 27 ਜੂਨ ਨੂੰ ਮੁਹੰਮਦ ਜ਼ੁਬੈਰ ਨੂੰ 2020 ਦੇ ਇਕ ਕੇਸ ਸਬੰਧੀ ਬੁਲਾਇਆ ਅਤੇ ਨਵੇਂ ਦੋਸ਼ਾਂ ਤਹਿਤ ਗ੍ਰਿਫਤਾਰ ਕਰ ਲਿਆ। ਯਾਦ ਰਹੇ ਕਿ ਮੁਹੰਮਦ ਜ਼ੁਬੈਰ ਆਲਟ ਨਿਊਜ਼ ਫੈਕਟ ਚੈੱਕਰ ਵੈੱਬਸਾਈਟ ਦੇ ਸਹਿ-ਸੰਸਥਾਪਕ ਹਨ। ਇਹ ਵੈੱਬਸਾਈਟ ਆਨਲਾਈਨ ਸਮੱਗਰੀ ਦੀ ਛਾਣਬੀਣ ਕਰਕੇ ਉਨ੍ਹਾਂ ਦਾ ਸੱਚ ਸਾਹਮਣੇ ਲਿਆਉਂਦੀ ਹੈ ਅਤੇ ਜਾਅਲੀ ਖਬਰਾਂ ਅਤੇ ਤਸਵੀਰਾਂ ਤੋਂ ਲੋਕਾਂ ਨੂੰ ਜਾਗਰੂਕ ਕਰਦੀ ਹੈ।

ਮੁਹੰਮਦ ਜ਼ੁਬੈਰ ਵਿਰੁੱਧ ਇਹ ਕੇਸ 2020 'ਚ ਪੋਕਸੋ (ਪ੍ਰੋਟੈਕਸ਼ਨ ਆਫ ਚਿਲਡਰਨ ਫਰੌਮ ਸੈਕਸੁਅਲ ਔਫੈਂਸਿਜ਼) ਐਕਟ ਤਹਿਤ ਦਰਜ ਕੀਤਾ ਗਿਆ ਸੀ। ਉਸ ਦਾ ਜੁਰਮ ਇਹ ਸੀ ਕਿ ਉਸ ਨੇ ਟਵਿੱਟਰ ਉੱਪਰ ਜਗਦੀਸ਼ ਸਿੰਘ ਨਾਂ ਦੇ ਇਕ ਵਿਅਕਤੀ ਦੇ ਗਾਲੀ-ਗਲੋਚ ਵਾਲੇ ਮੈਸੇਜ ਦਾ ਜੋ ਜਵਾਬ ਦਿੱਤਾ ਸੀ, ਉਸ ਵਿਚ ਉਸ ਨੇ ਇਕ ਨੌਜਵਾਨ ਬੱਚੀ ਦੀ ਤਸਵੀਰ ਲਗਾ ਦਿੱਤੀ ਸੀ ਜੋ ਉਸ ਵੱਲੋਂ ਸੋਸ਼ਲ ਮੀਡੀਆ ਦਿਸ਼ਾ ਨਿਰਦੇਸ਼ਾਂ



ਅਨੁਸਾਰ ਬੱਚੀਆਂ ਦਾ ਚਿਹਰਾ ਧੁੰਦਲਾ ਕੀਤੇ ਬਿਨਾਂ ਹੀ ਲਗਾਈ ਗਈ ਸੀ। ਜਗਦੀਸ਼ ਸਿੰਘ ਦੇ ਗਾਲੀ-ਗਲੋਚ ਦੇ ਜਵਾਬ 'ਚ ਉਸ ਨੇ ਲਿਖਿਆ ਸੀ, 'ਹੈਲੋ ਮਿਸਟਰ ਜਗਦੀਸ਼ ਸਿੰਘ। ਕੀ ਤੁਹਾਡੀ ਕਿਊਟ ਪੋਤੀ ਨੂੰ ਸੋਸ਼ਲ ਮੀਡੀਆ ਉੱਪਰ ਤੁਹਾਡੇ ਵੱਲੋਂ ਲੋਕਾਂ ਨੂੰ ਗਾਲੀ-ਗਲੋਚ ਕਰਨ ਦੀ ਤੁਹਾਡੀ ਪਾਰਟਟਾਈਮ ਜੌਬ ਬਾਰੇ ਜਾਣਕਾਰੀ ਹੈ? ਮੈਂ ਤੁਹਾਨੂੰ ਆਪਣੀ ਪ੍ਰੋਫਾਈਲ ਪਿਕਚਰ ਬਦਲਣ ਦੀ ਸਲਾਹ ਦਿੰਦਾ ਹਾਂ।' ਜਗਦੀਸ਼ ਸਿੰਘ ਨੇ ਉਸ ਦੇ ਵਿਰੁੱਧ ਪਰਚਾ ਦਰਜ ਕਰਵਾ ਦਿੱਤਾ ਅਤੇ ਜ਼ੁਬੈਰ ਨੂੰ ਉਸ ਕੇਸ ਵਿਚ ਹਾਈਕੋਰਟ ਨੇ ਪ੍ਰੋਟੈਕਸ਼ਨ ਦੇ ਦਿੱਤੀ ਅਤੇ ਪੁਲਿਸ ਨੂੰ ਉਸ ਵਿਰੁੱਧ ਕੋਈ ਧੱਕੇਸ਼ਾਹੀ ਨਾ ਕਰਨ ਦਾ ਆਦੇਸ਼ ਦਿੱਤਾ। ਹੁਣ ਉਸ ਨੂੰ ਉਸ ਕੇਸ ਸਬੰਧੀ ਬੁਲਾਇਆ ਪਰ ਇਕ ਹੋਰ ਕੇਸ ਵਿਚ ਸਮਾਜਿਕ ਸਦਭਾਵਨਾ ਨੂੰ ਭੰਗ ਕਰਨ ਅਤੇ ਨਫਰਤ ਭੜਕਾਉਣ ਦੀਆਂ ਧਾਰਾਵਾਂ (153 ਏ ਅਤੇ 295 ਏ) ਲਗਾ ਕੇ ਗ੍ਰਿਫਤਾਰ ਕਰ ਲਿਆ। ਪਹਿਲੇ ਕੇਸ ਵਿਚ ਉਸ ਦਾ ਦੋਸ਼ ਸਾਬਤ ਨਹੀਂ ਹੁੰਦਾ ਸੀ। ਫਰਵਰੀ ਮਹੀਨੇ ਹਾਈਕੋਰਟ ਵਿਚ ਖੁਦ ਦਿੱਲੀ ਪੁਲਿਸ ਨੇ ਕਿਹਾ ਸੀ ਕਿ ਜ਼ੁਬੈਰ ਦਾ ਟਵੀਟ ਕੋਈ ਅਪਰਾਧ ਨਹੀਂ ਬਣਦਾ। ਹੁਣ ਜੋ ਨਵਾਂ ਕੇਸ ਦਰਜ ਕੀਤਾ ਗਿਆ ਹੈ, ਉਹ ਇਕ ਹੋਟਲ ਦੇ ਸਾਈਨ ਬੋਰਡ ਦੀ ਫੋਟੋ ਹੈ ਜਿਸ ਵਿਚ ਹਨੀਮੂਨ ਹੋਟਲ ਨੂੰ ਵਿਅੰਗ ਵਜੋਂ ਹਨੂਮਾਨ ਹੋਟਲ ਲਿਖਿਆ ਗਿਆ ਹੈ।

ਪਿਛਲੇ ਦਿਨੀਂ ਵੀ ਉਸ ਵਿਰੁੱਧ ਅਜਿਹਾ ਇਕ ਕੇਸ ਦਰਜ ਕੀਤਾ ਗਿਆ ਸੀ। ਉਸ ਨੇ ਮੁਸਲਮਾਨਾਂ ਵਿਰੁੱਧ ਘੋਰ ਨਫਰਤ ਭੜਕਾਊ ਭਾਸ਼ਣ ਦੇਣ ਵਾਲੇ ਯਤੀ ਨਰਸਿੰਘਾਨੰਦ, ਬਜਰੰਗ ਮੁਨੀ ਅਤੇ ਆਨੰਦ ਸਵਰੂਪ ਬਾਰੇ ਟਵੀਟ ਕਰਦਿਆਂ ਉਨ੍ਹਾਂ ਨੂੰ 'ਹੇਟ ਮੌਂਗਰਜ਼' (ਨਫਰਤ ਭੜਕਾਉਣ ਵਾਲੇ) ਕਿਹਾ ਸੀ। ਇਸ 'ਤੇ ਯੂ.ਪੀ. ਪੁਲਿਸ ਨੇ ਉਸ ਖਿਲਾਫ 295 ਏ ਅਤੇ ਸੂਚਨਾ ਤਕਨਾਲੋਜੀ ਦੀ ਧਾਰਾ67 ਤਹਿਤ ਐੱਫ.ਆਈ.ਆਰ. ਦਰਜ ਕਰ ਲਈ। ਬਜਰੰਗ ਮੁਨੀ ਨੇ ਰਾਮ ਨੌਮੀ ਮੌਕੇ ਪੁਲਿਸ ਦੀ ਮੌਜੂਦਗੀ ਵਿਚ ਮੁਸਲਮਾਨ ਔਰਤਾਂ ਨਾਲ ਸਮੂਹਿਕ ਬਲਾਤਕਾਰ ਦੀ ਧਮਕੀ ਦਿੱਤੀ ਸੀ।

## ਡਰੱਗ ਮਾਮਲਾ: ਮਜੀਠੀਆ ਦੀ ਹਿਰਾਸਤ ਵਿਚ ਵਾਧਾ

**ਮੁਹਾਲੀ:** ਬਹੁ-ਚਰਚਿਤ ਨਸ਼ਾ ਤਸਕਰੀ ਮਾਮਲੇ ਵਿਚ ਨਾਮਜ਼ਦ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ੀ ਭੁਗਤੀ। ਇਸ ਕੇਸ ਦੀ ਸੁਣਵਾਈ ਮੁਹਾਲੀ ਅਦਾਲਤ ਵਿਚ ਹੋਈ। ਮਿਲੀ ਜਾਣਕਾਰੀ ਮੁਤਾਬਕ ਅਦਾਲਤ ਨੇ ਅਕਾਲੀ ਆਗੂ ਦੀ ਨਿਆਇਕ ਹਿਰਾਸਤ ਵਿਚ ਫਿਰ ਤੋਂ 14 ਦਿਨਾਂ ਦਾ ਵਾਧਾ ਕਰਦਿਆਂ ਅਗਲੀ ਸੁਣਵਾਈ ਲਈ 11 ਜੁਲਾਈ ਦਾ ਦਿਨ ਨਿਰਧਾਰਤ ਕੀਤਾ ਹੈ। ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਸਰਕਾਰ ਵੱਲੋਂ ਇਥੋਂ ਦੇ ਫੇਜ਼-4 ਸਥਿਤ ਪੰਜਾਬ ਪੁਲਿਸ ਦੇ ਸਟੇਟ ਕ੍ਰਾਈਮ ਵਿੰਗ ਦੇ ਥਾਣੇ ਵਿਚ ਮਜੀਠੀਆ ਵਿਰੁੱਧ ਨਸ਼ਾ ਤਸਕਰੀ ਮਾਮਲੇ ਵਿਚ ਅਪਰਾਧਿਕ ਕੇਸ ਦਰਜ ਕੀਤਾ ਸੀ। ਉਸ ਦਿਨ ਤੋਂ ਮਜੀਠੀਆ ਪਟਿਆਲਾ ਜੇਲ੍ਹ ਵਿਚ ਬੰਦ ਹਨ।

## ਸਿੱਧੂ ਮੂਸੇਵਾਲਾ ਦਾ ਗੀਤ ਐਸ.ਵਾਈ.ਐਲ. ਲੀਕ ਕਰਨ ਸਬੰਧੀ ਕੇਸ ਦਰਜ

**ਮਾਨਸਾ:** ਮਰਹੂਮ ਨੌਜਵਾਨ ਪੰਜਾਬੀ ਗਾਇਕ ਸਿੱਧੂ ਮੂਸੇਵਾਲੇ ਦੇ ਨਵੇਂ ਗੀਤ ਐਸ.ਵਾਈ.ਐਲ. ਨੂੰ ਰਿਲੀਜ਼ ਤਰੀਕ ਤੋਂ ਪਹਿਲਾਂ ਲੀਕ ਕਰਨ 'ਤੇ ਮਾਨਸਾ ਦੇ ਥਾਣਾ ਸਦਰ ਵਿਚ ਕੇਸ ਦਰਜ ਕੀਤਾ ਗਿਆ ਹੈ। ਮਰਹੂਮ ਪੰਜਾਬੀ ਗਾਇਕ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਇਸ ਗੀਤ ਦੇ ਲੀਕ ਹੋਣ ਤੋਂ ਬਾਅਦ ਥਾਣਾ ਸਦਰ ਵਿਚ ਅਰਜ਼ੀ ਦਾਇਰ ਕੀਤੀ ਗਈ, ਜਿਸ 'ਤੇ ਪੁਲਿਸ ਨੇ ਅਣਪਛਾਤੇ ਵਿਅਕਤੀ ਵਿਰੁੱਧ ਮਾਮਲਾ ਦਰਜ ਕਰ ਲਿਆ ਹੈ।

## ਨਿਊ ਯਾਰਕ 'ਚ ਸਿੱਖ ਨੌਜਵਾਨ ਦੀ ਹੱਤਿਆ

**ਨਿਊ ਯਾਰਕ:** ਨਿਊ ਯਾਰਕ ਦੇ ਕੁਈਨਜ਼ ਵਿਚ ਭਾਰਤੀ ਮੂਲ ਸਿੱਖ ਨੌਜਵਾਨ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਪੀੜਤ ਦੀ ਪਛਾਣ ਸਤਨਾਮ ਸਿੰਘ (31) ਵਜੋਂ ਦੱਸੀ ਗਈ ਹੈ। ਨਿਊ ਯਾਰਕ ਦੇ ਪੁਲਿਸ ਵਿਭਾਗ ਦੇ ਹਵਾਲੇ ਨਾਲ ਪ੍ਰਕਾਸ਼ਿਤ ਮੀਡੀਆ ਰਿਪੋਰਟਾਂ ਵਿਚ ਇਹ ਜਾਣਕਾਰੀ ਦਿੱਤੀ ਗਈ।

'ਦਿ ਨਿਊ ਯਾਰਕ ਡੇਲੀ ਨਿਊਜ਼' ਦੀ ਰਿਪੋਰਟ ਮੁਤਾਬਕ ਸਤਨਾਮ ਕੁਈਨਜ਼ ਦੇ ਸਾਊਥ ਓਜ਼ੋਨ ਪਾਰਕ ਕੋਲ ਜੀਪ ਵਿਚ ਬੈਠਾ ਹੋਇਆ ਸੀ। ਇਸੇ ਦੌਰਾਨ ਆਏ ਹਮਲਾਵਰ ਨੇ ਉਸ 'ਤੇ ਗੋਲੀਆਂ ਚਲਾ ਦਿੱਤੀਆਂ। ਪੁਲਿਸ ਨੇ ਦੱਸਿਆ ਕਿ ਗੋਲੀਆਂ ਸਤਨਾਮ ਸਿੰਘ ਦੀ ਛਾਤੀ ਅਤੇ ਗਰਦਨ ਵਿਚ ਲੱਗੀਆਂ। ਉਸ ਨੂੰ ਸਥਾਨਕ ਹਸਪਤਾਲ ਲਿਜਾਇਆ ਗਿਆ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਅਧਿਕਾਰੀਆਂ ਮੁਤਾਬਕ ਸਤਨਾਮ ਨੇ ਕਿਸੇ ਨੂੰ ਲਿਜਾਣ ਲਈ ਕੁਝ ਸਮਾਂ ਪਹਿਲਾਂ ਹੀ ਆਪਣੇ ਇਕ ਦੋਸਤ ਤੋਂ ਜੀਪ ਉਧਾਰੀ ਲਈ ਸੀ।

ਪੁਲਿਸ ਮੁਤਾਬਕ ਹਮਲਾਵਰ ਪੈਦਲ ਹੀ ਆਇਆ ਸੀ ਜਦੋਂਕਿ ਗੁਆਂਢੀਆਂ ਦਾ ਕਹਿਣਾ ਹੈ ਕਿ ਹਮਲਾਵਰ ਕਾਰ ਵਿਚ ਆਇਆ ਅਤੇ ਉਸ ਨੇ ਜੀਪ ਦੇ ਕੋਲੋਂ ਲੰਘਦੇ ਸਮੇਂ ਗੋਲੀਆਂ ਚਲਾਈਆਂ।

## ਸ਼ਰਾਬ ਦੇ ਠੇਕਿਆਂ ਦੀ ਅਲਾਟਮੈਂਟ 'ਤੇ ਪੰਜਾਬ ਸਰਕਾਰ ਨੂੰ ਝਟਕਾ

**ਚੰਡੀਗੜ੍ਹ:** ਪੰਜਾਬ-ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਦੀ ਆਬਕਾਰੀ ਨੀਤੀ ਉਤੇ ਸਵਾਲੀਆ ਨਿਸ਼ਾਨ ਲਾਉਂਦਿਆਂ ਸੂਬੇ ਵਿਚ ਸ਼ਰਾਬ ਦੇ ਠੇਕਿਆਂ ਦੀ ਅਲਾਟਮੈਂਟ ਉਤੇ ਰੋਕ ਲਗਾ ਦਿੱਤੀ ਹੈ। ਪੰਜਾਬ ਵਿਚ ਹੁਣ ਠੇਕਿਆਂ ਦੀ ਅਲਾਟਮੈਂਟ ਸ਼ਰਾਬ ਨੀਤੀ ਸਬੰਧੀ ਦਾਇਰ ਪਟੀਸ਼ਨ 'ਤੇ ਫੈਸਲੇ 'ਤੇ ਨਿਰਭਰ ਕਰਦੀ ਹੈ। ਹਾਈ ਕੋਰਟ ਨੇ ਆਬਕਾਰੀ ਨੀਤੀ ਖਿਲਾਫ ਦਾਇਰ ਚਾਰ ਪਟੀਸ਼ਨਾਂ ਉਤੇ ਸੁਣਵਾਈ ਕਰਦੇ ਹੋਏ ਇਹ ਰੋਕ ਲਗਾਈ ਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ। ਨਵੀਂ ਨੀਤੀ ਵਿਚ ਸਰਕਾਰ ਨੇ ਪੰਜਾਬ ਵਿਚ ਸ਼ਰਾਬ ਦੇ ਗਰੁੱਪ ਨੂੰ 750 ਤੋਂ ਘਟਾ ਕੇ 177 ਕਰ ਦਿੱਤਾ ਹੈ। ਹੁਣ ਇਕ ਗਰੁੱਪ 30 ਕਰੋੜ ਰੁਪਏ ਦਾ ਰਹਿ ਗਿਆ ਹੈ। ਪਹਿਲਾਂ ਇਹ 4 ਕਰੋੜ ਰੁਪਏ ਦਾ ਸੀ। ਇਸ ਕਾਰਨ ਛੋਟੇ ਕਾਰੋਬਾਰੀਆਂ ਦੇ ਬਾਹਰ ਹੋਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਸਰਕਾਰ ਨੇ ਪਿਛਲੇ ਸਾਲ 6158 ਕਰੋੜ ਰੁਪਏ ਦੇ ਮੁਕਾਬਲੇ ਚਾਲੂ ਵਿੱਤੀ ਸਾਲ ਦੌਰਾਨ 9647 ਕਰੋੜ ਰੁਪਏ ਦੀ ਕਮਾਈ ਦਾ ਟੀਚਾ ਰੱਖਿਆ ਹੈ।

## ਲਾਰੈਂਸ ਤੋਂ ਹੁਣ ਰਾਣਾ ਕੰਦੋਵਾਲੀਆ ਕਤਲ ਬਾਰੇ ਹੋਵੇਗੀ ਪੁੱਛ-ਪੜਤਾਲ

**ਅੰਮ੍ਰਿਤਸਰ:** ਅੰਮ੍ਰਿਤਸਰ ਪੁਲਿਸ ਨੇ ਗੈਂਗਸਟਰ ਲਾਰੈਂਸ ਬਿਸ਼ਨੋਈ ਨੂੰ ਇਥੇ ਅਦਾਲਤ ਵਿਚ ਪੇਸ਼ ਕੀਤਾ ਅਤੇ ਪੁੱਛ ਪੜਤਾਲ ਵਾਸਤੇ ਅੱਠ ਦਿਨ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਹੈ। ਪੁਲਿਸ ਉਸ ਕੋਲੋਂ ਗੈਂਗਸਟਰ ਰਾਣਾ ਕੰਦੋਵਾਲੀਆ ਦੇ ਕਤਲ ਮਾਮਲੇ ਵਿਚ ਪੁੱਛ ਪੜਤਾਲ ਕਰਨਾ ਚਾਹੁੰਦੀ ਹੈ। ਉਸ ਨੂੰ ਪਿਛਲੇ ਵਰ੍ਹੇ ਅਗਸਤ ਮਹੀਨੇ ਵਿਚ ਇਥੇ ਨਿੱਜੀ ਹਸਪਤਾਲ ਵਿਚ ਉਸ ਵੇਲੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ, ਜਦੋਂ ਇਥੇ ਕਿਸੇ ਦਾ ਹਾਲ ਚਾਲ ਪੁੱਛਣ ਲਈ ਆਇਆ ਸੀ।

## ਪੰਥਕ ਸਿਆਸਤ 'ਚ ਨਵਾਂ ਉਭਾਰ

*(ਪਹਿਲੇ ਸਫੇ ਦੀ ਬਾਕੀ)*

ਟੱਕਰ ਜ਼ਰੂਰ ਦਿੱਤੀ ਹੈ। ਸ਼੍ਰੋਮਣੀ ਅਕਾਲੀ ਦਲ ਨੂੰ ਜਿੱਥੇ 6.2 ਫੀਸਦ ਵੋਟਾਂ ਮਿਲੀਆਂ ਉਥੇ ਹੀ ਭਾਜਪਾ ਨੂੰ 9.33 ਫੀਸਦ ਵੋਟਾਂ ਪੋਲ ਹੋਈਆਂ। ਭਾਜਪਾ ਨੂੰ ਸਾਬਕਾ ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਦੇ ਇਸ ਹਲਕੇ ਵਿਚਲੇ ਪ੍ਰਭਾਵ ਦਾ ਲਾਹਾ ਜ਼ਰੂਰ ਮਿਲਿਆ ਹੈ।

ਸ੍ਰੀ ਅਕਾਲ ਤਖਤ ਦੇ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੂੰ ਜਿੱਤ ਦੀ ਵਧਾਈ ਦਿੰਦਿਆਂ ਕਿਹਾ ਕਿ ਅੱਜ 23 ਸਾਲਾਂ ਬਾਅਦ ਪੰਜਾਬ ਵਿੱਚ ਪੰਥਕ ਰਾਜਨੀਤੀ ਦੀ ਵਾਪਸੀ ਹੋਈ ਹੈ। ਪੰਜਾਬ ਦੇ ਲੋਕਾਂ ਨੂੰ ਸਿਮਰਨਜੀਤ ਸਿੰਘ ਮਾਨ ਪਾਸੋਂ ਬਹੁਤ ਸਾਰੀਆਂ ਆਸਾਂ ਹਨ ਤੇ ਉਹ ਹਰ ਵਰਗ ਦੇ ਲੋਕਾਂ ਦੀਆਂ ਉਮੀਦਾਂ 'ਤੇ ਖਰੇ ਉਤਰਨਗੇ।

## 'ਆਪ' ਦੇ ਬਜਟ 'ਚ ਨਵੀਨਤਾ ਗਾਇਬ

*(ਪਹਿਲੇ ਸਫੇ ਦੀ ਬਾਕੀ)*

ਕੀਤਾ ਗਿਆ ਹੈ ਜੋ ਲੰਘੇ ਵਿੱਤੀ ਵਰ੍ਹੇ ਦੇ ਮੁਕਾਬਲੇ 14.20 ਫ਼ੀਸਦੀ ਵਾਧਾ ਦਰਸਾਉਂਦਾ ਹੈ। ਬਜਟ 'ਚ ਨਵੇਂ ਚੁੱਕੇ ਜਾਣ ਵਾਲੇ 35050.99 ਕਰੋੜ ਦੇ ਕਰਜ਼ੇ ਸਮੇਤ 1,51,129.27 ਕਰੋੜ ਦੀ ਮਾਲੀਆ ਪ੍ਰਾਪਤੀ ਦਾ ਅਨੁਮਾਨ ਹੈ। ਇਸੇ ਤਰ੍ਹਾਂ ਆਮਦਨ ਵਿਚ 17.08 ਫ਼ੀਸਦੀ ਦੇ ਵਾਧੇ ਦਾ ਅਨੁਮਾਨ ਲਾਇਆ ਗਿਆ ਹੈ।

ਵਿੱਤ ਮੰਤਰੀ ਨੇ ਬਜਟ ਪੇਸ਼ ਕਰਦਿਆਂ ਦੱਸਿਆ ਕਿ ਚਾਲੂ ਮਾਲੀ ਸਾਲ 'ਚ 15,946.37 ਕਰੋੜ ਰੁਪਏ ਦੀ ਰਾਸ਼ੀ ਕਰਜ਼ੇ ਦੀ ਅਦਾਇਗੀ ਵਿਚ ਚਲੀ ਜਾਵੇਗੀ। ਉਨ੍ਹਾਂ ਕਿਹਾ ਕਿ ਮਾਲੀਆ ਵਧਾਉਣਾ ਅਤੇ ਕਰਜ਼ਾ ਘਟਾਉਣਾ ਮੁੱਖ ਏਜੰਡਾ ਹੈ। ਪਲੇਠੇ ਬਜਟ 'ਚ 26,454 ਮੁਲਾਜ਼ਮਾਂ ਦੀ ਨਵੀਂ ਭਰਤੀ ਤੇ ਠੇਕੇ 'ਤੇ ਰੱਖੇ 36 ਹਜ਼ਾਰ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਦੀ ਤਜਵੀਜ਼ ਵੀ ਹੈ ਜਿਸ ਲਈ ਕ੍ਰਮਵਾਰ 714 ਕਰੋੜ ਅਤੇ ਅਤੇ 540 ਕਰੋੜ ਰੁਪਏ ਤਜਵੀਜ਼ ਕੀਤੇ ਗਏ ਹਨ।

ਵਿੱਤ ਮੰਤਰੀ ਨੇ ਕਿਹਾ ਕਿ ਸੂਬੇ ਦੇ ਵਿਗੜਦੇ ਵਿੱਤੀ ਹਾਲਾਤ ਨੂੰ ਕਾਬੂ ਕਰਨਾ ਅਤੇ ਮਾਲੀਆ ਵਧਾ ਕੇ ਕਰਜ਼ੇ ਨੂੰ ਘੱਟ ਕਰਨ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ। ਸੁਚੱਜਾ ਰਾਜ ਪ੍ਰਬੰਧ ਦੇਣਾ ਅਤੇ ਫ਼ਜ਼ੂਲ ਖ਼ਰਚਿਆਂ ਨੂੰ ਠੱਲ੍ਹਣ 'ਤੇ ਵੀ ਫੋਕਸ ਰਹੇਗਾ। ਬਜਟ ਵਿਚ ਸਪੱਸ਼ਟ ਝਲਕਾਰਾ ਕਿਧਰੇ ਵੀ ਨਹੀਂ ਮਿਲਿਆ ਕਿ ਕਰਜ਼ੇ ਦੀ ਪੰਡ ਨੂੰ ਕਿਵੇਂ ਹੌਲੀ ਕੀਤਾ ਜਾਵੇਗਾ। 'ਆਪ' ਸਰਕਾਰ ਨੇ ਬਜਟ 'ਚ ਚੋਣਾਂ ਤੋਂ ਪਹਿਲਾਂ ਦਿੱਤੀਆਂ ਗਾਰੰਟੀਆਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕੀਤੀ ਹੈ ਜਦੋਂ ਕਿ 18 ਸਾਲ ਤੋਂ ਉੱਪਰ ਦੀਆਂ ਮਹਿਲਾਵਾਂ ਨੂੰ ਪ੍ਰਤੀ ਮਹੀਨਾ ਇਕ ਹਜ਼ਾਰ ਰੁਪਏ ਦੀ ਵਿੱਤੀ ਮਦਦ ਦੇਣ ਲਈ ਕੋਈ ਪੈਸਾ ਨਹੀਂ ਰੱਖਿਆ ਗਿਆ ਹੈ।

ਚਾਲੂ ਮਾਲੀ ਵਰ੍ਹੇ ਦੌਰਾਨ ਜੀ.ਐਸ.ਟੀ. ਵਸੂਲੀ ਤੋਂ 27 ਫ਼ੀਸਦੀ ਵਾਧੇ ਨਾਲ 4350 ਕਰੋੜ ਰੁਪਏ ਹੋਰ ਮਿਲਣ ਦਾ ਅਨੁਮਾਨ ਹੈ। ਮਾਲੀਏ ਦੀ ਵੱਡੀ ਆਸ ਆਬਕਾਰੀ ਆਮਦਨ ਤੋਂ ਲਾਈ ਗਈ ਹੈ। 56 ਫ਼ੀਸਦੀ ਵਾਧੇ ਨਾਲ ਆਬਕਾਰੀ ਮਾਲੀਆ 9648 ਕਰੋੜ ਰੁਪਏ ਦੀ ਆਮਦਨ ਤਜਵੀਜ਼ ਕੀਤੀ ਗਈ ਹੈ। ਆਮਦਨ 'ਤੇ ਨਜ਼ਰ ਮਾਰੀਏ ਤਾਂ ਸੂਬੇ ਨੂੰ ਆਪਣੇ ਟੈਕਸਾਂ ਤੋਂ 45,588 ਕਰੋੜ ਦੀ ਵਸੂਲੀ ਅਤੇ ਕੇਂਦਰ ਤੋਂ ਗਰਾਂਟਾਂ ਦੇ ਰੂਪ ਵਿਚ 28,731 ਕਰੋੜ ਰੁਪਏ ਮਿਲਣ ਦਾ ਅਨੁਮਾਨ ਹੈ। ਮੁੱਖ ਖ਼ਰਚ ਵਿਚ 31,172 ਕਰੋੜ ਰੁਪਏ ਤਨਖ਼ਾਹਾਂ ਅਤੇ ਉਜਰਤਾਂ ਲਈ ਰੱਖੇ ਗਏ ਹਨ ਜਦੋਂ ਕਿ 15,146 ਕਰੋੜ ਰੁਪਏ ਪੈਨਸ਼ਨ ਅਤੇ ਸੇਵਾਮੁਕਤੀ ਲਾਭਾਂ ਲਈ ਰਾਖਵੇਂ ਕੀਤੇ ਗਏ ਹਨ।

ਬਿਜਲੀ ਸਬਸਿਡੀ 'ਤੇ 15,846 ਕਰੋੜ ਦੇ ਖ਼ਰਚੇ ਦਾ ਅਨੁਮਾਨ ਹੈ। ਪਹਿਲੇ ਬਜਟ ਵਿਚ ਸਕੂਲੀ ਅਤੇ ਉਚੇਰੀ ਸਿੱਖਿਆ ਲਈ 16.27 ਫ਼ੀਸਦੀ ਬਜਟ ਤਜਵੀਜ਼ ਕੀਤਾ ਗਿਆ ਹੈ ਜਦੋਂ ਕਿ ਤਕਨੀਕੀ ਸਿੱਖਿਆ ਬਜਟ ਵਿਚ 47.84 ਫ਼ੀਸਦੀ ਅਤੇ ਮੈਡੀਕਲ ਸਿੱਖਿਆ ਤੇ ਖੋਜ ਦੇ ਬਜਟ ਵਿਚ 56.60 ਫ਼ੀਸਦੀ ਦਾ ਵਾਧਾ ਕੀਤਾ ਗਿਆ ਹੈ। ਉਦਯੋਗ ਅਤੇ ਵਣਜ ਲਈ 3163 ਕਰੋੜ ਰੁਪਏ, ਉਦਯੋਗਿਕ ਫੋਕਲ ਪੁਆਇੰਟਾਂ ਦੀ ਸੁਰਜੀਤੀ ਵਾਸਤੇ 100 ਕਰੋੜ ਅਤੇ ਉਦਯੋਗਿਕ ਬਿਜਲੀ ਸਬਸਿਡੀ ਲਈ 2503 ਕਰੋੜ ਰੁਪਏ ਰੱਖੇ ਗਏ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿੱਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਮੂਸੇਵਾਲਾ ਦੇ ਕਤਲ ਪਿੱਛੋਂ ਫਿਰੌਤੀਆਂ ਮੰਗਣ ਦੇ ਮਾਮਲੇ ਵਧੇ

**ਸ੍ਰੀ ਫ਼ਤਹਿਗੜ੍ਹ ਸਾਹਿਬ:** ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਤੋਂ ਬਾਅਦ ਗੈਂਗਸਟਰ ਗੋਲਡੀ ਬਰਾੜ ਅਤੇ ਲਾਰੈਂਸ ਬਿਸ਼ਨੋਈ ਗਰੋਹ ਦੇ ਨਾਮ ਉਤੇ ਕਾਰੋਬਾਰੀਆਂ ਤੇ ਸਿਆਸੀ ਆਗੂਆਂ ਨੂੰ ਫਿਰੌਤੀਆਂ ਲਈ ਧਮਕਾਏ ਜਾਣ ਦੇ ਮਾਮਲੇ ਸਾਹਮਣੇ ਆਉਣ ਲੱਗੇ ਹਨ।



ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਓਮ ਪ੍ਰਕਾਸ਼ ਸੋਨੀ ਨੂੰ ਲਾਰੈਂਸ ਬਿਸ਼ਨੋਈ ਗਰੁੱਪ ਦੇ ਕਥਿਤ ਮੈਂਬਰ ਨੇ ਧਮਕੀ ਦੇ ਕੇ ਦਸ ਲੱਖ ਦੀ ਫਿਰੌਤੀ ਮੰਗੀ ਹੈ। ਇਸ ਤੋਂ ਪਹਿਲਾਂ ਸਾਬਕਾ ਅਕਾਲੀ ਵਿਧਾਇਕ ਤੋਂ ਵੀ ਫਿਰੌਤੀ ਦੀ ਮੰਗ ਕੀਤੀ ਗਈ ਸੀ। ਪੁਲਿਸ ਨੇ ਇਸ ਮਾਮਲੇ ਵਿਚ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪ੍ਰਾਪਤ ਵੇਰਵਿਆਂ ਅਨੁਸਾਰ ਓਪੀ ਸੋਨੀ ਨੂੰ ਫਿਰੌਤੀ ਸਬੰਧੀ ਧਮਕੀ ਵਾਲਾ ਫੋਨ ਉਨ੍ਹਾਂ ਦੇ ਨਿੱਜੀ ਨੰਬਰ 'ਤੇ ਵਟ੍ਹਸਐਪ ਰਾਹੀਂ ਆਇਆ ਹੈ। ਉਨ੍ਹਾਂ ਨੂੰ ਫਿਰੌਤੀ ਲਈ ਧਮਕੀ ਭਰੇ ਫੋਨ ਵੱਖ-ਵੱਖ ਨੰਬਰਾਂ ਤੋਂ ਦੋ-ਤਿੰਨ ਦਿਨਾਂ ਤੋਂ ਆ ਰਹੇ ਸਨ।

ਇਸ ਤੋਂ ਪਹਿਲਾਂ 18 ਜੂਨ ਨੂੰ ਸਾਬਕਾ ਅਕਾਲੀ ਵਿਧਾਇਕ ਅਮਰਪਾਲ ਸਿੰਘ ਬੋਨੀ ਅਜਨਾਲਾ ਨੇ ਵੀ ਪੁਲਿਸ ਕੋਲ ਸ਼ਿਕਾਇਤ ਕੀਤੀ ਸੀ ਕਿ ਗੈਂਗਸਟਰ ਲਾਰੈਂਸ ਬਿਸ਼ਨੋਈ ਗੈਂਗ ਦਾ ਮੈਂਬਰ ਹੋਣ ਦਾ ਦਾਅਵਾ ਕਰਦਿਆਂ ਇਕ ਵਿਅਕਤੀ ਨੇ ਵ੍ਹਟਸਐਪ ਕਾਲ ਰਾਹੀਂ ਉਸ ਕੋਲੋਂ ਢਾਈ ਲੱਖ ਰੁਪਏ ਦੀ ਫਿਰੌਤੀ ਮੰਗੀ ਹੈ ਅਤੇ ਧਮਕੀ ਦਿੱਤੀ ਹੈ।

ਇਸੇ ਤਰ੍ਹਾਂ ਫਾਜ਼ਿਲਕਾ ਦੇ ਦੋ ਛੋਟੇ ਦੁਕਾਨਦਾਰਾਂ ਨੂੰ ਬਿਸ਼ਨੋਈ ਗੈਂਗ ਦੇ ਮੈਂਬਰਾਂ ਵੱਲੋਂ ਫੋਨ ਕਰਕੇ ਫਿਰੌਤੀ ਮੰਗੀ ਗਈ ਹੈ। ਇਸ ਸਬੰਧੀ ਦੋਵੇਂ ਦੁਕਾਨਦਾਰਾਂ ਨੇ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ। ਥਾਣਾ ਸਿਟੀ ਪੁਲਿਸ ਦੇ ਐਸ.ਐਚ.ਓ. ਸਚਿਨ ਕੰਬੋਜ ਨੇ ਦੱਸਿਆ ਕਿ ਜਤਿਨ ਕੁਮਾਰ ਵਾਸੀ ਜੱਟੀਆਂ ਮੁਹੱਲਾ ਫਾਜ਼ਿਲਕਾ ਦੀ ਕਰਿਆਨੇ ਦੀ ਦੁਕਾਨ ਹੈ ਅਤੇ ਸਾਹਿਲ ਕੰਬੋਜ ਉਰਫ ਰੌਕੀ ਵਾਸੀ ਰਾਧਾ ਸਵਾਮੀ ਕਲੋਨੀ ਦੀ ਲੈਮੀਨੇਸ਼ਨ ਨੰਬਰ ਪਲੇਟਾਂ ਦੀ ਦੁਕਾਨ ਹੈ। ਦੋਵੇਂ ਦੁਕਾਨਦਾਰਾਂ ਨੇ ਸ਼ਿਕਾਇਤ ਦਿੱਤੀ ਹੈ ਕਿ ਉਨ੍ਹਾਂ ਦੇ ਫੋਨ ਨੰਬਰਾਂ 'ਤੇ ਕਿਸੇ ਅਣਪਛਾਤੇ ਨੰਬਰ ਤੋਂ ਫੋਨ ਆ ਰਹੇ ਹਨ ਤੇ ਕਾਲਾਂ ਕਰਨ ਵਾਲੇ ਖੁਦ ਨੂੰ ਬਿਸ਼ਨੋਈ ਗੈਂਗ ਦੇ ਮੈਂਬਰ ਦੱਸ ਰਹੇ ਹਨ। ਫੋਨ 'ਤੇ ਦੁਕਾਨਦਾਰਾਂ ਤੋਂ ਦੋ-ਦੋ ਲੱਖ ਰੁਪਏ ਦੀ ਫਿਰੌਤੀ ਮੰਗੀ ਗਈ ਹੈ ਤੇ ਰਕਮ ਨਾ ਦੇਣ 'ਤੇ ਜਾਨ ਤੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਹਨ।

ਇਸੇ ਤਰ੍ਹਾਂ ਕਾਂਗਰਸ ਦੇ ਅਜਨਾਲਾ ਹਲਕੇ ਤੋਂ ਸਾਬਕਾ ਵਿਧਾਇਕ ਹਰਪ੍ਰਤਾਪ ਸਿੰਘ ਅਜਨਾਲਾ ਨੂੰ ਵੀ ਫਿਰੌਤੀ ਵਾਸਤੇ ਧਮਕੀ ਭਰਿਆ ਫੋਨ ਆਇਆ ਹੈ। ਫਿਰੌਤੀ ਮੰਗਣ ਵਾਲੇ ਨੇ ਖੁਦ ਨੂੰ ਲਾਰੈਂਸ ਬਿਸ਼ਨੋਈ ਗੈਂਗ ਦਾ ਮੈਂਬਰ ਦੱਸਦਿਆਂ ਆਪਣੀ ਪਛਾਣ ਵਿੱਕੀ ਕੋਬਰਾ ਵਜੋਂ ਦੱਸੀ ਹੈ। ਉਸ ਵੱਲੋਂ ਦਸ ਲੱਖ ਰੁਪਏ ਦੀ ਮੰਗ ਕੀਤੀ ਗਈ ਹੈ। ਇਸ ਸਬੰਧੀ ਜ਼ਿਲ੍ਹਾ ਦਿਹਾਤੀ ਪੁਲਿਸ ਹੇਠ ਆਉਂਦੇ ਥਾਣਾ ਕੰਬੋਅ ਵਿਚ ਸ਼ਿਕਾਇਤ ਦੇ ਕੇ ਸਾਬਕਾ ਵਿਧਾਇਕ ਨੇ ਆਪਣੇ ਤੇ ਪਰਿਵਾਰ ਲਈ ਸੁਰੱਖਿਆ ਦੀ ਮੰਗ ਕੀਤੀ ਹੈ। ਸ਼ਿਕਾਇਤ 'ਚ ਹਰਪ੍ਰਤਾਪ ਅਜਨਾਲਾ ਨੇ ਦੱਸਿਆ ਹੈ ਕਿ ਉਸ ਨੂੰ ਤੇ ਉਸ ਦੇ ਬੇਟੇ ਕੰਵਰ ਪ੍ਰਤਾਪ ਸਿੰਘ ਨੂੰ ਅਣਪਛਾਤੇ ਨੰਬਰਾਂ ਤੋਂ ਫੋਨ ਕਾਲ ਆਈ ਤੇ ਫੋਨ ਕਰਨ ਵਾਲੇ ਨੇ ਖੁਦ ਨੂੰ ਬਿਸ਼ਨੋਈ ਗੈਂਗ ਦਾ ਮੈਂਬਰ ਦੱਸਦਿਆਂ ਫਿਰੌਤੀ ਮੰਗੀ। ਉਸ ਵੱਲੋਂ ਕੁਝ ਧਮਕੀਆਂ ਭਰੇ ਵਾਇਸ ਮੈਸੇਜ ਵੀ ਭੇਜੇ ਗਏ, ਜਿਨ੍ਹਾਂ 'ਚ ਮਾੜੇ ਨਤੀਜੇ ਭੁਗਤਣ ਦੀ ਗੱਲ ਆਖੀ ਗਈ ਹੈ।

ਕੁਝ ਦਿਨ ਪਹਿਲਾਂ ਖਮਾਣੋਂ ਦੇ ਠੇਕੇਦਾਰ ਨੂੰ ਅਜਿਹੀ ਧਮਕੀ ਮਿਲੀ ਸੀ ਤੇ ਹੁਣ ਦੋ ਹੋਰ ਕਾਰੋਬਾਰੀਆਂ ਨੇ ਧਮਕੀ ਭਰੇ ਫੋਨ ਆਉਣ ਦੀ ਸ਼ਿਕਾਇਤਾਂ ਪੁਲਿਸ ਕੋਲ ਦਰਜ ਕਰਵਾਈਆਂ ਹਨ। ਵੇਰਵਿਆਂ ਅਨੁਸਾਰ ਚੁੰਨੀ ਕਲਾਂ ਵਿਚ ਗੇਟ ਦੀਆਂ ਗਰਿੱਲਾਂ ਬਣਾਉਣ ਦਾ ਕੰਮ ਕਰਨ ਵਾਲੇ ਮਨਪ੍ਰੀਤ ਸਿੰਘ ਵੱਲੋਂ ਪੁਲਿਸ ਨੂੰ ਦਿੱਤੀ ਗਈ ਸ਼ਿਕਾਇਤ 'ਚ ਦੱਸਿਆ ਗਿਆ ਹੈ ਕਿ ਉਸ ਦੇ ਮੋਬਾਈਲ ਫੋਨ 'ਤੇ ਅਣਪਛਾਤੇ ਨੰਬਰ ਤੋਂ ਵਟਸਐਪ ਕਾਲ ਆਈ ਤੇ ਫੋਨ ਕਰਨ ਵਾਲੇ ਨੇ ਕਿਹਾ ਕਿ ਉਹ ਲਾਰੈਂਸ ਬਿਸ਼ਨੋਈ ਗਰੁੱਪ ਦਾ ਬੰਦਾ ਬੋਲ ਰਿਹਾ ਹੈ ਤੇ ਉਸ ਦੇ ਬੰਦਿਆਂ ਵੱਲੋਂ ਰੇਕੀ ਕੀਤੀ ਜਾ ਰਹੀ ਹੈ। ਫੋਨ ਕਰਨ ਵਾਲੇ ਨੇ ਉਸ ਤੋਂ ਪੈਸਿਆਂ ਦੀ ਮੰਗ ਕਰਦਿਆਂ ਕਿਹਾ ਕਿ ਜੇਕਰ ਪੈਸੇ ਨਾ ਦਿੱਤੇ ਤਾਂ ਗੋਲੀ ਮਾਰ ਦਿੱਤੀ ਜਾਵੇਗੀ।

ਇਸੇ ਤਰ੍ਹਾਂ ਪਿੰਡ ਭਗੜਾਣਾ ਦੇ ਵਸਨੀਕ ਅਤੇ ਲਾਂਡਰਾਂ ਵਿਚ ਡੀਜੇ ਦਾ ਕੰਮ ਕਰਨ ਵਾਲੇ ਰਣਜੀਤ ਸਿੰਘ ਨੇ ਪੁਲਿਸ ਨੂੰ ਦੱਸਿਆ ਕਿ ਉਸ ਦੇ ਫੋਨ 'ਤੇ ਕਿਸੇ ਵਿਅਕਤੀ ਨੇ ਕਾਲ ਕਰਕੇ 5 ਲੱਖ ਰੁਪਏ ਦੀ ਮੰਗ ਕੀਤੀ ਤੇ ਕਿਹਾ ਕਿ ਉਹ ਗੋਲਡੀ ਬਰਾੜ ਗੈਂਗ ਦਾ ਬੰਦਾ ਬੋਲ ਰਿਹਾ ਹੈ। ਇਨ੍ਹਾਂ ਦੋਵਾਂ ਮਾਮਲਿਆਂ 'ਚ ਪੁਲਿਸ ਨੇ ਕੇਸ ਦਰਜ ਕਰ ਲਏ ਹਨ।

## ਮੂਸੇਵਾਲਾ ਦੇ ਗੀਤ ਮਗਰੋਂ ਚਰਚਾ 'ਚ ਆਇਆ ਬਲਵਿੰਦਰ ਜਟਾਣਾ

**ਰੂਪਨਗਰ:** ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਰਿਲੀਜ ਹੋਏ ਨਵੇਂ ਗੀਤ 'ਐਸ.ਵਾਈ.ਐਲ' ਵਿਚ ਜ਼ਿਕਰ ਆਉਣ ਮਗਰੋਂ ਬਲਵਿੰਦਰ ਸਿੰਘ ਜਟਾਣਾ ਚਰਚਾ ਵਿਚ ਆ ਗਿਆ ਹੈ। ਲੋਕ ਉਸ ਨੂੰ 'ਗੂਗਲ' 'ਤੇ ਸਰਚ ਕਰਨ ਲੱਗੇ ਹਨ। ਅਸਲ ਵਿਚ ਬਲਵਿੰਦਰ ਸਿੰਘ ਰੂਪਨਗਰ ਜ਼ਿਲ੍ਹੇ ਦੇ ਪਿੰਡ ਜਟਾਣਾ ਦਾ ਰਹਿਣ ਵਾਲਾ ਸੀ। ਜਦੋਂ 23 ਜੁਲਾਈ 1990 ਨੂੰ ਚੰਡੀਗੜ੍ਹ ਦੇ ਸੈਕਟਰ-26 'ਚ ਸਤਲੁਜ ਯਮੁਨਾ ਲਿੰਕ (ਐਸ.ਵਾਈ.ਐਲ.) ਨਹਿਰ ਦੇ ਨਿਰਮਾਣ ਸਬੰਧੀ ਮਹਿਕਮੇ ਦੇ ਉਚ ਅਧਿਕਾਰੀਆਂ ਦੀ ਮੀਟਿੰਗ ਚੱਲ ਰਹੀ ਸੀ ਤਾਂ ਬਲਵਿੰਦਰ ਸਿੰਘ ਜਟਾਣਾ ਨੇ ਆਪਣੇ ਤਿੰਨ ਹੋਰ ਸਾਥੀਆਂ ਨਾਲ ਮੀਟਿੰਗ 'ਚ ਪੁੱਜ ਕੇ ਐਸ.ਵਾਈ.ਐਲ. ਦੇ ਮੁੱਖ ਇੰਜੀਨੀਅਰ ਐਮ.ਐਸ. ਸੀਕਰੀ ਤੇ ਨਿਗਰਾਨ ਇੰਜੀਨੀਅਰ ਅਵਤਾਰ ਔਲਖ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ। ਇਸ ਮਗਰੋਂ ਐਸ.ਵਾਈ.ਐਲ. ਦਾ ਨਿਰਮਾਣ ਕਾਰਜ ਰੁਕ ਗਿਆ ਸੀ। ਬਲਵਿੰਦਰ ਜਟਾਣਾ ਦਾ ਸਾਥ ਦੇਣ ਵਾਲੇ ਤਿੰਨ ਹੋਰ ਵਿਅਕਤੀ ਬਲਬੀਰ ਸਿੰਘ ਫੌਜੀ, ਜਗਤਾਰ ਸਿੰਘ ਪੰਜੋਲਾ ਤੇ ਹਰਮੀਤ ਸਿੰਘ ਭਾਓਵਾਲ ਵੀ ਰੂਪਨਗਰ ਜ਼ਿਲ੍ਹੇ ਨਾਲ ਹੀ ਸਬੰਧਤ ਸਨ। ਜਾਣਕਾਰੀ ਅਨੁਸਾਰ ਪੁਲਿਸ ਨੇ ਬਲਵਿੰਦਰ ਸਿੰਘ ਜਟਾਣਾ ਦੀ ਸੂਚਨਾ ਦੇਣ ਵਾਲੇ ਨੂੰ 16 ਲੱਖ ਰੁਪਏ ਦਾ ਇਨਾਮ ਰੱਖਿਆ



ਸੀ ਪਰ 4 ਸਤੰਬਰ 1991 ਨੂੰ ਜਦੋਂ ਬਲਵਿੰਦਰ ਸਿੰਘ ਜਟਾਣਾ ਆਪਣੇ ਸਾਥੀ ਚਰਨਜੀਤ ਸਿੰਘ ਚੰਨਾ ਨਾਲ ਕਿਤੇ ਜਾ ਰਿਹਾ ਸੀ ਤਾਂ ਪੁਲਿਸ ਨੇ ਸਾਧੂਗੜ੍ਹ ਨੇੜੇ ਦੋਵਾਂ ਨੂੰ ਘੇਰਾ ਪਾ ਕੇ ਮੁਕਾਬਲੇ ਦੌਰਾਨ ਮਾਰ ਮੁਕਾਇਆ ਸੀ। ਹਰਮੀਤ ਸਿੰਘ ਭਾਓਵਾਲ, ਉਸ ਦੀ ਪਤਨੀ ਤੇ ਨਿੱਕਾ ਬੱਚਾ ਹਰਿਆਣਾ ਦੇ ਪਿੰਡ ਗੁੰਥਲਾ ਵਿਚ 5 ਦਸੰਬਰ 1992 ਨੂੰ ਹੋਏ ਪੁਲਿਸ ਮੁਕਾਬਲੇ ਦੌਰਾਨ ਮਾਰੇ ਗਏ ਸਨ। ਪਿੰਡ ਪੰਜੋਲਾ ਦੇ ਵਸਨੀਕਾਂ ਅਨੁਸਾਰ ਹਾਲੇ ਤੱਕ ਜਗਤਾਰ ਸਿੰਘ ਪੰਜੋਲਾ ਬਾਰੇ ਕੁਝ ਵੀ ਪਤਾ ਨਹੀਂ ਲੱਗਿਆ। ਪਿੰਡ ਮਗਰੋੜ ਦੇ ਵਸਨੀਕਾਂ ਨੇ ਦੱਸਿਆ ਕਿ ਬਲਬੀਰ ਸਿੰਘ ਫੌਜੀ ਨੂੰ ਉਸ ਦੇ ਕਿਸੇ ਸਾਥੀ ਨੇ ਹੀ ਗੱਦਾਰੀ ਕਰਕੇ ਪਿੰਡ ਠੌਣਾ ਨੇੜੇ ਪੁਲਿਸ ਹਵਾਲੇ ਕਰ ਦਿੱਤਾ ਸੀ ਜਿਸ ਨੂੰ ਬਾਅਦ ਵਿਚ ਕਥਿਤ ਪੁਲਿਸ ਮੁਕਾਬਲੇ 'ਚ ਮਾਰ ਦਿੱਤਾ ਗਿਆ ਸੀ।

## ਮੂਸੇਵਾਲਾ ਕੇਸ: ਗੈਂਗਸਟਰ ਲਾਰੈਂਸ ਬਿਸ਼ਨੋਈ ਦਾ ਪਿਤਾ ਸੁਪਰੀਮ ਕੋਰਟ ਪੁੱਜਾ

**ਨਵੀਂ ਦਿੱਲੀ:** ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਪਿਤਾ ਨੇ ਸੁਪਰੀਮ ਕੋਰਟ ਦਾ ਰੁਖ ਕਰਦਿਆਂ ਸਿੱਧੂ ਮੂਸੇਵਾਲਾ ਕਤਲ ਮਾਮਲੇ ਵਿਚ ਦਿੱਲੀ ਕੋਰਟ ਵੱਲੋਂ ਪੰਜਾਬ ਪੁਲਿਸ ਨੂੰ ਦਿੱਤੇ ਟਰਾਂਜਿਟ ਰਿਮਾਂਡ ਸਣੇ ਹੋਰ ਕਈ ਫੈਸਲਿਆਂ ਨੂੰ ਚੁਣੌਤੀ ਦਿੱਤੀ ਹੈ। ਗੈਂਗਸਟਰ ਦੇ ਪਿਤਾ ਨੇ ਆਪਣੇ ਵਕੀਲ ਸੰਗਰਾਮ ਸਿੰਘ ਸਾਰੋਂ ਰਾਹੀਂ ਦਾਖਲ ਪਟੀਸ਼ਨ ਵਿਚ ਇਹ ਸ਼ਿਕਾਇਤ ਵੀ ਕੀਤੀ ਕਿ ਪੰਜਾਬ ਵਿਚ ਵਕੀਲਾਂ ਨੇ ਉਸ ਦੇ ਪੁੱਤਰ ਦਾ ਬਾਈਕਾਟ ਕੀਤਾ ਹੋਇਆ ਹੈ ਤੇ ਉਹ ਉਸ ਦੇ ਕੇਸ ਦੀ ਪੈਰਵੀ ਕਰਨ ਤੋਂ ਇਨਕਾਰੀ ਹਨ। ਐਡਵੋਕੇਟ ਸਾਰੋਂ ਨੇ ਜਸਟਿਸ ਸੂਰਿਆ ਕਾਂਤ ਤੇ ਜਸਟਿਸ ਜੇ.ਬੀ.ਪਰਦੀਵਾਲਾ ਦੇ ਵੈਕੇਸਨ ਬੈਂਚ ਨੂੰ ਦੱਸਿਆ ਕਿ ਉਨ੍ਹਾਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਤੇ ਦਿੱਲੀ ਕੋਰਟ ਦੇ ਟਰਾਂਜਿਟ ਰਿਮਾਂਡ ਦੇਣ ਸਬੰਧੀ ਹੁਕਮਾਂ ਨੂੰ ਚੁਣੌਤੀ ਦਿੱਤੀ ਹੋਈ ਹੈ, ਪਰ ਕਿਉਂ ਜੋ ਪੰਜਾਬ ਦੀ ਮਾਨਸਾ ਕੋਰਟ ਵਿਚ ਕੋਈ ਵੀ ਵਕੀਲ ਬਿਸ਼ਨੋਈ ਦੇ ਕੇਸ ਦੀ ਪੈਰਵੀ ਕਰਨ ਲਈ ਤਿਆਰ ਨਹੀਂ ਹੈ, ਜਿਸ ਕਰਕੇ ਉਸ ਨੂੰ ਸੁਪਰੀਮ ਕੋਰਟ ਦਾ ਰੁਖ ਕਰਨਾ ਪਿਆ ਹੈ। ਬੈਂਚ ਨੇ ਵਕੀਲਾਂ ਦੇ ਇਸ ਰਵੱਈਏ ਨੂੰ 'ਪੂਰੀ ਤਰ੍ਹਾਂ ਗ਼ੈਰਵਾਜ਼ਬ' ਕਰਾਰ ਦਿੰਦਿਆਂ ਕਿਹਾ ਕਿ ਪਟੀਸ਼ਨਰ ਬਿਸ਼ਨੋਈ ਲਈ ਕਾਨੂੰਨੀ ਸਹਾਇਤਾ ਹਾਸਲ ਕਰਨ ਵਾਸਤੇ ਹਾਈ ਕੋਰਟ ਦਾ ਰੁਖ ਕਰ ਸਕਦਾ ਹੈ।

## ਸਰਕਾਰ ਨੇ ਕਿਸਾਨ ਅੰਦੋਲਨ ਦੌਰਾਨ ਬਣੇ ਦੋ ਟਵਿੱਟਰ ਅਕਾਊਂਟ ਹਟਾਏ

**ਮਾਨਸਾ:** ਮਰਹੂਮ ਨੌਜਵਾਨ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਐਸ.ਵਾਈ.ਐਲ. ਗੀਤ ਪਿੱਛੋਂ ਹੁਣ ਖੇਤੀ ਕਾਨੂੰਨਾਂ ਵਿਰੁੱਧ ਦੇਸ ਦੀਆਂ ਕਿਸਾਨ ਜਥੇਬੰਦੀਆਂ ਵੱਲੋਂ ਵਿੱਢੇ ਅੰਦੋਲਨ ਦੌਰਾਨ ਬਣੇ ਟਵਿੱਟਰ ਅਕਾਊਂਟ ਖਿਲਾਫ ਧਾਵਾ ਬੋਲਿਆ ਗਿਆ ਹੈ। ਸਰਕਾਰ ਨੇ ਕਿਸਾਨ ਏਕਤਾ ਮੋਰਚਾ ਅਤੇ ਟਰੈਕਟਰ ਟੂ ਟਵਿੱਟਰ ਅਕਾਊਂਟ ਨੂੰ ਹਟਾ ਦਿੱਤਾ ਹੈ। ਇਹ ਦੋਵੇਂ ਅਕਾਊਂਟ ਕੇਂਦਰ ਸਰਕਾਰ ਦੇ ਖੇਤੀ ਕਾਨੂੰਨਾਂ ਦੇ ਵਿਰੋਧ ਵਿਚ ਬਣੇ ਸਨ। ਇਨ੍ਹਾਂ ਅਕਾਊਂਟਾਂ ਰਾਹੀਂ ਕਿਸਾਨਾਂ ਦੇ ਅੰਦੋਲਨ ਦੀ ਅਗਵਾਈ ਕਰਨ ਵਾਲੇ ਸੰਯੁਕਤ ਕਿਸਾਨ ਮੋਰਚਾ ਦੀਆਂ ਸਰਗਰਮੀਆਂ ਦੀ ਜਾਣਕਾਰੀ ਡਿਜੀਟਲ ਪਲੇਟਫਾਰਮ ਉਤੇ ਸਾਂਝੀ ਕੀਤੀ ਜਾਂਦੀ ਸੀ। ਕਿਸਾਨ ਏਕਤਾ ਮੋਰਚਾ ਦੇ ਟਵਿੱਟਰ ਅਕਾਊਂਟ ਦੇ ਪੰਜ ਲੱਖ ਫਾਲੋਅਰਜ ਹਨ ਅਤੇ ਟਰੈਕਟਰ ਟੂ ਟਵਿੱਟਰ ਦੇ 55 ਹਜ਼ਾਰ ਫਾਲੋਅਰਜ ਹਨ। ਇਨ੍ਹਾਂ ਰਾਹੀਂ ਕਿਸਾਨਾਂ ਨੂੰ ਬਦਨਾਮ ਕਰਨ ਵਾਲੀਆਂ ਪੋਸਟਾਂ ਦਾ ਜਵਾਬ ਅਤੇ ਕਿਸਾਨਾਂ ਨੂੰ ਜਾਗਰੂਕ ਕਰਨ ਵਾਲੇ ਪ੍ਰੋਗਰਾਮਾਂ ਦਾ ਵੇਰਵਾ ਦਿੱਤਾ ਜਾਂਦਾ ਹੈ।

ਇਸੇ ਦੌਰਾਨ ਹੀ ਟਰਾਲੀ ਟਾਈਮਜ਼ ਦੇ ਸਹਿ-ਸੰਸਥਾਪਕ ਅਜੈਪਾਲ ਸਿੰਘ ਨੇ ਕਿਹਾ ਕਿ ਭਾਰਤ ਸਰਕਾਰ ਦੇ ਇਸ਼ਾਰੇ 'ਤੇ ਕਿਸਾਨ ਏਕਤਾ ਮੋਰਚਾ, ਟਰੈਕਟਰ ਟੂ ਟਵਿੱਟਰ ਅਤੇ ਹੋਰ ਅਜਿਹੇ ਕਈ ਟਵਿੱਟਰ ਅਕਾਊਂਟਸ, ਜੋ ਸਰਕਾਰ ਨੂੰ ਸਵਾਲ



ਪਾਉਂਦੇ ਸਨ ਅਤੇ ਲੋਕਾਂ ਦੀ ਆਵਾਜ਼ ਚੁੱਕਦੇ ਹਨ, ਨੂੰ ਹਟਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਕਿਹੋ ਜਿਹਾ ਲੋਕਤੰਤਰ ਹੈ, ਜਿੱਥੇ ਬੋਲਣ ਦੇ ਬੁਨਿਆਦੀ ਹੱਕ 'ਤੇ ਵੀ ਇੰਨਾ ਸਖਤ ਪਹਿਰਾ ਹੈ? ਸਰਕਾਰੀ ਏਜੰਸੀਆਂ ਘਟੀਆ ਲੈਵਲ ਦੀ ਮਾਈਕਰੋ ਮੈਨੇਜਮੈਂਟ ਤੱਕ ਉਤਰ ਆਈਆਂ ਹਨ। ਉਨ੍ਹਾਂ ਕਿਹਾ ਕਿ 'ਕਸ਼ਮੀਰ ਫਾਈਲਜ' ਵਰਗੀਆਂ ਫਿਲਮਾਂ ਨੂੰ ਤਾਂ ਟੈਕਸ ਫ੍ਰੀ ਕੀਤਾ ਜਾਂਦਾ ਹੈ, ਉਥੇ ਹੀ ਮਰਹੂਮ ਗਾਇਕ ਦੇ ਐਸ.ਵਾਈ.ਐਲ. ਗੀਤ ਨੂੰ, ਜੋ ਇਕ ਸੂਬੇ ਦੇ ਪਾਣੀ ਦੇ ਕਾਨੂੰਨੀ ਹੱਕਾਂ ਦੀ ਬਾਤ ਪਾਉਂਦਾ ਹੈ, ਨੂੰ ਹਟਾ ਦਿੱਤਾ ਗਿਆ ਹੈ।

## ਗੈਂਗਸਟਰਾਂ ਕਾਰਨ ਕੇਂਦਰ ਸਰਕਾਰ ਫਿਕਰ 'ਚ

**ਚੰਡੀਗੜ੍ਹ:** ਦੇਸ਼ ਵਿਚ ਮਗਰਲੇ ਕੁਝ ਸਮੇਂ ਦੌਰਾਨ ਗੈਂਗਸਟਰਾਂ ਦੀਆਂ ਗਤੀਵਿਧੀਆਂ ਦੇ ਅਚਾਨਕ ਵਧਣ, ਇਨ੍ਹਾਂ ਗੈਂਗਸਟਰ ਗਰੁੱਪਾਂ ਕੋਲ ਸੈਂਕੜੇ ਸ਼ੂਟਰ ਤੇ ਅਤਿ ਆਧੁਨਿਕ ਹਥਿਆਰ ਵੀ ਫੜੇ ਜਾਣ ਤੋਂ ਬਾਅਦ ਭਾਰਤ ਸਰਕਾਰ ਵੱਡੀ ਚਿੰਤਾ ਵਿਚ ਹੈ, ਕਿਉਂਕਿ ਅਜਿਹੇ ਹਥਿਆਰ ਚਲਾਉਣ ਦੀ ਸਿਖਲਾਈ ਤਾਂ ਸੂਬਿਆਂ ਦੀ ਪੁਲਿਸ ਨੂੰ ਵੀ ਨਹੀਂ ਹੈ। ਗੈਂਗਸਟਰਾਂ ਦੀਆਂ ਜਿਵੇਂ ਕੌਮਾਂਤਰੀ ਗਤੀਵਿਧੀਆਂ ਸਾਹਮਣੇ ਆ ਰਹੀਆਂ ਹਨ ਅਤੇ ਫਿਰੌਤੀਆਂ ਦੇ ਬਹੁਤੇ ਟੈਲੀਫੋਨ ਵਿਦੇਸ਼ਾਂ ਤੋਂ ਆ ਰਹੇ ਹਨ, ਤੋਂ ਸਪਸ਼ਟ ਹੈ ਕਿ ਇਨ੍ਹਾਂ ਗਰੁੱਪਾਂ ਦੇ ਵਿਦੇਸ਼ਾਂ ਵਿਚ ਵੀ ਬਰਾਬਰ ਅੱਡੇ ਹਨ ਅਤੇ ਇਸੇ ਤਰ੍ਹਾਂ ਕੌਮਾਂਤਰੀ ਨਸ਼ਾ ਤਸਕਰਾਂ ਤੇ ਹਥਿਆਰ ਸਪਲਾਇਰਾਂ ਨਾਲ ਵੀ ਗੈਂਗਸਟਰਾਂ ਦੇ ਸੰਪਰਕਾਂ ਨੇ ਸਰਕਾਰ ਨੂੰ ਵੱਡੀ ਚਿੰਤਾ ਵਿਚ ਪਾ ਦਿੱਤਾ ਹੈ।

ਇਨ੍ਹਾਂ ਗਰੁੱਪਾਂ ਨੂੰ ਪਾਕਿਸਤਾਨ ਤੋਂ ਡਰੋਨਾਂ ਰਾਹੀਂ ਹਥਿਆਰ ਪੁੱਜਣ ਦੀਆ ਰਿਪੋਰਟਾਂ ਤੋਂ ਇਹ ਸਪਸ਼ਟ ਹੈ ਕਿ ਇਨ੍ਹਾਂ ਗਰੁੱਪਾਂ ਦੇ ਪਾਕਿਸਤਾਨ ਵਿਚ ਵੀ ਸੈੱਲ ਹਨ। ਕੇਂਦਰ ਸਰਕਾਰ ਵਲੋਂ ਬੀਤੇ ਦਿਨੀਂ ਰਾਜ ਸਰਕਾਰਾਂ ਨੂੰ ਪੱਤਰ ਲਿਖ ਕੇ ਰਾਜ ਵਿਚਲੇ ਗੈਂਗਸਟਰਾਂ ਸਬੰਧੀ ਸਟੇਟਸ ਰਿਪੋਰਟ ਵੀ ਮੰਗੀ ਹੈ, ਕਿਉਂਕਿ ਕਈ ਰਾਜਾਂ ਦਾ ਇਹ ਕਹਿਣਾ ਹੈ ਕਿ ਗੈਂਗਸਟਰ ਕਾਰਵਾਈਆਂ ਤੋਂ ਬਾਅਦ ਇਕ ਤੋਂ ਦੂਜੇ ਰਾਜਾਂ ਵਿਚ ਚਲੇ ਜਾਂਦੇ ਹਨ। ਇਸੇ ਤਰ੍ਹਾਂ ਇਨ੍ਹਾਂ ਗਰੁੱਪਾਂ ਵਲੋਂ ਗੱਲਬਾਤ ਲਈ ਜੋ ਟੈਲੀਫੋਨ ਐਪਾਂ ਦੀ ਵਰਤੋਂ ਹੋ ਰਹੀ ਹੈ, ਰਾਜਾਂ ਕੋਲ ਉਸ ਦਾ ਪਤਾ ਲਗਾਉਣ ਲਈ ਕੋਈ ਤਕਨੀਕ ਹੀ ਨਹੀਂ ਹੈ।

## ਸਿੱਧੂ ਮੂਸੇਵਾਲਾ ਦਾ ਗੀਤ 'ਐਸ.ਵਾਈ.ਐਲ' ਯੂ-ਟਿਊਬ ਤੋਂ ਹਟਾਇਆ

**ਮਾਨਸਾ:** ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਤਾਜ਼ਾ ਰਿਲੀਜ਼ ਹੋਏ ਨਵੇਂ ਗੀਤ 'ਐਸ.ਵਾਈ.ਐਲ' ਨੂੰ ਯੂ-ਟਿਊਬ ਤੋਂ ਹਟਾ ਦਿੱਤਾ ਗਿਆ ਹੈ। ਇਸ ਗੀਤ ਵਿਚ ਪੰਜਾਬ ਅਤੇ ਹਰਿਆਣਾ ਵਿਚਕਾਰ ਐਸ.ਵਾਈ.ਐਲ. (ਸਤਲੁਜ-ਯਮੁਨਾ ਲਿੰਕ) ਨਹਿਰ ਦੇ ਪਾਣੀ ਅਤੇ ਬੰਦੀ ਸਿੱਖਾਂ ਦੀ ਰਿਹਾਈ ਦੇ ਮੁੱਦੇ ਉਭਾਰੇ ਗਏ ਸਨ ਜਿਸ ਨੂੰ ਲੈ ਕੇ ਲਗਾਤਾਰ ਵਿਵਾਦ ਹੋ ਰਿਹਾ ਸੀ। ਯੂ-ਟਿਊਬ 'ਤੇ ਗਾਣੇ ਦੇ ਲਿੰਕ 'ਤੇ ਕਲਿਕ ਕਰਨ 'ਤੇ ਪਤਾ ਲੱਗਦਾ ਹੈ ਕਿ ਕੇਂਦਰ ਦੀ ਸ਼ਿਕਾਇਤ ਮਗਰੋਂ 'ਐਸ.ਵਾਈ.ਐਲ' ਗਾਣੇ ਨੂੰ ਭਾਰਤ 'ਚ ਨਹੀਂ ਦੇਖਿਆ ਜਾ ਸਕਦਾ ਹੈ।

ਇਸ ਗੀਤ ਨੂੰ ਹੁਣ ਤੱਕ 2.8 ਕਰੋੜ ਵਾਰ ਦੇਖਿਆ ਜਾ ਚੁੱਕਿਆ ਹੈ ਅਤੇ ਵਪਾਰਕ ਪੱਖੋਂ ਇਹ ਗੀਤ ਪਹਿਲੇ ਨੰਬਰ 'ਤੇ ਆ ਗਿਆ ਸੀ ਜਿਸ ਦੇ 3.4 ਕਰੋੜ ਤੋਂ ਉਪਰ ਕੁਮੈਂਟ ਵੀ ਆ ਚੁੱਕੇ ਹਨ। ਸਿੱਧੂ ਮੂਸੇਵਾਲਾ ਦੇ ਕਤਲ ਦੇ 26 ਦਿਨਾਂ ਬਾਅਦ ਇਹ ਗੀਤ ਸ਼ਰਧਾਂਜਲੀ ਵਜੋਂ ਰਿਲੀਜ਼ ਕੀਤਾ ਗਿਆ ਸੀ। ਇਸ ਗੀਤ ਨੂੰ ਵੱਡੇ ਪੱਧਰ ਉਤੇ ਲੋਕਾਂ ਅਤੇ ਨੌਜਵਾਨਾਂ ਵਲੋਂ ਪਸੰਦ ਕੀਤਾ ਗਿਆ ਸੀ ਅਤੇ ਦੁਨੀਆਂ ਭਰ ਦੇ ਪੰਜਾਬੀਆਂ ਵਿੱਚ ਇਸ ਨੂੰ ਲੈ ਕੇ ਵੱਡੀ ਦਿਲਚਸਪੀ






ਬਣੀ ਹੋਈ ਹੈ।

ਇਕ ਪੁਲਿਸ ਅਧਿਕਾਰੀ ਨੇ ਨਾਂ ਗੁਪਤ ਰੱਖਣ ਦੀ ਸ਼ਰਤ ਉੱਤੇ ਮੰਨਿਆ ਹੈ ਕਿ ਗੀਤ ਉਪਰ ਯੂ-ਟਿਊਬ 'ਤੇ ਬੈਨ ਲਗਾ ਦਿੱਤਾ ਗਿਆ ਹੈ। ਇਹ ਗੀਤ 23 ਜੂਨ ਨੂੰ ਸੰਗਰੂਰ ਲੋਕ ਸਭਾ ਦੀ ਜ਼ਿਮਨੀ ਚੋਣ ਲਈ ਵੋਟਾਂ ਪੈਣ ਦਾ ਸਮਾਂ ਮੁਕੰਮਲ ਹੋਣ ਮਗਰੋਂ ਸ਼ਾਮ 6 ਵਜੇ ਰਿਲੀਜ ਕੀਤਾ ਗਿਆ ਸੀ। ਜ਼ਿਕਰਯੋਗ ਹੈ ਕਿ 4 ਮਿੰਟ 9 ਸੈਕਿੰਡ ਦੇ ਇਸ ਗੀਤ ਵਿਚ ਸਿੱਧੂ ਮੂਸੇਵਾਲਾ ਨੇ ਖੇਤੀ ਕਾਨੂੰਨਾਂ ਦੇ ਵਿਰੋਧ 'ਚ ਸ਼ੁਰੂ ਹੋਏ ਕਿਸਾਨ ਅੰਦੋਲਨ ਅਤੇ ਲਾਲ ਕਿਲ੍ਹੇ 'ਤੇ ਝੰਡਾ ਲਗਾਉਣ ਦਾ ਜ਼ਿਕਰ ਵੀ ਕੀਤਾ ਹੈ ਜਦੋਂ ਕਿ ਪੰਜਾਬ ਦੇ ਪਾਣੀਆਂ ਦੇ ਜ਼ਿਕਰ ਦੇ ਨਾਲ ਦਿੱਲੀ ਦੇ ਨੇਤਾਵਾਂ ਵੱਲੋਂ ਸੂਬੇ ਨਾਲ ਕੀਤੀਆਂ ਗਈਆਂ ਵਧੀਕੀਆਂ ਨੂੰ ਲੈ ਕੇ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਦੀ ਕੀਤੀ ਗਈ ਵੰਡ ਨੂੰ ਜ਼ੋਰਦਾਰ ਢੰਗ ਨਾਲ ਉਭਾਰਦਿਆਂ ਇਸ 'ਤੇ ਵਿਅੰਗ ਕੱਸਿਆ ਗਿਆ ਹੈ।

### ਗੀਤ ਵਿਚ ਪੰਜਾਬ ਦੀ ਸੱਚੀ ਤਸਵੀਰ: ਢੀਂਡਸਾ

**ਸੰਗਰੂਰ:** ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ ਮਰਹੂਮ ਪੰਜਾਬੀ ਗਾਈਕ ਸ਼ੁਭਦੀਪ ਸਿੰਘ ਸਿੱਧੂ ਮੂਸੇਵਾਲਾ ਦੇ ਨਵੇਂ ਆਏ ਗੀਤ ਐਸ.ਵਾਈ.ਐੱਲ. ਦੀ ਹਮਾਇਤ ਕਰਦਿਆਂ ਕਿਹਾ ਕਿ ਜਿਥੇ ਇਸ ਗੀਤ ਰਾਹੀਂ ਸਿੱਧੂ ਮੂਸੇਵਾਲਾ ਵੱਲੋਂ ਪੰਜਾਬ ਦੀ ਸੱਚੀ ਤਸਵੀਰ ਪੇਸ਼ ਕੀਤੀ ਗਈ ਹੈ, ਉਥੇ ਹੀ ਪੰਜਾਬ ਦੇ ਹੱਕੀ ਮਸਲਿਆਂ ਨੂੰ ਇਕ ਵਾਰ ਫਿਰ ਉਜਾਗਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਗੀਤ ਕੋਈ ਗੀਤ ਨਹੀਂ, ਸਗੋਂ ਪੰਜਾਬ ਦੀ ਦੁਖਦਾਈ ਹਕੀਕਤ ਹੈ ਕਿਉਂਕਿ ਇਹ ਦਰਿਆਈ ਪਾਣੀਆਂ ਉਤੇ ਪੰਜਾਬ ਦੇ ਹੱਕ ਦੀ ਗੱਲ ਕਰਦਾ ਹੈ।

# ਮਾਨ ਸਰਕਾਰ ਨੇ ਨਿਰਵਿਘਨ ਤੇ ਸਸਤੀ ਬਿਜਲੀ ਲਈ ਸਰਕਾਰੀ ਥਰਮਲ ਪਲਾਂਟ ਭਖਾਏ



**ਚੰਡੀਗੜ੍ਹ:** ਪੰਜਾਬ ਅੰਦਰ ਝੋਨਾ ਲਗਾਉਣ ਵਿਚ ਜੁਟੇ ਕਿਸਾਨਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਮੁਹੱਈਆ ਕਰਵਾਉਣ ਦੇ 'ਆਪ' ਸਰਕਾਰ ਨੇ ਯਤਨ ਤੇਜ਼ ਕਰ ਦਿੱਤੇ ਹਨ। ਪਿਛਲੀਆਂ ਸਰਕਾਰਾਂ ਨੇ ਪ੍ਰਾਈਵੇਟ ਥਰਮਲ ਪਲਾਂਟ ਚਲਾ ਕੇ ਮਹਿੰਗੀ ਬਿਜਲੀ ਖਰੀਦਣ ਨੂੰ ਤਵੱਜੋ ਦਿੱਤੀ ਪਰ ਹੁਣ 'ਆਪ' ਸਰਕਾਰ ਵੱਲੋਂ ਸਰਕਾਰੀ ਥਰਮਲ ਪਲਾਂਟਾਂ ਤੇ ਪਣ ਬਿਜਲੀ ਘਰਾਂ ਰਾਹੀਂ ਵੱਧ ਤੋਂ ਵੱਧ ਸਸਤੀ ਬਿਜਲੀ ਪੈਦਾ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਇਸੇ ਕੜੀ ਤਹਿਤ ਪਣ ਬਿਜਲੀ ਘਰਾਂ ਨੇ ਬਿਜਲੀ ਦੀ ਵੱਧ ਪੈਦਾਵਾਰ ਕਰਨੀ ਸ਼ੁਰੂ ਕਰ ਦਿੱਤੀ ਹੈ। ਇਸ ਤੋਂ ਇਲਾਵਾ ਦੋਵੇਂ ਸਰਕਾਰੀ ਥਰਮਲ ਪਲਾਂਟਾਂ ਦੇ ਯੂਨਿਟਾਂ ਨੂੰ ਵੱਧ ਤੋਂ ਵੱਧ ਲੋਡ 'ਤੇ ਚਲਾਉਣ ਦੇ ਯਤਨ ਕੀਤੇ ਜਾ ਰਹੇ ਹਨ।

ਜਾਣਕਾਰੀ ਅਨੁਸਾਰ ਗੁਰੂ ਗੋਬਿੰਦ ਸਿੰਘ ਸੁਪਰ ਥਰਮਲ ਪਲਾਂਟ ਦੇ 630 ਮੈਗਾਵਾਟ ਸਮਰੱਥਾ ਵਾਲੇ ਤਿੰਨ ਯੂਨਿਟਾਂ ਵੱਲੋਂ 526 ਮੈਗਾਵਾਟ ਬਿਜਲੀ ਪੈਦਾ ਕੀਤੀ ਗਈ, ਜਦੋਂਕਿ 210 ਮੈਗਾਵਾਟ ਸਮਰੱਥਾ ਦਾ ਯੂਨਿਟ ਨੰਬਰ 3 ਤਕਨੀਕੀ ਨੁਕਸ ਕਾਰਨ ਬੰਦ ਹੋ ਗਿਆ। ਲਹਿਰਾ ਮੁਹੱਬਤ ਥਰਮਲ ਪਲਾਂਟ ਦੇ 500 ਮੈਗਾਵਾਟ ਸਮਰੱਥਾ ਵਾਲੇ ਯੂਨਿਟ ਨੰਬਰ 3 ਅਤੇ 4 ਵੱਲੋਂ 460 ਮੈਗਾਵਾਟ, 210 ਮੈਗਾਵਾਟ ਦੇ ਯੂਨਿਟ ਨੰਬਰ 1 ਰਾਹੀਂ 165 ਮੈਗਾਵਾਟ ਬਿਜਲੀ ਪੈਦਾ ਕੀਤੀ ਗਈ। ਰੂਪਨਗਰ ਜ਼ਿਲ੍ਹੇ ਦੇ 134 ਮੈਗਾਵਾਟ ਸਮਰੱਥਾ ਵਾਲੇ ਕੋਟਲਾ ਅਤੇ ਨੱਕੀਆਂ ਪਣ ਬਿਜਲੀ ਘਰਾਂ ਵਲੋਂ 120 ਮੈਗਾਵਾਟ, ਰਣਜੀਤ ਸਾਗਰ ਡੈਮ ਦੇ 450 ਮੈਗਾਵਾਟ ਸਮਰੱਥਾ ਵਾਲੇ 3 ਯੂਨਿਟਾਂ ਵਲੋਂ 365 ਮੈਗਾਵਾਟ, 91.35 ਮੈਗਾਵਾਟ ਦੇ ਯੂ.ਬੀ.ਡੀ.ਸੀ. ਪਣ ਬਿਜਲੀ ਘਰ ਵੱਲੋਂ 85 ਮੈਗਾਵਾਟ ਤੇ 225 ਮੈਗਾਵਾਟ ਸਮਰੱਥਾ ਵਾਲੇ ਮੁਕੇਰੀਆਂ ਹਾਈਡਲ ਚੈਨਲ ਵੱਲੋਂ 211 ਮੈਗਾਵਾਟ ਬਿਜਲੀ ਪੈਦਾ ਕੀਤੀ ਗਈ। ਜ਼ਿਕਰਯੋਗ ਹੈ ਕਿ ਪਿਛਲੇ ਹਫਤੇ ਮੀਂਹ ਪੈਣ ਕਾਰਨ ਤਾਪਮਾਨ ਵਿਚ ਗਿਰਾਵਟ ਦਰਜ ਕੀਤੀ ਗਈ ਸੀ ਜਿਸ ਕਾਰਨ ਬਿਜਲੀ ਦੀ ਮੰਗ ਵੀ ਘੱਟ ਗਈ ਸੀ ਪਰ ਹੁਣ ਗਰਮੀ ਵਧਣ ਲੱਗੀ ਹੈ ਜਿਸ ਕਾਰਨ ਬਿਜਲੀ ਦੀ ਮੰਗ ਆਉਣ ਵਾਲੇ ਦਿਨਾਂ ਵਿਚ ਹੋਰ ਵਧੇਗੀ।

# ਮੁਫਤ ਬਿਜਲੀ ਦੇ ਐਲਾਨ ਨਾਲ ਪਾਵਰਕੌਮ ਨੂੰ ਤ੍ਰੇਲੀਆਂ

**ਚੰਡੀਗੜ੍ਹ:** ਪੰਜਾਬ ਸਰਕਾਰ ਪਹਿਲੀ ਜੁਲਾਈ ਤੋਂ ਤਿੰਨ ਸੌ ਯੂਨਿਟ ਮੁਫਤ ਬਿਜਲੀ ਦੇਣ ਦੀ ਸ਼ੁਰੂਆਤ ਕਰੇਗੀ। ਖਪਤਕਾਰਾਂ ਵੱਲੋਂ ਮੁਫਤ ਬਿਜਲੀ ਦੇ ਪੂਰੇ 300 ਯੂਨਿਟਾਂ ਦੀ ਖਪਤ ਕੀਤੀ ਗਈ ਤਾਂ ਘਰੇਲੂ ਬਿਜਲੀ ਦੀ ਸਬਸਿਡੀ ਦਾ ਬਿਲ ਖੇਤੀ ਸੈਕਟਰ ਨੂੰ ਦਿੱਤੀ ਜਾਂਦੀ ਬਿਜਲੀ ਸਬਸਿਡੀ ਨਾਲੋਂ ਦੁੱਗਣਾ ਹੋ ਜਾਵੇਗਾ।

ਪਾਵਰਕੌਮ ਵੱਲੋਂ ਤਿੰਨ ਸੌ ਯੂਨਿਟ ਮੁਆਫੀ ਨੂੰ ਲੈ ਕੇ ਜੋ ਮੁਲਾਂਕਣ ਕੀਤਾ ਗਿਆ ਹੈ, ਉਸ ਅਨੁਸਾਰ ਜੇਕਰ 74 ਲੱਖ ਖਪਤਕਾਰਾਂ ਵੱਲੋਂ 300 ਯੂਨਿਟ ਪੂਰੀ ਬਿਜਲੀ ਦੀ ਖਪਤ ਕੀਤੀ ਜਾਂਦੀ ਹੈ ਤਾਂ ਘਰੇਲੂ ਬਿਜਲੀ ਦੀ ਸਬਸਿਡੀ 13 ਹਜ਼ਾਰ ਕਰੋੜ ਨੂੰ ਛੂਹ ਲਵੇਗੀ। ਇਸ ਤੋਂ ਪਹਿਲਾਂ ਕਾਂਗਰਸ ਸਰਕਾਰ ਵੱਲੋਂ ਐਸ.ਸੀ. ਵਰਗ ਲਈ 200 ਯੂਨਿਟ ਬਿਜਲੀ ਮੁਫਤ ਦਿੱਤੀ ਜਾਂਦੀ ਸੀ। ਪਾਵਰਕੌਮ ਨੇ ਇਸ ਦੀ ਜਦੋਂ ਸਾਲਾਨਾ ਔਸਤ ਕੱਢੀ ਸੀ ਤਾਂ ਪ੍ਰਤੀ ਖਪਤਕਾਰ 125 ਤੋਂ 130 ਯੂਨਿਟ ਦੀ ਖਪਤ ਆਈ ਸੀ। ਮਤਲਬ ਕਿ ਇਕ ਕਿਲੋਵਾਟ ਲੋਡ ਤੱਕ ਦੇ ਖਪਤਕਾਰ ਮੁਫਤ ਯੂਨਿਟਾਂ 'ਚੋਂ ਪੰਜਾਹ ਫੀਸਦੀ ਤੋਂ ਘੱਟ ਬਿਜਲੀ ਬਾਲਦੇ ਹਨ। ਐਸ.ਸੀ ਵਰਗ ਨੂੰ 200 ਯੂਨਿਟ ਬਿਜਲੀ ਮੁਫਤ ਮਿਲਦੀ ਸੀ ਤਾਂ ਉਦੋਂ ਘਰੇਲੂ ਬਿਜਲੀ ਦੀ ਸਬਸਿਡੀ ਦਾ ਬਿੱਲ ਚਾਰ ਹਜ਼ਾਰ ਕਰੋੜ ਸਾਲਾਨਾ ਬਣਦਾ ਸੀ।

ਹੁਣ 'ਆਪ' ਸਰਕਾਰ ਨੇ ਘਰੇਲੂ ਬਿਜਲੀ ਦੇ ਸਾਰੇ 74 ਲੱਖ ਖਪਤਕਾਰਾਂ ਨੂੰ 300 ਯੂਨਿਟ ਮੁਫਤ ਬਿਜਲੀ ਦੇਣੀ ਹੈ ਤਾਂ ਇਸ ਕਰਕੇ ਪ੍ਰਤੀ



ਖਪਤਕਾਰ 200 ਯੂਨਿਟ ਬਿਜਲੀ ਦੀ ਖਪਤ ਹੋਣ ਦੀ ਸੂਰਤ ਵਿਚ ਬਿਜਲੀ ਸਬਸਿਡੀ ਸਾਲਾਨਾ 9500 ਕਰੋੜ ਰੁਪਏ ਬਣੇਗੀ। ਜੇਕਰ ਖਪਤਕਾਰਾਂ ਵੱਲੋਂ ਪ੍ਰਤੀ ਕੁਨੈਕਸ਼ਨ 250 ਯੂਨਿਟ ਔਸਤ ਖਪਤ ਕੀਤੀ ਜਾਂਦੀ ਹੈ ਤਾਂ ਇਹ ਸਬਸਿਡੀ ਵੱਧ ਕੇ 11 ਹਜ਼ਾਰ ਕਰੋੜ ਰੁਪਏ ਹੋ ਜਾਵੇਗੀ। ਸਮੁੱਚੇ 300 ਯੂਨਿਟਾਂ ਦੀ ਵਰਤੋਂ ਹੋਣ 'ਤੇ ਘਰੇਲੂ ਬਿਜਲੀ ਦੀ ਸਬਸਿਡੀ ਦਾ ਬਿਲ 13 ਹਜ਼ਾਰ ਕਰੋੜ ਨੂੰ ਛੂਹੇਗਾ। ਖੇਤੀ ਸੈਕਟਰ ਵਿਚ ਕਰੀਬ 14.50 ਲੱਖ ਟਿਊਬਵੈੱਲ ਕੁਨੈਕਸ਼ਨ ਹਨ ਜਿਨ੍ਹਾਂ ਦੀ ਸਬਸਿਡੀ ਦਾ ਬਿੱਲ ਕਰੀਬ ਸਾਲਾਨਾ 7 ਹਜ਼ਾਰ ਕਰੋੜ ਬਣਦਾ ਹੈ। 'ਆਪ' ਸਰਕਾਰ ਨੇ ਲੰਘੇ ਤਿੰਨ ਮਹੀਨਿਆਂ ਦੌਰਾਨ ਪਾਵਰਕੌਮ ਨੂੰ ਤਕਰੀਬਨ 3300 ਕਰੋੜ ਰੁਪਏ ਸਬਸਿਡੀ ਵਜੋਂ ਜਾਰੀ ਕੀਤੇ ਹਨ। ਪਾਵਰਕੌਮ ਦੀ ਕਰੀਬ 9 ਹਜ਼ਾਰ ਕਰੋੜ ਦੀ ਸਬਸਿਡੀ ਇਸ ਵੇਲੇ ਬਕਾਇਆ ਹੈ।

# ਭ੍ਰਿਸ਼ਟਾਚਾਰ: ਹੁਣ ਕਾਂਗਰਸ ਆਗੂ ਰਾਜਾ ਵੜਿੰਗ ਵੱਲ ਉਠੀ ਉਂਗਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਮੰਗ ਕੀਤੀ ਕਿ ਚਰਨਜੀਤ ਸਿੰਘ ਚੰਨੀ ਦੇ ਮੁੱਖ ਮੰਤਰੀ ਹੁੰਦਿਆਂ ਕਾਂਗਰਸ ਸਰਕਾਰ ਵੱਲੋਂ 840 ਬੱਸਾਂ ਦੀ ਖਰੀਦ ਵਿਚ ਹੋਏ ਕਥਿਤ 60 ਕਰੋੜ ਰੁਪਏ ਦੇ ਘੁਟਾਲੇ ਦੀ ਜਾਂਚ ਸੀ.ਬੀ.ਆਈ. ਨੂੰ ਸੌਂਪੀ ਜਾਵੇ।

ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਕਿਹਾ ਕਿ ਇਕ ਆਰ.ਟੀ.ਆਈ. ਨਾਲ ਖੁਲਾਸਾ ਹੋਇਆ ਹੈ ਕਿ ਚਰਨਜੀਤ ਚੰਨੀ ਦੀ ਸਰਕਾਰ ਵੇਲੇ ਟਰਾਂਸਪੋਰਟ ਮੰਤਰੀ ਰਹੇ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਨਾ ਸਿਰਫ ਪੰਜਾਬ ਰੋਡਵੇਜ਼ ਅਤੇ ਪੀ.ਆਰ.ਟੀ.ਸੀ. ਨੂੰ 840 ਬੱਸਾਂ ਦੀ ਬਾਡੀ ਬਿਲਡਿੰਗ ਵਿਚ 4 ਲੱਖ ਰੁਪਏ ਪ੍ਰਤੀ ਬੱਸ ਦਾ ਘਾਟਾ ਸਹਿਣ ਦੀ ਪ੍ਰਵਾਨਗੀ ਦਿੱਤੀ, ਸਗੋਂ ਸਾਰੀਆਂ ਬੱਸਾਂ ਬਾਜ਼ਾਰ ਦੀ ਕੀਮਤ 'ਤੇ ਖਰੀਦੀਆਂ ਗਈਆਂ, ਜਦਕਿ ਕੰਪਨੀਆਂ ਇੰਨੇ ਵੱਡੇ ਆਰਡਰ 'ਤੇ ਪ੍ਰਤੀ ਬੱਸ 4 ਲੱਖ ਰੁਪਏ ਤੱਕ ਦੀ ਛੋਟ ਦਿੰਦੀਆਂ ਹਨ।




ਮਲੂਕਾ ਨੇ ਕਿਹਾ ਕਿ ਕਾਂਗਰਸ ਸਰਕਾਰ ਵੇਲੇ 840 ਬੱਸਾਂ ਦੀ ਖਰੀਦ ਤੇ ਬਾਡੀ ਬਿਲਡਿੰਗ ਵਿਚ ਕੁਲ 60 ਕਰੋੜ ਰੁਪਏ ਦਾ ਕਥਿਤ ਘੁਟਾਲਾ ਹੋਇਆ ਸੀ। ਅਕਾਲੀ ਆਗੂ ਨੇ ਕਿਹਾ ਕਿ ਪੰਜਾਬ ਵਿਚ ਦੋ ਕੰਪਨੀਆਂ ਨੇ 8.20 ਲੱਖ ਤੇ 8.40 ਲੱਖ ਰੁਪਏ ਦੇ ਰੇਟ ਦਿੱਤੇ ਸਨ, ਪਰ ਟਰਾਂਸਪੋਰਟ ਮੰਤਰੀ ਨੇ ਜੈਪੁਰ ਦੀ ਕੰਪਨੀ ਨੂੰ 11.98 ਲੱਖ ਰੁਪਏ ਪ੍ਰਤੀ ਬੱਸ ਦਾ ਠੇਕਾ ਦਿੱਤਾ, ਜਿਸ ਨਾਲ ਸਰਕਾਰੀ ਖਜ਼ਾਨੇ ਨੂੰ 4 ਲੱਖ ਰੁਪਏ ਪ੍ਰਤੀ ਬੱਸ ਦਾ ਘਾਟਾ ਪਿਆ ਹੈ।

# ਭਾਰਤ ਭੂਸ਼ਣ ਸਰਕਾਰੀ ਅਨਾਜ 'ਚ ਘਪਲੇ ਦੇ ਦੋਸ਼ਾਂ ਵਿਚ ਘਿਰੇ

**ਫ਼ਿਰੋਜ਼ਪੁਰ:** ਪੰਜਾਬ ਸਰਕਾਰ ਦੇ ਸਾਬਕਾ ਖੁਰਾਕ ਸਪਲਾਈ ਮੰਤਰੀ ਭਾਰਤ ਭੂਸ਼ਣ ਆਸ਼ੂ 'ਤੇ ਆਪਣੇ ਕਾਰਜਕਾਲ ਦੌਰਾਨ ਵੱਡੇ ਪੱਧਰ 'ਤੇ ਭ੍ਰਿਸ਼ਟਾਚਾਰ ਕੀਤੇ ਜਾਣ ਦੇ ਦੋਸ਼ ਲੱਗ ਰਹੇ ਹਨ। ਇਸ ਸਬੰਧੀ ਹੁਣ ਮੁੱਦਕੀ ਦੇ ਇਕ ਠੇਕੇਦਾਰ ਰਾਕੇਸ਼ ਗਰਗ ਨੇ ਵਿਜੀਲੈਂਸ ਵਿਭਾਗ ਦੇ ਡੀ.ਜੀ.ਪੀ. ਨੂੰ ਸ਼ਿਕਾਇਤ ਭੇਜ ਕੇ ਦੋਸ਼ ਲਾਇਆ ਹੈ ਕਿ ਕਾਂਗਰਸ ਦੀ ਸਰਕਾਰ ਵੇਲੇ ਮੰਤਰੀ ਭਾਰਤ ਭੂਸ਼ਣ ਆਸ਼ੂ ਨੇ ਫਿਰੋਜ਼ਪੁਰ ਵਿਚ ਸਰਕਾਰੀ ਅਨਾਜ ਦੀ ਢੋਆ-ਢੁਆਈ ਸਬੰਧੀ ਟੈਂਡਰ ਅਲਾਟ ਕਰਨ ਵੇਲੇ ਵੱਡੇ ਪੱਧਰ 'ਤੇ ਘਪਲੇਬਾਜ਼ੀ ਕੀਤੀ ਹੈ।

ਠੇਕੇਦਾਰ ਨੇ ਇਸ ਸਬੰਧੀ ਉਚ ਪੱਧਰੀ ਜਾਂਚ ਦੀ ਮੰਗ ਕੀਤੀ ਹੈ। ਦਿਹਾਤੀ ਹਲਕੇ ਦੇ ਵਿਧਾਇਕ



ਰਜਨੀਸ਼ ਦਹੀਆ ਨੇ ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਚਿੱਠੀ ਲਿਖ ਕੇ ਪੂਰੇ ਮਾਮਲੇ ਦੀ ਜਾਂਚ ਕਰਵਾਏ ਜਾਣ ਦੀ ਮੰਗ ਕੀਤੀ ਹੈ। ਠੇਕੇਦਾਰ ਰਾਕੇਸ਼ ਗਰਗ ਮੁਤਾਬਕ 2020-21 ਅਤੇ 2021-22 ਦੌਰਾਨ ਅਨਾਜ ਦੀ ਢੋਆ-ਢੁਆਈ ਦੇ ਟੈਂਡਰਾਂ ਵਿਚ ਕਾਂਗਰਸ ਸਰਕਾਰ ਨੇ ਆਪਣੇ ਚਹੇਤਿਆਂ ਨੂੰ ਟੈਂਡਰ ਦੁਆਉਣ ਲਈ ਨਵੀਂ ਨੀਤੀ ਤਿਆਰ ਕੀਤੀ ਤੇ ਸਰਕਾਰ ਨੂੰ ਕਰੋੜਾਂ ਰੁਪਏ ਦਾ ਚੂਨਾ ਲਾਇਆ। ਉਧਰ, ਦੂਜੇ ਪਾਸੇ ਫੂਡ ਸਪਲਾਈ ਵਿਭਾਗ ਦੇ ਸਥਾਨਕ ਡਿਪਟੀ ਡਾਇਰੈਕਟਰ ਮੰਗਲ ਦਾਸ ਅਤੇ ਕੰਟਰੋਲਰ ਡਾਕਟਰ ਵੰਦਨਾ ਕੰਬੋਜ ਨੇ ਠੇਕੇਦਾਰ ਰਾਕੇਸ਼ ਗਰਗ ਦੀ ਸ਼ਿਕਾਇਤ ਨੂੰ ਬੇਬੁਨਿਆਦ ਦੱਸਦਿਆਂ ਕਿਹਾ ਕਿ ਸਾਰੇ ਟੈਂਡਰ ਸਰਕਾਰ ਦੀ ਪਾਲਿਸੀ ਮੁਤਾਬਕ ਜਾਰੀ ਕੀਤੇ ਗਏ ਸਨ।

# ਸਰਬਜੀਤ ਸਿੰਘ ਦੀ ਭੈਣ ਦਲਬੀਰ ਕੌਰ ਦਾ ਦੇਹਾਂਤ



**ਭਿੱਖੀਵਿੰਡ:** ਪਾਕਿਸਤਾਨ ਦੀ ਕੋਟ ਲੱਖਪਤ ਜੇਲ੍ਹ ਵਿਚ ਮਾਰੇ ਗਏ ਸਰਬਜੀਤ ਸਿੰਘ ਦੀ ਭੈਣ ਦਲਬੀਰ ਕੌਰ ਦਾ ਦੇਹਾਂਤ ਹੋ ਗਿਆ ਹੈ। ਉਹ ਪਿਛਲੇ ਕੁਝ ਦਿਨਾਂ ਤੋਂ ਬਿਮਾਰ ਸਨ। ਉਨ੍ਹਾਂ ਨੂੰ ਛਾਤੀ ਵਿਚ ਦਰਦ ਦੀ ਸ਼ਿਕਾਇਤ ਹੋਣ 'ਤੇ ਭਿੱਖੀਵਿੰਡ ਦੇ ਨਿੱਜੀ ਹਸਪਤਾਲ ਵਿਚ ਲਿਜਾਇਆ ਗਿਆ ਸੀ, ਜਿਥੇ ਉਨ੍ਹਾਂ ਦੀ ਮੌਤ ਹੋ ਗਈ। ਸਰਬਜੀਤ ਸਿੰਘ ਨੂੰ ਪਾਕਿਸਤਾਨ ਦੀ ਅਦਾਲਤ ਵੱਲੋਂ ਅਤਿਵਾਦ ਅਤੇ ਜਾਸੂਸੀ ਦਾ ਦੋਸ਼ੀ ਠਹਿਰਾਇਆ ਗਿਆ ਅਤੇ 1991 ਵਿਚ ਉਸ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਸੀ। ਹਾਲਾਂਕਿ ਸਰਕਾਰ ਵੱਲੋਂ 2008 ਵਿਚ ਸਰਬਜੀਤ ਸਿੰਘ ਨੂੰ ਫਾਂਸੀ ਦੇਣ 'ਤੇ ਰੋਕ ਲਗਾਈ ਗਈ ਸੀ ਪਰ ਸਰਬਜੀਤ ਸਿੰਘ ਦੀ ਭੈਣ ਦਲਬੀਰ ਕੌਰ ਵੱਲੋਂ ਉਸ ਨੂੰ ਜੇਲ੍ਹ ਵਿਚੋਂ ਬਾਹਰ ਕੱਢਣ ਲਈ ਬਹੁਤ ਯਤਨ ਕੀਤੇ ਗਏ। ਅਪਰੈਲ 2013 ਵਿਚ ਲਾਹੌਰ ਜੇਲ੍ਹ ਵਿਚ ਕੈਦੀਆਂ ਨਾਲ ਹੋਏ ਝਗੜੇ ਵਿਚ ਸਰਬਜੀਤ ਸਿੰਘ ਦੀ ਮੌਤ ਹੋ ਗਈ ਸੀ।

# ਸੰਯੁਕਤ ਰਾਸ਼ਟਰ ਮੁਖੀ ਦੀ ਅਨਾਜ ਬਾਰੇ ਚਿਤਾਵਨੀ

**ਬਰਲਿਨ:** ਸੰਯੁਕਤ ਰਾਸ਼ਟਰ ਮੁਖੀ ਐਂਤੋਨੀਓ ਗੁਟੇਰੇਜ਼ ਨੇ ਚਿਤਾਵਨੀ ਦਿੱਤੀ ਹੈ ਕਿ ਅਨਾਜ ਦੀ ਕਮੀ ਕਾਰਨ ਤਬਾਹੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਉਨ੍ਹਾਂ ਕਿਹਾ ਕਿ ਯੂਕਰੇਨ ਜੰਗ ਨੇ ਵਾਤਾਵਰਨ ਬਾਰੇ ਵਿਗਾੜ ਪੈਦਾ ਕੀਤੇ ਹਨ। ਇਸ ਤੋਂ ਇਲਾਵਾ ਕਰੋਨਾ ਮਹਾਮਾਰੀ ਅਤੇ ਭੁੱਖਮਰੀ ਸੰਕਟ ਪਹਿਲਾਂ ਤੋਂ ਹੀ ਲੱਖਾਂ ਲੋਕਾਂ ਨੂੰ ਪ੍ਰਭਾਵਿਤ ਕਰ ਰਿਹਾ ਹੈ। ਬਰਲਿਨ 'ਚ ਇਕੱਤਰ ਅਮੀਰ ਤੇ ਵਿਕਾਸਸ਼ੀਲ ਮੁਲਕਾਂ ਦੇ ਅਧਿਕਾਰੀਆਂ ਨੂੰ ਵੀਡੀਓ ਸੁਨੇਹੇ 'ਚ ਉਨ੍ਹਾਂ ਕਿਹਾ, "ਇਸ ਵਰ੍ਹੇ ਕਈ ਅਕਾਲ ਪੈਣ ਦਾ ਖਤਰਾ ਹੈ। ਅਗਲਾ ਵਰ੍ਹਾ ਹੋਰ ਵੀ ਮਾੜਾ ਹੋ ਸਕਦਾ ਹੈ। ਏਸ਼ੀਆ, ਅਫਰੀਕਾ ਤੇ ਅਮਰੀਕਾ 'ਚ ਫਸਲਾਂ ਦੀ ਪੈਦਾਵਾਰ ਪ੍ਰਭਾਵਿਤ ਹੋ ਸਕਦੀ ਹੈ ਕਿਉਂਕਿ ਦੁਨੀਆ ਭਰ ਦੇ ਕਿਸਾਨ ਖਾਦਾਂ ਤੇ ਬਿਜਲੀ ਦੀਆਂ ਵਧ ਰਹੀਆਂ ਕੀਮਤਾਂ ਨਾਲ ਜੂਝ ਰਹੇ ਹਨ। 'ਕੋਈ ਵੀ ਮੁਲਕ ਅਜਿਹੀ ਤਬਾਹੀ ਦੇ ਸਮਾਜਿਕ ਅਤੇ ਆਰਥਿਕ ਨਤੀਜਿਆਂ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹੇਗਾ।' ਉਨ੍ਹਾਂ ਕਿਹਾ ਕਿ ਸੰਯੁਕਤ ਰਾਸ਼ਟਰ ਦੇ ਵਾਰਤਾਕਾਰ ਅਜਿਹੇ ਸਮਝੌਤੇ 'ਤੇ ਕੰਮ ਕਰ ਰਹੇ ਹਨ ਜਿਸ ਨਾਲ ਯੂਕਰੇਨ ਅਨਾਜ ਦੀ ਬਰਾਮਦ ਕਰ ਸਕੇਗਾ ਅਤੇ ਰੂਸ ਨੂੰ ਬਿਨਾਂ ਪਾਬੰਦੀਆਂ ਦੇ ਅਨਾਜ ਅਤੇ ਖਾਦਾਂ ਦੁਨੀਆ ਦੀਆਂ ਮੰਡੀਆਂ 'ਚ ਲਿਆਉਣ ਦੀ ਇਜਾਜ਼ਤ ਦਿੱਤੀ ਜਾਵੇਗੀ।

# ਸਰਕਾਰੀ ਸਕੂਲਾਂ 'ਚ ਪੀਣ ਵਾਲੇ ਪਾਣੀ ਦੇ 20 'ਚੋਂ 13 ਨਮੂਨੇ ਫੇਲ੍ਹ

**ਸ੍ਰੀ ਮੁਕਤਸਰ ਸਾਹਿਬ:** ਸਿਹਤ ਵਿਭਾਗ ਵੱਲੋਂ ਸਰਕਾਰੀ ਸਕੂਲਾਂ 'ਚ ਪੀਣ ਵਾਲੇ ਪਾਣੀ ਦੇ ਮਈ ਮਹੀਨੇ ਵਿਚ ਲਏ 20 ਨਮੂਨਿਆਂ ਵਿਚੋਂ 13 ਫੇਲ੍ਹ ਹੋ ਗਏ ਹਨ, ਹਾਲਾਂਕਿ ਇਨ੍ਹਾਂ ਸਕੂਲਾਂ 'ਚ ਆਰ.ਓ. ਸਿਸਟਮ ਵੀ ਲੱਗੇ ਹੋਏ ਹਨ। ਫੇਲ੍ਹ ਨਮੂਨਿਆਂ ਵਾਲੇ ਸਕੂਲਾਂ ਵਿਚ ਸਰਕਾਰੀ ਸਕੂਲ ਬਰੀਵਾਲਾ, ਪ੍ਰਾਇਮਰੀ ਸਕੂਲ ਬਰੀਵਾਲਾ, ਚੱਕ ਗਾਂਧਾ ਸਿੰਘ ਵਾਲਾ, ਡੋਡਾਂਵਾਲੀ ਅਤੇ ਹੋਰ ਕਈ ਸਕੂਲ ਸ਼ਾਮਲ ਹਨ। ਸਿਵਲ ਸਰਜਨ ਡਾ. ਰੰਜੂ ਸਿੰਗਲਾ ਨੇ ਦੱਸਿਆ ਕਿ ਫੇਲ੍ਹ ਨਮੂਨਿਆਂ ਦੇ ਵੇਰਵੇ ਜ਼ਿਲ੍ਹਾ ਪ੍ਰਸ਼ਾਸਨ ਤੇ ਸਿੱਖਿਆ ਵਿਭਾਗ ਨੂੰ ਭੇਜ ਦਿੱਤੇ ਗਏ ਹਨ। ਇਹ ਪਾਣੀ ਬੱਚਿਆਂ ਦੀ ਸਿਹਤ ਲਈ ਹਾਨੀਕਾਰਕ ਹੈ। ਉਪ ਜ਼ਿਲ੍ਹਾ ਸਿੱਖਿਆ ਅਫਸਰ ਕਪਿਲ ਸ਼ਰਮਾ ਨੇ ਦੱਸਿਆ ਕਿ ਪਹਿਲੀ ਜੁਲਾਈ ਤੋਂ ਸਕੂਲ ਖੁੱਲ੍ਹਣ ਤੋਂ ਪਹਿਲਾਂ ਸਵੱਛ ਪਾਣੀ ਦੇ ਪ੍ਰਬੰਧ ਕਰ ਲਏ ਜਾਣਗੇ।

# ਭ੍ਰਿਸ਼ਟਾਚਾਰ ਦੇ ਕੇਸ ''ਚ ਗ੍ਰਿਫਤਾਰ ਸੰਜੈ ਪੋਪਲੀ ਦੇ ਪੁੱਤ ਵੱਲੋਂ ਖੁਦਕੁਸ਼ੀ

**ਚੰਡੀਗੜ੍ਹ:** ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਗ੍ਰਿਫਤਾਰ ਕੀਤੇ ਆਈ.ਏ.ਐਸ. ਅਧਿਕਾਰੀ ਸੰਜੈ ਪੋਪਲੀ ਦੇ ਪੁੱਤ ਕਾਰਤਿਕ ਪੋਪਲੀ (27) ਨੇ ਚੰਡੀਗੜ੍ਹ ਦੇ ਸੈਕਟਰ-11 ਸਥਿਤ ਸਰਕਾਰੀ ਰਿਹਾਇਸ਼ 'ਚ ਖੁਦ ਨੂੰ ਗੋਲੀ ਮਾਰ ਕੇ ਕਥਿਤ ਖੁਦਕੁਸ਼ੀ ਕਰ ਲਈ ਹੈ। ਦੂਜੇ ਪਾਸੇ ਪੀੜਤ ਪਰਿਵਾਰ ਨੇ ਵਿਜੀਲੈਂਸ 'ਤੇ ਕਾਰਤਿਕ ਨੂੰ ਗੋਲੀ ਮਾਰਨ ਦੇ ਦੋਸ਼ ਲਗਾਏ ਹਨ।

ਜਾਣਕਾਰੀ ਅਨੁਸਾਰ ਪੰਜਾਬ ਵਿਜੀਲੈਂਸ ਬਿਊਰੋ ਦੀ ਟੀਮ ਸੰਜੈ ਪੋਪਲੀ ਦੀ ਚੰਡੀਗੜ੍ਹ ਸਥਿਤ ਸਰਕਾਰੀ ਰਿਹਾਇਸ਼ 'ਤੇ ਛਾਪਾ ਮਾਰਨ ਪਹੁੰਚੀ ਹੋਈ ਸੀ। ਇਸੇ ਦੌਰਾਨ ਕਾਰਤਿਕ ਨੇ ਘਰ ਦੀ ਪਹਿਲੀ ਮੰਜ਼ਿਲ 'ਤੇ ਆਪਣੇ ਪਿਤਾ ਦੀ ਲਾਇਸੈਂਸੀ ਪਿਸਤੌਲ ਨਾਲ ਖੁਦ ਨੂੰ ਗੋਲੀ ਮਾਰ ਲਈ। ਕਾਰਤਿਕ ਦੇ ਸਿਰ ਵਿਚ ਗੋਲੀ ਲੱਗੀ ਹੈ। ਘਟਨਾ ਦੀ ਜਾਣਕਾਰੀ ਮਿਲਦੇ ਹੀ ਚੰਡੀਗੜ੍ਹ ਦੇ



ਐਸ.ਐਸ.ਪੀ. ਕੁਲਦੀਪ ਸਿੰਘ ਚਾਹਲ ਮੌਕੇ 'ਤੇ ਪਹੁੰਚੇ।

ਸ੍ਰੀ ਚਾਹਲ ਨੇ ਦੱਸਿਆ ਕਿ ਕਾਰਤਿਕ ਦੀ ਲਾਸ਼ ਪੋਸਟਮਾਰਟਮ ਲਈ ਹਸਪਤਾਲ ਭੇਜ ਦਿੱਤੀ ਗਈ ਹੈ। ਪੋਸਟਮਾਰਟਮ ਰਿਪੋਰਟ ਆਉਣ ਤੋਂ ਬਾਅਦ ਅਗਲੀ ਕਾਰਵਾਈ ਕੀਤੀ ਜਾਵੇਗੀ। ਦੂਜੇ ਪਾਸੇ ਸੰਜੈ ਪੋਪਲੀ ਦੀ ਪਤਨੀ ਨੇ ਵਿਜੀਲੈਂਸ ਦੀ ਟੀਮ 'ਤੇ ਗੋਲੀ ਮਾਰਨ ਦੇ ਦੋਸ਼ ਲਗਾਏ ਹਨ। ਉਨ੍ਹਾਂ ਕਿਹਾ ਕਿ ਵਿਜੀਲੈਂਸ ਵੱਲੋਂ ਉਸ ਦੇ ਪਤੀ ਨੂੰ ਝੂਠੇ ਕੇਸ ਵਿਚ ਫਸਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਵਿਜੀਲੈਂਸ ਵੱਲੋਂ ਉਸ ਦੇ ਪੁੱਤ ਤੋਂ ਕਈ-ਕਈ ਘੰਟੇ ਪੁੱਛ-ਪੜਤਾਲ ਕਰਕੇ ਕਥਿਤ ਤੌਰ 'ਤੇ ਝੂਠੇ ਬਿਆਨ ਦੇਣ ਲਈ ਦਬਾਅ ਬਣਾਇਆ ਜਾ ਰਿਹਾ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਵਿਜੀਲੈਂਸ ਦੀ ਟੀਮ ਜਾਣ-ਬੁੱਝ ਕੇ ਉਨ੍ਹਾਂ ਦੇ ਪਰਿਵਾਰ ਨੂੰ ਪਰੇਸ਼ਾਨ ਕਰ ਰਹੀ ਹੈ।

## ਪੋਪਲੀ ਦੇ ਘਰੋਂ 12.50 ਕਿੱਲੋ ਸੋਨਾ ਬਰਾਮਦ

**ਚੰਡੀਗੜ੍ਹ:** ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਗ੍ਰਿਫਤਾਰ ਕੀਤੇ ਗਏ ਆਈ.ਏ.ਐਸ. ਅਧਿਕਾਰੀ ਸੰਜੈ ਪੋਪਲੀ ਦੇ ਘਰੋਂ 12.5 ਕਿੱਲੋ ਸੋਨਾ ਅਤੇ ਤਿੰਨ ਕਿੱਲੋ ਚਾਂਦੀ ਬਰਾਮਦ ਕੀਤੀ ਗਈ ਹੈ। ਘਰ ਵਿਚੋਂ ਸੋਨੇ ਤੇ ਚਾਂਦੀ ਦੀ ਬਰਾਮਦਗੀ ਕੀਤੇ ਜਾਣ ਤੋਂ ਇਲਾਵਾ ਹੋਰ ਕੀਮਤੀ ਸਾਮਾਨ ਵੀ ਕਬਜ਼ੇ ਵਿਚ ਲਿਆ ਗਿਆ। ਵਿਜੀਲੈਂਸ ਮੁਤਾਬਕ ਬਰਾਮਦ ਹੋਏ ਸਾਮਾਨ ਵਿਚ ਸੋਨੇ ਦੀਆਂ ਨੌਂ ਇੱਟਾਂ, ਸੋਨੇ ਦੇ 49 ਬਿਸਕੁਟ, ਸੋਨੇ ਦੇ 12 ਸਿੱਕੇ, ਚਾਂਦੀ ਦੀਆਂ ਤਿੰਨ ਇੱਟਾਂ, ਚਾਂਦੀ ਦੇ 18 ਸਿੱਕੇ, ਐਪਲ ਕੰਪਨੀ ਦੇ ਚਾਰ ਫੋਨ, ਸੈਮਸੰਗ ਕੰਪਨੀ ਦੀਆਂ ਦੋ ਸਮਾਰਟ ਘੜੀਆਂ ਅਤੇ ਸੈਮਸੰਗ ਦਾ ਹੀ ਇਕ ਫੋਨ ਸ਼ਾਮਲ ਹੈ। ਇਸ ਸਾਮਾਨ ਸਣੇ ਸਾਢੇ ਤਿੰਨ ਲੱਖ ਰੁਪਏ ਵੀ ਘਰ 'ਚੋਂ ਬਰਾਮਦ ਕੀਤੇ ਗਏ ਹਨ।

# ਗੁਲਾਬੀ ਸੁੰਡੀ ਦੇ ਸਤਾਏ ਕਿਸਾਨ ਨਰਮਾ ਵਾਹੁਣ ਲੱਗੇ

**ਮਾਨਸਾ:** ਖੇਤੀਬਾੜੀ ਵਿਭਾਗ ਦੇ ਦਾਅਵਿਆਂ ਦੇ ਬਾਵਜੂਦ ਨਰਮਾ ਪੱਟੀ ਵਿਚ ਗੁਲਾਬੀ ਸੁੰਡੀ ਦਾ ਹਮਲਾ ਦਿਨੋ-ਦਿਨ ਵਧਣ ਲੱਗਿਆ ਹੈ। ਮਾਨਸਾ ਜ਼ਿਲ੍ਹੇ ਦੇ ਭਲਾਈਕੇ ਪਿੰਡ ਵਿਚ ਕਿਸਾਨ ਕੁਲਦੀਪ ਸਿੰਘ ਨੇ ਗੁਲਾਬੀ ਸੁੰਡੀ ਤੋਂ ਤੰਗ ਆ ਕੇ ਲਗਭਗ ਦੋ ਏਕੜ ਰਕਬੇ ਵਿੱਚ ਖੜ੍ਹੇ ਨਰਮੇ ਨੂੰ ਵਾਹ ਦਿੱਤਾ।



ਇਸ ਤੋਂ ਪਹਿਲਾਂ ਵੀ ਪਿੰਡ ਦੇ ਕਈ ਕਿਸਾਨਾਂ ਨੇ ਗੁਲਾਬੀ ਸੁੰਡੀ ਦੇ ਹਮਲੇ ਕਾਰਨ ਨਰਮੇ ਦੀ ਫਸਲ ਵਾਹ ਦਿੱਤੀ ਸੀ। ਭਾਵੇਂ ਖੇਤੀ ਅਧਿਕਾਰੀਆਂ ਨੇ ਨਰਮਾ ਵਾਹੁਣ ਤੋਂ ਪਹਿਲਾਂ ਅਤੇ ਪਿੱਛੋਂ ਪ੍ਰਭਾਵਿਤ ਖੇਤਾਂ ਦਾ ਦੌਰਾ ਕੀਤਾ ਸੀ ਪਰ ਇਸ ਦੇ ਬਾਵਜੂਦ ਅਜੇ ਤੱਕ ਪੰਜਾਬ ਸਰਕਾਰ ਵੱਲੋਂ ਗੁਲਾਬੀ ਸੁੰਡੀ ਤੋਂ ਬਚਾਅ ਲਈ ਕਿਸੇ ਵੀ ਕੀਤੇਮਾਰ ਦਵਾਈ ਦਾ ਪ੍ਰਬੰਧ ਨਹੀਂ ਕੀਤਾ ਗਿਆ ਹੈ। ਪਿੰਡ ਭਲਾਈਕੇ ਵਿਚ ਨਰਮੇ ਦੀ ਫਸਲ ਵਾਹੁਣ ਵਾਲੇ ਕਿਸਾਨ ਕੁਲਦੀਪ ਸਿੰਘ ਨੇ ਦੱਸਿਆ ਕਿ ਉਸ ਨੇ ਸਰ੍ਹੋਂ ਦੀ ਫਸਲ ਵੱਢ ਕੇ ਅਗੇਤਾ ਨਰਮਾ ਬੀਜਿਆ ਸੀ, ਜਿਸ 'ਤੇ ਗੁਲਾਬੀ ਸੁੰਡੀ ਦਾ ਹਮਲਾ ਹੋ ਗਿਆ ਹੈ। ਮਹਿੰਗੇ ਭਾਅ ਦੇ ਬੀਜ, ਗੁਡਾਈ ਅਤੇ ਰੇਹਾਂ-ਸਪਰੇਆਂ 'ਤੇ ਮੋਟੀ ਰਕਮ ਖਰਚਣ ਮਗਰੋਂ ਗੁਲਾਬੀ ਸੁੰਡੀ ਤੋਂ ਤੰਗ ਆ ਕੇ ਹੀ ਉਸ ਨੇ ਨਰਮੇ ਦੀ ਫਸਲ ਵਾਹੀ ਹੈ। ਭਾਰਤੀ ਕਿਸਾਨ ਯੂਨੀਅਨ ਏਕਤਾ (ਸਿੱਧੂਪੁਰ) ਦੇ ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਤੇ ਜ਼ਿਲ੍ਹਾ ਜਨਰਲ ਸਕੱਤਰ ਮੱਖਣ ਸਿੰਘ ਨੇ ਕਿਹਾ ਕਿ ਕਿਸਾਨਾਂ ਨੂੰ ਨਰਮੇ ਦਾ ਪ੍ਰਤੀ ਏਕੜ 60,000 ਰੁਪਏ ਮੁਆਵਜ਼ਾ ਦੇਣਾ ਚਾਹੀਦਾ ਹੈ ਕਿਉਂਕਿ ਪਿਛਲੇ ਸਾਲ ਵੀ ਗੁਲਾਬੀ ਸੁੰਡੀ ਦੀ ਲਪੇਟ ਵਿਚ ਆਉਣ ਕਾਰਨ ਕਿਸਾਨਾਂ ਦਾ ਵੱਡਾ ਆਰਥਿਕ ਨੁਕਸਾਨ ਹੋਇਆ ਸੀ ਅਤੇ ਇਸ ਵਾਰ ਫਿਰ ਵੱਡਾ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਝੁਨੀਰ ਰਕਬੇ ਦਾ ਧਰਤੀ ਹੇਠਲਾ ਪਾਣੀ ਬਹੁਤ ਮਾੜਾ ਹੈ ਅਤੇ ਨਹਿਰੀ ਪਾਣੀ ਨਾਮਾਤਰ ਹੈ। ਉਨ੍ਹਾਂ ਕਿਹਾ ਕਿ ਇਸ ਸਮੇਂ ਹੁਣ ਖੇਤਾਂ ਵਿਚ ਹੋਰ ਕੋਈ ਫਸਲ ਵੀ ਨਹੀਂ ਬੀਜੀ ਜਾ ਸਕਦੀ ਅਤੇ ਇਸ ਔਖੀ ਘੜੀ ਵਿਚ ਸਰਕਾਰ ਨੂੰ ਕਿਸਾਨਾਂ ਦੀ ਬਾਂਹ ਫੜਨੀ ਚਾਹੀਦੀ ਹੈ।

ਉਧਰ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਖੇਤੀਬਾੜੀ ਵਿਭਾਗ ਨੂੰ ਮਾਲਵਾ ਪੱਟੀ ਵਿਚ ਗੁਲਾਬੀ ਸੁੰਡੀ ਦੀ ਰੋਕਥਾਮ ਲਈ ਲੋੜੀਂਦੇ ਕਦਮ ਚੁੱਕਣ ਦੇ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਵਿਭਾਗ ਨੂੰ ਕਪਾਹ ਪੱਟੀ ਵਿਚ ਪੱਕੇ ਤੌਰ 'ਤੇ ਆਪਣੀਆਂ ਟੀਮਾਂ ਤਾਇਨਾਤ ਕਰਨ ਦੇ ਹੁਕਮ ਦਿੱਤੇ ਹਨ, ਜਿਸ ਨਾਲ ਗੁਲਾਬੀ ਸੁੰਡੀ ਦੇ ਹਮਲੇ ਨੂੰ ਸ਼ੁਰੂਆਤੀ ਪੜਾਅ 'ਤੇ ਹੀ ਰੋਕਿਆ ਜਾ ਸਕੇ। ਮਾਨ ਨੇ ਕਿਹਾ ਕਿ ਖੇਤੀਬਾੜੀ ਵਿਭਾਗ ਇਹ ਯਕੀਨੀ ਬਣਾਏ ਕਿ ਕਿਸਾਨਾਂ ਦਾ ਕੋਈ ਨੁਕਸਾਨ ਨਾ ਹੋਵੇ। ਉਨ੍ਹਾਂ ਕਿਹਾ ਕਿ ਟੀਮਾਂ ਕਿਸਾਨਾਂ ਨਾਲ ਸਲਾਹ ਕਰਕੇ ਲੋੜੀਂਦੀ ਕਾਰਵਾਈ ਕਰਨ, ਇਸ ਕੰਮ ਵਿਚ ਕਿਸੇ ਵੀ ਤਰ੍ਹਾਂ ਦੀ ਢਿੱਲ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

# ਭਾਰਤਮਾਲਾ ਪ੍ਰੋਜੈਕਟ ਦਾ ਵਿਰੋਧ ਕਰਦੇ ਕਿਸਾਨਾਂ ਤੇ ਪੁਲਿਸ ਵਿਚਾਲੇ ਧੱਕਾਮੁੱਕੀ

**ਬਠਿੰਡਾ:** ਕੇਂਦਰ ਤੇ ਪੰਜਾਬ ਸਰਕਾਰ ਭਾਰਤਮਾਲਾ ਪ੍ਰਾਜੈਕਟ ਤਹਿਤ ਬਣ ਰਹੇ ਜੰਮੂ-ਕੱਟੜਾ ਹਾਈਵੇਅ ਸਬੰਧੀ ਨਿਗੂਣਾ ਮੁਆਵਜ਼ਾ ਦੇ ਕੇ ਧੱਕੇ ਨਾਲ ਜ਼ਮੀਨ ਐਕੁਆਇਰ ਕਰਨ ਖਿਲਾਫ ਸੰਘਰਸ਼ ਕਰ ਰਹੇ ਕਿਸਾਨਾਂ ਤੇ ਪੁਲਿਸ ਵਿਚਾਲੇ ਖਿੱਚਧੂਹ ਹੋਈ। ਪੁਲਿਸ ਵੱਲੋਂ ਕਿਸਾਨਾਂ ਨੂੰ ਉਥੋਂ ਹਟਾਉਣ ਲਈ ਧੱਕਾ-ਮੁੱਕੀ ਕੀਤੀ ਗਈ।



ਪ੍ਰਾਪਤ ਜਾਣਕਾਰੀ ਅਨੁਸਾਰ ਜਦੋਂ ਪਿੰਡ ਗਹਿਰੀ ਬੁੱਟਰ ਕੋਲ ਉਕਤ ਪ੍ਰੋਜੈਕਟ ਲਈ ਕੰਮ ਕਰ ਰਹੇ ਕੰਪਨੀ ਦੇ ਨੁਮਾਇੰਦਿਆਂ ਨੇ ਦਰਖਤਾਂ ਦੀ ਪੁਟਾਈ ਸ਼ੁਰੂ ਕੀਤੀ ਤਾਂ ਧਰਨੇ 'ਤੇ ਬੈਠੇ ਕਿਸਾਨਾਂ ਨੇ ਇਸ ਦਾ ਜ਼ੋਰਦਾਰ ਵਿਰੋਧ ਕੀਤਾ। ਉਧਰ, ਡੀ.ਐਸ.ਪੀ. ਗੁਰਦੀਪ ਸਿੰਘ ਸੰਧੂ ਦੀ ਅਗਵਾਈ ਹੇਠ ਪੁਲਿਸ ਨੇ ਕਿਸਾਨਾਂ ਨੂੰ ਰੋਕਣ ਲਈ ਬੈਰੀਕੇਡਿੰਗ ਕੀਤੀ ਹੋਈ ਸੀ। ਪ੍ਰਦਰਸ਼ਨਕਾਰੀ ਕਿਸਾਨ ਜਦੋਂ ਬੈਰੀਕੇਡਿੰਗ ਤੋੜ ਕੇ ਅੱਗੇ ਵਧਣ ਲੱਗੇ ਤਾਂ ਉਥੇ ਤਾਇਨਾਤ ਪੁਲਿਸ ਮੁਲਾਜ਼ਮਾਂ ਨੇ ਉਨ੍ਹਾਂ ਨੂੰ ਰੋਕਣ ਦਾ ਯਤਨ ਕੀਤਾ। ਇਸ ਦੌਰਾਨ ਪੁਲਿਸ ਅਤੇ ਕਿਸਾਨਾਂ ਵਿਚਾਲੇ ਧੱਕਾ-ਮੁੱਕੀ ਹੋਈ, ਜਿਸ ਵਿਚ ਪਿੰਡ ਜੈ ਸਿੰਘ ਵਾਲਾ ਦਾ ਬਜ਼ੁਰਗ ਕਿਸਾਨ ਪੂਰਨ ਸਿੰਘ ਡਿੱਗ ਕੇ ਜ਼ਖਮੀ ਹੋ ਗਿਆ ਤੇ ਉਸ ਦਾ ਚੂਲਾ ਟੁੱਟ ਗਿਆ। ਕੁਝ ਹੋਰ ਕਿਸਾਨਾਂ ਦੇ ਵੀ ਸੱਟਾਂ ਲੱਗੀਆਂ ਹਨ। ਬੀ.ਕੇ.ਯੂ. ਉਗਰਾਹਾਂ ਦੇ ਜ਼ਿਲ੍ਹਾ ਕਮੇਟੀ ਮੈਂਬਰ ਜਗਸੀਰ ਸਿੰਘ ਝੁੰਬਾ ਤੇ ਸੰਗਤ ਬਲਾਕ ਦੇ ਪ੍ਰਧਾਨ ਕੁਲਵੰਤ ਰਾਏ ਸ਼ਰਮਾ ਨੇ ਕਿਹਾ ਕਿ ਇਸ ਪ੍ਰੋਜੈਕਟ ਦੀ ਆੜ ਹੇਠ ਹਰੇ ਭਰੇ ਦਰਖਤ ਵੱਢੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਪ੍ਰੋਜੈਕਟ ਤਹਿਤ ਬਣ ਰਹੀਆਂ ਸੜਕਾਂ ਦੀ ਉਸਾਰੀ ਸਾਮਰਾਜੀ ਕੰਪਨੀਆਂ ਲਈ ਕਰਵਾਈ ਜਾ ਰਹੀ ਹੈ ਤੇ ਇਸ ਕੰਮ ਲਈ ਵਰਤੀ ਜਾ ਰਹੀ ਕਰੋੜਾਂ ਰੁਪਏ ਦੀ ਜ਼ਮੀਨ ਲਈ ਕਿਸਾਨਾਂ ਨੂੰ ਨਿਗੂਣੇ ਮੁਆਵਜ਼ੇ ਦੇ ਕੇ ਉਨ੍ਹਾਂ ਨਾਲ ਧੋਖਾ ਕੀਤਾ ਜਾ ਰਿਹਾ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜਦੋਂ ਤੱਕ ਕਿਸਾਨਾਂ ਨੂੰ ਜਾਇਜ਼ ਮੁਆਵਜ਼ਾ ਨਹੀਂ ਦਿੱਤੇ ਜਾਣਗੇ, ਕਿਸੇ ਨੂੰ ਵੀ ਜ਼ਮੀਨ 'ਤੇ ਕਬਜ਼ਾ ਨਹੀਂ ਕਰਨ ਦਿੱਤਾ ਜਾਵੇਗਾ।

# 88 ਫੀਸਦੀ ਕਿਸਾਨ ਖੁਦਕੁਸ਼ੀਆਂ ਕਰਜ਼ੇ ਕਰਕੇ ਹੋਈਆਂ

**ਚੰਡੀਗੜ੍ਹ:** ਪੰਜਾਬ ਵਿਚ ਕਿਸਾਨਾਂ ਵੱਲੋਂ ਕਰਜ਼ੇ ਦੇ ਭਾਰ ਕਾਰਨ ਕੀਤੀਆਂ ਜਾ ਰਹੀਆਂ ਖੁਦਕੁਸ਼ੀਆਂ ਦਾ ਮਾਮਲਾ ਇਕ ਵਾਰ ਮੁੜ ਚਰਚਾ ਵਿਚ ਆਇਆ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਅਰਥਸ਼ਾਸਤਰੀਆਂ ਡਾ. ਸੁਖਪਾਲ ਸਿੰਘ, ਮਨਜੀਤ ਕੌਰ ਤੇ ਐਚ.ਐਸ. ਕਿੰਗਰਾ ਨੇ ਪੰਜਾਬ ਦੇ ਛੇ ਜ਼ਿਲ੍ਹਿਆਂ ਦੇ 2000 ਤੋਂ 2018 ਦੌਰਾਨ ਖੁਦਕੁਸ਼ੀ ਪੀੜਤਾਂ ਦੇ ਘਰ-ਘਰ ਜਾ ਕੇ ਕੀਤੇ ਸਰਵੇ ਦੇ ਆਧਾਰ 'ਤੇ ਤੱਥ ਇਕ ਕੌਮੀ ਪੱਧਰ ਦੇ ਰਸਾਲੇ ਰਾਹੀਂ ਜਨਤਕ ਕੀਤੇ ਹਨ।

ਪੀ.ਏ.ਯੂ. ਮਾਹਿਰਾਂ ਦੀ ਰਿਪੋਰਟ ਅਨੁਸਾਰ ਸਾਲ 1991 ਤੋਂ 2011 ਤੱਕ ਦੋ ਲੱਖ ਛੋਟੇ ਕਿਸਾਨ ਖੇਤੀ ਧੰਦਾ ਛੱਡ ਚੁੱਕੇ ਹਨ। ਕਿਸਾਨ ਖੁਦਕੁਸ਼ੀਆਂ ਵਿਚ 2000 ਤੋਂ 2018 ਤੱਕ ਕੁੱਲ 2566 ਖੁਦਕੁਸ਼ੀਆਂ ਨਾਲ ਮੌਜੂਦਾ ਮੁੱਖ ਮੰਤਰੀ ਦਾ ਜ਼ਿਲ੍ਹਾ ਸੰਗਰੂਰ ਪਹਿਲੇ ਨੰਬਰ 'ਤੇ ਹੈ ਜਦਕਿ 2098 ਨਾਲ ਮਾਨਸਾ ਦੂਜੇ ਤੇ 1956 ਨਾਲ ਬਠਿੰਡਾ ਤੀਜੇ ਸਥਾਨ 'ਤੇ ਹੈ। ਇਸ ਤੋਂ ਇਲਾਵਾ ਬਰਨਾਲਾ ਵਿਚ 1126, ਮੋਗਾ ਵਿਚ 880 ਅਤੇ ਲੁਧਿਆਣਾ ਵਿਚ 725 ਖੁਦਕੁਸ਼ੀਆਂ ਕੀਤੀਆਂ ਗਈਆਂ ਜੋ ਕ੍ਰਮਵਾਰ ਚੌਥੇ, ਪੰਜਵੇਂ ਅਤੇ ਛੇਵੇਂ ਸਥਾਨ 'ਤੇ ਹਨ। ਸਾਲ 2008 ਦੌਰਾਨ ਸਭ ਤੋਂ ਵੱਧ 630 ਕਿਸਾਨਾਂ ਵੱਲੋਂ ਖੁਦਕੁਸ਼ੀ ਕੀਤੀ ਗਈ।



ਰਿਪੋਰਟ ਅਨੁਸਾਰ 77 ਫੀਸਦ ਖੁਦਕੁਸ਼ੀਆਂ ਕਰਨ ਵਾਲੇ ਛੋਟੇ ਅਤੇ ਸੀਮਾਂਤ ਕਿਸਾਨ ਸਨ। ਵੱਡੇ ਕਿਸਾਨਾਂ ਵਿਚ ਖੁਦਕੁਸ਼ੀ ਦਾ ਅੰਕੜਾ ਸਿਰਫ 0.47 ਫੀਸਦੀ ਹੀ ਹੈ। ਰਿਪੋਰਟ ਮੁਤਾਬਕ 75 ਫੀਸਦੀ ਕਰਜ਼ਾ ਖੇਤੀ ਉਤਪਾਦਨ ਜਾਂ ਮਸ਼ੀਨੀਕਰਨ ਲਈ ਲਿਆ ਗਿਆ ਸੀ। ਭਾਰਤੀ ਕਿਸਾਨ ਯੂਨੀਅਨ-ਏਕਤਾ (ਡਕੌਂਦਾ) ਦੇ ਜਨਰਲ ਸਕੱਤਰ ਜਗਮੋਹਨ ਸਿੰਘ ਪਟਿਆਲਾ ਨੇ ਕਿਹਾ ਕਿ ਇਹ ਰਿਪੋਰਟ ਉਨ੍ਹਾਂ ਲੀਡਰਾਂ ਨੂੰ ਵੀ ਜਵਾਬ ਹੈ, ਜਿਹੜੇ ਕਹਿੰਦੇ ਹਨ ਕਿ ਘਰੇਲੂ ਕਲੇਸ਼ ਕਾਰਨ ਖੁਦਕੁਸ਼ੀਆਂ ਹੋ ਰਹੀਆਂ ਹਨ, ਕਿਉਂਕਿ ਸਰਵੇ ਅਨੁਸਾਰ 88 ਫੀਸਦੀ ਖੁਦਕੁਸ਼ੀਆਂ ਕਰਜ਼ੇ ਕਰਕੇ ਹੀ ਹੋਈਆਂ ਹਨ, ਜਿਸ ਵਿਚ ਘਰੇਲੂ ਕਲੇਸ਼ 17.18 ਫੀਸਦੀ, ਫਸਲ ਦਾ ਖਰਾਬਾ 8.32 ਫੀਸਦੀ, ਬਿਮਾਰੀ 6.27 ਫੀਸਦੀ ਤੇ ਜ਼ਮੀਨ ਕੁਰਕੀ 3.63 ਫੀਸਦੀ ਖੁਦਕੁਸ਼ੀ ਦਾ ਕਾਰਨ ਰਿਹਾ। ਖੁਦਕੁਸ਼ੀਆਂ ਕਰਨ ਵਾਲੇ 75 ਫੀਸਦੀ (19 ਤੋਂ 35 ਸਾਲ) ਕਿਸਾਨ ਨੌਜਵਾਨ ਹੀ ਸਨ ਅਤੇ ਇਨ੍ਹਾਂ ਵਿਚੋਂ 75 ਫੀਸਦੀ ਅਨਪੜ੍ਹ ਜਾਂ ਪ੍ਰਾਇਮਰੀ ਤੱਕ ਹੀ ਪੜ੍ਹੇ ਸਨ।

ਭਾਰਤੀ ਕਿਸਾਨ ਯੂਨੀਅਨ-ਏਕਤਾ (ਡਕੌਂਦਾ) ਨੇ ਕਿਸਾਨ ਖੁਦਕੁਸ਼ੀਆਂ ਦੇ ਅੰਕੜਿਆਂ 'ਤੇ ਡੂੰਘੀ ਚਿੰਤਾ ਪ੍ਰਗਟਾਈ ਹੈ। ਜਥੇਬੰਦੀ ਦੇ ਪ੍ਰਧਾਨ ਬੂਟਾ ਸਿੰਘ ਬੁਰਜਗਿੱਲ ਨੇ ਕਿਹਾ ਕਿ ਜ਼ਮੀਨੀ ਸਰਵੇ ਦੇ ਆਧਾਰ 'ਤੇ ਤਿਆਰ ਕੀਤੀ ਇਹ ਰਿਪੋਰਟ ਕਿਸਾਨੀ ਸੰਕਟ ਦੀ ਗੰਭੀਰਤਾ ਬਾਰੇ ਦੱਸਦੀ ਹੈ। 88 ਫੀਸਦੀ ਕਿਸਾਨਾਂ ਨੇ ਕਰਜ਼ੇ ਕਾਰਨ ਖੁਦਕੁਸ਼ੀਆਂ ਕੀਤੀਆਂ।

## ਬੇਜ਼ਮੀਨੇ ਮਜ਼ਦੂਰਾਂ ਨੇ ਸਰਕਾਰ ਖਿਲਾਫ ਮੋਰਚਾ ਖੋਲ੍ਹਿਆ

**ਮੁਹਾਲੀ:** ਪੰਜਾਬ ਦੀ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਵੱਲੋਂ ਮਜ਼ਦੂਰ ਵਰਗ ਦੀਆਂ ਮੰਗਾਂ ਨੂੰ ਨਜ਼ਰਅੰਦਾਜ਼ ਕਰਨ ਖਿਲਾਫ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੀ ਅਗਵਾਈ ਹੇਠ ਮੁਹਾਲੀ ਦੇ ਫੇਜ਼-8 ਵਿਚ ਰੋਸ ਮੁਜ਼ਾਹਰਾ ਕੀਤਾ ਗਿਆ। ਇਸ ਦੌਰਾਨ ਮਜ਼ਦੂਰਾਂ ਨੇ ਪੰਜਾਬ ਵਿਧਾਨ ਸਭਾ ਵੱਲ ਪੈਦਲ ਮਾਰਚ ਕਰਨ ਦਾ ਯਤਨ ਕੀਤਾ ਪਰ ਪੁਲਿਸ ਨੇ ਉਨ੍ਹਾਂ ਨੂੰ ਵਾਈ.ਪੀ.ਐਸ. ਚੌਕ ਨੇੜੇ ਰੋਕ ਲਿਆ ਜਿਸ ਕਾਰਨ ਧਰਨਾਕਾਰੀਆਂ ਨੇ ਸੜਕ ਜਾਮ ਕਰ ਦਿੱਤੀ। ਬੁਲਾਰਿਆਂ ਨੇ ਕਿਹਾ ਕਿ ਬੇਰੁਜ਼ਗਾਰਾਂ ਅਤੇ ਮਜ਼ਦੂਰਾਂ ਨੂੰ 'ਆਪ' ਸਰਕਾਰ ਤੋਂ ਬਹੁਤ ਉਮੀਦਾਂ ਸਨ ਪਰ ਤਿੰਨ ਮਹੀਨਿਆਂ ਦੇ ਸ਼ਾਸਨ ਦੌਰਾਨ ਸਰਕਾਰ ਨੇ ਮਜ਼ਦੂਰਾਂ ਦੇ ਹੱਕ ਵਿਚ ਹਾਅ ਦਾ ਨਾਅਰਾ ਨਹੀਂ ਮਾਰਿਆ।

# ਦਰਿਆਈ ਪਾਣੀਆਂ ਦਾ ਪੂਰਾ ਕੰਟਰੋਲ ਸੂਬਿਆਂ ਹੱਥ ਹੋਵੇ: ਕਿਸਾਨ ਜਥੇਬੰਦੀਆਂ

**ਜਲੰਧਰ:** ਸੰਯੁਕਤ ਕਿਸਾਨ ਮੋਰਚੇ ਵਿਚ ਸ਼ਾਮਲ ਪੰਜਾਬ ਦੀਆਂ 22 ਕਿਸਾਨ ਜਥੇਬੰਦੀਆਂ ਨੇ ਦੇਸ਼ ਭਗਤ ਯਾਦਗਾਰ ਹਾਲ ਵਿਚ ਕੀਤੀ ਕਨਵੈਨਸ਼ਨ ਵਿਚ ਇਕਜੁਟ ਤੇ ਇਕਸੁਰ ਹੁੰਦਿਆਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਡੈਮ ਸੁਰੱਖਿਆ ਐਕਟ ਰੱਦ ਕੀਤਾ ਜਾਵੇ ਤੇ ਬੰਨ੍ਹਾਂ ਦਾ ਪ੍ਰਬੰਧ ਸੂਬਿਆਂ ਨੂੰ ਦਿੱਤਾ ਜਾਵੇ।



ਕਨਵੈਨਸ਼ਨ ਦੌਰਾਨ ਪੰਜਾਬ ਸਰਕਾਰ ਕੋਲੋਂ ਵੀ ਵਿਧਾਨ ਸਭਾ ਵਿਚ ਡੈਮ ਸੁਰੱਖਿਆ ਐਕਟ ਨੂੰ ਰੱਦ ਕਰਨ ਸਬੰਧੀ ਮਤਾ ਪਾਸ ਕਰਨ ਦੀ ਅਪੀਲ ਕੀਤੀ ਗਈ। ਕਿਸਾਨ ਆਗੂਆਂ ਨੇ ਡੈਮ ਸੁਰੱਖਿਆ ਐਕਟ ਨੂੰ ਸੂਬਿਆਂ ਦੇ ਪਾਣੀ ਦੇ ਅਧਿਕਾਰ ਉੱਪਰ ਡਾਕਾ ਦੱਸਦਿਆਂ ਕੇਂਦਰ ਸਰਕਾਰ 'ਤੇ ਇਸ ਐਕਟ ਰਾਹੀਂ ਦੇਸ਼ ਦੇ ਫੈਡਰਲ ਢਾਂਚੇ ਨੂੰ ਕਮਜ਼ੋਰ ਕਰਨ ਦਾ ਦੋਸ਼ ਲਾਇਆ ਹੈ। ਦੇਸ਼ ਭਗਤ ਯਾਦਗਾਰ ਹਾਲ 'ਚ 22 ਕਿਸਾਨ ਜਥੇਬੰਦੀਆਂ ਵੱਲੋਂ 'ਪਾਣੀ ਦਾ ਸੰਕਟ, ਕਾਰਨ ਅਤੇ ਹੱਲ' ਅਤੇ 'ਆਬਾਦਕਾਰਾਂ ਨੂੰ ਉਜਾੜਨ ਦੀ ਥਾਂ ਮਾਲਕਾਨਾ ਹੱਕ ਦੇਣ' ਦੇ ਵਿਸ਼ੇ 'ਤੇ ਕੀਤੀ ਗਈ ਕਨਵੈਨਸ਼ਨ ਦੌਰਾਨ ਪੰਜਾਬ ਵਿਚ ਡੂੰਘੇ ਹੁੰਦੇ ਜਾ ਰਹੇ ਧਰਤੀ ਹੇਠਲੇ ਪਾਣੀ ਦੇ ਸੰਕਟ ਅਤੇ ਸਿੰਜਾਈ ਲਈ ਨਹਿਰੀ ਪਾਣੀ ਦੇ ਬੁਨਿਆਦੀ ਢਾਂਚੇ ਦੀ ਸੰਭਾਲ ਸਣੇ ਸੂਬੇ ਦੇ ਹਰ ਖੇਤ ਤੱਕ ਨਹਿਰੀ ਪਾਣੀ ਪੁੱਜਦਾ ਕਰਨ ਲਈ ਨੈਟਵਰਕ ਵਿਛਾਉਣ ਦੀ ਮੰਗ ਕੀਤੀ ਗਈ। ਇਸ ਵਿਚਾਰ-ਚਰਚਾ ਦੌਰਾਨ ਨਹਿਰੀ ਪਾਣੀ ਰਾਹੀਂ ਸਿੰਜਾਈ ਦੀ ਨੀਤੀ ਨੂੰ ਪ੍ਰਮੁੱਖਤਾ ਦੇਣ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ। ਇਸ ਦੇ ਨਾਲ ਹੀ ਜ਼ਮੀਨ ਹੇਠਲੇ ਪਾਣੀ ਦੇ ਡਿੱਗਦੇ ਜਾ ਰਹੇ ਪੱਧਰ ਵਿਚ ਸੁਧਾਰ ਕਰਨ ਸਬੰਧੀ ਹੀਲੇ ਕਰਨ ਦੀ ਲੋੜ 'ਤੇ ਵੀ ਗੱਲ ਕੀਤੀ ਗਈ।

ਕਨਵੈਨਸ਼ਨ ਵਿਚ ਖੇਤੀ ਵਿਭਿੰਨਤਾ ਤੇ ਪਾਣੀ ਦਾ ਮਾਮਲਾ ਅਨਿੱਖੜਵੇਂ ਰੂਪ ਵਿਚ ਜੁੜੇ ਹੋਣ ਕਾਰਨ ਪੰਜਾਬ ਅਤੇ ਕੇਂਦਰ ਸਰਕਾਰ ਨੂੰ ਸੂਬਿਆਂ ਵਿਚਕਾਰ ਦਰਿਆਈ ਪਾਣੀਆਂ ਦੇ ਝਗੜਿਆਂ ਨੂੰ ਰਿਪੇਰੀਅਨ ਸਿਧਾਂਤ ਤਹਿਤ ਹੱਲ ਕਰਨ ਦੀ ਜ਼ੋਰਦਾਰ ਵਕਾਲਤ ਕਰਦੇ ਹੋਏ ਹੈੱਡਵਰਕਸ ਦਾ ਕੰਟਰੋਲ ਪੰਜਾਬ ਹਵਾਲੇ ਕਰਨ ਦੀ ਮੰਗ ਵੀ ਜ਼ੋਰ-ਸ਼ੋਰ ਨਾਲ ਉੱਭਰੀ।

# ਸ਼ਾਮਲਾਟ ਜ਼ਮੀਨਾਂ: ਕਿਸਾਨਾਂ ਨੇ ਸਰਕਾਰ ਖਿਲਾਫ ਸੰਘਰਸ਼ ਦਾ ਬਿਗਲ ਵਜਾਇਆ

**ਚੰਡੀਗੜ੍ਹ:** ਬਠਿੰਡਾ ਜ਼ਿਲ੍ਹੇ ਦੇ ਛੇ ਪਿੰਡਾਂ ਦੀਆਂ ਸ਼ਾਮਲਾਟ ਜ਼ਮੀਨ ਸਬੰਧੀ ਵਿੱਢੀ ਕਾਰਵਾਈ ਮਗਰੋਂ ਇਨ੍ਹਾਂ ਪਿੰਡਾਂ ਦੇ ਕਿਸਾਨਾਂ ਨੇ ਸਰਕਾਰ ਖਿਲਾਫ ਸੰਘਰਸ਼ ਦਾ ਬਿਗਲ ਵਜਾ ਦਿੱਤਾ ਹੈ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵੱਲੋਂ ਇਨ੍ਹਾਂ ਪਿੰਡਾਂ ਦੀ ਤਕਰੀਬਨ 3700 ਏਕੜ ਸ਼ਾਮਲਾਟ ਜ਼ਮੀਨ ਦੀ ਮਾਲਕੀ ਤਬਦੀਲ ਹੋਣ ਸਬੰਧੀ ਕਾਨੂੰਨੀ ਜਾਂਚ ਸ਼ੁਰੂ ਕੀਤੀ ਗਈ ਹੈ। ਪੰਜਾਬ ਕੈਬਨਿਟ ਨੇ 2012 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਇਨ੍ਹਾਂ ਛੇ ਪਿੰਡਾਂ ਦੇ ਪੰਚਾਇਤੀ ਸ਼ਾਮਲਾਟ ਦੀ ਮਾਲਕੀ ਪ੍ਰਾਈਵੇਟ ਵਿਅਕਤੀਆਂ ਦੇ ਨਾਂ ਕਰਨ ਦਾ ਫੈਸਲਾ ਲਿਆ ਸੀ।

ਬਠਿੰਡਾ ਜ਼ਿਲ੍ਹੇ ਦੇ ਪਿੰਡ ਜੀਦਾ ਦਾ 155 ਏਕੜ, ਖੇਮੂਆਣਾ ਦਾ 119 ਏਕੜ, ਜੰਡਾਂਵਾਲਾ ਦਾ 1475 ਏਕੜ, ਗੋਨਿਆਣਾ ਖੁਰਦ ਦਾ 274 ਏਕੜ, ਹਰਰਾਏਪੁਰ ਦਾ 923 ਏਕੜ ਅਤੇ ਵਿਰਕ ਕਲਾਂ ਦਾ 755 ਏਕੜ ਰਕਬਾ ਇਸ ਮਾਮਲੇ ਵਿਚ ਸ਼ਾਮਲ ਹੈ। ਮਹਿਕਮੇ ਨੇ ਉਂਗਲ ਚੁੱਕੀ ਹੈ ਕਿ ਕੈਬਨਿਟ ਦੇ ਫੈਸਲੇ ਦੇ ਆਧਾਰ 'ਤੇ ਮਾਲਕੀ ਤਬਦੀਲ ਨਹੀਂ ਹੋ ਸਕਦੀ। ਮਹਿਕਮਾ ਹੁਣ ਇਨ੍ਹਾਂ ਪਿੰਡਾਂ ਦੀ ਸ਼ਾਮਲਾਟ ਜ਼ਮੀਨ ਬਾਰੇ ਕੁਲੈਕਟਰ ਵੱਲੋਂ ਸੁਣਾਏ ਫੈਸਲੇ ਖਿਲਾਫ ਅਪੀਲਾਂ ਦਾਇਰ ਕਰਨ ਦੇ ਰਾਹ ਪੈਣ ਲੱਗਾ ਹੈ।

ਇਨ੍ਹਾਂ ਛੇ ਪਿੰਡਾਂ ਦੇ ਕਿਸਾਨਾਂ ਨੇ ਇਸ ਮਾਮਲੇ 'ਤੇ ਲਾਮਬੰਦੀ ਸ਼ੁਰੂ ਕਰ ਦਿੱਤੀ ਹੈ ਤੇ ਸਰਕਾਰ ਨੂੰ ਆਖਿਆ ਹੈ ਕਿ ਇਨ੍ਹਾਂ ਛੇ ਪਿੰਡਾਂ ਦੀ ਜ਼ਮੀਨ ਪੰਚਾਇਤੀ ਨਹੀਂ ਹੈ ਅਤੇ ਉਨ੍ਹਾਂ ਦੇ ਪੁਰਖਿਆਂ ਵੱਲੋਂ ਸ਼ੁਰੂ ਤੋਂ ਇਸ ਜ਼ਮੀਨ 'ਤੇ ਕਾਸ਼ਤ ਕੀਤੀ ਜਾ ਰਹੀ ਹੈ। ਪਿੰਡ ਜੀਦਾ ਦੇ ਕਿਸਾਨਾਂ ਨੇ 40 ਮੈਂਬਰੀ ਕਮੇਟੀ ਬਣਾਈ ਹੈ, ਜਿਨ੍ਹਾਂ ਦੇ ਸੀਨੀਅਰ ਮੈਂਬਰ ਦਿਲਬਰ ਸਿੰਘ ਦਾ ਕਹਿਣਾ ਸੀ ਕਿ 1939 ਤੋਂ ਉਨ੍ਹਾਂ ਦੇ ਪੁਰਖੇ ਇਨ੍ਹਾਂ ਜ਼ਮੀਨਾਂ 'ਤੇ ਕਾਸ਼ਤ ਕਰਦੇ ਆ ਰਹੇ ਹਨ ਤੇ ਮਾਲਕੀ ਖਾਨਾ ਵਿਚ ਵੀ ਪੰਚਾਇਤ ਦਾ ਨਾਮ ਨਹੀਂ ਬੋਲਦਾ ਹੈ। ਉਨ੍ਹਾਂ ਕਿਹਾ ਕਿ ਪੰਚਾਇਤ ਕੋਲ ਕਦੇ ਵੀ ਇਹ ਜ਼ਮੀਨਾਂ ਨਹੀਂ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਰਕਾਰ ਨੇ ਕਿਸਾਨਾਂ ਨਾਲ ਕਿਸੇ ਤਰ੍ਹਾਂ ਦਾ ਧੱਕਾ ਕੀਤਾ ਤਾਂ ਉਹ ਸੜਕਾਂ ਜਾਮ ਕਰਨਗੇ। ਉਨ੍ਹਾਂ ਦੱਸਿਆ ਕਿ ਛੇ ਪਿੰਡਾਂ ਦੇ ਕਿਸਾਨ ਭਲਕੇ ਇਕੱਠੇ ਹੋ ਰਹੇ ਹਨ ਤੇ ਡਿਪਟੀ ਕਮਿਸ਼ਨਰ ਕੋਲ ਆਪਣਾ ਪੱਖ ਰੱਖਣਗੇ। ਪਿੰਡ ਜੰਡਾਂਵਾਲਾ ਦੇ ਕਿਸਾਨ ਅਮਰਜੀਤ ਸਿੰਘ ਦਾ ਕਹਿਣਾ ਸੀ ਕਿ ਉਨ੍ਹਾਂ ਦੇ ਪੁਰਖੇ 1950 ਤੋਂ ਪਹਿਲਾਂ ਤੋਂ ਕਾਸ਼ਤ ਕਰਦੇ ਆ ਰਹੇ ਹਨ। ਪਿੰਡ ਖੇਮੂਆਣਾ ਦੇ ਕਿਸਾਨਾਂ ਨੇ ਵੀ ਇਹੋ ਆਖਿਆ ਕਿ ਉਹ ਸਰਕਾਰ ਨੂੰ ਧੱਕੇ ਨਾਲ ਜ਼ਮੀਨਾਂ ਨਹੀਂ ਖੋਹਣ ਦੇਣਗੇ।



# ਲਾਰੈਂਸ ਬਿਸ਼ਨੋਈ ਨੇ ਵਿਦੇਸ਼ ਬੈਠੇ ਭਰਾ ਦੀ ਮਦਦ ਨਾਲ ਘੜੀ ਸੀ ਯੋਜਨਾ

## ਪਿਛਲੇ ਸਾਲ ਅਗਸਤ ਤੋਂ ਮੂਸੇਵਾਲੇ ਦਾ ਪਿੱਛਾ ਕਰ ਰਹੇ ਸਨ ਗੈਂਗਸਟਰ

**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਪੰਜਾਬੀ ਗਾਇਕ ਸ਼ੁਭਦੀਪ ਸਿੰਘ ਉਰਫ਼ ਸਿੱਧੂ ਮੂਸੇਵਾਲਾ ਕਤਲ ਕਾਂਡ ਦੇ ਮਾਮਲੇ ਵਿਚ ਸਾਰੇ ਸੁਰਾਗ ਲਾਉਣ ਅਤੇ ਗੈਂਗਸਟਰਾਂ ਦੇ ਤਾਣੇ-ਬਾਣੇ ਦਾ ਭੇਤ ਲਾਉਣ ਦਾ ਦਾਅਵਾ ਕੀਤਾ ਹੈ। ਪੰਜਾਬ ਸਰਕਾਰ ਵੱਲੋਂ ਗਠਿਤ ਗੈਂਗਸਟਰ ਵਿਰੋਧੀ ਟਾਸਕ ਫੋਰਸ ਦੇ ਮੁਖੀ ਪ੍ਰਮੋਦ ਬਾਨ ਨੇ ਦਾਅਵਾ ਕੀਤਾ ਕਿ ਗਾਇਕ ਮੂਸੇਵਾਲਾ ਦੇ ਕਤਲ ਦੀ ਯੋਜਨਾ ਕੈਨੇਡਾ ਬੈਠੇ ਗੈਂਗਸਟਰ ਗੋਲਡੀ ਬਰਾੜ, ਲਾਰੈਂਸ ਦੇ ਵਿਦੇਸ਼ ਬੈਠੇ ਭਰਾ ਅਨਮੋਲ ਬਿਸ਼ਨੋਈ ਅਤੇ ਇਨ੍ਹਾਂ ਦੇ ਇਕ ਹੋਰ ਸਾਥੀ ਸਚਿਨ ਥਾਪਾ, ਜੋ ਵਿਦੇਸ਼ 'ਚ ਹੀ ਬੈਠਾ ਹੈ, ਨੇ ਘੜੀ ਤੇ ਅੰਜਾਮ ਦਿੱਤੀ।

ਉਨ੍ਹਾਂ ਦੱਸਿਆ ਕਿ ਲਾਰੈਂਸ ਆਪਣੇ ਭਰਾ ਅਤੇ ਸਾਥੀ ਨੂੰ ਦਿੱਲੀ ਦੇ ਪਾਸਪੋਰਟ ਦਫ਼ਤਰ ਤੋਂ ਫਰਜ਼ੀ ਪਾਸਪੋਰਟ ਹਾਸਲ ਕਰਕੇ ਵਿਦੇਸ਼ ਪਹੁੰਚਾਉਣ ਵਿਚ ਕਾਮਯਾਬ ਰਿਹਾ ਸੀ। ਪੁਲਿਸ ਵੱਲੋਂ ਪਾਸਪੋਰਟ ਦਫ਼ਤਰਾਂ ਦੇ ਅਫ਼ਸਰਾਂ ਤੇ ਕਰਮਚਾਰੀਆਂ



ਦੀ ਗੈਂਗਸਟਰਾਂ ਤੇ ਅਪਰਾਧੀਆਂ ਨਾਲ ਮਿਲੀਭੁਗਤ ਦੀ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਅਧਿਕਾਰੀ ਨੇ ਦਾਅਵਾ ਕੀਤਾ ਕਿ ਸਿੱਧੂ ਮੂਸੇਵਾਲਾ ਕਤਲ ਮਾਮਲੇ ਵਿਚ ਕੀਤੀ ਤਫ਼ਤੀਸ਼ ਦੌਰਾਨ ਹੁਣ ਤੱਕ ਕਤਲ ਦੀ ਯੋਜਨਾ ਘੜਨ ਤੇ ਰੇਕੀ ਕਰਨ ਵਾਲਿਆਂ ਅਤੇ ਸ਼ੂਟਰਾਂ ਦਾ ਪਤਾ ਲਾਉਣ ਵਿਚ ਸਫਲਤਾ ਹਾਸਲ ਕਰਦਿਆਂ ਪੰਜਾਬ ਪੁਲਿਸ ਨੇ 13 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ।

ਉਨ੍ਹਾਂ ਦਾਅਵਾ ਕੀਤਾ ਕਿ ਪੁਲਿਸ ਨੇ ਬਹੁਤ ਘੱਟ ਸਮੇਂ ਵਿਚ ਇਸ ਸਮੁੱਚੇ ਮਾਮਲੇ ਨੂੰ ਨਾ ਸਿਰਫ ਹੱਲ ਕੀਤਾ ਬਲਕਿ ਦੂਜੇ ਸੂਬਿਆਂ ਦੀ ਪੁਲਿਸ ਵੀ ਪੰਜਾਬ ਪੁਲਿਸ ਵੱਲੋਂ ਦਿੱਤੀ ਸੂਚਨਾ ਦੇ ਆਧਾਰ 'ਤੇ ਸ਼ੂਟਰਾਂ ਅਤੇ ਹੋਰਨਾਂ ਅਪਰਾਧੀਆਂ ਨੂੰ ਕਾਬੂ ਕਰਨ ਵਿਚ ਕਾਮਯਾਬ ਰਹੀ। ਉਨ੍ਹਾਂ ਦਾਅਵਾ ਕੀਤਾ ਕਿ ਪਿਛਲੇ ਢਾਈ ਕੁ ਮਹੀਨਿਆਂ ਦੌਰਾਨ ਪੁਲਿਸ ਨੇ 147 ਗੈਂਗਸਟਰਾਂ ਨੂੰ ਗ੍ਰਿਫਤਾਰ ਕਰਕੇ ਗੈਂਗਸਟਰਾਂ ਦੇ 37 ਮਡਿਊਲਾਂ ਦਾ ਭਾਂਡਾ ਭੰਨਦਿਆਂ 130 ਹਥਿਆਰ ਬਰਾਮਦ ਕੀਤੇ ਹਨ। ਸ੍ਰੀ ਬਾਨ ਨੇ ਕਿਹਾ ਕਿ ਇਹ ਗੱਲ ਪਹਿਲੇ ਦਿਨ ਤੋਂ ਸਾਫ ਸੀ ਕਿ ਸਿੱਧੂ ਮੂਸੇਵਾਲਾ ਕਤਲ ਮਾਮਲੇ ਦਾ ਮਾਸਟਰਮਾਈਂਡ ਲਾਰੈਂਸ ਬਿਸ਼ਨੋਈ ਹੈ।

ਏ.ਜੀ.ਟੀ.ਐਫ. ਮੁਖੀ ਨੇ ਦੱਸਿਆ ਕਿ ਸਿੱਧੂ ਮੂਸੇਵਾਲਾ ਦਾ ਕਤਲ ਕਰਨ ਲਈ ਗੈਂਗਸਟਰਾਂ ਵੱਲੋਂ ਲੰਘੇ ਸਾਲ ਅਗਸਤ ਮਹੀਨੇ ਤੋਂ ਹੀ ਯੋਜਨਾ ਘੜੀ ਜਾ ਰਹੀ ਸੀ ਤੇ ਗੈਂਗਸਟਰ ਲਗਾਤਾਰ ਸ਼ੁਭਦੀਪ ਸਿੰਘ ਦਾ ਪਿੱਛਾ ਕਰ ਰਹੇ ਸਨ। ਉਨ੍ਹਾਂ ਦੱਸਿਆ ਕਿ ਕਤਲ ਨੂੰ ਅੰਜਾਮ ਦੇਣ ਲਈ ਇਸ ਸਾਲ ਦੌਰਾਨ ਹੀ ਕਾਤਲਾਂ ਵੱਲੋਂ ਸਿੱਧੂ ਮੂਸੇਵਾਲਾ ਦੀ ਤਿੰਨ ਵਾਰ ਰੇਕੀ ਕੀਤੀ ਗਈ ਸੀ। ਪੁਲਿਸ ਵੱਲੋਂ ਰੇਕੀ ਦੇ ਮਾਮਲੇ ਵਿਚ ਬਲਦੇਵ ਨਿੱਕੂ ਨਾਂ ਦੇ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਉਸ ਨੇ ਕੇਕੜਾ ਨਾਲ ਮਿਲ ਕੇ ਸਿੱਧੂ ਮੂਸੇਵਾਲਾ ਦੀ ਰੇਕੀ ਕੀਤੀ ਸੀ। ਉਨ੍ਹਾਂ ਦੱਸਿਆ ਕਿ 29 ਮਈ ਨੂੰ ਇਹ ਘਟਨਾ ਵਾਪਰੀ ਸੀ ਤੇ 25 ਮਈ ਤੋਂ ਸ਼ੂਟਰ ਮਾਨਸਾ ਦੇ ਆਸਪਾਸ ਹੀ ਰਹਿ ਰਹੇ ਸਨ। ਉਨ੍ਹਾਂ ਦੱਸਿਆ ਕਿ ਪੁਲਿਸ ਲਾਰੈਂਸ ਬਿਸ਼ਨੋਈ ਦੀ ਗ੍ਰਿਫਤਾਰੀ ਤੋਂ ਬਾਅਦ ਗੈਂਗਸਟਰਾਂ ਦੇ ਵਿੱਤੀ ਸਰੋਤ ਅਤੇ ਹਥਿਆਰਾਂ ਦੀ ਆਮਦ ਬਾਰੇ ਖੁਰਾ-ਖੋਜ ਲਾਉਣ ਵਿਚ ਵੀ ਕਾਮਯਾਬ ਹੋਈ ਹੈ। ਪੁਲਿਸ ਅਧਿਕਾਰੀ ਨੇ ਦੱਸਿਆ ਕਿ ਲਾਰੈਂਸ ਬਿਸ਼ਨੋਈ ਨੇ ਤਿਹਾੜ ਜੇਲ੍ਹ ਵਿਚ ਬੈਠਿਆਂ ਫੋਨ ਰਾਹੀਂ ਸਮੁੱਚੀ ਯੋਜਨਾ ਨੂੰ ਅੰਜਾਮ ਦਿੱਤਾ, ਜੋ ਬੜਾ ਗੰਭੀਰ ਸਵਾਲ ਤੇ ਜਾਂਚ ਦਾ ਵਿਸ਼ਾ ਹੈ।

### ਜਲੰਧਰ ਵਿਚ 13 ਸ਼ੂਟਰ ਵਿਦੇਸ਼ੀ ਕਰੰਸੀ ਸਣੇ ਕਾਬੂ

**ਜਲੰਧਰ:** ਸਥਾਨਕ ਦਿਹਾਤੀ ਦੀ ਪੁਲਿਸ ਨੇ ਗੈਂਗਸਟਰ ਪਿੰਦਾ ਨਿਹਾਲੂਵਾਲੀਆ ਗਰੋਹ ਦੇ 19 ਮੈਂਬਰਾਂ ਨੂੰ ਕਾਬੂ ਕੀਤਾ ਹੈ, ਜਿਨ੍ਹਾਂ ਵਿਚ 13 ਸ਼ੂਟਰ ਸ਼ਾਮਲ ਹਨ। ਦਿਹਾਤੀ ਪੁਲਿਸ ਦੇ ਐਸ.ਐਸ.ਪੀ. ਸਵਪਨ ਸ਼ਰਮਾ ਨੇ ਦੱਸਿਆ ਕਿ ਪੁਲਿਸ ਨੇ ਮੁਲਜ਼ਮਾਂ ਕੋਲੋਂ 11 ਹਥਿਆਰ, ਦੋ ਗੱਡੀਆਂ ਤੇ 8 ਲੱਖ ਰੁਪਏ ਦੀ ਵਿਦੇਸ਼ੀ ਕਰੰਸੀ ਵੀ ਜ਼ਬਤ ਕੀਤੀ ਹੈ। ਪੁਲਿਸ ਅਨੁਸਾਰ ਗ੍ਰਿਫਤਾਰ ਕੀਤੇ ਗਏ ਸ਼ੂਟਰਾਂ ਖਿਲਾਫ ਜਲੰਧਰ, ਕਪੂਰਥਲਾ, ਫਿਰੋਜ਼ਪੁਰ, ਤਰਨ ਤਾਰਨ ਤੇ ਬਠਿੰਡਾ ਵਿਚ 24 ਤੋਂ ਵੱਧ ਅਪਰਾਧਕ ਮਾਮਲੇ ਦਰਜ ਹਨ। ਜ਼ਿਕਰਯੋਗ ਹੈ ਕਿ ਗੈਂਗਸਟਰ ਵਿੱਕੀ ਗੌਂਡਰ ਦਾ ਕਰੀਬੀ ਸਾਥੀ ਪਲਵਿੰਦਰ ਸਿੰਘ ਹੁਣ ਇਸ ਗੈਂਗ ਦਾ ਸਰਗਨਾ ਹੈ ਤੇ ਉਹ ਇਸ ਵੇਲੇ ਗਰੀਸ 'ਚ ਰਹਿ ਰਹੇ ਗਰੋਹ ਦੇ ਇਕ ਹੋਰ ਸਾਥੀ ਪਰਮਜੀਤ ਉਰਫ ਪੰਮਾ ਵਾਸੀ ਸ਼ਾਹਕੋਟ ਨਾਲ ਰਲ ਕੇ ਸਭ ਕੁਝ ਸੰਭਾਲ ਰਿਹਾ ਹੈ।

## ਕੀਟਨਾਸ਼ਕਾਂ 'ਤੇ ਜੀ.ਐਸ.ਟੀ. ਘਟਾਉਣ ਦੀ ਮੰਗ ਰੱਖਾਂਗਾ: ਤੋਮਰ

**ਨਵੀਂ ਦਿੱਲੀ:** ਕੇਂਦਰੀ ਖੇਤੀ ਮੰਤਰੀ ਨਰੇਂਦਰ ਸਿੰਘ ਤੋਮਰ ਨੇ ਖੇਤੀ-ਰਸਾਇਣ ਉਦਯੋਗ ਨੂੰ ਭਰੋਸਾ ਦਿੱਤਾ ਕਿ ਉਹ ਵਿੱਤ ਮੰਤਰੀ ਕੋਲ ਕੀਟਨਾਸ਼ਕਾਂ 'ਤੇ ਵਸਤੂ ਅਤੇ ਸੇਵਾ ਕਰ (ਜੀ.ਐਸ.ਟੀ.) 18 ਫੀਸਦੀ ਤੋਂ ਘਟਾ ਕੇ 5 ਫੀਸਦ ਕਰਨ ਦੀ ਇੰਡਸਟਰੀ ਦੀ ਮੰਗ ਰੱਖਣਗੇ। 'ਫਿਕੀ' (ਐਫ.ਆਈ.ਸੀ.ਸੀ.ਆਈ.) ਦੀ 11ਵੀਂ ਐਗਰੋਕੈਮੀਕਲ ਕਾਨਫਰੰਸ-2022 ਨੂੰ ਸੰਬੋਧਨ ਕਰਦਿਆਂ ਖੇਤੀ ਮੰਤਰੀ ਨੇ ਫਸਲੀ ਭਿੰਨਤਾ ਦੀ ਲੋੜ 'ਤੇ ਜੋਰ ਦਿੱਤਾ ਅਤੇ ਆਖਿਆ ਕਿ ਕਿਸਾਨਾਂ ਨੂੰ ਬਾਗਬਾਨੀ ਅਤੇ ਮਹਿੰਗੀਆਂ ਫਸਲਾਂ ਦੀ ਕਾਸ਼ਤ ਕਰਨੀ ਚਾਹੀਦੀ ਹੈ। ਤੋਮਰ ਨੇ ਕਿਹਾ ਕਿ ਉਹ ਉਦਯੋਗ ਵੱਲੋਂ ਇਸ ਮੁੱਦੇ ਨੂੰ ਵਿੱਤ ਮੰਤਰਾਲੇ ਸਾਹਮਣੇ ਉਠਾਉਣਗੇ ਪਰ ਇਸ ਉਤੇ ਆਖਰੀ ਫੈਸਲਾ ਜੀ.ਐਸ.ਟੀ. ਕੌਂਸਲ ਕਰੇਗੀ।

# ਸਿੱਖ ਦੰਗੇ: ਕਾਨਪੁਰ 'ਚ ਗ੍ਰਿਫਤਾਰੀਆਂ ਦਾ ਸਿਲਸਿਲਾ

**ਕਾਨਪੁਰ (ਉਤਰ ਪ੍ਰਦੇਸ਼):** 1984 ਦੇ ਸਿੱਖ ਵਿਰੋਧੀ ਦੰਗਿਆਂ ਦੀ ਜਾਂਚ ਕਰ ਰਹੀ ਇਕ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਵੱਲੋਂ ਪੰਜ ਹੋਰ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਜੋ ਕਿ ਹਿੰਸਾ ਦੌਰਾਨ ਇਕ ਘਰ ਨੂੰ ਅੱਗ ਲਗਾਉਣ ਵਾਲੀ ਭੀੜ ਦਾ ਹਿੱਸਾ ਸਨ।

ਇਸ ਹਿੰਸਾ ਵਿਚ 127 ਵਿਅਕਤੀਆਂ ਦੀ ਮੌਤ ਹੋ ਗਈ ਸੀ। ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਉਨ੍ਹਾਂ ਦੇ ਆਪਣੇ ਸਿੱਖ ਸੁਰੱਖਿਆ ਗਾਰਡਾਂ ਵੱਲੋਂ ਹੱਤਿਆ ਕੀਤੇ ਜਾਣ ਤੋਂ ਬਾਅਦ ਭੜਕੀ ਹਿੰਸਾ ਸਬੰਧੀ ਐੱਸ.ਆਈ.ਟੀ. ਹੁਣ ਤੱਕ 11 ਵਿਅਕਤੀਆਂ ਨੂੰ ਗ੍ਰਿਫਤਾਰ ਕਰ ਚੁੱਕੀ ਹੈ। ਇਹ ਗ੍ਰਿਫਤਾਰੀਆਂ ਬੀਤੇ ਦਿਨ ਕੀਤੀਆਂ ਗਈਆਂ। ਦੰਗਿਆਂ ਸਬੰਧੀ ਮਾਮਲਿਆਂ ਦੀ ਮੁੜ ਜਾਂਚ ਲਈ ਤਿੰਨ ਸਾਲ ਪਹਿਲਾਂ ਉੱਤਰ ਪ੍ਰਦੇਸ਼ ਸਰਕਾਰ ਵੱਲੋਂ ਵਿਸ਼ੇਸ਼ ਜਾਂਚ ਟੀਮ ਬਣਾਈ ਗਈ ਸੀ। ਹੁਣ ਗ੍ਰਿਫਤਾਰ ਕੀਤੇ ਗਏ ਪੰਜ ਮੁਲਜ਼ਮਾਂ ਦੀ ਪਛਾਣ ਰਵੀ ਸ਼ੰਕਰ ਮਿਸ਼ਰਾ (76), ਭੋਲਾ ਕਸ਼ਿਅਪ (70), ਜਸਵੰਤ ਜਾਟਵ (68), ਰਮੇਸ਼ ਚੰਦਰ ਦੀਕਸ਼ਿਤ (62) ਅਤੇ ਗੰਗਾ ਬਕਸ਼ ਸਿੰਘ (60) ਵਾਸੀਆਨ ਕਿਦਵਈ ਨਗਰ ਵਜੋਂ ਹੋਈ ਹੈ। ਐਸ.ਆਈ.ਟੀ. ਦੀ ਅਗਵਾਈ ਕਰ ਰਹੇ ਡੀ.ਆਈ.ਜੀ. ਬਾਲੇਂਦੂ ਭੂਸ਼ਨ ਸਿੰਘ ਨੇ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਨੂੰ ਚੀਫ ਮੈਟਰੋਪੋਲੀਟਨ ਮੈਜਿਸਟਰੇਟ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਅਦਾਲਤ ਨੇ ਮੁਲਜ਼ਮਾਂ ਨੂੰ 14 ਦਿਨਾਂ ਦੀ ਨਿਆਇਕ ਹਿਰਾਸਤ ਵਿਚ ਭੇਜ ਦਿੱਤਾ। ਮੁਲਜ਼ਮਾਂ ਨੂੰ ਆਈ.ਪੀ.ਸੀ. ਦੀ ਧਾਰਾ 326 (ਖਤਰਨਾਕ ਹਥਿਆਰਾਂ ਨਾਲ ਜਾਣਬੁੱਝ ਕੇ ਸੱਟ ਮਾਰਨਾ), 396 (ਡਕੈਤੀ ਤੇ ਹੱਤਿਆ) ਅਤੇ 436 (ਘਰ ਨੂੰ ਢਹਿ-ਢੇਰੀ ਕਰਨ ਦੇ ਇਰਾਦੇ ਨਾਲ ਧਮਾਕਾਖੇਜ਼ ਸਮੱਗਰੀ ਜਾਂ ਅੱਗ ਦਾ ਇਸਤੇਮਾਲ ਕਰਨਾ) ਅਧੀਨ ਗ੍ਰਿਫਤਾਰ ਕੀਤਾ ਗਿਆ ਹੈ। ਡੀ.ਆਈ.ਜੀ. ਨੇ ਮੁਲਜ਼ਮਾਂ ਨੂੰ ਗ੍ਰਿਫਤਾਰ ਕਰਨ ਵਾਲੀ 17 ਮੈਂਬਰੀ ਟੀਮ ਦੀ ਸ਼ਲਾਘਾ ਕੀਤੀ ਅਤੇ ਟੀਮ ਲਈ 25,000 ਰੁਪਏ ਦੇ ਨਕਦ ਇਨਾਮ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਸਾਰੇ ਫਰਾਰ ਵਿਅਕਤੀਆਂ ਨੂੰ ਗ੍ਰਿਫਤਾਰ ਕਰਨ ਲਈ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

## ਦਿਨਕਰ ਗੁਪਤਾ ਐਨ.ਆਈ.ਏ. ਮੁਖੀ ਨਿਯੁਕਤ

**ਚੰਡੀਗੜ੍ਹ:** ਭਾਰਤੀ ਪੁਲਿਸ ਸੇਵਾ (ਆਈ.ਪੀ.ਐਸ.) ਦੇ ਸੀਨੀਅਰ ਅਧਿਕਾਰੀ ਦਿਨਕਰ ਗੁਪਤਾ ਨੂੰ ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਦਾ ਡਾਇਰੈਕਟਰ ਜਨਰਲ ਨਿਯੁਕਤ ਕੀਤਾ ਗਿਆ ਹੈ। ਇਹ ਜਾਣਕਾਰੀ ਪਰਸੋਨਲ ਮੰਤਰਾਲੇ ਵੱਲੋਂ ਜਾਰੀ ਇਕ ਹੁਕਮ ਰਾਹੀਂ ਦਿੱਤੀ ਗਈ। ਦਿਨਕਰ ਗੁਪਤਾ 1987 ਬੈਚ ਦੇ ਪੰਜਾਬ ਕਾਡਰ ਦੇ ਆਈ.ਪੀ.ਐਸ. ਅਧਿਕਾਰੀ ਹਨ। ਇਥੇ ਦੱਸਣਯੋਗ ਹੈ ਕਿ ਦਿਨਕਰ ਗੁਪਤਾ ਪੰਜਾਬ ਪੁਲਿਸ ਦੇ ਮੁਖੀ ਰਹਿ ਚੁੱਕੇ ਹਨ ਤੇ ਸੂਬੇ 'ਚ ਜਦੋਂ ਕਾਂਗਰਸ ਨੇ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਨਿਯੁਕਤ ਕੀਤਾ ਸੀ ਤਾਂ ਸਰਕਾਰ ਨੇ ਦਿਨਕਰ ਗੁਪਤਾ ਨੂੰ ਡੀ.ਜੀ.ਪੀ. ਦੇ ਅਹੁਦੇ ਤੋਂ ਹਟਾ ਦਿੱਤਾ ਸੀ।

# ਖਾਲਿਸਤਾਨੀ ਪ੍ਰਚਾਰ ਕਰਕੇ ਖਾਲਸਾ ਚੈਨਲ ਦਾ ਲਾਇਸੈਂਸ ਖੁੱਸਿਆ

**ਲੰਡਨ:** ਖਾਲਸਾ ਟੈਲੀਵਿਜ਼ਨ ਲਿਮਿਟਡ ਨੂੰ ਖਾਲਿਸਤਾਨੀ ਪ੍ਰਾਪੇਗੰਡੇ ਕਰਕੇ ਯੂ.ਕੇ. ਵਿਚ ਪ੍ਰਸਾਰਨ ਨਾਲ ਜੁੜਿਆ ਆਪਣਾ ਲਾਇਸੈਂਸ ਗੁਆਉਣਾ ਪੈ ਗਿਆ ਹੈ।

ਮੁਲਕ ਦੇ ਮੀਡੀਆ ਨਿਗਰਾਨ ਨੇ ਜਾਂਚ ਦੌਰਾਨ ਕੇ.ਟੀ.ਵੀ. ਚੈਨਲ ਨੂੰ ਪ੍ਰਸਾਰਨ ਨੇਮਾਂ ਦੀ ਉਲੰਘਣਾ ਦਾ ਦੋਸ਼ੀ ਪਾਇਆ ਸੀ। ਮੀਡੀਆ ਨਿਗਰਾਨ ਨੇ ਲਾਇਸੈਂਸ ਰੱਦ ਕਰਨ ਸਬੰਧੀ ਪਿਛਲੇ ਮਹੀਨੇ ਇਕ ਨੋਟਿਸ ਵੀ ਜਾਰੀ ਕੀਤਾ ਸੀ। ਸੰਚਾਰ ਦਫਤਰ (ਆਫਕੌਮ) ਨੇ ਐਲਾਨ ਕੀਤਾ ਕਿ ਉਨ੍ਹਾਂ ਨੂੰ ਲਾਇਸੈਂਸ ਰੱਦ ਕਰਨ ਬਾਰੇ ਨੋਟਿਸ 26 ਮਈ ਨੂੰ ਮਿਲ ਗਿਆ ਸੀ ਤੇ ਖਾਲਸਾ ਟੈਲੀਵਿਜ਼ਨ ਲਿਮਿਟਡ ਨੇ ਹੁਣ ਆਪਣਾ ਲਾਇਸੈਂਸ ਮੋੜ ਦਿੱਤਾ ਹੈ।

ਕਾਬਲੇਗੌਰ ਹੈ ਕਿ ਪਿਛਲੇ ਸਾਲ 30 ਦਸੰਬਰ ਨੂੰ ਕੇ.ਟੀ.ਵੀ. ਉਤੇ ਪ੍ਰਸਾਰਿਤ 'ਪ੍ਰਾਈਮ ਟਾਈਮ' ਪ੍ਰੋਗਰਾਮ ਲਈ ਕੰਪਨੀ ਨੂੰ ਪਹਿਲਾਂ ਨੋਟਿਸ ਤੇ ਮਗਰੋਂ ਮੁਅੱਤਲੀ ਨੋਟਿਸ ਜਾਰੀ ਕੀਤਾ ਗਿਆ ਸੀ। ਕੰਪਨੀ 'ਤੇ 'ਅਪਰਾਧ ਨੂੰ ਹੱਲਾਸ਼ੇਰੀ ਦੇਣ ਜਾਂ ਭੜਕਾਹਟ ਪੈਦਾ ਕਰਨ' ਵਾਲਾ ਵਿਸ਼ਾ-ਵਸਤੂ ਵਿਖਾ ਕੇ ਪ੍ਰਸਾਰਨ ਕੋਡ ਦੀ ਉਲੰਘਣਾ ਦਾ ਦੋਸ਼ ਲਾਇਆ ਗਿਆ ਸੀ। ਸੰਚਾਰ ਰੈਗੂਲੇਟਰ ਨੇ ਕਿਹਾ ਕਿ 95 ਮਿੰਟਾਂ ਦੇ ਲਾਈਵ ਵਿਚਾਰ ਚਰਚਾ ਪ੍ਰੋਗਰਾਮ ਵਿਚ ਅਜਿਹੀ ਸਮੱਗਰੀ ਸ਼ਾਮਲ ਸੀ ਜੋ 'ਹਿੰਸਾ ਭੜਕਾ' ਸਕਦੀ ਸੀ। ਸੰਚਾਰ ਦਫਤਰ ਨੇ ਇਕ ਬਿਆਨ ਵਿਚ ਕਿਹਾ, ''ਪਿਛਲੇ ਚਾਰ ਸਾਲਾਂ ਵਿਚ ਤੀਜੀ ਵਾਰ ਹੈ ਜਦੋਂ ਲਾਇਸੈਂਸੀ ਨੂੰ ਸਾਡੇ ਨੇਮਾਂ ਦੀ ਉਲੰਘਣਾ ਲਈ ਦੋਸ਼ੀ ਪਾਇਆ ਗਿਆ ਹੈ।'' ਆਫਕੌਮ ਵੱਲੋਂ ਖਾਲਸਾ ਟੈਲੀਵਿਜ਼ਨ ਲਿਮਿਟਡ ਦਾ ਲਾਇਸੈਂਸ ਮੁਅੱਤਲ ਕੀਤੇ ਜਾਣ ਮਗਰੋਂ ਕੇ.ਟੀ.ਵੀ. ਦਾ 31 ਮਾਰਚ ਤੋਂ ਪ੍ਰਸਾਰਨ ਬੰਦ ਹੈ। ਉਧਰ, ਕੇ.ਟੀ.ਵੀ. ਨੇ ਨੋਟਿਸਾਂ ਦੇ ਜਵਾਬ ਵਿਚ ਦਾਅਵਾ ਕੀਤਾ ਸੀ ਕਿ ਜਿਸ ਪ੍ਰੋਗਰਾਮ ਬਾਰੇ ਉਜ਼ਰ ਜਤਾਇਆ ਗਿਆ ਹੈ, ਉਸ ਵਿਚ ਅਜਿਹਾ ਕੁਝ ਨਹੀਂ ਸੀ ਜੋ ਨੇਮ 3.1 ਦੀ ਉਲੰਘਣਾ ਕਰਦਾ ਹੋਵੇ। ਆਫਕੌਮ ਨੇ ਪਿਛਲੇ ਸਾਲ ਫਰਵਰੀ ਵਿਚ ਇਕ ਸੰਗੀਤਕ ਵੀਡੀਓ ਤੇ ਵਿਚਾਰ ਚਰਚਾ ਪ੍ਰੋਗਰਾਮ ਦੇ ਪ੍ਰਸਾਰਨ ਲਈ ਚੈਨਲ ਨੂੰ 50,000 ਬ੍ਰਿਟਿਸ਼ ਪੌਂਡ ਦਾ ਜੁਰਮਾਨਾ ਲਾਇਆ ਸੀ।

## ਕਾਬੁਲ ਹਮਲਾ: ਦਾਦੂਵਾਲ ਵੱਲੋਂ ਗੁਰਦੁਆਰੇ ਦੀ ਕਾਰ ਸੇਵਾ ਲਈ 10 ਲੱਖ ਦੇਣ ਦਾ ਐਲਾਨ

**ਕਾਲਾਂਵਾਲੀ:** ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਲਜੀਤ ਸਿੰਘ ਦਾਦੂਵਾਲ ਨੇ ਕਾਬੁਲ ਵਿਚ ਨੁਕਸਾਨੇ ਗੁਰਦੁਆਰਾ ਕਰਤੇ ਪ੍ਰਵਾਨ ਦੀ ਕਾਰ ਸੇਵਾ ਲਈ 10 ਲੱਖ ਰੁਪਏ ਦੇਣ ਦਾ ਐਲਾਨ ਕੀਤਾ ਹੈ।

ਉਨ੍ਹਾਂ ਕਿਹਾ ਕਿ ਗੁਰਦੁਆਰੇ 'ਤੇ ਹਮਲਾ ਮੰਦਭਾਗਾ ਸੀ ਤੇ ਇਸ ਦੀ ਅਸਲੀਅਤ ਸਾਹਮਣੇ ਆਉਣੀ ਚਾਹੀਦੀ ਹੈ। ਇਹ ਹਮਲਾ ਤਾਲਿਬਾਨ ਵੱਲ ਨਹੀਂ ਸਗੋਂ ਕਿਸੇ ਹੋਰ ਸਾਜ਼ਿਸ਼ ਵੱਲ ਇਸ਼ਾਰਾ ਕਰਦਾ ਹੈ। ਜਥੇਦਾਰ ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਉਥੇ ਰਹਿ ਰਹੇ ਭਾਰਤੀਆਂ ਦੀ ਸੁਰੱਖਿਆ ਬਾਰੇ ਤਾਲਿਬਾਨ ਸਰਕਾਰ ਨਾਲ ਗੱਲਬਾਤ ਕੀਤੀ ਜਾਵੇ, ਜੇ ਭਾਰਤ ਸਰਕਾਰ ਪ੍ਰਬੰਧ ਕਰੇ ਤਾਂ ਉਹ ਇਕ ਵਫ਼ਦ ਭੇਜ ਕੇ ਗੁਰਦੁਆਰਾ ਸਾਹਿਬ ਦੀ ਕਾਰ ਸੇਵਾ ਕਰਵਾ ਸਕਦੇ ਹਨ। ਉਨ੍ਹਾਂ ਅਫ਼ਗਾਨਿਸਤਾਨ ਵਿਚ ਆਏ ਭੁਚਾਲ ਕਾਰਨ ਲੋਕਾਂ ਦੇ ਮਾਰੇ ਜਾਣ ਅਤੇ ਜ਼ਖਮੀ ਹੋਣ ਦੀ ਘਟਨਾ 'ਤੇ ਵੀ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

# ਕਿਸਾਨਾਂ ਵੱਲੋਂ ਫੌਜ ਵਿਚ ਭਰਤੀ ਵਾਲੀ ਅਗਨੀਪਥ ਯੋਜਨਾ ਖਿਲਾਫ ਮੁਜ਼ਾਹਰੇ

**ਚੰਡੀਗੜ੍ਹ:** ਕੇਂਦਰ ਸਰਕਾਰ ਦੀ ਅਗਨੀਪਥ ਯੋਜਨਾ ਵਿਰੁੱਧ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਉਤੇ ਪੰਜਾਬ ਭਰ ਵਿਚ ਪ੍ਰਦਰਸ਼ਨ ਕੀਤੇ ਗਏ ਅਤੇ ਅਰਥੀਆਂ ਫੂਕੀਆਂ ਗਈਆਂ। ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਵੱਲੋਂ ਵੀ ਪੰਜਾਬ ਭਰ ਵਿਚ ਡੀ.ਸੀ/ਐਸ.ਡੀ.ਐਮ. ਦਫਤਰਾਂ ਅੱਗੇ ਪ੍ਰਦਰਸ਼ਨ ਕੀਤੇ ਗਏ।

ਜਥੇਬੰਦੀ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਅਤੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਅਤੇ ਜ਼ਿਲ੍ਹਾ ਮਾਨਸਾ ਦੇ ਪ੍ਰਧਾਨ ਰਾਮ ਸਿੰਘ ਭੈਣੀ ਬਾਘਾ ਦੱਸਿਆ ਗਿਆ ਹੈ ਕਿ ਪੰਜਾਬ ਦੇ 19 ਜ਼ਿਲ੍ਹਿਆਂ ਵਿਚ ਪ੍ਰਦਰਸ਼ਨ ਕੀਤੇ। ਜਥੇਬੰਦਕ ਆਗੂਆਂ ਨੇ ਸਮੂਹ ਕਿਸਾਨਾਂ, ਖੇਤ ਮਜ਼ਦੂਰਾਂ, ਸਨਅਤੀ ਮਜ਼ਦੂਰਾਂ, ਮੁਲਾਜ਼ਮਾਂ, ਠੇਕਾ ਕਾਮਿਆਂ, ਨੌਜਵਾਨਾਂ, ਵਿਦਿਆਰਥੀਆਂ ਅਤੇ ਜਨਤਕ ਜਮਹੂਰੀ ਕਾਰਕੁਨਾਂ ਨਾਲ ਸੰਪਰਕ ਕਰਕੇ ਇਨ੍ਹਾਂ ਪ੍ਰਦਰਸ਼ਨਾਂ ਵਿਚ ਪਰਿਵਾਰਾਂ ਸਮੇਤ ਵਧ ਚੜ੍ਹ ਕੇ ਸ਼ਾਮਲ ਹੋਣ ਦਾ ਸੱਦਾ ਦਿੱਤਾ ਸੀ।

ਕਿਸਾਨ ਆਗੂਆਂ ਨੇ ਕਿਹਾ ਹੈ ਕਿ ਇਹ ਯੋਜਨਾ ਦੇਸ਼ ਦੇ ਕਰੋੜਾਂ ਬੇਰੁਜ਼ਗਾਰ ਨੌਜਵਾਨਾਂ ਲਈ ਪੱਕੀ ਸਰਕਾਰੀ ਨੌਕਰੀ ਦੀ ਗਾਰੰਟੀ ਦਾ ਹੱਕ ਵੀ



ਖੋਂਹਦੀ ਹੈ ਅਤੇ ਦੇਸ਼ ਦੀ ਸੁਰੱਖਿਆ ਲਈ ਵੀ ਖਤਰਾ ਖੜ੍ਹਾ ਕਰਦੀ ਹੈ। ਉਨ੍ਹਾਂ ਦੱਸਿਆ ਕਿ ਪ੍ਰਦਰਸ਼ਨਾਂ ਮੌਕੇ ਸਰਕਾਰੀ ਉਚ ਅਧਿਕਾਰੀਆਂ ਨੂੰ ਰਾਸ਼ਟਰਪਤੀ ਦੇ ਨਾਂ ਮੰਗ ਪੱਤਰ ਸੌਂਪ ਕੇ ਮੰਗ ਕੀਤੀ ਕਿ ਯੋਜਨਾ ਨੂੰ ਤੁਰਤ ਅਤੇ ਪੂਰੀ ਤਰ੍ਹਾਂ ਰੱਦ ਕਰਕੇ ਇਸ ਤਹਿਤ ਭਰਤੀ ਦਾ ਨੋਟੀਫਿਕੇਸ਼ਨ ਵਾਪਸ ਲਿਆ ਜਾਵੇ।

ਆਗੂਆਂ ਨੇ ਕਿਹਾ ਕਿ ਜੋ ਉਮਰ ਅਗਨੀਪਥ ਸੇਵਾ ਵਿਚ ਭਰਤੀ ਹੋਣ ਦੀ ਰੱਖੀ ਗਈ ਹੈ, ਇਹੋ ਹੀ ਵੇਲਾ ਨੌਜਵਾਨਾਂ ਦੀ ਪੜ੍ਹਾਈ ਦਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਸਿਵਲ ਆਸਾਮੀ 'ਤੇ ਭਰਤੀ ਹੋਣ ਲਈ ਘੱਟੋ ਘੱਟ ਯੋਗਤਾ ਗ੍ਰੈਜੂਏਸ਼ਨ ਹੈ, ਪਰ ਪੜ੍ਹਾਈ ਵਿਚਾਲੇ ਛੱਡ ਕੇ ਅਗਨੀਪਥ ਸਕੀਮ ਵਿਚ ਭਰਤੀ ਹੋਏ ਨੌਜਵਾਨਾਂ ਦੀ ਪੜ੍ਹਾਈ ਦੀ ਲੈਅ ਟੁੱਟ ਜਾਵੇਗੀ ਤੇ ਉਹ ਸੇਵਾਮੁਕਤ ਹੋਣ ਉਪਰੰਤ ਹੋਰ ਸਰਕਾਰੀ ਨੌਕਰੀ ਪ੍ਰਾਪਤ ਕਰਨ ਤੋਂ ਵਾਂਝੇ ਰਹਿ ਜਾਣਗੇ। ਉਨ੍ਹਾਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਫੈਸਲੇ ਨੂੰ ਤੁਰਤ ਬਦਲਿਆ ਜਾਵੇ। ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਵੱਲੋਂ ਆਪਣੇ ਸਾਥੀਆਂ ਦੇ ਨਾਲ ਸ੍ਰੀ ਆਨੰਦਪੁਰ ਸਾਹਿਬ ਵਿਖੇ ਮੀਟਿੰਗ ਕਰਕੇ ਵੱਖ-ਵੱਖ ਮਤੇ ਪਾਸ ਕੀਤੇ ਗਏ। ਸ੍ਰੀ ਰਾਜੇਵਾਲ ਨੇ ਕੇਂਦਰ ਦੀ ਅਗਨੀਪਥ ਸਕੀਮ ਨੂੰ ਰਾਸ਼ਟਰ ਵਿਰੋਧੀ ਸਕੀਮ ਕਰਾਰ ਦਿੱਤਾ, ਉਨ੍ਹਾਂ ਕਿਹਾ ਕਿ ਸਰਕਾਰ ਨੂੰ ਜਲਦ ਤੋਂ ਜਲਦ ਇਹ ਸਕੀਮ ਵਾਪਸ ਲੈਣੀ ਚਾਹੀਦੀ ਹੈ ਕਿਉਂਕਿ ਇਸ ਨਾਲ ਕਿਸੇ ਦਾ ਵੀ ਲਾਭ ਨਹੀਂ ਹੋਵੇਗਾ। ਭਾਰਤੀ ਕਿਸਾਨ ਯੂਨੀਅਨ (ਏਕਤਾ) ਉਗਰਾਹਾਂ ਨੇ ਰੋਸ ਮੁਜ਼ਾਹਰਾ ਕੀਤਾ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪੁਤਲਾ ਫੂਕਿਆ। ਇਸ ਮਗਰੋਂ ਯੂਨੀਅਨ ਦੇ ਵਫ਼ਦ ਨੇ ਐਸ.ਡੀ.ਐਮ ਨੂੰ ਰਾਸ਼ਟਰਪਤੀ ਦੇ ਨਾਮ ਮੰਗ ਪੱਤਰ ਦਿੱਤਾ।

### ਵਿਰੋਧ ਦੇ ਬਾਵਜੂਦ ਹਵਾਈ ਸੈਨਾ ਵੱਲੋਂ ਭਰਤੀ ਸ਼ੁਰੂ

**ਨਵੀਂ ਦਿੱਲੀ:** ਭਾਰਤੀ ਹਵਾਈ ਸੈਨਾ 'ਚ ਅਗਨੀਪਥ ਯੋਜਨਾ ਤਹਿਤ ਭਰਤੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ। ਜ਼ਿਕਰਯੋਗ ਹੈ ਕਿ 14 ਜੂਨ ਨੂੰ ਅਗਨੀਪਥ ਯੋਜਨਾ ਦਾ ਐਲਾਨ ਕਰਦਿਆਂ ਸਰਕਾਰ ਨੇ ਕਿਹਾ ਸੀ ਕਿ ਸਾਢੇ 17 ਤੋਂ 21 ਸਾਲ ਤੱਕ ਦੇ ਨੌਜਵਾਨਾਂ ਨੂੰ ਚਾਰ ਸਾਲਾਂ ਲਈ ਭਰਤੀ ਕੀਤਾ ਜਾਵੇਗਾ। ਇਨ੍ਹਾਂ 'ਚੋਂ 25 ਫੀਸਦੀ ਨੂੰ ਪੱਕੇ ਤੌਰ 'ਤੇ ਫੌਜ 'ਚ ਸ਼ਾਮਲ ਕਰ ਲਿਆ ਜਾਵੇਗਾ। ਇਸ ਯੋਜਨਾ ਦਾ ਦੇਸ਼ ਦੇ ਕਈ ਹਿੱਸਿਆ 'ਚ ਵਿਰੋਧ ਹੋਇਆ ਸੀ ਅਤੇ ਹਿੰਸਕ ਪ੍ਰਦਰਸ਼ਨ ਹੋਏ ਸਨ। ਕਈ ਵਿਰੋਧੀ ਪਾਰਟੀਆਂ ਅਤੇ ਫੌਜੀ ਮਾਹਿਰਾਂ ਨੇ ਇਸ ਯੋਜਨਾ ਦੀ ਨੁਕਤਾਚੀਨੀ ਕਰਦਿਆਂ ਕਿਹਾ ਸੀ ਕਿ ਇਸ ਦਾ ਹਥਿਆਰਬੰਦ ਬਲਾਂ ਦੀ ਕਾਰਜ ਸਮਰੱਥਾ 'ਤੇ ਮਾੜਾ ਅਸਰ ਪਵੇਗਾ।

# ਰੂਸੀ ਸੋਨੇ 'ਤੇ ਪਾਬੰਦੀ ਲਈ ਜੀ-7 ਨੇ ਹੱਥ ਮਿਲਾਏ



**ਲੰਡਨ:** ਰੂਸ ਤੋਂ ਆਉਣ ਵਾਲੇ ਸੋਨੇ ਨੂੰ ਇੰਗਲੈਂਡ, ਅਮਰੀਕਾ, ਕੈਨੇਡਾ ਅਤੇ ਜਾਪਾਨ 'ਚ ਦਾਖਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਜਰਮਨੀ 'ਚ ਚੱਲ ਰਹੇ ਜੀ-7 ਸਿਖਰ ਸੰਮੇਲਨ ਦੌਰਾਨ ਯੂਕਰੇਨ 'ਚ ਜੰਗ ਥੋਪਣ ਲਈ ਰੂਸ ਖਿਲਾਫ ਹੋਰ ਨਵੀਆਂ ਸਖਤ ਪਾਬੰਦੀਆਂ 'ਤੇ ਸਹਿਮਤੀ ਬਣੀ ਹੈ।

ਸਾਲ 2021 ਦੌਰਾਨ ਰੂਸ ਨੇ 12.6 ਅਰਬ ਪੌਂਡ ਸੋਨੇ ਦੀ ਬਰਾਮਦਗੀ ਕੀਤੀ ਸੀ। ਪਿਛਲੇ ਕੁਝ ਮਹੀਨਿਆਂ 'ਚ ਰੂਸੀ ਕਾਰੋਬਾਰੀਆਂ ਨੇ ਇਸ ਦੀ ਖਰੀਦਦਾਰੀ ਵਧਾ ਦਿੱਤੀ ਸੀ ਤਾਂ ਜੋ ਪੱਛਮੀ ਮੁਲਕਾਂ ਵੱਲੋਂ ਲਾਈਆਂ ਗਈਆਂ ਪਾਬੰਦੀਆਂ ਦੇ ਵਿੱਤੀ ਅਸਰ ਤੋਂ ਬਚਿਆ ਜਾ ਸਕੇ। ਬਾਵਾਰੀਆ 'ਚ ਸਿਖਰ ਸੰਮੇਲਨ ਲਈ ਪਹੁੰਚੇ ਇੰਗਲੈਂਡ ਦੇ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨੇ ਕਿਹਾ,"ਜੀ-7 ਮੁਲਕਾਂ ਵੱਲੋਂ ਅੱਜ ਐਲਾਨੇ ਗਏ ਕਦਮਾਂ ਦਾ ਸਿੱਧੇ ਤੌਰ 'ਤੇ ਰੂਸੀ ਕਾਰੋਬਾਰੀਆਂ ਅਤੇ ਪੂਤਿਨ ਵੱਲੋਂ ਛੇੜੀ ਜੰਗ 'ਤੇ ਅਸਰ ਪਵੇਗਾ।

ਪੂਤਿਨ ਜੰਗ 'ਚ ਆਪਣੇ ਸਰੋਤਾਂ ਦੀ ਵਰਤੋਂ ਕਰ ਰਿਹਾ ਹੈ। ਉਹ ਯੂਕਰੇਨੀ ਅਤੇ ਰੂਸੀ ਲੋਕਾਂ ਦੀ ਇਵਜ਼ 'ਚ ਆਪਣੀ ਹਉਮੈ ਨੂੰ ਸ਼ਾਂਤ ਕਰ ਰਿਹਾ ਹੈ। ਸਾਨੂੰ ਪੂਤਿਨ ਸਰਕਾਰ ਦੇ ਫੰਡਾਂ 'ਤੇ ਲਗਾਮ ਲਗਾਉਣੀ ਪਵੇਗੀ। ਯੂਕੇ ਅਤੇ ਸਾਡੇ ਹੋਰ ਭਾਈਵਾਲ ਹੁਣ ਇਹੋ ਕਰ ਰਹੇ ਹਨ।"

ਯੂਕੇ ਦੇ ਚਾਂਸਲਰ ਰਿਸ਼ੀ ਸੂਨਕ ਨੇ ਕਿਹਾ ਕਿ ਰੂਸੀ ਸੋਨੇ ਦੀ ਦਰਾਮਦ 'ਤੇ ਪਾਬੰਦੀ ਲਈ ਉਨ੍ਹਾਂ ਦੇ ਮੁਲਕ ਨੇ ਅਮਰੀਕਾ, ਕੈਨੇਡਾ ਅਤੇ ਜਾਪਾਨ ਨਾਲ ਹੱਥ ਮਿਲਾਏ ਹਨ। ਜੀ-7 ਸਿਖਰ ਸੰਮੇਲਨ 'ਚ ਇੰਗਲੈਂਡ ਵੱਲੋਂ ਇਹ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਰੂਸ ਨੂੰ ਕੌਮਾਂਤਰੀ ਵਿੱਤੀ ਪ੍ਰਣਾਲੀ 'ਚੋਂ ਅਲੱਗ-ਥਲੱਗ ਕਰ ਦਿੱਤਾ ਜਾਵੇ।

# ਅਸਾਮ 'ਚ ਹੜ੍ਹਾਂ ਨਾਲ ਲੱਖਾਂ ਲੋਕ ਪ੍ਰਭਾਵਿਤ



**ਗੁਹਾਟੀ:** ਅਸਾਮ ਵਿਚ ਹੜ੍ਹਾਂ ਕਾਰਨ ਸਥਿਤੀ ਗੰਭੀਰ ਬਣੀ ਹੋਈ ਹੈ। ਸੂਬੇ ਦੇ ਤਕਰੀਬਨ 30 ਲੱਖ ਲੋਕ ਹੁਣ ਵੀ ਹੜ੍ਹਾਂ ਦੀ ਲਪੇਟ ਵਿਚ ਹਨ ਹਾਲਾਂਕਿ ਕੁਝ ਇਲਾਕਿਆਂ 'ਚ ਨਦੀਆਂ ਦੇ ਪਾਣੀ ਦਾ ਪੱਧਰ ਘੱਟ ਰਿਹਾ ਹੈ। ਰਾਜ ਦੇ ਮੁੱਖ ਮੰਤਰੀ ਹਿਮੰਤ ਬਿਸਵਾ ਸਰਮਾ ਨੇ ਹੜ੍ਹ ਕਾਰਨ ਸਭ ਤੋਂ ਪ੍ਰਭਾਵਿਤ ਕਚਾਰ ਜ਼ਿਲ੍ਹੇ ਦੇ ਸਿਲਚਰ ਦਾ ਦੌਰਾ ਕੀਤਾ ਅਤੇ ਬਰਾਕ ਘਾਟੀ ਸ਼ਹਿਰ 'ਚ ਹੜ੍ਹ ਕਾਰਨ ਹੋਏ ਨੁਕਸਾਨ ਦਾ ਜਾਇਜ਼ਾ ਲਿਆ।

ਅਸਾਮ ਰਾਜ ਆਫਤ ਪ੍ਰਬੰਧਨ ਅਥਾਰਿਟੀ (ਏ.ਐਸ.ਡੀ.ਐਮ.ਏ.) ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਰਾਜ ਦੇ 27 ਹੜ੍ਹ ਪ੍ਰਭਾਵਿਤ ਜ਼ਿਲ੍ਹਿਆਂ 'ਚ 25 ਲੱਖ ਤੋਂ ਵੱਧ ਲੋਕ ਅਜੇ ਵੀ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ ਜਿਨ੍ਹਾਂ 'ਚ 79 ਮਾਲ ਸਰਕਲ ਤੇ 2894 ਪਿੰਡ ਸ਼ਾਮਲ ਹਨ। ਪਿਛਲੇ ਦੋ ਹਫਤਿਆਂ ਤੋਂ ਹੜ੍ਹ ਤੇ ਢਿੱਗਾਂ ਖਿਸਕਣ ਨਾਲ ਜੂਝ ਰਹੇ ਉੱਤਰ-ਪੂਰਬੀ ਰਾਜ ਦੇ 637 ਰਾਹਤ ਕੈਂਪਾਂ 'ਚ 2.33 ਲੱਖ ਲੋਕਾਂ ਨੇ ਸ਼ਰਨ ਲਈ ਹੋਈ ਹੈ। ਸੂਬੇ 'ਚ ਵੱਖ-ਵੱਖ ਥਾਵਾਂ 'ਤੇ 259 ਵੰਡ ਕੇਂਦਰਾਂ ਰਾਹੀਂ ਲੋਕਾਂ ਨੂੰ ਰਾਹਤ ਸਮੱਗਰੀ ਵੰਡੀ ਜਾ ਰਹੀ ਹੈ। ਜਾਣਕਾਰੀ ਅਨੁਸਾਰ ਵੱਖ-ਵੱਖ ਏਜੰਸੀਆਂ ਨੇ ਹੁਣ ਤੱਕ 67,237 ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਹੈ।

ਆਲ ਇੰਡੀਆ ਪੀਪਲਜ਼ ਸਾਇੰਸ ਨੈਟਵਰਕ (ਏ.ਆਈ.ਪੀ.ਐਸ.ਐਨ.) ਦੀ ਅਸਾਮ ਕਮੇਟੀ ਨੇ ਅਸਾਮ ਵਿਚ ਹੜ੍ਹ ਕਾਰਨ ਬਣੀ ਸਥਿਤੀ ਤੇ ਜ਼ਮੀਨ ਖੁਰਨ 'ਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਸੂਬਾ ਤੇ ਕੇਂਦਰ ਸਰਕਾਰ 'ਤੇ ਦੋਸ਼ ਲਾਇਆ ਕਿ ਦੋਵਾਂ ਸਰਕਾਰਾਂ ਨੇ ਇਨ੍ਹਾਂ ਸਮੱਸਿਆਵਾਂ ਵੱਲ ਧਿਆਨ ਨਹੀਂ ਦਿੱਤਾ ਹੈ। ਕਮੇਟੀ ਨੇ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਤੁਰਤ ਵੱਧ ਤੋਂ ਵੱਧ ਰਾਹਤ ਸਮੱਗਰੀ ਪਹੁੰਚਾਏ ਜਾਣ ਦੀ ਮੰਗ ਕੀਤੀ ਹੈ। ਕਮੇਟੀ ਨੇ ਨਾਲ ਹੀ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਹੈਜ਼ਾ ਤੇ ਮਲੇਰੀਆ ਜਿਹੀਆਂ ਬਿਮਾਰੀਆਂ ਦੀ ਰੋਕਥਾਮ ਲਈ ਕਦਮ ਚੁੱਕਣ ਦੀ ਮੰਗ ਵੀ ਕੀਤੀ ਹੈ।

# ਆਰਥਿਕ ਸੰਕਟ ਸੁਲਝਾਉਣ ਲਈ ਅਮਰੀਕੀ ਅਧਿਕਾਰੀ ਸ੍ਰੀਲੰਕਾ 'ਚ



**ਕੋਲੰਬੋ:** ਮੁਲਕ ਨੂੰ ਆਰਥਿਕ ਸੰਕਟ 'ਚੋਂ ਕੱਢਣ ਲਈ ਅਮਰੀਕਾ ਦਾ ਉੱਚ ਪੱਧਰੀ ਵਫਦ ਸ੍ਰੀਲੰਕਾ ਪਹੁੰਚਿਆ। ਵਫਦ ਵੱਲੋਂ ਮੁਲਕ ਦੇ ਸਿਖਰਲੇ ਆਗੂਆਂ ਨਾਲ ਗੱਲਬਾਤ ਕਰਕੇ ਉਨ੍ਹਾਂ ਨੂੰ ਆਰਥਿਕ ਸੰਕਟ 'ਚੋਂ ਕੱਢਣ ਦੇ ਢੁਕਵੇਂ ਰਾਹ ਵੀ ਦੱਸੇ ਜਾਣਗੇ।

ਚਾਰ ਰੋਜ਼ਾ ਦੌਰੇ 'ਤੇ ਆਏ ਇਸ ਵਫਦ 'ਚ ਅਮਰੀਕੀ ਵਿੱਤ ਅਤੇ ਵਿਦੇਸ਼ ਵਿਭਾਗ ਦੇ ਨੁਮਾਇੰਦੇ ਸ਼ਾਮਲ ਹਨ। ਅਮਰੀਕੀ ਸਫ਼ਾਰਤਖਾਨੇ ਨੇ ਇਕ ਬਿਆਨ 'ਚ ਕਿਹਾ ਕਿ ਸ੍ਰੀਲੰਕਾ ਆਰਥਿਕ ਸੰਕਟ ਨੂੰ ਫੌਰੀ ਸੁਲਝਾਉਣਾ ਚਾਹੁੰਦਾ ਹੈ ਅਤੇ ਉਸ ਦੀ ਸਹਾਇਤਾ ਲਈ ਉੱਚ ਪੱਧਰੀ ਵਫਦ ਇਥੇ ਪਹੁੰਚਿਆ ਹੈ। ਸ੍ਰੀਲੰਕਾ 'ਚ ਅਮਰੀਕੀ ਸਫ਼ੀਰ ਜੂਲੀ ਚੁੰਗ ਨੇ ਕਿਹਾ ਕਿ ਸ੍ਰੀਲੰਕਾ ਦੇ ਲੋਕਾਂ ਦੀ ਸੁਰੱਖਿਆ ਤੇ ਖੁਸ਼ਹਾਲੀ ਲਈ ਅਮਰੀਕਾ ਵਚਨਬੱਧ ਹੈ। ਵਫਦ 'ਚ ਏਸ਼ੀਆ ਲਈ ਵਿੱਤ ਵਿਭਾਗ ਦੇ ਉਪ ਸਹਾਇਕ ਸਕੱਤਰ ਰੌਬਰਟ ਕਾਪਰੌਥ ਅਤੇ ਦੱਖਣੀ ਤੇ ਮੱਧ ਏਸ਼ੀਆ ਮਾਮਲਿਆਂ ਦੇ ਵਿਦੇਸ਼ ਉਪ ਸਹਾਇਕ ਸਕੱਤਰ ਸਫ਼ੀਰ ਕੈਲੀ ਕੀਡਰਲਿੰਗ ਸ਼ਾਮਲ ਹਨ। ਬੀਤੇ ਦੋ ਹਫਤਿਆਂ 'ਚ ਅਮਰੀਕਾ ਨੇ ਸ੍ਰੀਲੰਕਾ ਨੂੰ 12 ਕਰੋੜ ਡਾਲਰ ਦੀ ਸਹਾਇਤਾ ਦਾ ਐਲਾਨ ਕੀਤਾ ਹੈ। ਅਮਰੀਕਾ ਨੇ ਕੌਮਾਂਤਰੀ ਮੁਦਰਾ ਫੰਡ ਤੋਂ ਵੀ ਸ੍ਰੀਲੰਕਾ ਨੂੰ ਸਹਾਇਤਾ ਪ੍ਰਦਾਨ ਕਰਨ ਦੀ ਹਾਮੀ ਭਰੀ ਹੈ।

# ਰੂਸ ਨੇ ਕੀਵ ਦੀਆਂ ਰਿਹਾਇਸ਼ੀ ਇਮਾਰਤਾਂ ਢਾਹੀਆਂ



**ਕੀਵ:** ਰੂਸ ਨੇ ਯੂਕਰੇਨ ਦੀ ਰਾਜਧਾਨੀ ਕੀਵ ਦੀਆਂ ਦੋ ਰਿਹਾਇਸ਼ੀ ਇਮਾਰਤਾਂ 'ਤੇ ਜ਼ੋਰਦਾਰ ਹਮਲੇ ਕੀਤੇ। ਕੀਵ ਦੇ ਮੇਅਰ ਵਿਤਾਲੀ ਕਲਿਸ਼ਕੋ ਨੇ ਦੱਸਿਆ ਕਿ ਚਾਰ ਵਿਅਕਤੀਆਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਮਲਬੇ 'ਚੋਂ ਸੱਤ ਸਾਲ ਦੀ ਬੱਚੀ ਨੂੰ ਵੀ ਕੱਢਿਆ ਗਿਆ ਹੈ। ਰੂਸੀ ਫੌਜ ਵੱਲੋਂ ਪੂਰਬੀ ਖਿੱਤੇ 'ਚ ਹੋਰ ਇਲਾਕਿਆਂ 'ਤੇ ਆਪਣੀ ਸਥਿਤੀ ਮਜ਼ਬੂਤ ਕੀਤੀ ਜਾ ਰਹੀ ਹੈ।

ਯੂਕਰੇਨ ਦੇ ਸੰਸਦ ਮੈਂਬਰ ਓਲੈਕਸੀ ਗੋਂਚਾਰੇਂਕੋ ਨੇ ਟੈਲੀਗ੍ਰਾਮ ਐਪ 'ਤੇ ਲਿਖਿਆ ਕਿ ਮੁਢਲੀ ਜਾਣਕਾਰੀ ਮੁਤਾਬਕ ਕੀਵ 'ਚ 14 ਮਿਜ਼ਾਈਲਾਂ ਦਾਗੀਆਂ ਗਈਆਂ ਹਨ। ਰੂਸ ਨੇ 5 ਜੂਨ ਤੋਂ ਬਾਅਦ ਕੀਵ 'ਤੇ ਇੰਨੇ ਵੱਡੇ ਪੱਧਰ 'ਤੇ ਹਵਾਈ ਹਮਲੇ ਕੀਤੇ ਹਨ। ਕਲਿਸ਼ਕੋ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਮੈਡਰਿਡ 'ਚ ਇਸ ਹਫਤੇ ਤੋਂ ਸ਼ੁਰੂ ਹੋ ਰਹੇ ਨਾਟੋ ਸਿਖਰ ਸੰਮੇਲਨ ਤੋਂ ਪਹਿਲਾਂ ਇਹ ਸੰਕੇਤਕ ਤੌਰ 'ਤੇ ਹਮਲਾ ਕੀਤਾ ਗਿਆ ਜਾਪਦਾ ਹੈ। ਕੀਵ 'ਚ ਦੋ ਹੋਰ ਧਮਾਕੇ ਵੀ ਸੁਣੇ ਗਏ ਪਰ ਸੰਭਾਵੀ ਜਾਨ-ਮਾਲ ਦੇ ਨੁਕਸਾਨ ਦਾ ਫੌਰੀ ਪਤਾ ਨਹੀਂ ਲੱਗ ਸਕਿਆ। ਇਸ ਦੌਰਾਨ ਰੂਸੀ ਫੌਜ ਨੇ ਪੂਰਬੀ ਲੁਹਾਂਸਕ ਖਿੱਤੇ 'ਤੇ ਮੁਕੰਮਲ ਕਬਜ਼ੇ ਲਈ ਹੰਭਲਾ ਮਾਰਿਆ ਹੈ। ਲੁਹਾਂਸਕ ਦੇ ਗਵਰਨਰ ਸੇਰਹੀ ਹਾਇਦਾਈ ਨੇ ਕਿਹਾ ਕਿ ਰੂਸ ਵੱਲੋਂ ਲਿਸੀਚਾਂਸਕ ਸ਼ਹਿਰ 'ਚ ਹਵਾਈ ਹਮਲੇ ਕਰਕੇ ਟੀਵੀ ਟਾਵਰ ਅਤੇ ਪੁਲ ਤਬਾਹ ਕਰ ਦਿੱਤਾ ਹੈ। ਰੂਸੀ ਰੱਖਿਆ ਮੰਤਰਾਲੇ ਦੇ ਤਰਜਮਾਨ ਇਗੋਰ ਕੋਨਾਸ਼ੇਂਕੋਵ ਨੇ ਕਿਹਾ ਕਿ ਮਾਸਕੋ ਦੀ ਹਮਾਇਤ ਪ੍ਰਾਪਤ ਵੱਖਵਾਦੀ ਤਾਕਤਾਂ ਨੇ ਹੁਣ ਸਿਵੀਏਰਦੋਨੇਤਸਕ 'ਤੇ ਕਬਜ਼ਾ ਕਰ ਲਿਆ ਹੈ।

# ਜ਼ਿਮਨੀ ਚੋਣ: ਭਾਜਪਾ ਨੂੰ 5, ਕਾਂਗਰਸ ਨੂੰ 2 ਤੇ ਵਾਈ.ਐਸ.ਆਰ. ਕਾਂਗਰਸ ਤੇ 'ਆਪ' ਨੂੰ 1-1 ਸੀਟ

**ਨਵੀਂ ਦਿੱਲੀ:** ਦੋ ਰਾਜਾਂ ਦੀਆਂ ਤਿੰਨ ਲੋਕ ਸਭਾ ਤੇ ਦਿੱਲੀ ਤੇ ਤਿੰਨ ਰਾਜਾਂ ਦੀਆਂ ਸੱਤ ਅਸੈਂਬਲੀ ਸੀਟਾਂ ਲਈ ਹੋਈ ਜ਼ਿਮਨੀ ਚੋਣ ਵਿਚ ਭਾਜਪਾ ਨੇ ਦੋ ਸੰਸਦੀ ਸੀਟਾਂ ਤੇ ਤ੍ਰਿਪੁਰਾ ਵਿਧਾਨ ਸਭਾ ਦੀਆਂ ਤਿੰਨ ਸੀਟਾਂ 'ਤੇ ਜਿੱਤ ਦਰਜ ਕੀਤੀ ਹੈ ਜਦੋਂਕਿ ਪੰਜਾਬ ਵਿਚ ਸੰਗਰੂਰ ਸੰਸਦੀ ਸੀਟ ਤੋਂ ਸੱਤਾਧਾਰੀ 'ਆਪ' ਤੇ ਯੂਪੀ ਵਿਚ ਮੁੱਖ ਵਿਰੋਧੀ ਧਿਰ ਸਮਾਜਵਾਦੀ ਪਾਰਟੀ ਨੂੰ ਰਾਮਪੁਰ ਤੇ ਆਜ਼ਮਗੜ੍ਹ ਵਿਚ ਝਟਕਾ ਲੱਗਾ ਹੈ। 'ਆਪ' ਕੌਮੀ ਰਾਜਧਾਨੀ ਵਿਚ ਰਾਜਿੰਦਰ ਨਗਰ ਸੀਟ 'ਤੇ ਜਿੱਤ ਦਰਜ ਕਰਨ ਵਿਚ ਸਫਲ ਰਹੀ। ਆਂਧਰਾ ਪ੍ਰਦੇਸ਼ ਵਿਚ ਸੱਤਾਧਾਰੀ ਵਾਈ.ਐਸ.ਆਰ. ਕਾਂਗਰਸ ਦਾ ਉਮੀਦਵਾਰ ਮੇਕਾਪਤੀ ਵਿਕਰਮ ਰੈਡੀ ਆਤਮਾਕੁਰੂ ਅਸੈਂਬਲੀ ਸੀਟ ਤੋਂ 82,888 ਦੇ ਫਰਕ ਨਾਲ ਜੇਤੂ ਰਿਹਾ ਜਦੋਂਕਿ ਝਾਰਖੰਡ ਵਿਚ ਕਾਂਗਰਸ ਉਮੀਦਵਾਰ ਸ਼ਿਲਪਾ ਨੇਹਾ ਟਿਰਕੀ ਮਾਂਡਰ ਸੀਟ ਤੋਂ ਜਿੱਤ ਗਈ। ਟਿਰਕੀ ਨੇ ਭਾਜਪਾ ਦੀ ਗੰਗੋਤਰੀ ਕੁਜੂਰ ਨੂੰ 23,517 ਵੋਟਾਂ ਦੇ ਫਰਕ ਨਾਲ ਮਾਤ ਦਿੱਤੀ।

ਤ੍ਰਿਪੁਰਾ ਦੀਆਂ ਚਾਰ ਅਸੈਂਬਲੀ ਸੀਟਾਂ ਵਿਚੋਂ ਤਿੰਨ 'ਤੇ ਭਾਜਪਾ ਜਿੱਤ ਗਈ। ਮੁੱਖ ਮੰਤਰੀ ਮਾਨਿਕ ਸਾਹਾ ਨੂੰ 17,181 ਵੋਟਾਂ ਮਿਲੀਆਂ। ਕਾਂਗਰਸ ਉਮੀਦਵਾਰ ਸੁਦੀਪ ਰੌਏ ਬਰਮਨ ਨੇ ਅਗਰਤਲਾ ਸੀਟ 3163 ਵੋਟਾਂ ਦੇ ਫਰਕ ਨਾਲ ਜਿੱਤੀ। ਉਨ੍ਹਾਂ ਨੂੰ 17,241 ਵੋਟਾਂ ਪਈਆਂ। ਇਸ ਜਿੱਤ ਨਾਲ ਰੌਏ ਬਰਮਨ ਤ੍ਰਿਪੁਰਾ ਅਸੈਂਬਲੀ ਵਿਚ ਹੁਣ ਇਕੋ ਇਕ ਵਿਧਾਇਕ ਹੋਣਗੇ। 2018 ਦੀਆਂ ਅਸੈਂਬਲੀ ਚੋਣਾਂ ਵਿਚ ਕਾਂਗਰਸ ਦਾ ਮੁਕੰਮਲ ਸਫਾਇਆ ਹੋ ਗਿਆ ਸੀ। ਭਾਜਪਾ, ਸੀ.ਪੀ.ਆਈ. (ਐਮ) ਦਾ ਗੜ੍ਹ ਕਹੀ ਜਾਂਦੀ ਜੁਬਰਾਜਨਗਰ ਸੀਟ ਜਿੱਤਣ ਵਿਚ ਸਫਲ ਰਹੀ। ਭਾਜਪਾ ਉਮੀਦਵਾਰ ਮਲੀਨਾ ਦੇਬਨਾਥ ਨੇ ਇਥੋਂ 4572 ਵੋਟਾਂ ਨਾਲ ਜਿੱਤ ਦਰਜ ਕੀਤੀ। ਦੇਬਨਾਥ ਨੂੰ 18,769 (51.83 ਫੀਸਦ) ਜਦੋਂਕਿ ਸੀ.ਪੀ.ਆਈ. (ਐਮ) ਦੇ ਸ਼ੈਲੇਂਦਰ ਚੰਦਰ ਨਾਥ ਨੂੰ 14,197 ਵੋਟਾਂ (39.2 ਫੀਸਦ) ਵੋਟਾਂ ਪਈਆਂ। ਭਾਜਪਾ ਦੇ ਸਵਪਨ ਦਾਸ ਨੇ ਸੂਰਮਾ ਅਸੈਂਬਲੀ ਸੀਟ 4583 ਵੋਟਾਂ ਦੇ ਫਰਕ ਨਾਲ ਜਿੱਤੀ।

ਦਿੱਲੀ ਦੀ ਰਾਜਿੰਦਰ ਨਗਰ ਸੀਟ ਤੋਂ 'ਆਪ' ਉਮੀਦਵਾਰ ਦੁਰਗੇਸ਼ ਪਾਠਕ ਨੇ ਭਾਜਪਾ ਉਮੀਦਵਾਰ ਰਾਜੇਸ਼ ਭਾਟੀਆ ਨੂੰ 11 ਹਜ਼ਾਰ ਤੋਂ ਵੱਧ ਵੋਟਾਂ ਦੇ ਫਰਕ ਨਾਲ ਹਰਾਇਆ। ਉੱਤਰ ਪ੍ਰਦੇਸ਼ ਵਿਚ ਸੱਤਾਧਾਰੀ ਭਾਜਪਾ ਰਾਮਪੁਰ ਤੇ ਆਜ਼ਮਗੜ੍ਹ ਲੋਕ ਸਭਾ ਸੀਟਾਂ ਜਿੱਤਣ ਵਿੱਚ ਸਫਲ ਰਹੀ।

# ਗੁਜਰਾਤ ਕ੍ਰਾਈਮ ਬਰਾਂਚ ਵੱਲੋਂ ਸੀਤਲਵਾੜ ਗ੍ਰਿਫਤਾਰ



**ਅਹਿਮਦਾਬਾਦ:** ਮੁੰਬਈ ਤੋਂ ਹਿਰਾਸਤ 'ਚ ਲਏ ਜਾਣ ਮਗਰੋਂ ਅਹਿਮਦਾਬਾਦ ਕ੍ਰਾਈਮ ਬਰਾਂਚ ਨੇ ਸਮਾਜਿਕ ਕਾਰਕੁਨ ਤੀਸਤਾ ਸੀਤਲਵਾੜ ਨੂੰ ਗ੍ਰਿਫਤਾਰ ਕਰ ਲਿਆ। ਉਸ ਨੂੰ ਅਦਾਲਤ 'ਚ ਪੇਸ਼ ਕਰਕੇ 2 ਜੁਲਾਈ ਤੱਕ ਪੁਲਿਸ ਰਿਮਾਂਡ ਲੈ ਲਿਆ।

ਸੀਤਲਵਾੜ ਨੂੰ ਜਾਅਲਸਾਜ਼ੀ, ਅਪਰਾਧਿਕ ਸਾਜ਼ਿਸ਼ ਤੇ ਕੁੱਟਮਾਰ ਕੀਤੇ ਜਾਣ ਦਾ ਝੂਠਾ ਦੋਸ਼ ਲਗਾ ਕੇ ਕਾਨੂੰਨੀ ਕਾਰਵਾਈ 'ਚ ਅੜਿੱਕਾ ਪਾਉਣ ਦਾ ਨਵਾਂ ਕੇਸ ਦਰਜ ਕਰਕੇ ਮੁੰਬਈ ਤੋਂ ਹਿਰਾਸਤ ਵਿੱਚ ਲਿਆ ਗਿਆ ਸੀ। ਇਹ ਜਾਣਕਾਰੀ ਅਧਿਕਾਰੀਆਂ ਨੇ ਦਿੱਤੀ। ਡੀ.ਸੀ.ਪੀ. (ਅਪਰਾਧ) ਚੈਤੰਨਿਆ ਮਾਂਡਲਿਕ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਕ੍ਰਾਈਮ ਬ੍ਰਾਂਚ ਨੇ ਗੁਜਰਾਤ ਦੇ ਸਾਬਕਾ ਡੀ.ਜੀ.ਪੀ. ਸ੍ਰੀਕੁਮਾਰ ਨੂੰ ਗ੍ਰਿਫਤਾਰ ਕੀਤਾ ਅਤੇ ਉਹ ਸਾਬਕਾ ਆਈ.ਪੀ.ਐਸ. ਅਫਸਰ ਸੰਜੀਵ ਭੱਟ ਨੂੰ ਹਿਰਾਸਤ ਵਿਚ ਲੈਣ ਲਈ ਟਰਾਂਸਫਰ ਵਾਰੰਟ ਹਾਸਲ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

ਉਨ੍ਹਾਂ ਕਿਹਾ ਕਿ ਕ੍ਰਾਈਮ ਬ੍ਰਾਂਚ ਸੀਤਲਵਾੜ, ਸ੍ਰੀਕੁਮਾਰ ਤੇ ਭੱਟ ਵੱਲੋਂ ਜਾਂਚ ਕਮਿਸ਼ਨ, ਸਿਟ ਤੇ ਅਦਾਲਤ 'ਚ ਪੇਸ਼ ਕੀਤੇ ਗਏ ਦਸਤਾਵੇਜ਼ ਹਾਸਲ ਕਰ ਰਹੀ ਹੈ। ਮਾਂਡਲਿਕ ਨੇ ਕਿਹਾ, 'ਇਸ ਕੇਸ ਦੀ ਜਾਂਚ ਚੱਲ ਰਹੀ ਹੈ ਅਤੇ ਉਹ ਮੁਲਜ਼ਮਾਂ ਵੱਲੋਂ ਜਾਂਚ ਕਮਿਸ਼ਨ, ਸਿਟ ਤੇ ਵੱਖ-ਵੱਖ ਅਦਾਲਤਾਂ 'ਚ ਪੇਸ਼ ਕੀਤੇ ਗਏ ਦਸਤਾਵੇਜ਼ ਹਾਸਲ ਕਰ ਰਹੇ ਹਨ। ਅਸੀਂ ਹੋਰ ਦਸਤਾਵੇਜ਼ ਹਾਸਲ ਕਰਨ ਦੀ ਕੋਸ਼ਿਸ਼ ਵੀ ਕਰ ਰਹੇ ਹਾਂ।' ਉਨ੍ਹਾਂ ਕਿਹਾ ਕਿ ਜਾਂਚ ਅਧਿਕਾਰੀਆਂ ਦਾ ਮੰਨਣਾ ਹੈ ਕਿ ਇਸ ਅਪਰਾਧਿਕ ਸਾਜ਼ਿਸ਼ ਵਿਚ ਹੋਰ ਲੋਕ ਵੀ ਸ਼ਾਮਲ ਹਨ ਤੇ ਕੇਸ ਦੀ ਜਾਂਚ ਇਸੇ ਪੱਖ ਤੋਂ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸ੍ਰੀਕੁਮਾਰ ਤੇ ਸੀਤਲਵਾੜ 'ਚੋਂ ਕੋਈ ਵੀ ਜਾਂਚ 'ਚ ਸਹਿਯੋਗ ਨਹੀਂ ਕਰ ਰਿਹਾ। ਕ੍ਰਾਈਮ ਬ੍ਰਾਂਚ ਦੇ ਸੂਤਰ ਨੇ ਦੱਸਿਆ ਕਿ ਇਥੇ ਲਿਆਏ ਜਾਣ ਤੋਂ ਬਾਅਦ ਸੀਤਲਵਾੜ ਨੂੰ ਸ਼ਹਿਰ ਦੀ ਅਪਰਾਧ ਸ਼ਾਖਾ ਹਵਾਲੇ ਕਰ ਦਿੱਤਾ ਗਿਆ ਜਿਸ ਮਗਰੋਂ ਉਨ੍ਹਾਂ ਦੀ ਗ੍ਰਿਫਤਾਰੀ ਪਾਈ ਗਈ ਹੈ। ਸੀਤਲਵਾੜ ਖਿਲਾਫ ਇਹ ਕਾਰਵਾਈ ਸੁਪਰੀਮ ਕੋਰਟ ਵੱਲੋਂ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਨਰਿੰਦਰ ਮੋਦੀ ਤੇ ਹੋਰਾਂ ਨੂੰ 2002 ਦੇ ਗੋਧਰਾ ਦੰਗਾ ਕਾਂਡ 'ਚ ਵਿਸ਼ੇਸ਼ ਜਾਂਚ ਟੀਮ (ਸਿਟ) ਵੱਲੋਂ ਦਿੱਤੀ ਗਈ ਕਲੀਨ ਚਿਟ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਖਾਰਜ ਕਰਨ ਤੋਂ ਇਕ ਦਿਨ ਬਾਅਦ ਹੋਈ ਹੈ। ਸੁਪਰੀਮ ਕੋਰਟ 'ਚ ਮੋਦੀ ਤੇ ਹੋਰਾਂ ਖਿਲਾਫ ਦਾਇਰ ਪਟੀਸ਼ਨ 'ਚ ਸੀਤਲਵਾੜ ਤੇ ਉਨ੍ਹਾਂ ਦੀ ਐਨ.ਜੀ.ਓ. ਜ਼ਕੀਆ ਜਾਫਰੀ ਨਾਲ ਸਹਾਇਕ ਪਟੀਸ਼ਨਰ ਸਨ। ਸੀਤਲਵਾੜ ਨੂੰ ਜਿਸ ਐਫ.ਆਈ.ਆਰ. ਦੇ ਆਧਾਰ 'ਤੇ ਹਿਰਾਸਤ ਵਿਚ ਲਿਆ ਗਿਆ ਸੀ ਉਸ ਵਿਚ ਦੋ ਸਾਬਕਾ ਆਈ.ਪੀ.ਐਸ. ਅਫਸਰਾਂ ਆਰਬੀ ਸ੍ਰੀਕੁਮਾਰ ਤੇ ਸੰਜੀਵ ਭੱਟ 'ਤੇ ਵੀ ਦੋਸ਼ ਲਾਏ ਗਏ ਸਨ। ਸ੍ਰੀਕੁਮਾਰ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

# ਫੀਫਾ ਦਰਜਾਬੰਦੀ: ਭਾਰਤ 104ਵੇਂ ਸਥਾਨ 'ਤੇ

**ਨਵੀਂ ਦਿੱਲੀ:** ਭਾਰਤੀ ਫੁਟਬਾਲ ਟੀਮ ਫੀਫਾ ਦਰਜਾਬੰਦੀ ਵਿਚ 104ਵੇਂ ਸਥਾਨ 'ਤੇ ਆ ਗਈ ਹੈ। ਟੀਮ ਨੂੰ ਏਸ਼ਿਆਈ ਕੱਪ ਕੁਆਲੀਫਿਕੇਸ਼ਨ ਵਿਚ ਪ੍ਰਭਾਵਸ਼ਾਲੀ ਪ੍ਰਦਰਸ਼ਨ ਨਾਲ ਦੋ ਸਥਾਨਾਂ ਦਾ ਫਾਇਦਾ ਮਿਲਿਆ। ਏਸ਼ਿਆਈ ਫੁਟਬਾਲ ਫੈਡਰੇਸ਼ਨ (ਏ.ਐਫ.ਸੀ.) ਦੇ ਮੈਂਬਰਾਂ ਵਿਚ ਭਾਰਤ 19ਵੇਂ ਜਦਕਿ ਵਿਸ਼ਵ ਦਰਜਾਬੰਦੀ ਵਿਚ ਈਰਾਨ 23ਵੇਂ ਸਥਾਨ 'ਤੇ ਹੈ ਤੇ ਏ.ਐਫ.ਸੀ. ਦੇਸ਼ਾਂ ਵਿਚ ਸਿਖਰ 'ਤੇ ਬਰਕਰਾਰ ਹੈ। ਸੁਨੀਲ ਛੇਤਰੀ ਦੀ ਅਗਵਾਈ 'ਚ ਭਾਰਤੀ ਟੀਮ ਨੇ ਏਸ਼ਿਆਈ ਕੱਪ ਕੁਆਲੀਫਿਕੇਸ਼ਨ 'ਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਗਰੁੱਪ ਡੀ ਵਿਚ ਤਿੰਨੋਂ ਲੀਗ ਮੁਕਾਬਲੇ ਜਿੱਤ ਕੇ 2023 ਵਿਚ ਹੋਣ ਵਾਲੇ 24 ਟੀਮਾਂ ਦੇ ਫਾਈਨਲਸ ਵਿਚ ਜਗ੍ਹਾ ਬਣਾਈ। ਵਿਸ਼ਵ ਦਰਜਾਬੰਦੀ ਵਿਚ ਬਰਾਜ਼ੀਲ ਪਹਿਲੇ ਸਥਾਨ 'ਤੇ ਹੈ।

ਪੰਜਾਬ ਟਾਈਮਜ਼

ਸਨਿਚਰਵਾਰ, 2 ਜੁਲਾਈ 2022

# ਨਵੀਂ ਸਿਆਸੀ ਸਫਬੰਦੀ

ਸੰਗਰੂਰ ਲੋਕ ਸਭਾ ਹਲਕੇ ਉਤੇ ਹੋਈ ਉਪ ਚੋਣ ਵਿਚ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਮੁਖੀ ਸਿਮਰਨਜੀਤ ਸਿੰਘ ਮਾਨ ਦੀ ਜਿੱਤ ਨੇ ਪੰਜਾਬ ਦੀ ਪੰਥਕ ਸਿਆਸਤ ਵਿਚ ਹੀ ਨਹੀਂ, ਪੰਜਾਬ ਦੀ ਸਮੁੱਚੀ ਸਿਆਸਤ ਵਿਚ ਨਵੀਂ ਚਰਚਾ ਛੇੜ ਦਿੱਤੀ ਹੈ। ਇਸ ਉਪ ਚੋਣ ਵਿਚ ਪੰਜਾਬ ਵਿਚ ਸੱਤਾਧਾਰੀ ਆਮ ਆਦਮੀ ਪਾਰਟੀ ਦੀ ਹਾਰ ਹੋਈ ਹੈ। ਆਮ ਆਦਮੀ ਪਾਰਟੀ ਦੀ ਹਾਰ ਨੂੰ ਸਿਆਸੀ ਵਿਸ਼ਲੇਸ਼ਕ ਵੱਖ-ਵੱਖ ਕੋਣਾਂ ਤੋਂ ਦੇਖ ਰਹੇ ਹਨ। ਇਸ ਹਲਕੇ ਤੋਂ ਮੌਜੂਦਾ ਮੁੱਖ ਮੰਤਰੀ ਭਗਵੰਤ ਮਾਨ 2014 ਅਤੇ 2019 ਵਿਚ ਜਿੱਤੇ ਸਨ। ਹੁਣ ਵੀ ਇਹ ਉਪ ਚੋਣ, ਭਗਵੰਤ ਮਾਨ ਦੇ ਮੁੱਖ ਮੰਤਰੀ ਬਣਨ ਅਤੇ ਉਸ ਵੱਲੋਂ ਲੋਕ ਸਭਾ ਮੈਂਬਰੀ ਤੋਂ ਅਸਤੀਫਾ ਦੇਣ ਤੋਂ ਬਾਅਦ ਹੀ ਇਸ ਸੀਟ ਦੇ ਖਾਲੀ ਹੋਣ 'ਤੇ ਹੀ ਹੋਈ ਹੈ। ਆਮ ਆਦਮੀ ਪਾਰਟੀ, ਮੁੱਖ ਮੰਤਰੀ ਭਗਵੰਤ ਮਾਨ ਅਤੇ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੂੰ ਯਕੀਨ ਸੀ ਕਿ ਇਹ ਚੋਣ ਪਾਰਟੀ ਆਰਾਮ ਨਾਲ ਜਿੱਤ ਜਾਵੇਗੀ। ਅਜੇ ਤਿੰਨ ਮਹੀਨੇ ਪਹਿਲਾਂ ਤਾਂ ਲੋਕਾਂ ਨੇ ਵਿਧਾਨ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਨੂੰ ਮਿਸਾਲੀ ਬਹੁਮਤ ਦੇ ਕੇ ਪੰਜਾਬ ਦੀ ਕਮਾਨ ਸੰਭਾਲੀ ਸੀ। ਉਂਝ, ਹੋਇਆ ਇਸ ਤੋਂ ਐਨ ਉਲਟ ਹੈ, ਇਸ ਪਾਰਟੀ ਨੂੰ ਇਸ ਉਪ ਚੋਣ ਵਿਚ ਹਾਰ ਦਾ ਮੂੰਹ ਦੇਖਣਾ ਪਿਆ ਅਤੇ ਹੁਣ ਇਸ ਪਾਰਟੀ ਦੇ ਆਗੂਆਂ ਨੂੰ ਆਪਣੀ ਹਾਰ ਦੇ ਕਾਰਨ ਲੋਕਾਂ ਨੂੰ ਸਮਝਾਉਣ ਲਈ ਮੁਸ਼ੱਕਤ ਕਰਨੀ ਪੈ ਰਹੀ ਹੈ।

ਖੈਰ! ਇਸ ਉਪ ਚੋਣ ਦੇ ਨਤੀਜਿਆਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਤਿੰਨ ਮਹੀਨੇ ਪਹਿਲਾਂ ਆਮ ਆਦਮੀ ਪਾਰਟੀ ਦੀ ਹੋਈ ਮਿਸਾਲੀ ਜਿੱਤ ਵਿਚ ਪਾਰਟੀ ਦਾ ਕੋਈ ਵੱਡਾ ਯੋਗਦਾਨ ਨਹੀਂ ਸੀ ਬਲਕਿ ਰਵਾਇਤੀ ਪਾਰਟੀਆਂ ਤੋਂ ਅੱਕੇ ਲੋਕਾਂ ਨੇ ਸਿਆਸੀ ਬਦਲ ਵਜੋਂ ਹੀ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਦੇ ਹੱਕ ਵਿਚ ਲੱਕ ਬੰਨ੍ਹ ਕੇ ਵੋਟਾਂ ਪਾਈਆਂ ਸਨ। ਸ਼੍ਰੋਮਣੀ ਅਕਾਲੀ ਦਲ ਤੋਂ ਲੋਕ ਬੁਰੀ ਤਰ੍ਹਾਂ ਨਿਰਾਸ਼ ਹੋ ਚੁੱਕੇ ਹਨ। ਬੇਅਦਬੀ ਦੀਆਂ ਘਟਨਾਵਾਂ ਬਾਰੇ ਪਾਰਟੀ ਆਗੂਆਂ ਦੀ ਪਹੁੰਚ ਕਾਰਨ ਆਮ ਬੰਦਾ ਇਸ ਪਾਰਟੀ ਤੋਂ ਦੂਰ ਜਾ ਚੁੱਕਾ ਹੈ। ਹੁਣ ਇਹ ਗੱਲ ਵੀ ਲੋਕਾਂ ਦੇ ਦਿਲਾਂ ਅੰਦਰ ਘਰ ਕਰ ਗਈ ਹੈ ਕਿ ਬਾਦਲ ਪਰਿਵਾਰ ਨੇ ਇਸ ਇਤਿਹਾਸਕ ਪਾਰਟੀ ਨੂੰ ਆਪਣੇ ਨਿੱਜੀ ਮੁਫਾਦਾਂ ਲਈ ਵਰਤਿਆ। ਐਤਕੀਂ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਖਦਸ਼ਾ ਸੀ ਕਿ ਉਪ ਚੋਣ ਵਿਚ ਪਾਰਟੀ ਦਾ ਬੁਰਾ ਹਾਲ ਹੋਣਾ ਹੈ; ਸ਼ਾਇਦ ਇਸੇ ਕਰਕੇ ਉਨ੍ਹਾਂ ਸਿਮਰਨਜੀਤ ਸਿੰਘ ਮਾਨ ਸਮੇਤ ਕਈ ਹੋਰ ਆਗੂਆਂ ਨਾਲ ਮਿਲ ਕੇ ਸਾਂਝਾ ਪੰਥਕ ਉਮੀਦਵਾਰ ਚੋਣ ਮੈਦਾਨ ਵਿਚ ਉਤਾਰਨ ਦੀ ਗੱਲ ਵੀ ਤੋਰੀ ਪਰ ਵਿਧਾਨ ਸਭਾ ਚੋਣਾਂ ਵਿਚ ਵੋਟਰਾਂ ਦੇ ਮਿਲੇ ਹੁੰਗਾਰੇ ਦੇ ਮੱਦੇਨਜ਼ਰ ਸਿਮਰਨਜੀਤ ਸਿੰਘ ਮਾਨ ਨੇ ਇਸ ਲਈ ਸਹਿਮਤੀ ਨਹੀਂ ਪ੍ਰਗਟਾਈ। ਸਿੱਟੇ ਵਜੋਂ ਸੁਖਬੀਰ ਸਿੰਘ ਬਾਦਲ ਨੂੰ ਮਜਬੂਰੀਵੱਸ ਆਪਣਾ ਇਕੱਲਾ ਉਮੀਦਵਾਰ ਹੀ ਮੈਦਾਨ ਵਿਚ ਡਾਹੁਣਾ ਪਿਆ। ਉਸ ਨੂੰ ਇਹ ਖਦਸ਼ਾ ਵੀ ਸੀ ਕਿ ਕਿਤੇ ਪੰਥਕ ਸਿਆਸਤ ਦੀ ਵਾਗਡੋਰ ਸਿਮਰਨਜੀਤ ਸਿੰਘ ਮਾਨ ਵਾਲੇ ਖੇਮੇ ਵਿਚ ਨਾ ਚਲੀ ਜਾਵੇ ਪਰ ਹੋਇਆ ਐਨ ਇਸੇ ਤਰ੍ਹਾਂ ਹੈ। ਅਕਾਲੀ ਦਲ ਦੀ ਉਮੀਦਵਾਰ ਦੀ ਜ਼ਮਾਨਤ ਹੀ ਜ਼ਬਤ ਨਹੀਂ ਹੋਈ ਸਗੋਂ ਇਸ ਨੂੰ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਨਾਲੋਂ ਵੀ ਘੱਟ ਵੋਟਾਂ ਮਿਲੀਆਂ।

ਇਸ ਉਪ ਚੋਣ ਵਿਚ ਸਿਮਰਨਜੀਤ ਸਿੰਘ ਮਾਨ ਦੀ ਜਿੱਤ ਨੇ ਪੰਥਕ ਹਲਕਿਆਂ ਅੰਦਰ ਆਸ ਦੀ ਨਵੀਂ ਕਿਰਨ ਜਗਾਈ ਹੈ। ਆਉਣ ਵਾਲੇ ਦਿਨਾਂ ਵਿਚ ਸੰਭਵ ਹੈ ਕਿ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੁਆਲੇ ਸਿਆਸਤ ਦੀ ਨਵੀਂ ਸਫਬੰਦੀ ਸਾਹਮਣੇ ਆਵੇ। ਵੱਡਾ ਸਵਾਲ ਇਹ ਵੀ ਹੈ ਕਿ ਕੀ ਪੰਥਕ ਸਿਆਸਤ ਵਿਚ ਸਿਮਰਨਜੀਤ ਸਿੰਘ ਮਾਨ ਬਾਦਲਾਂ ਦੇ ਬਰਾਬਰ ਸਿਆਸਤ ਕਰ ਸਕਣਗੇ? ਇਤਿਹਾਸ ਗਵਾਹ ਹੈ ਕਿ ਸਿਮਰਨਜੀਤ ਸਿੰਘ ਨੂੰ ਇਕ ਵਾਰ ਨਹੀਂ ਬਲਕਿ ਕਈ ਵਾਰ ਅਜਿਹੇ ਮੌਕੇ ਮਿਲੇ ਜਦੋਂ ਉਹ ਪੰਥਕ ਸਿਆਸਤ ਦਾ ਧੁਰਾ ਬਣ ਸਕਦੇ ਸਨ। ਪਹਿਲੀ ਵਾਰ 1989 ਵਿਚ ਲੋਕ ਸਭਾ ਚੋਣ ਜਿੱਤਣ ਤੋਂ ਬਾਅਦ ਤਾਂ ਉਸ ਕੋਲ ਸੁਨਹਿਰੀ ਮੌਕਾ ਸੀ। ਫਿਰ ਤਕਰੀਬਨ ਸਾਰੇ ਅਕਾਲੀ ਧੜਿਆਂ ਨੇ ਰਲ ਕੇ ਜਦੋਂ ਉਸ ਨੂੰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦਾ ਮੁਖੀ ਥਾਪਿਆ ਤਾਂ ਵੀ ਉਹ ਪੰਥਕ ਸਿਆਸਤ ਵਿਚ ਆਪਣੀ ਕੋਈ ਖਾਸ ਛਾਪ ਨਾ ਛੱਡ ਸਕੇ। ਇਸ ਤੋਂ ਬਾਅਦ ਪੰਥਕ ਸਿਆਸਤ ਵਿਚ ਕੁਝ ਨਵਾਂ ਕਰਨ ਨਿੱਤਰੇ ਭਾਈ ਦਲਜੀਤ ਸਿੰਘ ਬਿੱਟੂ ਵਾਲੇ ਧੜੇ ਨਾਲ ਜਦੋਂ ਮਾਨ ਦਲ ਦਾ ਰਲੇਵਾਂ ਹੋਇਆ, ਉਸ ਤੋਂ ਬਾਅਦ ਵੀ ਸਿਮਰਨਜੀਤ ਸਿੰਘ ਮਾਨ ਪੰਥਕ ਸਿਆਸਤ ਵਿਚ ਕੋਈ ਵੱਡੀ ਪੁਲਾਂਘ ਭਰਨ ਵਿਚ ਨਾਕਾਮ ਰਹੇ। ਹੁਣ ਤਾਂ ਉਨ੍ਹਾਂ ਦੀ ਪਾਰਟੀ ਦਾ ਸਮੁੱਚੇ ਪੰਜਾਬ ਅੰਦਰ ਜਥੇਬੰਦਕ ਢਾਂਚਾ ਵੀ ਨਹੀਂ ਹੈ।

ਇਸ ਸੂਰਤ ਵਿਚ ਸਵਾਲਾਂ ਦਾ ਸਵਾਲ ਇਹ ਹੈ ਕਿ ਸਿਮਰਨਜੀਤ ਸਿੰਘ ਮਾਨ ਪੰਥਕ ਸਿਆਸਤ ਨੂੰ ਉਸ ਦਲਦਲ ਵਿਚੋਂ ਕੱਢਣ ਵਿਚ ਕਾਮਯਾਬ ਹੋਣ ਹੋਣਗੇ ਜਿਸ ਦਲਦਲ ਵਿਚ ਪੰਥਕ ਸਿਆਸਤ ਨੂੰ ਬਾਦਲ ਪਰਿਵਾਰ ਨੇ ਧੱਕ ਦਿੱਤਾ ਹੈ। ਬਿਨਾਂ ਸ਼ੱਕ, ਬਾਦਲ ਦਲ ਦੀਆਂ ਗਲਤੀਆਂ ਅਤੇ ਕਮਜ਼ੋਰੀਆਂ ਦਾ ਲਾਹਾ ਮਿਲ ਸਕਦਾ ਹੈ ਪਰ ਇਤਿਹਾਸ ਦੱਸਦਾ ਹੈ ਕਿ ਅਜਿਹਾ ਸਿਆਸੀ ਲਾਹਾ ਸਿਰਫ ਵਕਤੀ ਹੁੰਦਾ ਹੈ। ਤੁਹਾਡੀ ਆਪਣੀ ਸਿਆਸਤ ਅਤੇ ਕੰਮਾਂ-ਕਾਰਾਂ ਨੇ ਹੀ ਅਗਾਂਹ ਵਾਲਾ ਪੈਂਡਾ ਤੈਅ ਕਰਨਾ ਹੁੰਦਾ ਹੈ। ਅੱਜ ਪੰਜਾਬ ਬਹੁਤ ਸਾਰੇ ਸੰਕਟਾਂ ਵਿਚ ਘਿਰਿਆ ਹੋਇਆ ਹੈ। ਇਨ੍ਹਾਂ ਸੰਕਟਾਂ ਨਾਲ ਕਿਸੇ ਇਕ ਰੰਗ ਦੀ ਜਾਂ ਇਕਪਾਸੜ ਸਿਆਸਤ ਨਾਲ ਨਹੀਂ ਨਜਿੱਠਿਆ ਜਾ ਸਕਦਾ। ਜ਼ਾਹਿਰ ਹੈ ਕਿ ਪੰਜਾਬ ਦਾ ਫਸਿਆ ਗੱਡਾ ਉਹੀ ਸਿਆਸੀ ਧਿਰ ਹੀ ਕੱਢ ਸਕੇਗੀ ਜੋ ਸਮੁੱਚੇ ਪੰਜਾਬ ਬਾਰੇ ਐਨ ਸਪਸ਼ਟ ਏਜੰਡਾ ਲੈ ਕੇ ਆਵੇਗੀ। ਸਪਸ਼ਟ ਏਜੰਡਾ ਇਸ ਕਰਕੇ ਵੀ ਲਾਜ਼ਮੀ ਹੈ ਕਿਉਂਕਿ ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ, ਪੰਜਾਬ ਵਿਚ ਆਪਣੀ ਹੋਂਦ ਦਰਜ ਕਰਨ ਲਈ ਹਰ ਹਰਬਾ ਵਰਤ ਰਹੀ ਹੈ। ਅਜਿਹੇ ਹਾਲਾਤ ਦਾ ਟਾਕਰਾ ਕਰਨ ਲਈ ਪੰਜਾਬ ਦੇ ਮਸਲਿਆਂ 'ਤੇ ਸਿਆਸਤ ਕੇਂਦਰਤ ਕਰਨੀ ਪਵੇਗੀ ਅਤੇ ਇਸ ਦੇ ਨਾਲ ਹੀ ਹੋਰ ਸੂਬਿਆਂ ਅੰਦਰ ਆਪਣੀ ਹਮਾਇਤ ਜੁਟਾਉਣ ਲਈ ਪੇਸ਼ਕਦਮੀ ਕਰਨੀ ਪਵੇਗੀ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਫੇਸ-ਬੁੱਕ ਦੀ ਫੂਕ?

ਦਿਲ ਦੀ ਗੱਲ ਨਾ ਦੱਸਦੇ ਕਿਸੇ ਤਾਈਂ, ਵੋਟਰ ਬਣੇ ਰਹਿੰਦੇ ਦਰਸ਼ਕ ਮੂਕ ਦੇਖੋ।
ਭੀੜ ਦੇਖ ਕੇ 'ਕੋਠੇ ਦੇ ਘਾਹ' ਵਰਗੀ, 'ਬੱਲੇ ਬੱਲੇ' ਸੁਣ ਸੌਂ ਜਾਂਦੇ ਘੂਕ ਦੇਖੋ।
ਜਿਹੜੇ ਹੁੱਬਦੇ ਰਹਿਣ 'ਕੁਮੈਂਟ'ਪੜ੍ਹ ਕੇ, ਫਿਰ ਪਛਤਾਵੇ 'ਚ ਨਿਕਲਦੀ ਹੂਕ ਦੇਖੋ।
ਸੋਸ਼ਲ ਮੀਡੀਆ ਸਾਰਾ ਨਹੀਂ ਸੱਚ ਹੁੰਦਾ, ਤਜਰਬੇਕਾਰ ਕਹਿ ਰਹੇ ਨੇ ਕੂਕ ਦੇਖੋ।
'ਜੇਤੂ' ਹਾਰਿਆ ਦੇਖ ਹਮਾਇਤੀ ਆਂਦੇ, ਚਿਹਰੇ ਹੋ ਜਾਂਦੇ ਐ ਪੀਲੇ 'ਭੂਕ' ਦੇਖੋ।
ਗਿਣਤੀ ਹੋਣ 'ਤੇ ਦੇਖ ਨਤੀਜਿਆਂ ਨੂੰ, ਫੇਸ-ਬੁੱਕ ਦੀ ਨਿਕਲਦੀ 'ਫੂਕ' ਦੇਖੋ !

# 'ਆਪ' ਦੀ ਹਾਰ ਅਤੇ ਸਿਮਰਨਜੀਤ ਸਿੰਘ ਮਾਨ ਦੀ ਜਿੱਤ ਦੇ ਮਾਇਨੇ

*ਸੰਗਰੂਰ ਲੋਕ ਸਭਾ ਹਲਕੇ ਦੀ ਚੋਣ ਕਈ ਮਾਇਨਿਆਂ ਵਿਚ ਬਹੁਤ ਅਹਿਮ ਹੈ। ਪੰਜਾਬ ਵਿਚ ਸੱਤਾਧਾਰੀ ਆਮ ਆਦਮੀ ਪਾਰਟੀ ਦਾ ਪੰਜਾਬ ਦੇ ਹਕੀਕੀ ਮਸਲਿਆਂ ਬਾਰੇ ਕੋਈ ਸਪਸ਼ਟ ਸਟੈਂਡ ਨਹੀਂ ਹੈ ਅਤੇ ਪੰਜਾਬ ਦੇ ਇਹ ਮਸਲੇ ਇਸ ਚੋਣ ਦੌਰਾਨ ਕਿਸੇ ਵੀ ਧਿਰ ਨੇ ਮੁੱਦਾ ਨਹੀਂ ਬਣਾਏ। ਇਹ ਕਹਿਣਾ ਕੋਈ ਅਤਿ ਕਥਨੀ ਨਹੀਂ ਹੋਵੇਗੀ ਕਿ ਇਹ ਚੋਣ ਆਮ ਲੋਕਾਂ ਦੀ ਜ਼ਿੰਦਗੀ ਨਾਲ ਜੁੜੇ ਮੁੱਦਿਆਂ ਦੀ ਚਰਚਾ ਕੀਤੇ ਬਗੈਰ ਹੀ ਲੜੀ ਗਈ।*

ਸੰਗਰੂਰ ਲੋਕ ਸਭਾ ਜ਼ਿਮਨੀ ਚੋਣ 'ਚ ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਜਿੱਤ ਹਾਸਲ ਕਰ ਲਈ ਹੈ। ਉਨ੍ਹਾਂ ਨੇ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਗੁਰਮੇਲ ਸਿੰਘ ਘਰਾਚੋਂ ਨੂੰ ਫਸਵੇਂ ਮੁਕਾਬਲੇ ਵਿਚ ਹਰਾਇਆ ਹੈ। ਇਨ੍ਹਾਂ ਦੋ ਉਮੀਦਵਾਰਾਂ ਨੂੰ ਛੱਡ ਕੇ ਕਾਂਗਰਸ, ਸ਼੍ਰੋਮਣੀ ਅਕਾਲੀ ਦਲ (ਬਾਦਲ), ਭਾਜਪਾ ਉਮੀਦਵਾਰਾਂ ਸਮੇਤ ਸਭ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ ਹਨ। ਇਹ ਚੋਣ 'ਆਪ' ਸਮੇਤ ਸਾਰੀਆਂ ਰਾਜਨੀਤਕ ਧਿਰਾਂ ਲਈ ਸਿਆਸੀ ਤੌਰ 'ਤੇ ਅਹਿਮੀਅਤ ਰੱਖਦੀ ਹੈ। ਇਸ ਚੋਣ 'ਚ ਜਿੱਥੇ 'ਆਪ' ਦੀ ਪਿਛਲੇ 100 ਦਿਨ ਦੀ ਕਾਰਜ ਪ੍ਰਣਾਲੀ ਦੀ ਪ੍ਰੀਖਿਆ ਹੋਈ, ਉੱਥੇ ਬਾਕੀ ਪਾਰਟੀਆਂ ਲਈ ਇਹ ਚੋਣ ਹੋਂਦ ਦਾ ਸਵਾਲ ਸੀ। ਜ਼ਿਆਦਾਤਰ ਜ਼ਿਮਨੀ ਚੋਣਾਂ ਖਾਸਕਰ ਜਦ ਸੱਤਾ ਹਾਸਲ ਕੀਤਿਆਂ ਥੋੜ੍ਹਾ ਸਮਾਂ ਹੀ ਹੋਇਆ

ਨਵਕਿਰਨ ਸਿੰਘ ਪੱਤੀ
ਈਮੇਲ: n4navkiran@gmail.com

ਹੋਵੇ, ਵਿਚ ਸੱਤਾ ਧਿਰ ਦੀ ਜਿੱਤ ਹੁੰਦੀ ਹੈ ਪਰ 'ਆਪ' ਦੀ ਤਿੰਨ ਮਹੀਨੇ ਪਹਿਲਾਂ ਦੀ ਹੂੰਝਾ ਫੇਰ ਜਿੱਤ ਬਾਅਦ ਹੁਣ ਇਸ ਤਰ੍ਹਾਂ ਹਾਰਨ ਦੇ ਦਿਲਚਸਪ ਪਹਿਲੂ ਦੀ ਚਰਚਾ ਕਰਨੀ ਬਣਦੀ ਹੈ।

ਤਿੰਨ ਜ਼ਿਲ੍ਹਿਆਂ- ਸੰਗਰੂਰ, ਬਰਨਾਲਾ ਤੇ ਮਲੇਰਕੋਟਲਾ ਵਿਚ ਹੋਈ ਇਹ ਚੋਣ ਮੁੱਖ ਮੰਤਰੀ ਸਮੇਤ ਤਿੰਨ ਅਹਿਮ ਮੰਤਰੀਆਂ ਦੇ ਵਿਧਾਨ ਸਭਾ ਹਲਕਿਆਂ ਨਾਲ ਸਬੰਧਤ ਸੀ ਤੇ ਇਹ ਹਾਰ ਮੁੱਖ ਮੰਤਰੀ ਲਈ ਨਿੱਜੀ ਤੌਰ 'ਤੇ ਨਮੋਸ਼ੀ ਦੀ ਹਾਲਤ ਹੈ ਕਿਉਂਕਿ ਸੰਗਰੂਰ ਉਨ੍ਹਾਂ ਦਾ ਜੱਦੀ ਹਲਕਾ/ਪਿੰਡ ਵੀ ਹੈ। ਹਕੀਕਤ ਇਹ ਹੈ ਕਿ ਪੰਜਾਬ ਸਰਕਾਰ ਅਤੇ ਚੋਣ ਕਮਿਸ਼ਨ ਵੱਲੋਂ ਪੂਰਾ ਜ਼ੋਰ ਲਾਉਣ ਦੇ ਬਾਵਜੂਦ ਲੋਕਾਂ ਨੇ ਇਸ ਚੋਣ ਵਿਚ ਦਿਲਚਸਪੀ ਨਹੀਂ ਦਿਖਾਈ। ਇਸ ਚੋਣ ਵਿਚ ਸਿਰਫ 45.30 ਫੀਸਦ ਵੋਟਿੰਗ ਹੋਈ। ਹੁਣ ਸਵਾਲ ਚੋਣ ਪ੍ਰਣਾਲੀ 'ਤੇ ਵੀ ਉੱਠਦਾ ਹੈ ਕਿ ਜਿਸ ਚੋਣ ਪ੍ਰਕਿਰਿਆ ਵਿਚ 55 ਫੀਸਦ ਦੇ ਕਰੀਬ ਵੋਟਰ ਹਿੱਸਾ ਹੀ ਨਾ ਲੈਣ, ਕੀ ਉਸ ਚੋਣ ਪ੍ਰਕਿਰਿਆ ਨੂੰ ਜਮਹੂਰੀ ਚੋਣ ਪ੍ਰਕਿਰਿਆ ਕਿਹਾ ਜਾ ਸਕਦਾ ਹੈ? ਤਿੰਨਾਂ ਜ਼ਿਲ੍ਹਿਆਂ ਵਿਚ ਕਈ ਅਜਿਹੇ ਪਿੰਡ ਹਨ ਜਿਨ੍ਹਾਂ ਵਿਚ ਕਿਸੇ ਵੀ ਪਾਰਟੀ ਦਾ ਪੋਲਿੰਗ ਬੂਥ ਨਹੀਂ ਲੱਗਿਆ ਤੇ ਅਨੇਕਾਂ ਪੋਲਿੰਗ ਬੂਥਾਂ 'ਤੇ ਚੁੱਪ ਪੱਸਰੀ ਰਹੀ। ਜਿਹੜੇ ਵੋਟਰ ਵੋਟ ਪਾਉਣ ਪਹੁੰਚੇ ਵੀ, ਉਹਨਾਂ ਵਿਚ ਕੁਝ ਤਾਂ ਰਾਜਨੀਤਕ ਪਾਰਟੀਆਂ ਦੇ ਪੱਕੇ ਵਰਕਰ ਸਨ ਤੇ ਵੋਟਰਾਂ ਦੀ ਨਾਰਾਜ਼ਗੀ ਇਸ ਕਦਰ ਸਾਹਮਣੇ ਆਈ ਕਿ 9 ਉਮੀਦਵਾਰਾਂ ਨਾਲੋਂ ਵੱਧ ਵੋਟਾਂ ਤਾਂ 'ਨੋਟਾ' ਨੂੰ ਪਾ ਦਿੱਤੀਆਂ। ਪਿਛਲੇ ਤਿੰਨ ਦਹਾਕਿਆਂ ਵਿਚ ਇਹ ਸਭ ਤੋਂ ਘੱਟ ਵੋਟ ਫੀਸਦ ਹੈ। 2019 ਦੀਆਂ ਲੋਕ ਸਭਾ ਚੋਣਾਂ ਵਿਚ ਇਸ ਹਲਕੇ ਵਿਚ 72.44 ਫੀਸਦ ਪੋਲਿੰਗ ਰਿਕਾਰਡ ਹੋਈ ਸੀ।

ਇਸ ਚੋਣ ਤੋਂ ਇਕ ਤੱਥ ਸਾਹਮਣੇ ਆਉਂਦਾ ਹੈ ਕਿ ਵਿਧਾਨ ਸਭਾ ਚੋਣਾਂ ਦੌਰਾਨ ਵੀ ਲੋਕ ਆਮ ਆਦਮੀ ਪਾਰਟੀ ਨੂੰ ਜਿਤਾਉਣ ਲਈ ਵੋਟਾਂ ਪਾਉਣ ਨਹੀਂ ਗਏ ਸਨ ਬਲਕਿ ਰਵਾਇਤੀ ਪਾਰਟੀਆਂ ਤੋਂ ਬੁਰੀ ਤਰ੍ਹਾਂ ਅੱਕ ਕੇ ਉਹਨਾਂ ਨੂੰ ਹਰਾਉਣ ਲਈ ਗਏ ਸਨ। ਤੇ ਇਸ ਚੋਣ ਵਿਚ ਵੀ ਰਾਜਨੀਤਕ ਧਿਰਾਂ ਤੋਂ ਅੱਕੇ ਜ਼ਿਆਦਾਤਰ ਲੋਕ ਵੋਟ ਪਾਉਣ ਹੀ ਨਹੀਂ ਗਏ ਤੇ ਜਿਹੜੇ ਗਏ, ਉਹਨਾਂ ਦਾ ਇਕ ਹਿੱਸਾ 'ਆਪ' ਨੂੰ ਹਰਾਉਣ ਲਈ ਵੋਟ ਕਰਨ ਗਿਆ ਨਜ਼ਰ ਆਉਂਦਾ ਹੈ। ਇਸ ਚੋਣ ਵਿਚ ਲੋਕਾਂ ਨਾਲ ਜੁੜੇ ਮਸਲੇ ਚਰਚਾ ਦਾ ਵਿਸ਼ਾ ਹੀ ਨਹੀਂ ਬਣੇ। ਰੇਗਿਸਤਾਨ ਬਣਨ ਵੱਲ ਵਧ ਰਹੇ ਪੰਜਾਬ ਵਿਚ ਧਰਤੀ ਹੇਠਲਾ ਪਾਣੀ ਸਭ ਤੋਂ ਵੱਧ ਸੰਗਰੂਰ ਖੇਤਰ ਵਿਚ ਵਰਤਿਆ ਜਾ ਰਿਹਾ ਹੈ ਤੇ ਇਸ ਖੇਤਰ ਵਿਚ ਕਰਜ਼ੇ ਕਾਰਨ ਕਿਸਾਨ, ਮਜ਼ਦੂਰ ਖੁਦਕੁਸ਼ੀਆਂ ਵੀ ਵੱਡੀ ਪੱਧਰ 'ਤੇ ਹੋ ਰਹੀਆਂ ਹਨ ਪਰ ਚੋਣਾਂ ਦੌਰਾਨ ਪਾਣੀ, ਫਸਲੀ ਵਿਭਿੰਨਤਾ, ਖੁਦਕੁਸ਼ੀਆਂ ਦੇ ਮਾਮਲੇ 'ਤੇ ਜਿੰਨੀ ਚਰਚਾ ਬਣਦੀ ਸੀ, ਉਹ ਨਹੀਂ ਉੱਠੀ।

ਸੰਗਰੂਰ ਪਿਛਲੇ ਕਈ ਸਾਲਾਂ ਤੋਂ ਬੇਰੁਜ਼ਗਾਰਾਂ ਦੇ ਸੰਘਰਸ਼ਾਂ ਗੜ੍ਹ ਬਣਿਆ ਹੋਇਆ ਹੈ ਤੇ ਇਸ ਚੋਣ ਦੌਰਾਨ ਵੀ ਸੰਗਰੂਰ ਵਿਖੇ ਬੇਰੁਜ਼ਗਾਰ



ਅਧਿਆਪਕਾਵਾਂ ਪਾਣੀ ਵਾਲੀ ਟੈਂਕੀ 'ਤੇ ਚੜ੍ਹੀਆਂ ਰਹੀਆ ਪਰ 'ਆਪ' ਸਰਕਾਰ ਨੇ ਉਹਨਾਂ ਦਾ ਮਸਲਾ ਹੱਲ ਨਹੀਂ ਕੀਤਾ ਤੇ ਨਾ ਹੀ ਰੁਜ਼ਗਾਰ ਦੇ ਮਸਲੇ 'ਤੇ ਕੋਈ ਵਿਆਪਕ ਚਰਚਾ ਇਸ ਚੋਣ ਵਿਚ ਛਿੜ ਪਾਈ।

ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿਚ ਪੰਜਾਬ ਦੀ ਮੈਂਬਰੀ ਖਤਮ ਕਰਨ ਦੀ ਨੀਤੀ, ਪੰਜਾਬ ਦਾ ਲੱਗਭੱਗ ਅੱਧਾ ਹਿੱਸਾ ਬੀ.ਐਸ.ਐਫ. ਹਵਾਲੇ ਕਰਨ ਦੀ ਨੀਤੀ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦਾ ਕੇਂਦਰੀਕਰਨ, ਚੰਡੀਗੜ੍ਹ ਦਾ ਮਸਲਾ, ਪੰਜਾਬ ਦੇ ਦਰਿਆਈ ਪਾਣੀਆਂ ਦਾ ਮਸਲਾ ਉਹ ਮੁੱਦੇ ਹਨ ਜਿਨ੍ਹਾਂ ਬਾਰੇ ਆਮ ਆਦਮੀ ਪਾਰਟੀ ਦਾ ਕੋਈ ਸਪੱਸ਼ਟ ਸਟੈਂਡ ਨਹੀਂ ਹੈ ਤੇ ਇਹ ਮਸਲੇ ਚੋਣਾਂ ਦੌਰਾਨ ਕਿਸੇ ਵੀ ਧਿਰ ਵੱਲੋਂ ਮੁੱਦਾ ਨਹੀਂ ਬਣਾਏ ਗਏ। ਸਾਰਤੱਤ ਵਜੋਂ ਇਹ ਕਹਿਣਾ ਕੋਈ ਅਤਿ ਕਥਨੀ ਨਹੀਂ ਹੋਵੇਗੀ ਕਿ ਸੰਗਰੂਰ ਲੋਕ ਸਭਾ ਚੋਣ ਆਮ ਲੋਕਾਂ ਦੀ ਜ਼ਿੰਦਗੀ ਨਾਲ ਜੁੜੇ ਮੁੱਦਿਆਂ ਦੀ ਚਰਚਾ ਕੀਤੇ ਬਗੈਰ ਹੀ ਲੜੀ ਗਈ।

ਆਮ ਆਦਮੀ ਪਾਰਟੀ ਦੀ ਹਾਰ ਦਾ ਮੁੱਖ ਕਾਰਨ ਉਸ ਦੀ ਅਸਪੱਸ਼ਟ ਰਾਜਨੀਤਕ ਵਿਚਾਰਧਾਰਾ ਹੈ ਤੇ ਇਸ ਦਾ ਮੁਖੀ ਪਾਰਟੀ ਨੂੰ ਜਮਹੂਰੀ ਤਰੀਕੇ ਨਾਲ ਚਲਾਉਣ ਦੀ ਬਜਾਇ 'ਪ੍ਰਾਈਵੇਟ ਲਿਮਿਟਡ ਕੰਪਨੀ' ਵਾਂਗ ਚਲਾ ਰਿਹਾ ਹੈ। ਭਗਵੰਤ ਮਾਨ 'ਤੇ ਕੇਜਰੀਵਾਲ ਇਸ ਕਦਰ ਭਾਰੂ ਹੈ ਕਿ ਹਰ ਛੋਟੇ ਤੋਂ ਛੋਟਾ ਫੈਸਲਾ ਵੀ ਉਸਤੋਂ ਪੁੱਛ ਕੇ ਕਰਨਾ ਪੈਂਦਾ ਹੈ। ਪਿਛਲੀਆਂ ਚੋਣਾਂ ਦੀ ਸਮੀਖਿਆ ਤੋਂ ਪਤਾ ਲੱਗਦਾ ਹੈ ਕਿ ਪੰਜਾਬੀ ਅਜਿਹਾ ਧੜੱਲੇਦਾਰ ਆਗੂ ਚਾਹੁੰਦੇ ਹਨ, ਜੋ 'ਦਿੱਲੀ' ਕੇਂਦਰਿਤ ਨਾ ਹੋਵੇ ਪਰ ਪਿਛਲੇ 100 ਦਿਨਾਂ ਵਿਚ ਭਗਵੰਤ ਮਾਨ 'ਤੇ ਕੇਜਰੀਵਾਲ ਦਾ ਪ੍ਰਭਾਵ ਸਪੱਸ਼ਟ ਦਿਖਿਆ ਜਿਸ ਨੂੰ ਪੰਜਾਬੀਆਂ ਨੇ ਪਸੰਦ ਨਹੀਂ ਕੀਤਾ।

'ਆਪ' ਆਗੂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਦਾਅਵਾ ਕਰਦੇ ਸਨ ਕਿ ਇੱਕ ਵਾਰ ਹਰਾ ਪੈੱਨ ਆ ਜਾਣ ਦਿਓ, ਫਿਰ ਲੋਕਾਂ ਦੇ ਮਸਲੇ ਹੱਲ ਕਰ ਦਿਆਂਗੇ ਪਰ ਉਹ ਹਰਾ ਪੈੱਨ ਪਿਛਲੇ 100 ਦਿਨ ਵਿਚ ਬੇਰੁਜ਼ਗਾਰਾਂ ਦੇ ਰੁਜ਼ਗਾਰ ਲਈ ਨਹੀਂ ਚੱਲਿਆ ਬਲਕਿ ਇਸ ਸਮੇਂ ਦੌਰਾਨ ਰੁਜ਼ਗਾਰ ਮੰਗਣ 'ਤੇ ਨੌਜਵਾਨਾਂ ਦੀ ਕਈ ਵਾਰ ਖਿੱਚ-ਧੂਹ ਕੀਤੀ ਗਈ, ਹਰਾ ਪੈੱਨ ਚਲਾਉਣ ਦੀ ਮੰਗ ਲਈ ਸੂਬੇ ਮਜ਼ਦੂਰ ਕਈ ਵਾਰ ਭਗਵੰਤ ਮਾਨ ਦੀ ਸੰਗਰੂਰ ਰਿਹਾਇਸ਼ ਅੱਗੇ ਗਏ ਪਰ ਕਦੇ ਵੀ ਉਹਨਾਂ ਦੀ ਮੰਗ ਪੂਰੀ ਨਹੀਂ ਕੀਤੀ ਗਈ। ਕੱਚੇ ਕਾਮੇ ਪੱਕੇ ਕਰਨ ਦਾ ਦਾਅਵਾ ਅਜੇ ਵੀ ਹਵਾ ਵਿਚ ਲਟਕਿਆ ਹੋਇਆ ਹੈ। 2004 ਤੋਂ ਬਾਅਦ ਭਰਤੀ ਹੋਏ ਮੁਲਾਜ਼ਮ ਪੁਰਾਣੀ ਪੈਨਸ਼ਨ ਬਹਾਲੀ ਦੀ ਮੰਗ ਕਰ ਰਹੇ ਹਨ ਪਰ ਸਰਕਾਰ ਇਨਕਾਰੀ ਹੋ ਗਈ। ਪੰਜਾਬ ਤੋਂ ਹੋ ਰਹੇ ਪਰਵਾਸ ਦੇ ਮਸਲੇ 'ਤੇ ਮੁੱਖ ਮੰਤਰੀ ਨੇ ਚੁਟਕਲੇਬਾਜ਼ੀ ਤਾਂ ਕਰ ਦਿੱਤੀ ਕਿ ਹੁਣ 'ਅੰਗਰੇਜ਼ ਵੀ ਨੌਕਰੀ ਲੈਣ ਆਇਆ ਕਰਨਗੇ' ਪਰ ਕੋਈ ਸਾਰਥਿਕ ਹੱਲ ਕਰਨ ਦਾ ਯਤਨ ਨਹੀਂ ਕੀਤਾ। ਇੱਕ ਕਾਰਨ ਇਹ ਵੀ ਰਿਹਾ ਕਿ ਐਮ.ਐਲ.ਏ./ਮੰਤਰੀ ਵਰਕਰਾਂ ਦੇ ਫੋਨ ਤੱਕ ਚੁੱਕਣੋਂ ਹਟ ਗਏ ਸਨ। ਸਰਕਾਰ ਬਣਨ ਤੋਂ ਬਾਅਦ 'ਆਪ' ਲਈ ਸਭ ਤੋਂ ਪਹਿਲੀ ਪ੍ਰੀਖਿਆ ਰਾਜ ਸਭਾ ਮੈਂਬਰਾਂ ਦੀ ਚੋਣ ਸੀ ਤੇ ਪੰਜਾਬੀਆਂ ਨੂੰ ਤਿਲਾਂਜਲੀ ਦਿੰਦਿਆਂ ਕੀਤੀ ਚੋਣ ਪੰਜਾਬੀਆਂ ਨੂੰ ਪਸੰਦ ਨਹੀਂ ਆਈ, ਸ਼ਾਇਦ ਇਸੇ ਕਾਰਨ ਰਾਜ ਸਭਾ ਮੈਂਬਰ ਸੰਗਰੂਰ ਵਿਚ ਚੋਣ ਪ੍ਰਚਾਰ ਲਈ ਨਹੀਂ ਉਤਾਰੇ ਗਏ।

ਇਸ ਚੋਣ ਦੇ ਜੇਤੂ ਸਿਮਰਨਜੀਤ ਸਿੰਘ ਮਾਨ ਇਸ ਤੋਂ ਪਹਿਲਾਂ 1989 ਅਤੇ 1999 ਵਿਚ ਦੋ ਵਾਰ ਲੋਕ ਸਭਾ ਚੋਣਾਂ ਜਿੱਤ ਚੁੱਕੇ ਹਨ। ਪੁਲਿਸ ਅਫਸਰ ਤੋਂ ਖਾਲਿਸਤਾਨ ਦੀ ਵਿਚਾਰਧਾਰਾ ਨਾਲ ਜੁੜ ਕੇ ਸਿਆਸਤ ਵਿਚ ਸਿਮਰਨਜੀਤ ਸਿੰਘ ਮਾਨ ਇੱਕ ਵੱਖਰੀ ਤਰ੍ਹਾਂ ਦੀ ਸਿਆਸਤ ਕਰਦੇ ਹਨ। ਇਹ ਵੀ ਸੱਚ ਹੈ ਕਿ ਸਿਮਰਨਜੀਤ ਸਿੰਘ ਮਾਨ ਨੂੰ ਕਦੇ ਵੀ ਲੋਕਾਂ ਦੇ ਆਰਥਿਕ ਮੁੱਦਿਆ ਲਈ ਕੋਈ ਲੰਮਾ ਸੰਘਰਸ਼ ਲੜਦਿਆਂ ਨਹੀਂ ਦੇਖਿਆ। ਸ਼ਹੀਦ ਭਗਤ ਸਿੰਘ ਬਾਰੇ ਉਹਨਾਂ ਦੇ ਵਿਚਾਰਾਂ ਨਾਲ ਸਹਿਮਤ ਨਹੀਂ ਹੋਇਆ ਜਾ ਸਕਦਾ ਹੈ। ਉਨ੍ਹਾਂ ਵੱਲੋਂ ਜ਼ਿਆਦਾਤਰ ਵਾਰ ਲੋਕ ਮੁੱਦਿਆਂ 'ਤੇ ਸੰਘਰਸ਼ ਕਰਨ ਦੀ ਬਜਾਇ ਯੂ.ਐਨ.ਓ. ਵਰਗੀਆਂ ਅੰਤਰਰਾਸ਼ਟਰੀ ਸੰਸਥਾਵਾਂ ਕੋਲ ਉਠਾਉਣ ਦੀਆ ਦਲੀਲਾਂ ਵੀ ਜ਼ਿਆਦਾਤਰ ਵਾਰ ਹਵਾਈ ਗੱਲਾਂ ਲੱਗਦੀਆਂ ਹਨ। ਸਿਮਰਨਜੀਤ ਸਿੰਘ ਮਾਨ ਦਾ ਪ੍ਰਭਾਵ ਇਮਾਨਦਾਰ ਸਿੱਖ ਆਗੂ ਵਜੋਂ ਜ਼ਰੂਰ ਹੈ ਪਰ ਇਸ ਸਮੇਂ ਉਸ ਦੇ ਉਭਾਰ ਦਾ ਮੁੱਖ ਕਾਰਨ ਆਮ ਆਦਮੀ ਪਾਰਟੀ ਪ੍ਰਤੀ ਲੋਕਾਂ ਦੀ ਨਾਰਾਜ਼ਗੀ ਨਜ਼ਰ ਆਉਂਦਾ ਹੈ।

ਇਸ ਚੋਣ ਵਿਚ ਪੰਜਾਬ ਦੀ 100 ਸਾਲ ਤੋਂ ਵੱਧ ਪੁਰਾਣੀ ਖੇਤਰੀ ਪਾਰਟੀ ਦਾ ਪੰਜਵੇਂ ਸਥਾਨ 'ਤੇ ਖਿਸਕ ਜਾਣਾ ਦਰਸਾਉਂਦਾ ਹੈ ਕਿ ਇਸ ਚੋਣ ਵਿਚ ਸਭ ਤੋਂ ਮਾੜੀ ਹਾਲਤ ਇਸ ਪਾਰਟੀ ਦੀ ਹੀ ਬਣੀ ਹੈ। ਲੋਕ ਵਿਚ ਆਪਣੀ ਸਾਖ ਗੁਆ ਚੁੱਕੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ ਪਤਾ ਸੀ ਵਿਧਾਨ ਸਭਾ ਚੋਣਾਂ ਵਾਂਗ ਉਹਨਾਂ ਨੂੰ ਲੋਕਾਂ ਨੇ ਵੋਟਾਂ ਨਹੀਂ ਪਾਉਣੀਆਂ ਜਿਸ ਕਾਰਨ ਉਹਨਾਂ ਨੇ ਇਸ ਚੋਣ ਵਿਚ ਸਾਰੀਆਂ ਪੰਥਕ ਧਿਰਾਂ ਨੂੰ ਇਕੱਠਾ ਕਰਕੇ ਸਾਂਝਾ ਉਮੀਦਵਾਰ ਖੜ੍ਹਾ ਕਰਨ ਦੀ ਕੋਸ਼ਿਸ਼ ਕੀਤੀ ਜਿਸ ਦੀ ਲਗਾਤਾਰਤਾ ਵਿਚ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੇ ਬਿਆਨ ਵੀ ਜਾਰੀ ਕੀਤੇ। ਉਂਝ ਵੀ, ਇਸ ਪਾਰਟੀ ਦੇ ਕਾਰਜਕਾਲ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ, ਬਹਿਬਲ ਕਲਾਂ-ਕੋਟਕਪੂਰਾ ਗੋਲੀਕਾਂਡ, ਸੁਮੇਧ ਸੈਣੀ ਵਰਗੇ ਪੁਲਿਸ ਅਫਸਰਾਂ ਦੀ ਪੁਸ਼ਤਪੁਨਾਹੀ ਨੇ ਪਾਰਟੀ ਦੀ ਸਾਖ ਨੂੰ ਵੱਡਾ ਖੋਰਾ ਲਾਇਆ ਹੈ। ਸਿਮਰਨਜੀਤ ਸਿੰਘ ਮਾਨ ਦੀ ਜਿੱਤ ਤੋਂ ਬਾਅਦ ਇਸ ਪਾਰਟੀ ਨੂੰ ਹੋਰ ਝਟਕੇ ਲੱਗਣ ਦਾ ਖਦਸ਼ਾ ਹੈ।

ਖਿੰਡਾਅ ਦੇ ਹਾਲਤ ਵਿਚ ਪਹੁੰਚੀ ਕਾਂਗਰਸ ਦੀ ਹਾਲਤ ਵੀ ਇਹਨਾਂ ਚੋਣਾਂ ਦੌਰਾਨ ਜ਼ਿਆਦਾ ਵਧੀਆ ਨਹੀਂ ਰਹੀ। ਇਸ ਦਾ ਕੌਮੀ ਪੱਧਰ ਦਾ ਕੋਈ ਵੱਡਾ ਆਗੂ ਚੋਣ ਪ੍ਰਚਾਰ ਲਈ ਨਹੀਂ ਆਇਆ। ਭਾਰਤੀ ਜਨਤਾ ਪਾਰਟੀ ਨੇ 'ਕਾਂਗਰਸ ਮੁਕਤ' ਭਾਰਤ ਦੇ ਏਜੰਡੇ ਤਹਿਤ ਇੱਕ ਦਿਨ ਪਹਿਲਾਂ ਕਾਂਗਰਸ ਛੱਡ ਭਾਜਪਾ ਵਿਚ ਸ਼ਾਮਲ ਹੋਣ ਵਾਲੇ ਕੇਵਲ ਸਿੰਘ ਢਿੱਲੋਂ ਨੂੰ ਚੋਣ ਮੈਦਾਨ ਵਿਚ ਉਤਾਰਿਆ। ਭਾਜਪਾ ਨੇ ਇਸ ਚੋਣ ਵਿਚ ਆਪਣੀ ਵੋਟ ਫੀਸਦ ਵਧਾਉਣ ਤੇ ਸ਼ਹਿਰੀ ਵੋਟਰ ਇਕੱਠੇ ਕਰਨ ਲਈ ਜ਼ੋਰ ਲਾਇਆ। ਬਹੁਤ ਸਾਰੇ ਕਾਰਨਾ ਕਰਕੇ ਭਾਜਪਾ ਦਾ ਪੰਜਾਬ ਦੀ ਸਿਆਸਤ ਵਿਚ ਪੈਰ ਜਮਾਉਣਾ ਨੇੜ ਭਵਿੱਖ ਵਿਚ ਵੀ ਸੰਭਵ ਨਹੀਂ ਲੱਗਦਾ।

ਹਕੀਕਤ ਇਹ ਹੈ ਕਿ ਬਹੁਤ ਸਾਰੀਆਂ ਗੰਭੀਰ ਸਮੱਸਿਆਵਾਂ ਨਾਲ ਜੂਝ ਰਿਹਾ ਪੰਜਾਬ ਇਸ ਸਮੇਂ ਸਹੀ ਰਾਜਨੀਤਕ ਬਦਲ ਦੀ ਤਲਾਸ਼ ਵਿਚ ਹੈ। ਰਵਾਇਤੀ ਸਿਆਸਤ ਨੂੰ ਨਕਾਰ ਕੇ ਪੰਜਾਬੀ ਸਹੀ 'ਬਦਲਾਅ' ਲੱਭ ਰਹੇ ਹਨ ਤੇ ਇਸ ਸਮੇਂ ਲੋਕ ਪੱਖੀ ਜਮਹੂਰੀ ਧਿਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਸੂਬੇ ਦੇ ਠੋਸ ਹਾਲਤਾਂ ਮੁਤਾਬਿਕ ਪੰਜਾਬੀਆਂ ਨੂੰ ਸਹੀ ਬਦਲ ਮੁਹੱਈਆ ਕਰਵਾਇਆ ਜਾਵੇ।

# ਤੀਸਤਾ ਸੀਤਲਵਾੜ ਦੀ ਗ੍ਰਿਫਤਾਰੀ ਅਤੇ ਬਦਲੇਖੋਰ ਹਕੂਮਤ

ਗੁਜਰਾਤ ਪੁਲਿਸ ਵੱਲੋਂ ਸਿਰਕੱਢ ਕਾਰਕੁਨ ਤੀਸਤਾ ਸੀਤਲਵਾੜ ਅਤੇ ਗੁਜਰਾਤ ਦੇ ਰਿਟਾਇਰਡ ਡੀ.ਜੀ.ਪੀ. ਆਰ.ਬੀ. ਸ੍ਰੀਕੁਮਾਰ ਦੀ ਗ੍ਰਿਫਤਾਰੀ ਮੋਦੀ ਹਕੂਮਤ ਦੀ ਖੁੱਲ੍ਹੇਆਮ ਬਦਲਾਲਊ ਕਾਰਵਾਈ ਹੈ। ਮਨੁੱਖੀ ਹੱਕਾਂ ਦੀ ਪਹਿਰੇਦਾਰ ਤੀਸਤਾ ਨੂੰ ਗ੍ਰਿਫਤਾਰ ਕਰਨ ਲਈ ਏ.ਟੀ.ਐਸ. (ਦਹਿਸ਼ਤਵਾਦ ਵਿਰੋਧੀ ਦਸਤੇ) ਨੂੰ ਭੇਜ ਕੇ ਸੱਤਾ ਨੇ ਬਾਕੀ ਨਿਆਂਪਸੰਦ ਲੋਕਾਂ ਨੂੰ ਸਾਫ ਸੰਦੇਸ਼ ਦਿੱਤਾ ਹੈ। ਗ੍ਰਿਫਤਾਰੀਆਂ 24 ਜੂਨ ਨੂੰ ਸੁਪਰੀਮ ਕੋਰਟ ਦੇ ਤਿੰਨ ਮੈਂਬਰੀ ਬੈਂਚ ਵੱਲੋਂ ਜ਼ਕੀਆ ਜਾਫਰੀ ਦੀ ਪਟੀਸ਼ਨ ਖਾਰਜ ਕਰਨ ਤੋਂ ਤੁਰੰਤ ਬਾਅਦ ਕੀਤੀਆਂ ਗਈਆਂ। 83 ਸਾਲ ਦੀ ਬਜ਼ੁਰਗ ਜ਼ਕੀਆ ਜਾਫਰੀ ਕਾਂਗਰਸ ਦੇ ਮਰਹੂਮ ਸੰਸਦ ਮੈਂਬਰ ਅਹਿਸਾਨ ਜਾਫਰੀ ਦੀ ਪਤਨੀ ਹੈ ਜਿਸ ਨੂੰ ਹਿੰਦੂਤਵੀ ਹਜੂਮ ਨੇ ਫਰਵਰੀ 2002


**ਬੂਟਾ ਸਿੰਘ ਮਹਿਮੂਦਪੁਰ**
ਫੋਨ: +91-94634-74342

ਵਿਚ 68 ਹੋਰ ਮੁਸਲਮਾਨਾਂ ਸਮੇਤ ਮੋਦੀ ਸਰਕਾਰ ਦੀ ਰਾਜਕੀ ਪੁਸ਼ਤਪਨਾਹੀ ਹੇਠ ਜ਼ਿੰਦਾ ਸਾੜ ਦਿੱਤਾ ਸੀ। ਇਕ ਦਿਨ ਪਹਿਲਾਂ 27 ਫਰਵਰੀ ਨੂੰ ਗੁਜਰਾਤ ਦੇ ਗੋਧਰਾ ਰੇਲਵੇ ਸਟੇਸ਼ਨ ਉੱਪਰ ਖੜ੍ਹੀ ਸਾਬਰਮਤੀ ਐਕਸਪ੍ਰੈੱਸ ਦੇ ਡੱਬਿਆਂ 'ਚ ਅੱਗ ਲੱਗਣ ਨਾਲ ਅਯੁਧਿਆ ਤੋਂ ਵਾਪਸ ਆ ਰਹੇ 59 'ਕਾਰ ਸੇਵਕ' ਅਤੇ ਤੀਰਥ ਯਾਤਰੀ ਜ਼ਿੰਦਾ ਸੜ ਗਏ ਸਨ। ਬਿਨਾਂ ਕਿਸੇ ਜਾਂਚ ਤੋਂ ਹੀ ਸੰਘ ਬ੍ਰਿਗੇਡ ਨੇ ਇਹ ਅਫਵਾਹ ਫੈਲਾ ਕੇ, ਕਿ ਇਹ ਅੱਗ ਮੁਸਲਮਾਨਾਂ ਨੇ ਲਗਾਈ ਸੀ, ਇਸ ਦਾ ਬਦਲਾ ਲੈਣ ਲਈ ਅਗਾਊਂ ਤਿਆਰੀ ਨਾਲ ਮੁਸਲਮਾਨ ਭਾਈਚਾਰੇ ਦਾ ਕਤਲੇਆਮ ਕੀਤਾ ਅਤੇ ਇਸ ਨੂੰ ਹਿੰਦੂਆਂ ਦਾ ਪ੍ਰਤੀਕਰਮ ਕਹਿ ਕੇ ਵਾਜਬ ਠਹਿਰਾਇਆ। 1984 'ਚ ਸਿੱਖਾਂ ਦੇ ਕਤਲੇਆਮ ਦੀ ਤਰਜ਼ 'ਤੇ ਇਹ ਵੀ ਘੱਟਗਿਣਤੀ ਮੁਸਲਿਮ ਫਿਰਕੇ ਦਾ ਕਤਲੇਆਮ ਸੀ। ਇਹ ਗੁਜਰਾਤ ਦੇ ਤੱਤਕਾਲੀ ਮੁੱਖ ਮੰਤਰੀ ਨਰਿੰਦਰ ਮੋਦੀ ਅਤੇ ਉਸ ਦੀ ਸਰਕਾਰ ਵੱਲੋਂ ਇਨਸਾਨੀਅਤ ਵਿਰੁੱਧ ਗਿਣ-ਮਿੱਥ ਕੇ ਕਰਵਾਇਆ ਜੁਰਮ ਸੀ।

ਜ਼ਕੀਆ ਜਾਫਰੀ ਉਦੋਂ ਤੋਂ ਹੀ ਨਿਆਂ ਲਈ ਲੜ ਰਹੀ ਹੈ। ਹੇਠਲੀਆਂ ਅਦਾਲਤਾਂ ਵਿਚ ਨਿਆਂ ਨਾ ਮਿਲਣ 'ਤੇ ਸਰਵਉੱਚ ਅਦਾਲਤ ਤੱਕ ਕਾਨੂੰਨੀ ਚਾਰਾਜੋਈ ਸਥਾਪਿਤ ਅਦਾਲਤੀ ਅਮਲ ਹੈ ਪਰ ਸੁਪਰੀਮ ਕੋਰਟ ਨੇ ਨਿਆਂ ਲੈਣ ਦੀ ਕੋਸ਼ਿਸ਼ ਨੂੰ ਹੀ 'ਬੇਗੁਨਾਹਾਂ ਨੂੰ ਫਸਾਉਣ ਦੀ ਗੁਪਤ ਸਾਜ਼ਿਸ਼' ਅਤੇ 'ਮੰਦ ਭਾਵਨਾ ਨਾਲ ਮੁੱਦੇ ਨੂੰ ਉਛਾਲਦੇ ਰਹਿਣਾ' ਕਰਾਰ ਦੇ ਦਿੱਤਾ। ਬੈਂਚ ਨੂੰ ਦੋ ਦਹਾਕਿਆਂ ਤੋਂ ਨਿਆਂ ਲਈ ਭਟਕਦੇ ਮਜ਼ਲੂਮ ਨਜ਼ਰ ਨਹੀਂ ਆਏ, ਜੱਜਾਂ ਨੂੰ ਲਹੂ ਲਿੱਬੜੇ ਜਬਾੜਿਆਂ ਵਾਲੇ ਹੁਕਮਰਾਨਾਂ ਨੂੰ ਬੇਕਸੂਰ ਸਾਬਤ ਕਰਨ ਦੀ ਚਿੰਤਾ ਵਧੇਰੇ ਹੈ। ਸੁਪਰੀਮ ਕੋਰਟ ਮਹਿਜ਼ ਕਲੀਨ ਚਿਟ ਦੇਣ ਤੱਕ ਸੀਮਤ ਨਹੀਂ ਰਹੀ। ਇਸ ਨੇ ਨਿਆਂ ਲਈ ਸੰਘਰਸ਼ ਕਰਨ ਵਾਲਿਆਂ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਦੇ ਦਿਸ਼ਾ-ਨਿਰਦੇਸ਼ ਦੇ ਕੇ ਬਦਲਾਖੋਰ ਹਕੂਮਤ ਲਈ ਤੀਸਤਾ ਅਤੇ ਆਰ.ਬੀ. ਸ੍ਰੀਕੁਮਾਰ ਨੂੰ ਗ੍ਰਿਫਤਾਰ ਕਰਨ ਦਾ ਰਾਹ ਪੱਧਰਾ ਕਰ ਦਿੱਤਾ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਤੁਰੰਤ ਤੀਸਤਾ ਵੱਲ ਨਿਸ਼ਾਨਾ ਸੇਧ ਲਿਆ। ਸੁਪਰੀਮ ਕੋਰਟ ਦਾ ਫੈਸਲਾ ਗੁਜਰਾਤ ਕਤਲੇਆਮ ਬਾਰੇ ਇਤਿਹਾਸ ਨੂੰ ਮੇਟਣ ਅਤੇ ਇਸ ਬਾਰੇ ਭਗਵੇਂ ਬਿਰਤਾਂਤ ਨੂੰ ਵਾਜਬੀਅਤ ਬਖਸ਼ਣ ਦਾ ਸੰਦ ਹੋ ਨਿੱਬੜਿਆ ਹੈ।

ਤੀਸਤਾ ਦੀ ਟੀਮ 2002 ਵਿਚ ਘੱਟਗਿਣਤੀ ਮੁਸਲਮਾਨਾਂ ਦੇ ਕਤਲੇਆਮ ਦੇ ਪੀੜਤਾਂ ਨੂੰ ਨਿਆਂ ਦਿਵਾਉਣ ਅਤੇ ਦੋਸ਼ੀਆਂ ਨੂੰ ਕਟਹਿਰੇ ਵਿਚ ਖੜ੍ਹੇ ਕਰਨ ਲਈ ਦੋ ਦਹਾਕਿਆਂ ਤੋਂ ਕਾਨੂੰਨੀ ਲੜਾਈ ਲੜ ਰਹੀ ਹੈ। ਆਈ.ਪੀ.ਐਸ. ਅਧਿਕਾਰੀ ਸੰਜੀਵ ਭੱਟ ਪਹਿਲਾਂ ਹੀ 1990 'ਚ ਇਕ ਵਿਅਕਤੀ ਦੀ ਹਿਰਾਸਤ 'ਚ ਹੱਤਿਆ ਦੇ ਕੇਸ 'ਚ ਜੇਲ੍ਹ ਵਿਚ ਬੰਦ ਹੈ। ਐੱਲ.ਕੇ.ਅਡਵਾਨੀ ਵੱਲੋਂ ਕੱਢੀ ਰਥ ਯਾਤਰਾ ਦੌਰਾਨ ਉਸ ਦੀ ਗ੍ਰਿਫਤਾਰੀ ਵਿਰੁੱਧ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਭਾਜਪਾ ਵੱਲੋਂ ਦਿੱਤੇ ਬੰਦ ਦੇ ਸੱਦੇ ਦੌਰਾਨ ਹੋਈ ਹਿੰਸਾ ਸਮੇਂ ਜਿਨ੍ਹਾਂ ਵਿਅਕਤੀਆਂ ਨੂੰ ਹਿਰਾਸਤ 'ਚ ਲਿਆ ਗਿਆ ਸੀ ਜਿਨ੍ਹਾਂ 'ਚੋਂ ਇਕ ਦੀ ਕਥਿਤ ਤੌਰ 'ਤੇ ਹਿਰਾਸਤ 'ਚ ਮੌਤ ਹੋ ਗਈ ਸੀ। ਜਦੋਂ ਸੰਜੀਵ ਭੱਟ ਨੇ ਮੁਸਲਮਾਨਾਂ ਦੇ ਕਤਲੇਆਮ ਵਿਚ ਨਰਿੰਦਰ ਮੋਦੀ ਦੀ ਭੂਮਿਕਾ ਬਾਰੇ ਸੁਪਰੀਮ ਕੋਰਟ ਵਿਚ ਹਲਫਨਾਮਾ ਦਾਇਰ ਕੀਤਾ ਤਾਂ ਉਸ ਦੇ ਖਿਲਾਫ ਪੁਰਾਣੇ ਕੇਸ ਚਲਾਉਣੇ ਸ਼ੁਰੂ ਕਰ ਦਿੱਤੇ ਗਏ। ਆਪਣੇ ਬਿਆਨ ਵਿਚ ਉਸ ਨੇ ਦੱਸਿਆ ਸੀ ਕਿ ਮੋਦੀ ਦੀ ਰਿਹਾਇਸ਼ ਉੱਪਰ ਅਧਿਕਾਰੀਆਂ ਦੀ ਵਿਸ਼ੇਸ਼ ਮੀਟਿੰਗ ਕੀਤੀ ਗਈ ਸੀ ਜਿਸ ਵਿਚ ਮੁੱਖ ਮੰਤਰੀ ਵੱਲੋਂ ਮੁਸਲਮਾਨਾਂ ਉੱਪਰ ਹਮਲੇ ਕਰ ਰਹੇ ਹਜੂਮਾਂ ਨੂੰ ਨਾ ਰੋਕਣ ਦੀ ਜ਼ੁਬਾਨੀ ਹਦਾਇਤ ਕੀਤੀ ਗਈ ਸੀ। ਸਾਬਕਾ ਡੀ.ਜੀ.ਪੀ. ਆਰ.ਬੀ. ਸ੍ਰੀਕੁਮਾਰ ਨੇ ਵੀ ਮੋਦੀ ਵਜ਼ਾਰਤ ਉੱਪਰ 2002 ਦੇ ਕਤਲੇਆਮ ਦੌਰਾਨ ਪੁਲਿਸ ਨੂੰ ਆਪਣੀ ਡਿਊਟੀ ਨਿਭਾਉਣ ਤੋਂ ਰੋਕਣ ਦੇ ਦੋਸ਼ ਲਗਾਏ ਸਨ।

ਬਹੁਤ ਸਾਰੀਆਂ ਆਜ਼ਾਦਾਨਾ ਜਾਂਚ ਟੀਮਾਂ ਨੇ ਆਪਣੀਆਂ ਜਾਂਚ ਰਿਪੋਰਟਾਂ ਵਿਚ ਤੱਥਾਂ ਦੇ ਆਧਾਰ 'ਤੇ ਸਾਬਤ ਕੀਤਾ ਹੈ ਕਿ ਮੋਦੀ ਵੱਲੋਂ ਅਧਿਕਾਰੀਆਂ ਦੀ ਸਪੈਸ਼ਲ ਮੀਟਿੰਗ ਬੁਲਾ ਕੇ ਉਨ੍ਹਾਂ ਨੂੰ ਹਿੰਦੂਤਵੀ ਹਿੰਸਕ ਭੀੜਾਂ ਵਿਰੁੱਧ ਕੋਈ ਕਾਰਵਾਈ ਨਾ ਕਰਨ ਦੀਆਂ ਜ਼ੁਬਾਨੀ ਹਦਾਇਤਾਂ ਦਿੱਤੀਆਂ ਸਨ। ਫਿਕਰਮੰਦ ਨਾਗਰਿਕਾਂ ਨੇ ਸੁਤੰਤਰ ਟ੍ਰਿਬਿਊਨਲ ਬਣਾ ਕੇ ਬੇਕਿਰਕ ਕਤਲੇਆਮ ਦੇ 300 ਕਾਂਡਾਂ ਦੇ ਵੇਰਵੇ ਅਤੇ ਤੱਥ ਇਕੱਠੇ ਕਰਕੇ ਦੋ ਜਿਲਦਾਂ 'ਚ ਵਿਸਤਾਰਤ ਰਿਪੋਰਟ ਜਾਰੀ ਕੀਤੀ। ਇਹ ਟ੍ਰਿਬਿਊਨਲ ਉੱਘੀਆਂ ਸ਼ਖਸੀਅਤਾਂ ਸੁਪਰੀਮ ਕੋਰਟ ਦੇ ਰਿਟਾਇਰਡ ਜਸਟਿਸ ਵੀ.ਆਰ. ਕ੍ਰਿਸ਼ਨਾ ਆਇਰ ਅਤੇ ਜਸਟਿਸ ਪੀ.ਬੀ. ਸਾਵੰਤ, ਬੰਬਈ ਹਾਈਕੋਰਟ ਦੇ ਸਾਬਕਾ ਜਸਟਿਸ ਹੋਸਬੇ ਸੁਰੇਸ਼, ਉੱਘੇ ਐਡਵੋਕੇਟ ਕੇਜੀ ਕੰਨਾਬਿਰਨ, ਕੇ.ਐੱਸ. ਸੁਬਰਾਮਨੀਅਮ (ਸਾਬਕਾ ਡੀ.ਜੀ.ਪੀ.) ਅਤੇ ਅਰੁਣਾ ਰਾਏ (ਸਾਬਕਾ ਆਈ.ਏ.ਐੱਸ. ਅਧਿਕਾਰੀ ਤੇ ਕਾਰਕੁਨ) ਨੂੰ ਲੈ ਕੇ ਬਣਾਇਆ ਗਿਆ ਸੀ। ਇਨਸਾਨੀਅਤ ਵਿਰੁੱਧ ਇਸ ਅਤਿ ਘਿਨਾਉਣੇ ਜੁਰਮ ਹਕੂਮਤ ਵੱਲੋਂ ਉੱਪਰ ਪਰਦਾਪੋਸ਼ੀ ਦੇ ਰੌਂਗਟੇ ਖੜ੍ਹੇ ਕਰਨ ਵਾਲੇ ਅਨੇਕਾਂ ਖੁਲਾਸੇ ਨਿਧੜਕ ਪੱਤਰਕਾਰ ਰਾਣਾ ਅਯੂਬ ਵੱਲੋਂ ਵੀ ਕੀਤੇ ਗਏ ਹਨ ਜਿਨ੍ਹਾਂ ਵਿਚ ਮੁਸਲਮਾਨਾਂ ਦੀ ਨਸਲਕੁਸ਼ੀ ਵਿਚ ਨਰਿੰਦਰ ਮੋਦੀ ਦੀ ਬਤੌਰ ਮੁੱਖ ਮੰਤਰੀ ਸ਼ਹਿ ਦੇਣ ਵਾਲੀ ਭੂਮਿਕਾ ਤੱਤਕਾਲੀ ਚੋਟੀ ਦੇ ਅਧਿਕਾਰੀਆਂ ਅਤੇ ਹੋਰ ਲੋਕਾਂ ਦੀ ਜ਼ੁਬਾਨੀ ਸਾਬਤ ਕੀਤੀ ਗਈ ਹੈ। 2016 'ਚ ਰਾਣਾ ਅਯੂਬ ਵੱਲੋਂ ਕੀਤਾ ਸਟਿੰਗ ਅਪਰੇਸ਼ਨ ਜਿਸ ਨੂੰ 'ਤਹਿਲਕਾ' ਰਸਾਲੇ ਨੇ ਛਾਪਣ ਤੋਂ ਪੈਰ ਪਿਛਾਂਹ ਖਿੱਚ ਲਏ ਸਨ, 'ਗੁਜਰਾਤ ਫਾਈਲਾਂ' ਨਾਂ ਦੀ ਚਰਚਿਤ ਕਿਤਾਬ ਦੇ ਰੂਪ 'ਚ ਛਪਿਆ। ਉਦੋਂ ਤੋਂ ਹੀ ਰਾਣਾ ਅਯੂਬ ਮੰਗ ਕਰ ਰਹੀ ਹੈ ਕਿ ਜਾਂਚ ਏਜੰਸੀਆਂ ਵੱਲੋਂ ਸਟਿੰਗ ਅਪਰੇਸ਼ਨ ਰਾਹੀਂ ਉਸ ਵੱਲੋਂ ਟੇਪਾਂ ਉੱਪਰ ਰਿਕਾਰਡ ਕੀਤੀਆਂ ਵਾਰਤਾਲਾਪ ਨੂੰ ਜਾਂਚ ਦਾ ਹਿੱਸਾ ਬਣਾਇਆ ਜਾਵੇ। 11 ਜੁਲਾਈ 2019 ਨੂੰ ਰਾਣਾ ਅਯੂਬ ਨੇ ਸੁਪਰੀਮ ਕੋਰਟ ਨੂੰ ਵੀ ਜਨਤਕ ਤੌਰ 'ਤੇ ਅਪੀਲ ਕੀਤੀ ਸੀ ਕਿ ਉਸ ਦੀਆਂ ਟੇਪਾਂ ਨੂੰ ਬਤੌਰ ਸਬੂਤ ਸ਼ਾਮਿਲ ਕਰਕੇ ਜਾਂਚ ਕਰਾਈ ਜਾਵੇ। ਇਸੇ ਤਰ੍ਹਾਂ ਦੇ ਖੁਲਾਸੇ ਇਕ ਹੋਰ ਮਸ਼ਹੂਰ ਪੱਤਰਕਾਰ ਅਸ਼ੀਸ਼ ਖੇਤਾਨ ਦੀ ਕਿਤਾਬ 'ਅੰਡਰ ਕਵਰ ਮਾਈ ਜਰਨੀ ਇਨਟੂ ਦ ਡਾਰਕਨੈੱਸ ਆਫ ਹਿੰਦੂਤਵਾ' ਵਿਚ ਕੀਤੇ ਗਏ ਹਨ। ਕੁਲ ਦੁਨੀਆ 'ਚ ਚਰਚਿਤ ਹੋਈਆਂ ਇਨ੍ਹਾਂ ਕਿਤਾਬਾਂ ਦਾ ਨੋਟਿਸ ਲੈਣ ਦੀ ਸੁਪਰੀਮ ਕੋਰਟ ਨੇ ਕੋਈ ਜ਼ਰੂਰਤ ਨਹੀਂ ਸਮਝੀ।




*ਗੁਜਰਾਤ ਧੱਕੇਸ਼ਾਹੀ ਬਾਰੇ ਮੀਰ ਸੁਹੇਲ ਦਾ ਕਾਰਟੂਨ।*

ਗੋਧਰਾ ਟਰੇਨ ਕਾਂਡ ਤੋਂ ਬਾਅਦ ਮੁਸਲਮਾਨਾਂ ਦੇ ਕਤਲੇਆਮ ਦੀਆਂ 300 ਦੇ ਕਰੀਬ ਹੌਲਨਾਕ ਘਟਨਾਵਾਂ ਰਿਕਾਰਡ ਕੀਤੀਆਂ ਗਈਆਂ। ਇਕ ਬੇਹੱਦ ਕਰੂਰ ਕਤਲੇਆਮ ਅਗਲੇ ਦਿਨ 28 ਫਰਵਰੀ ਨੂੰ ਅਹਿਮਦਾਬਾਦ ਦੀ ਗੇਟਬੰਦ ਗੁਲਬਰਗ ਸੁਸਾਇਟੀ 'ਚ ਕੀਤਾ ਗਿਆ ਸੀ ਜਿਸ ਵਿਚ ਹਿੰਦੂਤਵੀ ਹਜੂਮ ਨੇ ਜਾਫਰੀ ਦੇ ਘਰ ਨੂੰ ਘੇਰਾ ਪਾ ਕੇ ਉੱਥੇ ਛੁਪੇ 68 ਲੋਕਾਂ ਨੂੰ ਬਹੁਤ ਹੀ ਬੇਕਿਰਕੀ ਨਾਲ ਮਾਰਿਆ ਸੀ। ਅਹਿਸਾਨ ਜਾਫਰੀ ਦੀਆਂ ਆਹਲਾ ਪੁਲਿਸ ਅਧਿਕਾਰੀਆਂ ਅਤੇ ਨੌਕਰਸ਼ਾਹਾਂ ਨੂੰ ਵਾਰ-ਵਾਰ ਫੋਨ ਕਰਕੇ ਸੁਰੱਖਿਆ ਦੇਣ ਦੀਆਂ ਫਰਿਆਦਾਂ ਅਣਸੁਣੀਆਂ ਕਰ ਦਿੱਤੀਆਂ ਗਈਆਂ ਸਨ ਅਤੇ ਸੰਸਦ ਮੈਂਬਰ ਨੂੰ ਤਿੰਨ ਪੁਲਿਸ ਵੈਨਾਂ ਦੀ ਮੌਜੂਦਗੀ 'ਚ ਹੋਰ ਮੁਸਲਮਾਨਾਂ ਦੇ ਨਾਲ ਉਸ ਦੇ ਘਰ ਦੇ ਅੰਦਰ ਹੀ ਜ਼ਿੰਦਾ ਜਲਾ ਦਿੱਤਾ ਗਿਆ ਸੀ। ਜ਼ਕੀਆ ਜਾਫਰੀ ਅਨੁਸਾਰ ਮੋਦੀ ਨੂੰ ਵੀ ਫੋਨ ਕੀਤੇ ਗਏ ਸਨ।

ਫਿਰ ਜਾਂਚ ਕਮਿਸ਼ਨ ਬਣਾ ਕੇ ਇਸ ਇਨਸਾਨੀਅਤ ਵਿਰੋਧੀ ਜੁਰਮ ਉੱਪਰ ਪਰਦਾ ਪਾਉਣ ਦਾ ਸਿਲਸਿਲਾ ਸ਼ੁਰੂ ਹੋ ਗਿਆ। ਗੁਜਰਾਤ ਸਰਕਾਰ ਨੇ ਗੋਧਰਾ ਕਾਂਡ ਅਤੇ 'ਦੰਗਿਆਂ' ਦੀ ਜਾਂਚ ਕਰਾਉਣ ਦਾ ਐਲਾਨ ਕੀਤਾ। ਪੱਤਰਕਾਰਾਂ ਅਤੇ ਇਨਸਾਨੀਅਤ ਦੀਆਂ ਦਰਦਮੰਦ ਸੰਸਥਾਵਾਂ ਨੇ ਦਿਲ ਕੰਬਾਊ ਹੌਲਨਾਕ ਕਾਂਡਾਂ ਦੇ ਤੱਥ ਸਾਹਮਣੇ ਲਿਆਂਦੇ ਅਤੇ ਗੁਜਰਾਤ ਸਰਕਾਰ ਦੀ ਮਿਲੀਭੁਗਤ ਦੇ ਸਬੂਤ ਪੇਸ਼ ਕੀਤੇ ਪਰ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਅਤੇ ਵਿਸ਼ੇਸ਼ ਜਾਂਚ ਕਮਿਸ਼ਨਾਂ ਸਮੇਤ ਕੋਈ ਵੀ ਇਸ ਯੋਜਨਾਬੱਧ ਕਤਲੇਆਮ ਪਿੱਛੇ ਕੰਮ ਕਰਦੀ ਡੂੰਘੀ ਸਾਜ਼ਿਸ਼ ਅਤੇ ਇਸ ਦੀਆਂ ਸੂਤਰਧਾਰ ਤਾਕਤਾਂ ਦੀ ਭੂਮਿਕਾ ਉੱਪਰ ਉਂਗਲ ਰੱਖਣ ਲਈ ਤਿਆਰ ਨਹੀਂ ਸੀ। ਗੁਜਰਾਤ ਸਰਕਾਰ ਨੇ ਜਾਂਚ ਅਤੇ ਅਦਾਲਤੀ ਅਮਲ ਨੂੰ ਸਾਬੋਤਾਜ ਕਰਨ ਲਈ ਪੂਰੀ ਤਾਕਤ ਝੋਕ ਰੱਖੀ ਸੀ। ਸਪਸ਼ਟ ਸੀ ਕਿ ਜਾਂਚ ਅਤੇ ਅਦਾਲਤੀ ਅਮਲ ਹੁਕਮਰਾਨ ਧਿਰ ਦੀ ਇੱਛਾ ਅਨੁਸਾਰ ਚੱਲੇਗਾ। ਆਰ.ਐੱਸ.ਐੱਸ.-ਭਾਜਪਾ ਜਾਂਚ ਰਿਪੋਰਟਾਂ ਅਤੇ ਸਟਿੰਗ ਅਪਰੇਸ਼ਨਾਂ 'ਚ ਲਗਾਏ ਦੋਸ਼ਾਂ ਬਾਰੇ ਪਹਿਲੇ ਦਿਨ ਤੋਂ ਹੀ ਖਾਮੋਸ਼ ਹਨ, ਉਨ੍ਹਾਂ ਨੇ ਇਨ੍ਹਾਂ ਦੋਸ਼ਾਂ ਨੂੰ ਅਧਿਕਾਰਕ ਤੌਰ 'ਤੇ ਕਦੇ ਵੀ ਰੱਦ ਨਹੀਂ ਕੀਤਾ। ਸ਼ੁਰੂ ਤੋਂ ਹੀ ਸੰਘ ਬ੍ਰਿਗੇਡ ਨੇ ਆਪਣਾ ਪੂਰਾ ਤਾਣ ਮੋਦੀ ਅਤੇ ਹੋਰ ਭਗਵੇਂ ਆਗੂਆਂ ਨੂੰ ਕਲੀਨ ਚਿਟਾਂ ਦਿਵਾਉਣ ਲਈ ਹਰ ਹਰਬਾ ਵਰਤਣ, ਚਸ਼ਮਦੀਦ ਗਵਾਹਾਂ ਨੂੰ ਬਿਆਨਾਂ ਤੋਂ ਮੁਕਰਾਉਣ, ਕਤਲੇਆਮ ਅਤੇ ਫਰਜ਼ੀ ਮੁਕਾਬਲਿਆਂ ਲਈ ਜ਼ਿੰਮੇਵਾਰ ਦੋਸ਼ੀਆਂ ਨੂੰ ਬਰੀ ਕਰਾਉਣ 'ਤੇ ਲਗਾਇਆ ਹੋਇਆ ਹੈ। ਜਾਂਚ ਏਜੰਸੀਆਂ ਦੀ ਮਿਲੀਭੁਗਤ ਨਾਲ ਕਤਲੇਆਮ ਦੇ ਦੋਸ਼ੀ ਸੰਗੀਨ ਜੁਰਮਾਂ 'ਚੋਂ ਸਾਫ ਬਰੀ ਹੋ ਗਏ। ਲੋਕਾਂ ਨਾਲ ਵਿਸ਼ਵਾਸਘਾਤ ਕਰਨ ਵਾਲੇ ਜਾਂਚ ਅਧਿਕਾਰੀਆਂ ਨੂੰ ਸਰਕਾਰੀ ਬਖਸ਼ਿਸ਼ਾਂ ਨਾਲ ਨਿਵਾਜਿਆ ਗਿਆ। ਸੀ.ਬੀ.ਆਈ. ਦੇ ਸਾਬਕਾ ਡਾਇਰੈਕਟਰ ਕੇ.ਆਰ. ਰਾਘਵਨ ਨੂੰ 2017 'ਚ ਮਿਸਰ 'ਚ ਰਾਜਦੂਤ ਲਗਾਇਆ ਗਿਆ ਜਿਸ ਦੀ ਅਗਵਾਈ 'ਚ ਸਿੱਟ ਨੇ ਗੁਜਰਾਤ ਕਤਲੇਆਮ ਦੀ ਜਾਂਚ ਕਰਕੇ ਮੋਦੀ ਨੂੰ ਕਲੀਨ ਚਿਟ ਦਿੱਤੀ ਸੀ। ਮਾਇਆ ਕੋਡਨਾਨੀ (ਜਿਸ ਦੀ ਅਗਵਾਈ ਹੇਠ 97 ਲੋਕਾਂ ਦਾ ਕਤਲੇਆਮ ਹੋਇਆ), ਬਾਬੂ ਬਜਰੰਗੀ (ਜਿਸ ਨੇ ਸਟਿੰਗ ਅਪਰੇਸ਼ਨ 'ਚ ਮੁਸਲਮਾਨਾਂ ਨੂੰ ਬੇਕਿਰਕੀ ਨਾਲ ਮਾਰਨ ਅਤੇ ਮੋਦੀ ਵੱਲੋਂ ਕੀਤੀ ਰਾਜਕੀ ਪੁਸ਼ਤਪਨਾਹੀ ਦਾ ਇਕਬਾਲ ਕੀਤਾ) ਵਰਗੇ ਸਰਗਨੇ ਜੋ ਅਦਾਲਤਾਂ ਵਿਚ ਦੋਸ਼ੀ ਸਾਬਤ ਵੀ ਹੋ ਗਏ ਸਨ ਅਤੇ ਉਨ੍ਹਾਂ ਨੂੰ ਅਦਾਲਤਾਂ ਨੇ ਸਖਤ ਸਜ਼ਾਵਾਂ ਵੀ ਦਿੱਤੀਆਂ, ਉਨ੍ਹਾਂ ਨੂੰ ਵੀ ਮੋਦੀ ਹਕੂਮਤ ਨੇ ਜੇਲ੍ਹਾਂ 'ਚੋਂ ਬਾਹਰ ਕਢਵਾ ਲਿਆ।

ਇਹ ਹਾਲਾਤ ਸਨ ਜਿਨ੍ਹਾਂ ਵਿਚ ਕਾਨੂੰਨੀ ਚਾਰਾਜੋਈ ਕਰ ਰਹੀਆਂ ਸੰਸਥਾਵਾਂ ਨੇ ਮੁਸਲਮਾਨਾਂ ਦੇ ਕਤਲੇਆਮ ਲਈ ਜ਼ਿੰਮੇਵਾਰ ਗੁਜਰਾਤ ਦੀ ਮੋਦੀ ਸਰਕਾਰ ਅਤੇ ਰਾਜ ਮਸ਼ੀਨਰੀ ਦੇ ਉੱਚ ਅਧਿਕਾਰੀਆਂ ਦੀ ਜਵਾਬਦੇਹੀ ਯਕੀਨੀ ਬਣਾਉਣ ਉੱਪਰ ਕੇਂਦਰਤ ਕੀਤਾ। ਤੀਸਤਾ ਸੀਤਲਵਾੜ ਅਤੇ ਉਸ ਦੇ ਸਾਥੀਆਂ ਨੇ 'ਸੀ.ਜੇ.ਪੀ.' (ਸਿਟੀਜ਼ਨਜ਼ ਫਾਰ ਜਸਟਿਸ ਐਂਡ ਪੀਸ) ਨਾਂ ਦੀ ਸੰਸਥਾ ਬਣਾ ਕੇ ਨਿਆਂ ਲਈ ਕਾਨੂੰਨੀ ਲੜਾਈ ਲੜਨ ਦਾ ਚੁਣੌਤੀਪੂਰਨ ਕੰਮ ਹੱਥ ਲਿਆ। 8 ਜੂਨ 2006 ਨੂੰ ਜ਼ਕੀਆ ਜਾਫਰੀ ਵੱਲੋਂ ਨਰਿੰਦਰ ਮੋਦੀ ਸਮੇਤ 63 ਵਿਅਕਤੀਆਂ ਵਿਰੁੱਧ ਸ਼ਿਕਾਇਤ ਦਰਜ ਕਰਾਈ ਗਈ ਜੋ ਅਹਿਸਾਨ ਜਾਫਰੀ ਦੇ ਕਤਲ ਦੇ ਹਵਾਲੇ ਨਾਲ ਤਤਕਾਲੀ ਡੀ.ਜੀ.ਪੀ. ਨੂੰ ਭੇਜੀ ਗਈ ਸੀ। ਜਦੋਂ ਇਸ ਸ਼ਿਕਾਇਤ ਨੂੰ ਕੋਈ ਹੁੰਗਾਰਾ ਨਾ ਮਿਲਿਆ ਤਾਂ ਜ਼ਕੀਆ ਨੇ ਹਾਈਕੋਰਟ 'ਚ ਅਰਜ਼ੀ ਦੇ ਕੇ ਸ਼ਿਕਾਇਤ ਨੂੰ ਐੱਫ.ਆਈ.ਆਰ. ਵਜੋਂ ਲੈਣ ਅਤੇ ਜਾਂਚ ਸ਼ੁਰੂ ਕਰਾਉਣ ਦੀ ਮੰਗ ਕੀਤੀ। ਹਾਈਕੋਰਟ ਵੱਲੋਂ ਪਟੀਸ਼ਨ ਖਾਰਜ ਕੀਤੇ ਜਾਣ 'ਤੇ ਉਸ ਨੇ ਸੁਪਰੀਮ ਕੋਰਟ ਵਿਚ ਸਪੈਸ਼ਲ ਲੀਵ ਪਟੀਸ਼ਨ ਪਾ ਦਿੱਤੀ ਜਿਸ ਦੇ ਆਧਾਰ 'ਤੇ 2008 'ਚ ਸੁਪਰੀਮ ਕੋਰਟ ਨੇ ਸਿੱਟ ਨੂੰ ਇਸ ਪਟੀਸ਼ਨ 'ਚ ਲਾਏ ਦੋਸ਼ਾਂ ਦੀ ਜਾਂਚ ਕਰਨ ਦਾ ਆਦੇਸ਼ ਦਿੱਤਾ ਜੋ ਗੋਧਰਾ ਕਾਂਡ ਅਤੇ 'ਦੰਗਿਆਂ' ਦੀ ਜਾਂਚ ਕਰਨ ਲਈ ਬਣਾਈ ਗਈ ਸੀ। ਫਰਵਰੀ 2012 'ਚ ਸਿੱਟ ਨੇ ਜ਼ਕੀਆ ਜਾਫਰੀ ਦਾ ਪੱਖ ਸੁਣੇ ਬਿਨਾਂ ਹੀ ਆਪਣੀ ਕਲੋਜ਼ਰ ਰਿਪੋਰਟ ਸੁਪਰੀਮ ਕੋਰਟ ਅੱਗੇ ਪੇਸ਼ ਕਰ ਦਿੱਤੀ। ਰਿਪੋਰਟ ਨੇ ਨਾ ਸਿਰਫ ਅਹਿਸਾਨ ਜਾਫਰੀ ਦਾ ਕਾਲ ਡੇਟਾ ਰਿਕਾਰਡ ਹੀ ਦਬਾ ਲਿਆ ਸਗੋਂ ਹਿੰਸਾ ਭੜਕਾਉਣ ਲਈ ਜਾਫਰੀ ਨੂੰ ਹੀ ਜ਼ਿੰਮੇਵਾਰ ਠਹਿਰਾ ਦਿੱਤਾ। ਤਮਾਮ ਤੱਥਾਂ ਦੇ ਬਾਵਜੂਦ, ਸਿੱਟ ਵੱਲੋਂ ਨਰਿੰਦਰ ਮੋਦੀ ਅਤੇ ਹੋਰ ਦੋਸ਼ੀਆਂ ਨੂੰ ਕਲੀਨ ਚਿੱਟ ਦੇ ਦਿੱਤੀ ਗਈ।

ਜ਼ਕੀਆ ਜਾਫਰੀ ਨੂੰ ਇਹ ਰਿਪੋਰਟ ਵੀ ਇਕ ਸਾਲ ਬਾਅਦ ਸੁਪਰੀਮ ਕੋਰਟ ਪਹੁੰਚ ਕਰਕੇ ਹਾਸਲ ਹੋਈ। ਦਹਿ ਹਜ਼ਾਰਾਂ ਪੰਨਿਆਂ ਦੇ ਦਸਤਾਵੇਜ਼ਾਂ ਦੀ ਬਾਰੀਕੀ 'ਚ ਜਾਂਚ ਕਰਨ ਤੋਂ ਬਾਅਦ ਸੀ.ਜੇ.ਪੀ. ਦੀ ਲੀਗਲ ਟੀਮ ਨੇ ਇਸ ਰਿਪੋਰਟ ਦੀਆਂ ਖਾਮੀਆਂ ਵੀ ਉਜਾਗਰ ਕੀਤੀਆਂ ਅਤੇ ਸਿੱਟ ਦਾ ਝੂਠ ਵੀ ਨੰਗਾ ਕੀਤਾ। ਜ਼ਕੀਆ ਜਾਫਰੀ ਨੇ ਪ੍ਰੋਟੈਸਟ ਪਟੀਸ਼ਨ ਤਿਆਰ ਕਰਕੇ ਮੈਟਰੋਪੋਲਿਟਨ ਮੈਜਿਸਟਰੇਟ ਦੀ ਅਦਾਲਤ ਵਿਚ ਦਾਇਰ ਕੀਤੀ। ਹੇਠਲੀ ਅਦਾਲਤ ਨੇ ਪਟੀਸ਼ਨ ਰੱਦ ਕਰ ਦਿੱਤੀ ਅਤੇ ਸਿੱਟ ਦੀ ਰਿਪੋਰਟ ਸਵੀਕਾਰ ਕਰ ਲਈ। ਹੁਕਮਰਾਨ ਧਿਰ ਵੱਲੋਂ ਖੜ੍ਹੇ ਕੀਤੇ ਅੜਿੱਕਿਆਂ ਦੇ ਬਾਵਜੂਦ ਲੀਗਲ ਟੀਮ ਸਥਾਨਕ ਅਦਾਲਤ ਦੇ ਫੈਸਲੇ ਵਿਰੁੱਧ ਹਾਈਕੋਰਟ 'ਚ ਅਪੀਲ ਦਾਖਲ ਕਰਨ 'ਚ ਕਾਮਯਾਬ ਹੋ ਗਈ। ਅਕਤੂਬਰ 2017 'ਚ ਹਾਈਕੋਰਟ ਵੱਲੋਂ ਪਟੀਸ਼ਨ ਰੱਦ ਕਰਨ 'ਤੇ ਸਤੰਬਰ 2018 'ਚ ਸੁਪਰੀਮ ਕੋਰਟ ਵਿਚ ਸਪੈਸ਼ਲ ਲੀਵ ਪਟੀਸ਼ਨ ਪਾਈ।

ਜ਼ਕੀਆ ਜਾਫਰੀ ਦੀ ਇਹੀ ਪਟੀਸ਼ਨ ਹੁਣ ਸੁਪਰੀਮ ਕੋਰਟ ਦੇ ਤਿੰਨ ਮੈਂਬਰੀ ਬੈਂਚ ਨੇ ਖਾਰਜ ਕਰ ਦਿੱਤੀ ਹੈ। ਬੈਂਚ ਨੇ ਸੁਪਰੀਮ ਕੋਰਟ ਦੀ ਬੈਸਟ ਬੇਕਰੀ ਕਤਲੇਆਮ ਕੇਸ 'ਚ 12 ਅਪਰੈਲ 2004 ਦੀ ਉਸ ਟਿੱਪਣੀ ਵੱਲ ਵੀ ਪਿੱਠ ਕਰ ਲਈ ਜਿਸ ਵਿਚ ਨਰਿੰਦਰ ਮੋਦੀ ਦੀ ਗੁਜਰਾਤ ਸਰਕਾਰ ਨੂੰ 'ਅਜੋਕਾ ਨੀਰੋ' ਕਿਹਾ ਗਿਆ ਸੀ। ਬੈਂਚ ਨੇ ਸਾਬਕਾ ਰਾਸ਼ਟਰਪਤੀ ਕੇ.ਆਰ. ਨਰਾਇਣਨ ਵੱਲੋਂ ਨਾਨਾਵਤੀ-ਸ਼ਾਹ ਕਮਿਸ਼ਨ ਨੂੰ ਲਿਖੀ ਉਸ ਚਿੱਠੀ ਬਾਰੇ ਇਕ ਸ਼ਬਦ ਵੀ ਨਹੀਂ ਬੋਲਿਆ ਜਿਸ ਵਿਚ ਸਾਬਕਾ ਰਾਸ਼ਟਰਪਤੀ ਨੇ ਸਾਫ ਕਿਹਾ ਸੀ ਕਿ 'ਗੁਜਰਾਤ ਦੰਗਿਆਂ ਪਿੱਛੇ ਰਾਜ ਅਤੇ ਕੇਂਦਰ ਸਰਕਾਰਾਂ ਦਾ ਹੱਥ' ਸੀ; ਕਿ ਕੇਂਦਰ 'ਚ ਵਾਜਪਾਈ ਸਰਕਾਰ ਅਤੇ ਗੁਜਰਾਤ ਵਿਚ ਮੋਦੀ ਸਰਕਾਰ ਜੇ ਚਾਹੁੰਦੀਆਂ ਤਾਂ ਫੌਜ ਨੂੰ ਅਧਿਕਾਰ ਦੇ ਕੇ ਕਤਲੇਆਮ ਰੋਕ ਸਕਦੀਆਂ ਸਨ; ਬੈਂਚ ਨੇ ਸਗੋਂ ਭਗਵੇਂ ਹੁਕਮਰਾਨਾਂ ਦੀ ਇਸ ਥਿਊਰੀ ਉੱਪਰ ਮੋਹਰ ਲਗਾ ਦਿੱਤੀ ਕਿ ਗੁਜਰਾਤ ਕਤਲੇਆਮ-2002 'ਆਪ-ਮੁਹਾਰੇ ਦੰਗੇ' ਸਨ। ਬੈਂਚ ਨੇ ਕਿਹਾ ਕਿ ਸਿੱਟ ਦੀ ਜਾਂਚ 'ਚ ਹਕੂਮਤ ਦੀ 'ਕੋਈ ਵਡੇਰੀ ਸਾਜ਼ਿਸ਼ ਨਹੀਂ ਲੱਭੀ'। ਇਹ ਫੈਸਲਾ ਆਉਂਦੇ ਸਾਰ ਮੋਦੀ ਹਕੂਮਤ ਨੇ ਗਵਾਹ ਪੁਲਿਸ ਅਧਿਕਾਰੀਆਂ ਅਤੇ ਤੀਸਤਾ ਵਿਰੁੱਧ ਬਦਲਾਊ ਕਾਰਵਾਈ ਸ਼ੁਰੂ ਕਰ ਦਿੱਤੀ।

ਨਿਆਂ ਲਈ ਕਾਨੂੰਨੀ ਲੜਾਈ ਦਾ ਰਾਹ ਰੋਕਣ ਲਈ ਤੀਸਤਾ ਉੱਪਰ ਇਹ ਪਹਿਲਾ ਹਮਲਾ ਨਹੀਂ ਹੈ। ਤੀਸਤਾ, ਉਸ ਦੇ ਜੀਵਨ ਸਾਥੀ ਜਾਵੇਦ ਆਨੰਦ ਅਤੇ ਜ਼ਕੀਆ ਦੇ ਪੁੱਤਰ ਤਨਵੀਰ ਜਾਫਰੀ ਨੂੰ ਝੂਠੇ ਕੇਸ ਵਿਚ ਫਸਾਇਆ ਗਿਆ। ਫਿਰ ਤੀਸਤਾ ਉੱਪਰ ਸਬਰੰਗ ਟਰੱਸਟ ਲਈ ਫੰਡਾਂ 'ਚ ਹੇਰਾਫੇਰੀ ਦਾ ਦੋਸ਼ ਲਗਵਾ ਕੇ ਉਸ ਨੂੰ ਗ੍ਰਿਫਤਾਰ ਕਰਨ ਦੀ ਕੋਸ਼ਿਸ਼ ਕੀਤੀ। ਆਖਿਰਕਾਰ ਹੁਕਮਰਾਨ ਆਪਣੀ ਬਦਲਾਲਊ ਕਾਰਵਾਈ 'ਚ ਸਫਲ ਹੋ ਗਏ। ਹੁਣ ਭੀਮਾ-ਕੋਰੇਗਾਓਂ ਦੀ ਤਰਜ਼ 'ਤੇ ਸਾਜ਼ਿਸ਼ ਦਾ ਝੂਠਾ ਪੁਲੰਦਾ ਤਿਆਰ ਕੀਤਾ ਜਾਵੇਗਾ। ਇਸ ਰਾਹੀਂ ਤੀਸਤਾ ਦਾ ਜੇਲ੍ਹ 'ਚ ਸੜਨਾ ਯਕੀਨੀ ਬਣਾਇਆ ਜਾਵੇਗਾ। ਰਾਣਾ ਅਯੂਬ ਵਰਗੇ ਹੋਰ ਨਿਆਂਪਸੰਦ ਲੋਕਾਂ ਨੂੰ ਇਸ ਕੇਸ 'ਚ ਫਸਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਸਿੱਟ ਬਣਾ ਕੇ 'ਮੋਦੀ ਸਰਕਾਰ ਵਿਰੁੱਧ ਸਾਜ਼ਿਸ਼' ਦੀ ਜਾਂਚ ਦਾ ਨਾਟਕ ਸ਼ੁਰੂ ਕਰ ਦਿੱਤਾ ਗਿਆ ਹੈ।

ਹਰ ਇਨਸਾਫਪਸੰਦ ਵਿਅਕਤੀ ਨੂੰ ਤੀਸਤਾ ਸੀਤਲਵਾੜ ਅਤੇ ਆਰ.ਬੀ. ਸ੍ਰੀਕੁਮਾਰ ਦੀ ਗ੍ਰਿਫਤਾਰੀ ਵਿਰੁੱਧ ਜ਼ੋਰਦਾਰ ਆਵਾਜ਼ ਉਠਾਉਣੀ ਚਾਹੀਦੀ ਹੈ। ਭਾਰਤ ਨੂੰ ਵੱਡੀ ਤਾਦਾਦ 'ਚ ਜ਼ਕੀਆ ਜਾਫਰੀ ਵਰਗੇ ਦ੍ਰਿੜ ਤੇ ਦਲੇਰ ਨਾਗਰਿਕਾਂ ਅਤੇ ਤੀਸਤਾ ਸੀਤਲਵਾੜ ਵਰਗੇ ਮਨੁੱਖੀ ਹੱਕਾਂ ਦੇ ਰਾਖਿਆਂ ਦੀ ਬੇਹੱਦ ਜ਼ਰੂਰਤ ਹੈ। ਹੱਕਾਂ ਦੇ ਰਾਖਿਆਂ ਦੀ ਰਾਖੀ ਲਈ ਡੱਟਣਾ ਸਮੂਹ ਇਨਸਾਫਪਸੰਦ ਤਾਕਤਾਂ ਦਾ ਫਰਜ਼ ਹੈ। ਸੁਪਰੀਮ ਕੋਰਟ ਵੱਲੋਂ ਕਲੀਨ ਚਿੱਟ ਉੱਪਰ ਲਗਾਈ ਹਾਲੀਆ ਮੋਹਰ ਸਾਫ ਇਸ਼ਾਰਾ ਹੈ ਕਿ ਭਾਰਤੀ ਅਦਾਲਤੀ ਪ੍ਰਨਾਲੀ ਮਜ਼ਲੂਮਾਂ ਨੂੰ ਨਿਆਂ ਨਹੀਂ ਦੇ ਸਕਦੀ। ਸਮੂਹ ਇਨਸਾਨੀਅਤ ਪੱਖੀ ਅਤੇ ਨਿਆਂਪਸੰਦ ਤਾਕਤਾਂ ਨੂੰ ਮਜ਼ਲੂਮਾਂ ਤੇ ਮਨੁੱਖੀ ਹੱਕਾਂ ਦੇ ਰਾਖਿਆਂ ਦੀ ਢਾਲ ਬਣਨ ਲਈ ਅਤੇ ਹਿੰਦੂਤਵੀ ਫਾਸ਼ੀਵਾਦ ਅਤੇ ਰਾਜਕੀ ਦਹਿਸ਼ਤਵਾਦ ਦਾ ਮੁਕਾਬਲਾ ਮਿਲ ਕੇ ਕਰਨ ਲਈ ਸੜਕਾਂ ਉੱਪਰ ਆਉਣਾ ਪਵੇਗਾ।

## ਗੁਜਰਾਤ ਕਤਲੇਆਮ 'ਚ ਮੋਦੀ-ਵਾਜਪਾਈ ਸਰਕਾਰਾਂ ਦੀ ਭੂਮਿਕਾ
## ਸਾਬਕਾ ਰਾਸ਼ਟਰਪਤੀ ਕੇ.ਆਰ. ਨਰਾਇਣਨ ਦੀ ਜ਼ੁਬਾਨੀ

ਸਾਬਕਾ ਰਾਸ਼ਟਰਪਤੀ ਕੇ.ਆਰ. ਨਰਾਇਣਨ ਨੇ 8 ਅਪਰੈਲ 2005 ਨੂੰ ਨਾਨਾਵਤੀ-ਸ਼ਾਹ ਕਮਿਸ਼ਨ ਨੂੰ ਲਿਖੀ ਚਿੱਠੀ ਵਿਚ ਇਸ ਗੱਲ ਦੀ ਤਸਦੀਕ ਕੀਤੀ ਕਿ ਮਲਿਆਲਮ ਰਸਾਲੇ ਵਿਚ ਛਪੀ ਉਸ ਦੀ ਇੰਟਰਵਿਊ ਦਾ ਸਾਰ-ਤੱਤ ਸਹੀ ਸੀ ਜਿਸ ਵਿਚ ਵਾਜਪਾਈ ਸਰਕਾਰ ਉੱਪਰ ਅਸਰਦਾਰ ਕਾਰਵਾਈ ਨਾ ਕਰਨ ਦਾ ਦੋਸ਼ ਲਗਾਇਆ ਗਿਆ ਸੀ। ਇੰਟਰਵਿਊ ਵਿਚ ਸ੍ਰੀ ਨਰਾਇਣਨ ਨੇ ਕਿਹਾ ਸੀ ਕਿ 'ਗੁਜਰਾਤ ਵਿਚ ਫਿਰਕੂ ਦੰਗਿਆਂ ਨੂੰ ਸਰਕਾਰੀ ਅਤੇ ਪ੍ਰਸ਼ਾਸਨਿਕ ਹਮਾਇਤ ਹਾਸਲ ਸੀ।' ਉਨ੍ਹਾਂ ਨੇ ਇੰਟਰਵਿਊ ਦਾ ਹਵਾਲਾ ਦੱਸਿਆ, 'ਮੈਂ ਪ੍ਰਧਾਨ ਮੰਤਰੀ ਨੂੰ ਕਈ ਚਿੱਠੀਆਂ ਭੇਜੀਆਂ। ਇਸ ਮੁੱਦੇ ਬਾਬਤ ਮੈਂ ਵਾਜਪਾਈ ਨੂੰ ਨਿੱਜੀ ਤੌਰ 'ਤੇ ਮਿਲਿਆ ਵੀ ਅਤੇ ਉਸ ਨਾਲ ਸਿੱਧੀ ਗੱਲਬਾਤ ਕੀਤੀ। ਮੈਂ ਉਸ ਨੂੰ ਗੁਜਰਾਤ ਵਿਚ ਫੌਜ ਭੇਜਣ ਅਤੇ ਦੰਗੇ ਦਬਾਉਣ ਲਈ ਗੁਜ਼ਾਰਿਸ਼ ਕੀਤੀ ਕਿਉਂਕਿ ਇਹ ਕੇਂਦਰ ਦੀ ਸੰਵਿਧਾਨਕ ਜ਼ਿੰਮੇਵਾਰੀ ਸੀ ਅਤੇ ਜੇ ਰਾਜ ਸਰਕਾਰਾਂ ਮੰਗਣ ਤਾਂ ਫੌਜ ਭੇਜਣ ਦੀਆਂ ਸ਼ਕਤੀਆਂ ਕੇਂਦਰ ਸਰਕਾਰ ਕੋਲ ਹਨ। ਫੌਜ ਭੇਜੀ ਤਾਂ ਗਈ ਪਰ ਉਨ੍ਹਾਂ ਨੂੰ ਗੋਲੀ ਚਲਾਉਣ ਦੇ ਅਧਿਕਾਰ ਨਹੀਂ ਦਿੱਤੇ ਗਏ। ਜੇ ਫੌਜ ਨੂੰ ਹਿੰਸਾ ਦੇ ਦੋਸ਼ੀਆਂ 'ਤੇ ਗੋਲੀ ਚਲਾਉਣ ਦੇ ਅਧਿਕਾਰ ਦਿੱਤੇ ਹੁੰਦੇ ਤਾਂ ਗੁਜਰਾਤ ਵਿਚ ਵਾਪਰੇ ਦੁਖਾਂਤ ਦੁਹਰਾਏ ਨਾ ਜਾਂਦੇ। ਮੈਨੂੰ ਲੱਗਦਾ ਹੈ ਕਿ ਇਸ ਵਿਚ ਕੋਈ ਸਾਜ਼ਿਸ਼ ਰਚੀ ਗਈ ਸੀ। ਗੁਜਰਾਤ ਦੰਗਿਆਂ ਪਿੱਛੇ ਰਾਜ ਅਤੇ ਕੇਂਦਰ ਸਰਕਾਰਾਂ ਸਨ।'

*(ਟਾਈਮਜ਼ ਆਫ ਇੰਡੀਆ, 26 ਅਪਰੈਲ 2005)*

## ਫਿਰਕੂ ਦੰਗੇ ਅਤੇ ਭਾਰਤੀ ਪੁਲਿਸ-9

# ਮਿਸ਼ਰਤ ਆਬਾਦੀ ਦੇ ਮਾਇਨੇ

***ਵਿਭੂਤੀ ਨਰਾਇਣ ਰਾਏ ਪੁਲਿਸ ਅਫਸਰ ਰਹੇ ਹਨ। ਇਸ ਦੇ ਨਾਲ-ਨਾਲ ਉਹ ਲਿਖਾਰੀ ਵੀ ਹਨ। ਉਨ੍ਹਾਂ 5 ਨਾਵਲਾਂ ਤੋਂ ਇਲਾਵਾ ਭਾਰਤ ਵਿਚ ਫਿਰਕੂ ਸਿਆਸਤ ਨਾਲ ਸਬੰਧਤ ਦੋ ਪੁਸਤਕਾਂ ਲਿਖੀਆਂ ਹਨ। 'ਫਿਰਕੂ ਦੰਗੇ ਅਤੇ ਭਾਰਤੀ ਪੁਲਿਸ' ਨਾਂ ਦੀ ਪੁਸਤਕ ਵਿਚ ਉਨ੍ਹਾਂ ਫਿਰਕੂ ਦੰਗਿਆਂ ਦੇ ਵੱਖ-ਵੱਖ ਪਹਿਲੂਆਂ ਬਾਰੇ ਛਾਣ-ਬੀਣ ਕੀਤੀ ਹੈ। ਉਨ੍ਹਾਂ ਦਾ ਇਹ ਮੰਨਣਾ ਹੈ ਕਿ ਭਾਰਤ ਵਰਗੇ ਮੁਲਕ ਨੂੰ ਧਰਮ ਨਿਰਪੱਖ ਅਤੇ ਤਰੱਕੀ ਦੇ ਰਸਤੇ 'ਤੇ ਅੱਗੇ ਵਧਾਉਣ ਲਈ ਧਾਰਮਿਕ ਕੱਟੜਤਾ, ਗੈਰ-ਵਿਗਿਆਨਕ ਸੋਚ, ਰੂੜ੍ਹੀਵਾਦੀ ਮਾਨਸਿਕਤਾ ਤੋਂ ਬਾਹਰ ਆਉਣਾ ਪਵੇਗਾ। ਇਸ ਲਿਖਤ ਦੀ ਨੌਵੀਂ ਕਿਸ਼ਤ ਹਾਜ਼ਰ ਹੈ। ਇਸ ਦਾ ਹਿੰਦੀ ਤੋਂ ਪੰਜਾਬੀ ਵਿਚ ਅਨੁਵਾਦ ਤਰਸੇਮ ਲਾਲ ਨੇ ਕੀਤਾ ਹੈ।***



**ਵਿਭੂਤੀ ਨਰਾਇਣ ਰਾਏ**
**ਅਨੁਵਾਦ: ਤਰਸੇਮ ਲਾਲ**

ਫਿਰਕੂ ਦੰਗਿਆਂ ਨੇ ਮੁਸਲਮਾਨਾਂ ਨੂੰ ਆਪਣੀਆਂ ਅਲੱਗ ਸੰਘਣੀਆਂ ਬਸਤੀਆਂ ਵਿਚ ਰਹਿਣ ਦੀ ਪ੍ਰਵਿਰਤੀ ਨੂੰ ਹੋਰ ਵੀ ਮਜ਼ਬੂਤ ਕੀਤਾ। ਆਜ਼ਾਦੀ ਤੋਂ ਬਾਅਦ 1960-61 ਤੱਕ ਦੰਗੇ ਘਟਣ ਕਾਰਨ ਹੌਲੀ-ਹੌਲੀ ਉਹ ਮੁਸਲਿਮ ਮੱਧ ਵਰਗ ਜੋ ਪਾਕਿਸਤਾਨ ਚਲਿਆ ਗਿਆ ਸੀ, ਦੀ ਘਾਟ ਪੂਰੀ ਹੋਣ ਲੱਗੀ। ਸਰਕਾਰੀ ਕਰਮਚਾਰੀ, ਵਪਾਰੀ, ਉਦਯੋਗਪਤੀ, ਡਾਕਟਰ, ਵਕੀਲ ਵਰਗੇ ਪੇਸ਼ੇ ਵਾਲੇ ਮੁਸਲਿਮ ਲੋਕਾਂ ਦੀ ਗਿਣਤੀ ਵਧਣ ਲੱਗੀ ਜੋ ਤੰਗ, ਗੰਦੀਆਂ ਨਾਲੀਆਂ ਅਤੇ ਗਲੀਆਂ ਵਿਚੋਂ ਨਿਕਲ ਕੇ ਸਾਫ ਸੁਥਰੇ ਇਲਾਕਿਆਂ ਵਿਚ ਰਹਿਣਾ ਚਾਹੁੰਦੇ ਸਨ। ਵੱਖ-ਵੱਖ ਸਰਕਾਰੀ ਏਜੰਸੀਆਂ ਵਲੋਂ ਵਿਕਸਿਤ ਕੀਤੀਆਂ ਜਾਣ ਵਾਲੀਆਂ ਰਿਹਾਇਸ਼ੀ ਕਲੋਨੀਆਂ ਨੇ ਇਸ ਪ੍ਰਵਿਰਤੀ ਵਿਚ ਹੋਰ ਵਾਧਾ ਕੀਤਾ। ਜੇ ਛੇਵੇਂ ਅਤੇ ਸੱਤਵੇਂ ਦਹਾਕੇ 'ਤੇ ਨਜ਼ਰ ਮਾਰੀਏ ਤਾਂ ਦੇਸ਼ ਵਿਚ ਸ਼ਹਿਰੀਕਰਨ ਦੇ ਵਧਦੇ ਰੁਝਾਨ ਦਾ ਅਧਿਐਨ ਕਰੀਏ, ਜਿਸ ਵਿਚ ਸ਼ਹਿਰਾਂ ਦਾ ਅੰਧਾ-ਧੁੰਦ ਵਿਕਾਸ ਅਤੇ ਵਿਸਥਾਰ ਹੋਇਆ। ਉਨ੍ਹਾਂ ਵਿਚ ਸਭ ਤੋਂ ਚੰਗਾ ਲੱਛਣ ਮਿਸ਼ਰਤ ਆਬਾਦੀ ਵਾਲੀਆਂ ਬਸਤੀਆਂ ਦਾ ਵਿਕਾਸ ਸੀ। ਉਦਯੋਗੀਕਰਨ ਨੇ ਇਸ ਵਿਕਾਸ ਵਿਚ ਮਦਦ ਕੀਤੀ।

ਮਿਸ਼ਰਤ ਆਬਾਦੀ ਵਾਲੀਆਂ ਬਸਤੀਆਂ ਦਾ ਜੇ ਵਿਕਾਸ ਹੁੰਦਾ ਰਹਿੰਦਾ ਤਾਂ ਲਾਜ਼ਮੀ ਤੌਰ 'ਤੇ ਪ੍ਰਭਾਵਿਤ ਕਰਨ ਵਾਲਾ ਇਹ ਸਭ ਤੋਂ ਮਹੱਤਵਪੂਰਨ ਕਾਰਨ ਹੁੰਦਾ। ਇਹ ਨਵੀਆਂ ਬਸਤੀਆਂ ਦੋਵਾਂ ਧਰਮਾਂ ਦੇ ਲੋਕਾਂ ਨੂੰ ਇਕ ਦੂਜੇ ਦੇ ਨੇੜੇ ਆਉਣ, ਦੋਵਾਂ ਦੇ ਇਕ ਦੂਜੇ ਪ੍ਰਤੀ ਬਣੇ ਗਲਤ ਵਿਸ਼ਵਾਸ, ਇਕ ਦੂਜੇ ਪ੍ਰਤੀ ਸ਼ੰਕੇ ਤਿਆਗਣ ਅਤੇ ਇਕ-ਦੂਜੇ ਨੂੰ ਵਧੀਆ ਢੰਗ ਨਾਲ ਸਮਝਣ ਦਾ ਮੌਕਾ ਮਿਲਦਾ। ਬਦਕਿਸਮਤੀ ਨਾਲ 1960 ਤੋਂ ਬਾਅਦ ਭਾਰਤੀ ਸਰੀਰ ਵਿਚ ਨਾਸੂਰ ਵਾਂਗ ਰਿਸਣ ਵਾਲੇ ਦੰਗਿਆਂ ਦੇ ਇਸ ਘਟਨਾਕ੍ਰਮ ਨੂੰ ਨਾ ਸਿਰਫ ਰੋਕ ਦਿੱਤਾ ਸਗੋਂ ਇਕ ਤਰ੍ਹਾਂ ਨਾਲ ਉਲਟਾ ਦਿੱਤਾ। ਨਾ ਸਿਰਫ ਨਵੀਆਂ ਮਿਸ਼ਰਤ ਆਬਾਦੀਆਂ ਘੱਟ ਵਿਕਸਤ ਹੋਈਆਂ ਸਗੋਂ ਜਿਨ੍ਹਾਂ ਸ਼ਹਿਰਾਂ ਵਿਚ ਲਗਾਤਾਰ ਦੰਗੇ ਹੁੰਦੇ ਰਹਿੰਦੇ ਸਨ, ਉਨ੍ਹਾਂ ਥਾਵਾਂ 'ਤੇ ਵਸੀਆਂ ਬਸਤੀਆਂ ਉੱਜੜ ਗਈਆਂ ਅਤੇ ਉੱਥੇ ਰਹਿਣ ਵਾਲੇ ਹਿੰਦੂ ਅਤੇ ਮੁਸਲਮਾਨ ਨਿਵਾਸੀ ਆਪਣੇ ਮਕਾਨ ਵੇਚ ਕੇ ਆਪਣੇ ਇਲਾਕਿਆਂ ਵਿਚ ਜਾ ਵਸੇ।

ਇਸ ਪ੍ਰਵਿਰਤੀ ਦਾ ਅਧਿਐਨ ਕਰਨ ਲਈ ਆਓ ਮੇਰਠ ਦੀ ਸ਼ਾਸਤਰੀ ਨਗਰ ਨਾਮ ਦੀ ਕਲੋਨੀ ਨੂੰ ਦੇਖੀਏ। ਮੇਰਠ ਹਾਪੁੜ ਰੋਡ 'ਤੇ ਪਿਛਲੇ ਦੋ ਦਹਾਕਿਆਂ ਤੋਂ ਵਿਕਸਤ ਹੋਈ, ਕਈ ਹਜ਼ਾਰ ਮਕਾਨਾਂ ਵਾਲੀ ਇਹ ਕਲੋਨੀ ਯੋਜਨਾਬੱਧ ਵਿਕਾਸ ਦਾ ਸੁੰਦਰ ਨਮੂਨਾ ਸੀ। ਸਰਕਾਰੀ ਏਜੰਸੀਆਂ ਵਲੋਂ ਮੇਰਠ ਸ਼ਹਿਰ ਦੇ ਨਾਲ ਲੱਗਦੀ ਖੇਤੀ ਵਾਲੀ ਜ਼ਮੀਨ ਨੂੰ ਕਬਜ਼ੇ ਵਿਚ ਲੈ ਕੇ ਇਸ ਕਲੋਨੀ ਦਾ ਵਿਕਾਸ ਕੀਤਾ ਗਿਆ। ਇਸ ਵਿਚ ਕੁਝ ਮਕਾਨ ਬਣਾ ਕੇ ਵੇਚੇ ਗਏ। ਕਾਫੀ ਗਿਣਤੀ ਪਲਾਟਾਂ ਨੂੰ ਵਿਕਸਤ ਕਰਕੇ ਖਰੀਦਦਾਰਾਂ ਨੂੰ ਆਪਣੀ ਮਰਜ਼ੀ ਨਾਲ ਮਕਾਨ ਬਣਾਉਣ ਦੀ ਸਹੂਲਤ ਦਿੱਤੀ ਗਈ। ਨਵੀਂ ਦਿੱਲੀ ਦੇ ਨੇੜੇ ਹੋਣ ਕਰਕੇ ਪੱਛਮੀ ਉੱਤਰ ਪ੍ਰਦੇਸ਼ ਵਿਚ ਉਦਯੋਗੀਕਰਨ ਦੀਆਂ ਚੰਗੀਆਂ ਸੰਭਾਵਨਾਵਾਂ ਦੇ ਕਾਰਨ ਇਨ੍ਹਾਂ ਪਲਾਟਾਂ ਅਤੇ ਮਕਾਨਾਂ ਨੂੰ ਵੇਚਣ ਵਿਚ ਕੋਈ ਸਮੱਸਿਆ ਨਹੀਂ ਹੋਈ।

ਇਸ ਕਲੋਨੀ ਦੇ ਵਿਕਾਸ ਦੀ ਮਹੱਤਵਪੂਰਨ ਗੱਲ ਇਹ ਸੀ ਕਿ ਦੋ ਸੌ ਦੇ ਲਗਭਗ ਪਲਾਟ ਅਤੇ ਮਕਾਨ ਮੁਸਲਮਾਨਾਂ ਨੂੰ ਦਿੱਤੇ ਗਏ। ਇਹ ਉਹ ਮੁਸਲਮਾਨ ਸਨ ਜਿਨ੍ਹਾਂ ਨੇ ਵੱਖ-ਵੱਖ ਕੰਮਾਂ ਕਰਕੇ ਕੁਝ ਪੈਸਾ ਇਕੱਠਾ ਕਰ ਲਿਆ ਸੀ ਅਤੇ ਉਹ ਹੁਣ ਮੇਰਠ ਦੀਆਂ ਗੰਦੀਆਂ, ਤੰਗ, ਗਲੀਆਂ ਵਿਚੋਂ ਨਿਕਲ ਕੇ (ਜਿੱਥੇ ਕੇਵਲ ਮੁਸਲਮਾਨ ਹੀ ਰਹਿੰਦੇ ਸਨ) ਅਜਿਹੀ ਆਬਾਦੀ ਵਿਚ ਰਹਿਣਾ ਚਾਹੁੰਦੇ ਸਨ ਜਿੱਥੇ ਪਾਰਕ, ਚੌੜੀਆਂ ਸੜਕਾਂ ਅਤੇ ਸੀਵਰੇਜ ਅਤੇ ਪੀਣ ਵਾਲੇ ਪਾਣੀ ਦੀਆਂ ਆਧੁਨਿਕ ਸਹੂਲਤਾਂ ਹੋਣ। ਇੱਥੇ ਆ ਕੇ ਵਸਣ ਵਾਲਿਆਂ ਵਿਚ ਉਰਦੂ ਸ਼ਾਇਰ ਬਸ਼ੀਰ ਬਦਰ ਵੀ ਸਨ। ਉਨ੍ਹਾਂ ਨਾਲ ਗੱਲ ਕਰਨ 'ਤੇ ਪਤਾ ਲੱਗਿਆ ਕਿ ਪਹਿਲਾਂ-ਪਹਿਲਾਂ ਉਸ ਨੂੰ ਆਪਣੇ ਮੁਹੱਲੇ ਦੇ ਮੁਸਲਮਾਨਾਂ ਦੇ ਵਿਅੰਗਮਈ ਸ਼ਬਦਾਂ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਨੂੰ ਕਿਹਾ ਗਿਆ ਕਿ "ਤੁਸੀਂ ਜਾ ਤਾਂ ਰਹੇ ਹੋ ਪਰ ਮੁੜ ਕੇ ਵਾਪਸ ਇੱਥੇ ਹੀ ਆਉਣਾ ਪਵੇਗਾ।" ਸ਼ੁਰੂ ਵਿਚ ਥੋੜ੍ਹੇ ਲੋਕ ਆਏ ਪਰ ਥੋੜ੍ਹੀ ਝਿਜਕ ਤੋਂ ਬਾਅਦ ਉਨ੍ਹਾਂ ਦੀ ਗਿਣਤੀ ਵਧਦੀ ਗਈ। 1987 ਤੋਂ ਪਹਿਲਾਂ ਸ਼ਹਿਰ ਦੇ ਪੁਰਾਣੇ ਹਿੱਸਿਆਂ ਵਿਚ ਤਣਾਓ ਜਾਂ ਝਗੜੇ ਹੋਣ 'ਤੇ ਵੀ ਇਹ ਇਲਾਕਾ, ਕਿਸੇ ਨਵੇਂ ਬਣੇ ਵਿਕਸਤ ਮੁਹੱਲੇ ਵਾਂਗ ਤਣਾਓ ਮੁਕਤ ਰਿਹਾ ਪਰ 1987 ਦੇ ਦੰਗਿਆਂ ਨੇ ਪੂਰੀ ਪ੍ਰਕਿਰਿਆ ਨੂੰ ਉਲਟਾ ਦਿੱਤਾ। ਇਸ ਮੁਹੱਲੇ ਦਾ ਹਰ ਮੁਸਲਿਮ ਮਕਾਨ ਜਿਸ ਵਿਚ ਬਸ਼ੀਰ ਬਦਰ ਦਾ ਮਕਾਨ ਵੀ ਸ਼ਾਮਲ ਹੈ, ਇਨ੍ਹਾਂ ਦੰਗਿਆਂ ਵਿਚ ਹਮਲਿਆਂ ਦਾ ਸ਼ਿਕਾਰ ਹੋਇਆ। ਸਾਰੇ ਮਕਾਨ, ਸਾੜ-ਫੂਕ, ਲੁੱਟ-ਮਾਰ ਅਤੇ ਤੋੜ-ਫੋੜ ਦਾ ਸ਼ਿਕਾਰ ਹੋਏ। ਨਤੀਜਾ ਇਹ ਹੋਇਆ ਕਿ ਕੁਝ ਅਪਵਾਦਾਂ ਨੂੰ ਛੱਡ ਕੇ ਇੱਥੇ ਰਹਿਣ ਵਾਲੇ ਸਾਰੇ ਮੁਸਲਿਮ ਨਿਵਾਸੀ ਵਾਪਸ ਮੁਸਲਿਮ ਇਲਾਕਿਆਂ ਵਿਚ ਚਲੇ ਗਏ।

ਕੁਝ-ਕੁਝ ਇਹੋ ਜਿਹੀ ਸਥਿਤੀ ਹੀ ਅਲਾਹਾਬਾਦ ਦੀ 'ਕਰੇਲੀ ਸਕੀਮ' ਦੀ ਵੀ ਹੈ। ਚਾਰੇ ਪਾਸਿਆਂ ਤੋਂ ਮੁਸਲਿਮ ਆਬਾਦੀ ਨਾਲ ਘਿਰੀ ਇਸ ਮਿਸ਼ਰਤ ਕਲੋਨੀ ਵਿਚ ਹਰ ਫਿਰਕੂ ਤਣਾਓ ਤੋਂ ਬਾਅਦ ਕੁਝ ਨਾ ਕੁਝ ਹਿੰਦੂ ਆਪਣੇ ਮਕਾਨ ਵੇਚ ਦਿੰਦੇ ਸਨ।

ਆਪਣੇ ਉਦਯੋਗਿਕ ਚਰਿੱਤਰ ਕਾਰਨ ਅਹਿਮਦਾਬਾਦ ਵਿਚ 1969 ਤੱਕ ਕਾਫੀ ਅਜਿਹੇ ਇਲਾਕੇ ਸਨ ਜਿੱਥੇ ਹਿੰਦੂ ਅਤੇ ਮੁਸਲਿਮਾਂ ਦੀ ਮਿਸ਼ਰਤ ਆਬਾਦੀ ਸੀ। ਬਾਪੂ ਨਗਰ, ਨਵਰੰਗਪੁਰਾ, ਚਮਨਪੁਰਾ, ਗੋਮਤੀਪੁਰ, ਕਾਲੂਪੁਰ, ਦਰਿਆਪੁਰ ਕੁਝ ਅਜਿਹੇ ਇਲਾਕੇ ਹਨ ਜਿੱਥੇ ਹਿੰਦੂ ਅਤੇ ਮੁਸਲਮਾਨਾਂ ਦੀ ਖਾਸ ਤੌਰ 'ਤੇ ਉਦਯੋਗਿਕ ਮਜ਼ਦੂਰਾਂ ਦੀ ਸੰਘਣੀ ਮਿਸ਼ਰਤ ਆਬਾਦੀ ਹੁੰਦੀ ਸੀ। 1969 ਦੇ ਦੰਗਿਆਂ ਤੋਂ ਬਾਅਦ ਇਨ੍ਹਾਂ ਇਲਾਕਿਆਂ ਵਿਚ ਹਿੰਦੂ ਅਤੇ ਮੁਸਲਮਾਨਾਂ ਨੇ ਆਪਣੇ-ਆਪਣੇ ਲਈ ਸੁਰੱਖਿਅਤ ਇਲਾਕੇ ਚੁਣਨੇ ਸ਼ੁਰੂ ਕਰ ਦਿੱਤੇ। ਜੇ ਕਿਸੇ ਮੁਸਲਿਮ ਬਹੁਲ ਬਸਤੀ ਵਿਚ ਹਿੰਦੂਆਂ ਦੇ ਇੱਕਾ-ਦੁੱਕਾ ਘਰ ਸਨ, ਉਨ੍ਹਾਂ ਨੇ ਉਨ੍ਹਾਂ ਨੂੰ ਵੇਚ ਕੇ ਹਿੰਦੂ ਬਹੁਲ ਬਸਤੀ ਵਿਚ ਮਕਾਨ ਖਰੀਦ ਲਏ। ਇਹੀ ਕੁਝ ਮੁਸਲਮਾਨਾਂ ਨੇ ਕੀਤਾ। ਹਰ ਫਿਰਕੂ ਦੰਗੇ ਤੋਂ ਬਾਅਦ ਇਹ ਪ੍ਰਕਿਰਿਆ ਤੇਜ਼ ਹੋ ਜਾਂਦੀ ਅਤੇ 1985 ਦੇ ਦੰਗਿਆਂ ਤੱਕ ਤਾਂ ਇਹ ਪੂਰੀ ਤਰ੍ਹਾਂ ਨਾਲ ਵੱਖੋ-ਵੱਖਰੇ ਮੁਹੱਲਿਆਂ ਦਾ ਰੂਪ ਧਾਰਨ ਕਰ ਗਏ। ਬਹੁਤ ਘੱਟ ਅਪਵਾਦ ਹੋਣਗੇ ਜੋ ਉਲਟ ਧਰਮ ਵਾਲੇ ਬਹੁਲ ਧਰਮ ਵਾਲੀ ਆਬਾਦੀ ਵਿਚ ਰਹਿੰਦੇ ਹੋਣ। ਬਾਪੂ ਨਗਰ ਦੇ ਚਾਰੇ ਪਾਸੇ ਤਾਂ ਵੰਡਣ ਵਾਲੀਆਂ ਸੜਕਾਂ ਬਣ ਗਈਆਂ ਹਨ ਜਿਨ੍ਹਾਂ ਦੇ ਇਕ ਪਾਸੇ ਹਿੰਦੂ ਰਹਿੰਦੇ ਹਨ ਅਤੇ ਦੂਜੇ ਪਾਸੇ ਮੁਸਲਮਾਨ। ਇੱਥੋਂ ਦੇ ਵਸਨੀਕਾਂ ਵਿਚ 'ਮੋਰਚਾ' ਸ਼ਬਦ ਪ੍ਰਚਲਤ ਹੈ ਜਿਸ ਦਾ ਭਾਵ ਹੈ ਕਿ ਇਨ੍ਹਾਂ ਸੜਕਾਂ ਦੇ ਦੋਵੇਂ ਪਾਸੇ ਮੀਲਾਂ ਤੱਕ ਦੰਗਿਆਂ ਦੌਰਾਨ ਹਿੰਦੂਆਂ ਅਤੇ ਮੁਸਲਮਾਨਾਂ ਦੇ ਹਮਲਾਵਰ ਜਥੇ ਜਮ੍ਹਾਂ ਸਨ। ਆਬਾਦੀ ਦੀ ਅਦਲਾ ਬਦਲੀ ਦਾ ਸ਼ਿਕਾਰ ਉਹ ਮਜ਼ਦੂਰ ਆਬਾਦੀਆਂ ਵੀ ਹੋਈਆਂ ਜਿਨ੍ਹਾਂ ਨੂੰ ਸਰਕਾਰਾਂ ਨੇ ਕਈਆਂ ਸਾਲਾਂ ਵਿਚ ਮਿੱਲ ਮਜ਼ਦੂਰਾਂ ਲਈ ਬਣਾਇਆ ਸੀ। ਇੱਥੇ ਰਹਿਣ ਵਾਲੇ ਮਜ਼ਦੂਰ ਵੀ ਆਪਣੇ-ਆਪਣੇ ਧਰਮ ਦੇ ਅਨੁਸਾਰ ਸੁਰੱਖਿਅਤ ਸਥਾਨਾਂ ਵੱਲ ਜਾਣ ਲਈ ਕੁਆਰਟਰਾਂ ਦੀ ਅਦਲਾ-ਬਦਲੀ ਕਰ ਰਹੇ ਸਨ।



***ਬੰਬਈ ਵਿਚ 1992-93 ਦੌਰਾਨ ਹੋਏ ਦੰਗਿਆਂ ਨੇ ਇਸ ਨਗਰ ਦੀ ਮਹਾਂਨਗਰ ਵਾਲੀ ਚੇਤਨਾ ਨੂੰ ਬੁਰੀ ਤਰ੍ਹਾਂ ਝਟਕਾ ਦਿੱਤਾ।***

ਬੰਬਈ ਵਿਚ 1992-93 ਦੇ ਭਿਆਨਕ ਦੰਗਿਆਂ ਨੇ ਉਸ ਨਗਰ ਦੀ ਮਹਾਂਨਗਰ ਵਾਲੀ ਚੇਤਨਾ ਨੂੰ ਬੁਰੀ ਤਰ੍ਹਾਂ ਝਟਕਾ ਦਿੱਤਾ ਹੈ ਅਤੇ ਉੱਥੇ ਵੀ ਉਹੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ। ਅੰਧੇਰੀ (ਪੂਰਬ) ਦੀ ਤਕਸ਼ਿਲਾ ਕਲੋਨੀ, ਨਿਰਮਲ ਨਗਰ (ਬਾਂਦਰਾ ਪੂਰਬ) ਚਾਚਾ ਨਗਰ, ਖੇਰਵਾੜੀ, ਮਿਉਂਸਪਲ ਕਲੋਨੀ, ਚਾਰਕੋਪ (ਕਾਂਦੀਬਲੀ) ਅਤੇ ਉੱਤਰ ਪੂਰਬ ਵਿਚ ਤਾਂ ਕੁਝ ਅਜਿਹੇ ਇਲਾਕੇ ਹਨ, ਜਿੱਥੋਂ ਮੁਸਲਮਾਨ ਆਪਣੀਆਂ ਜਾਇਦਾਦਾਂ ਵੇਚ ਕੇ ਸੁਰੱਖਿਅਤ ਇਲਾਕਿਆਂ ਵਿਚ ਚਲੇ ਗਏ। ਇਸੇ ਤਰ੍ਹਾਂ ਜੋਗੇਸ਼ਵਰੀ ਵਿਚ ਰਾਧਾ ਬਾਈ ਚਾਲ, ਕੁਰਲਾ, ਪਾਈਪਲਾਈਨ ਰੋਡ, ਦੇਵਨਗਰ ਵਿਚ ਰਫੀਕਨਗਰ, ਸੈਂਟਰਲ ਮੁੰਬਈ ਦਾ ਦੇਵਰੀ ਇਲਾਕਾ ਅਜਿਹੇ ਖੇਤਰ ਹਨ ਜਿੱਥੋਂ ਹਿੰਦੂ ਚਲੇ ਗਏ। ਜਾਇਦਾਦਾਂ ਦੀ ਇਹ ਖਰੀਦ-ਫਰੋਖਤ ਆਮ ਤੌਰ 'ਤੇ ਉਜਾੜੇ ਦਾ ਸ਼ਿਕਾਰ ਹੋਣ ਵਾਲੇ ਪਰਿਵਾਰਾਂ ਲਈ ਘਾਟੇ ਦਾ ਸੌਦਾ ਰਿਹਾ ਪਰ ਜਾਨ ਮਾਲ ਦੀ ਰਾਖੀ ਲਈ ਇਹ ਘਾਟਾ ਵੀ ਪੀੜਤ ਪਰਿਵਾਰਾਂ ਨੇ ਸਹਿਣ ਕੀਤਾ।

ਆਬਾਦੀ ਦੀ ਇਸ ਅਦਲਾ-ਬਦਲੀ ਦੇ ਕਈ ਖਤਰਨਾਕ ਨਤੀਜੇ ਭਵਿੱਖ 'ਚ ਸਾਹਮਣੇ ਆਉਣਗੇ। ਇਕ ਦੂਜੇ ਦੇ ਬਾਰੇ ਪਹਿਲਾਂ ਤੋਂ ਹੀ ਘੱਟ ਸਮਝਦਾਰੀ ਹੋਰ ਘੱਟ ਹੋ ਜਾਵੇਗੀ। ਅਵਿਸ਼ਵਾਸ ਅਤੇ ਦੁਰ-ਭਾਵਨਾਵਾਂ ਵਧਣਗੀਆਂ। ਹਿੰਸਾ ਦੇ ਦੌਰ ਸਮੇਂ ਇਕ ਹੀ ਧਰਮ ਵਾਲੇ ਇਲਾਕੇ ਹਮਲੇ ਦੇ ਲਈ ਬਿਹਤਰ ਨਿਸ਼ਾਨੇ ਦਾ ਕੰਮ ਕਰਨਗੇ।

000

ਅੱਜ ਦੇ ਭਾਰਤੀ ਸਮਾਜ ਵਿਚ ਫਿਰਕੂ ਹਿੰਸਾ ਅਕਸਰ ਵਪਾਰਕ ਮੁਕਾਬਲੇਬਾਜ਼ੀ ਦੇ ਰੂਪ ਵਿਚ ਵੀ ਸਾਹਮਣੇ ਆਉਂਦੀ ਹੈ। ਸੈਂਕੜੇ ਸਾਲਾਂ ਤੋਂ ਇਕੱਠੇ ਰਹਿ ਰਹੇ ਬਹੁਲਵਾਦੀ ਭਾਰਤੀ ਸਮਾਜ ਨੂੰ ਵਿਕਸਤ ਕਰਨ ਵਿਚ ਇਸ ਨਾਲ ਸਹਾਇਤਾ ਮਿਲੀ। ਇਸ ਸਮਾਜ ਅੰਦਰ ਆਰਥਿਕ ਗਤੀਵਿਧੀਆਂ ਇਕ ਫਿਰਕੇ ਨੂੰ ਦੂਜੇ ਫਿਰਕੇ 'ਤੇ ਨਿਰਭਰ ਕਰਦੀਆਂ ਹਨ, ਇਕ ਦੂਜੇ ਨਾਲ ਆਪਸੀ ਲੈਣ-ਦੇਣ ਤੋਂ ਬਿਨਾਂ ਕਿਸੇ ਕਿੱਤੇ ਦੇ ਸਹੀ ਢੰਗ ਨਾਲ ਚੱਲਣ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਖਾਸ ਤੌਰ 'ਤੇ ਹੱਥ ਖੱਡੀ ਉਦਯੋਗ ਅਤੇ ਹੋਰ ਛੋਟੇ ਦਸਤਕਾਰੀ ਉਦਯੋਗਾਂ ਵਿਚ ਹਿੰਦੂ ਮੁਸਲਿਮ ਲੈਣ-ਦੇਣ ਤੋਂ ਬਿਨਾਂ ਇਹ ਵਧ ਫੁੱਲ ਹੀ ਨਹੀਂ ਸਕਦੇ। ਬਨਾਰਸ ਦੀ ਸਾੜ੍ਹੀ, ਅਲੀਗੜ੍ਹ ਦਾ ਤਾਲਾ, ਮੁਰਾਦਾਬਾਦ ਦਾ ਪਿੱਤਲ ਉਦਯੋਗ, ਇਸ ਤਰ੍ਹਾਂ ਦੇ ਖੇਤਰ ਹਨ ਜਿੱਥੇ ਵਸਤੂਆਂ ਦੇ ਉਤਪਾਦਨ ਲਈ ਮੁਸਲਮਾਨ ਅਤੇ ਉਨ੍ਹਾਂ ਵਸਤੂਆਂ ਦੀ ਵਿਕਰੀ ਲਈ ਹਿੰਦੂ, ਇਸ ਤਰ੍ਹਾਂ ਨਾਲ ਜੁੜੇ ਹੋਏ ਹਨ ਕਿ ਦੋਨਾਂ ਦੇ ਸਬੰਧਾਂ ਵਿਚ ਮਾਮੂਲੀ ਤਲਖੀ ਵੀ, ਪੂਰੇ ਉਦਯੋਗ ਨੂੰ ਪ੍ਰਭਾਵਿਤ ਕਰਦੀ ਹੈ।

ਇਨ੍ਹਾਂ ਸ਼ਹਿਰਾਂ ਵਿਚ ਦੋਵੇਂ ਸਮੂਹਾਂ ਦੇ ਲੋਕਾਂ ਦੇ ਆਰਥਿਕ ਅਤੇ ਵਪਾਰਕ ਹਿਤ, ਪ੍ਰੰਪਰਾ ਦੇ ਤੌਰ 'ਤੇ ਇਕ ਦੂਜੇ ਨਾਲ ਪੂਰੀ ਤਰ੍ਹਾਂ ਘੁਲੇ ਮਿਲੇ ਹੋਏ ਸਨ। ਪਿਛਲੇ ਕੁਝ ਦਹਾਕਿਆਂ ਤੋਂ ਖਾਸ ਤੌਰ 'ਤੇ ਇਕ ਤਰ੍ਹਾਂ ਦੀ ਗੁਣਾਤਮਕ ਤਬਦੀਲੀ ਦਿਖਾਈ ਦਿੰਦੀ ਹੈ। ਫਿਰਕੂ ਸ਼ਕਤੀਆਂ ਨੇ ਇਨ੍ਹਾਂ ਦੇ ਆਪਸੀ ਸਬੰਧਾਂ ਵਿਚ ਅੰਤਰ ਵਿਰੋਧ ਲੱਭ ਕੇ ਅਜਿਹੀਆਂ ਸਥਿਤੀਆਂ ਪੈਦਾ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ ਜਿਸ ਨਾਲ ਕੁਝ ਲੋਕਾਂ ਦੇ ਵਪਾਰਕ ਹਿਤਾਂ ਨੂੰ ਸੁਰੱਖਿਅਤ ਰੱਖਣ ਲਈ ਭਾਵ, ਉਨ੍ਹਾਂ ਨੂੰ ਵਧੇਰੇ ਲਾਭਕਾਰੀ ਬਣਾਉਣ ਲਈ ਦੰਗੇ ਕਰਾਏ ਜਾਣ ਲੱਗੇ ਹਨ। ਬਨਾਰਸ ਦਾ ਸਾੜ੍ਹੀ ਉਦਯੋਗ ਇਸ ਦੀ ਚੰਗੀ ਉਦਾਹਰਨ ਹੈ। ਇਸ ਉਦਯੋਗ ਵਿਚ ਮੁਸਲਮਾਨ ਬੁਣਕਰ ਅਤੇ ਹਿੰਦੂ ਵਪਾਰੀ ਦਾ ਕੰਮ ਕਰਦੇ ਹਨ। ਹਿੰਦੂ ਵਪਾਰੀ ਕੱਚਾ ਮਾਲ ਦੇ ਕੇ ਬੁਣਕਰਾਂ ਤੋਂ ਸਾੜ੍ਹੀਆਂ ਬਣਵਾਉਂਦੇ ਹਨ। ਪਿਛਲੇ ਕੁਝ ਸਾਲਾਂ ਵਿਚ ਹੋਏ ਦੰਗਿਆਂ ਦਾ ਸੂਖਮਤਾ ਨਾਲ ਅਧਿਐਨ ਕੀਤਾ ਜਾਵੇ ਤਾਂ ਸਾਨੂੰ ਪਤਾ ਲੱਗੇਗਾ ਕਿ ਦੋਵਾਂ ਵਰਗਾਂ ਦੇ ਸਾੜ੍ਹੀ ਵਪਾਰੀਆਂ ਦੀ ਆਪਸੀ ਮੁਕਾਬਲੇਬਾਜ਼ੀ ਕਈ ਵਾਰ ਹਿੰਸਾ ਦੇ ਪਿੱਛੇ ਅਸਲ ਕਾਰਨ ਹੁੰਦੀ ਹੈ। ਇਹੀ ਕਾਰਨ ਹੈ ਕਿ ਦੰਗਿਆਂ ਵਿਚ ਯੋਜਨਾਬੱਧ ਤਰੀਕੇ ਨਾਲ ਦੂਜੇ ਵਰਗ ਦੇ ਗੋਦਾਮਾਂ ਦੀ ਲੁੱਟ ਮਾਰ ਕੀਤੀ ਗਈ ਅਤੇ ਇਸ ਤਰ੍ਹਾਂ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਕਿ ਦੂਜੇ ਵਰਗ ਦੇ ਵਪਾਰੀਆਂ ਨੂੰ ਦੰਗਿਆਂ ਨਾਲ ਸਬੰਧਤ ਮੁਕੱਦਮਿਆਂ ਵਿਚ ਫਸਾ ਦਿੱਤਾ ਜਾਵੇ।

ਇਸ ਤਰ੍ਹਾਂ ਦੀ ਪ੍ਰਵਿਰਤੀ ਹੀ ਮੁਰਾਦਾਬਾਦ ਵਿਚ ਦਿਖਾਈ ਦਿੰਦੀ ਹੈ। ਆਜ਼ਾਦੀ ਤੋਂ ਪਹਿਲਾਂ ਇੱਥੋਂ ਦਾ ਉਦਯੋਗ ਮੁੱਖ ਰੂਪ ਵਿਚ ਮੁਸਲਮਾਨ ਵਪਾਰੀਆਂ ਦੇ ਹੱਥਾਂ ਵਿਚ ਸੀ। ਵੰਡ ਦੇ ਦੌਰ ਵਿਚ ਬਹੁਤ ਸਾਰੇ ਮੁਸਲਮਾਨ ਵਪਾਰੀ ਪਾਕਿਸਤਾਨ ਚਲੇ ਗਏ ਅਤੇ ਉਨ੍ਹਾਂ ਦੀ ਥਾਂ ਵਪਾਰਕ ਤੌਰ 'ਤੇ ਵਧੇਰੇ ਚੁਸਤ ਅਤੇ ਮਿਹਨਤੀ ਪੰਜਾਬੀ ਸ਼ਰਨਾਰਥੀਆਂ ਨੇ ਇਸ ਉਦਯੋਗ ਨੂੰ ਸੰਭਾਲ ਲਿਆ। ਇਨ੍ਹਾਂ ਵਪਾਰੀਆਂ ਨੇ ਇਸ ਉਦਯੋਗ ਨੂੰ ਕਈ ਗੁਣਾਂ ਵੱਧ ਵਿਕਸਤ ਕੀਤਾ ਅਤੇ ਇੱਥੇ ਬਣੇ ਸਮਾਨ ਨੂੰ ਵਿਦੇਸ਼ਾਂ ਵਿਚ ਬਰਾਮਦ ਕਰਨਾ ਸ਼ੁਰੂ ਕਰ ਦਿੱਤਾ। ਹਿੰਦੂ ਅਤੇ ਮੁਸਲਮਾਨ ਵਪਾਰੀਆਂ ਦੀ ਵਪਾਰਕ ਮੁਕਾਬਲੇਬਾਜ਼ੀ ਪਿਛਲੇ ਕਈ ਦੰਗਿਆਂ ਵਿਚ ਖੁੱਲ੍ਹ ਕੇ ਸਾਹਮਣੇ ਆਈ। ਇਸ ਦਾ ਨਤੀਜਾ ਵੀ ਦੰਗਿਆਂ ਵਿਚ ਵਿਰੋਧੀ ਵਪਾਰੀਆਂ ਦੇ ਗੋਦਾਮਾਂ ਜਾਂ ਕਾਰਖਾਨਿਆਂ ਉੱਪਰ ਹਮਲੇ ਦੇ ਰੂਪ ਵਿਚ ਦੇਖਿਆ ਗਿਆ।

ਇਸ ਅਧਿਐਨ ਦੇ ਦੌਰਾਨ ਅਹਿਮਦਾਬਾਦ ਵਿਚ ਭੋਇੰ ਮਾਫੀਆ ਦੁਆਰਾ ਦੰਗਿਆਂ ਨੂੰ ਭੜਕਾਉਣ ਵਿਚ ਨਿਭਾਈ ਭੂਮਿਕਾ ਦਾ ਪਤਾ ਲੱਗਿਆ। ਬਿਲਡਰ ਲਾਬੀ ਦੇ ਨਾਮ ਨਾਲ ਜਾਣਿਆ ਜਾਂਦਾ ਇਹ ਮਾਫੀਆ ਆਪਸ ਵਿਚ ਪੂਰੀ ਤਰ੍ਹਾਂ ਧਰਮ ਨਿਰਪੱਖ ਹੈ ਪਰ ਇਨ੍ਹਾਂ ਦੀਆਂ ਕਾਰਵਾਈਆਂ ਪਿੱਛੇ ਵਪਾਰਕ ਕਾਰਨ ਹੁੰਦੇ ਹਨ। ਇਨ੍ਹਾਂ ਗਰੋਹਾਂ ਵਿਚ ਹਿੰਦੂ-ਮੁਸਲਮਾਨ ਦੋਵੇਂ ਮੈਂਬਰ ਹੁੰਦੇ ਹਨ। ਅਹਿਮਦਾਬਾਦ ਵਿਚ ਬਹੁਤ ਸਾਰੇ ਇਲਾਕੇ ਅਜੇ ਵੀ ਮਿਸ਼ਰਤ ਆਬਾਦੀ ਵਾਲੇ ਹਨ। 1969 ਦੇ ਦੰਗਿਆਂ ਤੋਂ ਬਾਅਦ ਥੋੜ੍ਹੇ-ਥੋੜ੍ਹੇ ਸਮੇਂ ਬਾਅਦ ਹੋਣ ਵਾਲੇ ਦੰਗਿਆਂ ਦੌਰਾਨ ਲੋਕਾਂ ਨੇ ਇਨ੍ਹਾਂ ਇਲਾਕਿਆਂ ਵਿਚੋਂ ਨਿਕਲ ਕੇ ਆਪੋ-ਆਪਣੀਆਂ ਬਸਤੀਆਂ ਵਿਚ ਸੁਰੱਖਿਅਤ ਥਾਵਾਂ ਲੱਭਣੀਆਂ ਸ਼ੁਰੂ ਕਰ ਦਿੱਤੀਆਂ। ਇਹੀ ਲੋਕ ਇਸ ਬਿਲਡਰ ਲਾਬੀ ਦਾ ਪਹਿਲਾ ਨਿਸ਼ਾਨਾ ਸਨ। ਬਿਲਡਰ ਲਾਬੀ ਪਹਿਲਾਂ ਹਿੰਦੂਆਂ ਅਤੇ ਮੁਸਲਮਾਨਾਂ ਲਈ ਅਲੱਗ-ਅਲੱਗ ਰਹਿਣ ਯੋਗ ਸਥਾਨ ਚੁਣਦੀ ਹੈ ਅਤੇ ਫਿਰ ਉਨ੍ਹਾਂ ਦਾ ਵਿਕਾਸ ਕਰਨ ਲੱਗਦੀ ਹੈ। ਪਲਾਟਾਂ ਅਤੇ ਮਕਾਨਾਂ ਦੀ ਰਜਿਸਟ੍ਰੇਸ਼ਨ ਦੌਰਾਨ ਯੋਜਨਾਬੱਧ ਢੰਗ ਨਾਲ ਸ਼ਹਿਰ ਵਿਚ ਫਿਰਕੂ ਤਣਾਓ ਪੈਦਾ ਕੀਤਾ ਜਾਂਦਾ ਹੈ। ਘਬਰਾ ਕੇ ਮਿਸ਼ਰਤ ਆਬਾਦੀ ਵਿਚ 'ਫਸੇ' ਲੋਕ ਰਜਿਸਟ੍ਰੇਸ਼ਨ ਕਰਵਾਉਣਾ ਸ਼ੁਰੂ ਕਰ ਦਿੰਦੇ ਹਨ। ਇਕ ਵਾਰ ਮਕਾਨ ਬਣ ਜਾਣ ਜਾਂ ਪਲਾਟ ਵਿਕਸਤ ਹੋ ਜਾਣ ਤੋਂ ਬਾਅਦ ਜੇ ਅਸਾਨੀ ਨਾਲ ਵਿਕਰੀ ਨਾ ਹੋਣ ਲੱਗੇ ਤਾਂ ਫਿਰ ਫਿਰਕੂ ਤਣਾਓ ਪੈਦਾ ਕੀਤਾ ਜਾਂਦਾ ਹੈ ਅਤੇ ਇਸ ਤਰ੍ਹਾਂ ਡਰੇ ਹੋਏ ਲੋਕ ਫਿਰ ਇਨ੍ਹਾਂ ਬਿਲਡਰਾਂ ਦੀ ਸ਼ਰਨ ਵਿਚ ਆ ਜਾਂਦੇ ਹਨ। ਦਿਲਚਸਪ ਗੱਲ ਹੈ ਕਿ ਬਿਲਡਰ ਦੇ ਲਈ ਇਹ ਜ਼ਰੂਰੀ ਨਹੀਂ ਕਿ ਉਹ ਸਿਰਫ ਆਪਣੇ ਧਰਮ ਦੇ ਲੋਕਾਂ ਲਈ ਮਕਾਨ ਬਣਾਏ। ਇਸ ਤਰ੍ਹਾਂ ਤਣਾਓ ਪੈਦਾ ਕਰਨ ਲਈ ਹਿੰਦੂ ਅਤੇ ਮੁਸਲਿਮ ਬਿਲਡਰ ਆਪਣੇ ਧਨ ਜਾਂ ਗੁੰਡਿਆਂ ਦੇ ਰਾਹੀਂ ਇਕ ਦੂਜੇ ਦੀ ਮਦਦ ਕਰਦੇ ਹਨ।

ਬੰਬਈ ਵਿਚ ਫਿਰਕੂ ਦੰਗਿਆਂ ਵਿਚ ਭੋਇੰ ਮਾਫੀਆ ਦਾ ਯੋਗਦਾਨ ਸਾਫ ਦਿਖਾਈ ਦਿੰਦਾ ਹੈ। ਜ਼ਮੀਨ ਦੀਆਂ ਅਸਮਾਨ ਛੂਹਦੀਆਂ ਕੀਮਤਾਂ ਨੇ ਬਿਲਡਰ ਲਾਬੀ ਨੂੰ ਇਸ ਵਿਸ਼ਾਲ ਧਨ ਦੇ ਨਾਲ-ਨਾਲ ਬਹੁਤ ਵੱਧ ਰਾਜਨੀਤਕ ਅਤੇ ਸਮਾਜਿਕ ਹੈਸੀਅਤ ਵੀ ਮੁਹੱਈਆ ਕੀਤੀ ਹੈ। ਕਿਸੇ ਜ਼ਮੀਨ ਨੂੰ ਖਾਲੀ ਕਰਾਕੇ ਉਸ ਥਾਂ 'ਤੇ ਇਮਾਰਤਾਂ ਜਾਂ ਵਪਾਰਕ ਬਿਲਡਿੰਗਾਂ ਬਣਾਉਣ ਦੀ ਲਲਕ ਲਈ ਇਹ ਭੋਇੰ ਮਾਫੀਆ ਕਿਸੇ ਵੀ ਹੱਦ ਤੱਕ ਜਾ ਸਕਦਾ ਹੈ। 1992-93 ਦੇ ਦੰਗਿਆਂ ਸਮੇਂ ਇਸ ਤਰ੍ਹਾਂ ਦੇ ਉਦਾਹਰਨ ਮਿਲੇ ਜਦੋਂ ਝੁੱਗੀਆਂ-ਝੌਂਪੜੀਆਂ ਨੂੰ ਉੱਥੇ ਰਹਿਣ ਵਾਲੇ ਲੋਕਾਂ ਦੇ ਨਾਲ ਹੀ ਜਲਾ ਦਿੱਤਾ ਗਿਆ। ਮਕਸਦ ਸਿਰਫ ਇਕ ਹੀ ਸੀ। ਕਿਸੇ ਵੀ ਤਰ੍ਹਾਂ ਜ਼ਮੀਨ ਖਾਲੀ ਕਰਵਾ ਕੇ ਉੱਥੇ ਨਵੀਆਂ ਇਮਾਰਤਾਂ ਦੀ ਉਸਾਰੀ ਕਰਨਾ। ਧਾਰਾਵੀ ਵਿਚ ਵੀ ਕੁਝ ਅਜਿਹੀਆਂ ਝੌਂਪੜੀਆਂ 'ਤੇ ਹਮਲਾ ਕਰਕੇ ਉੱਥੇ ਰਹਿਣ ਵਾਲੇ ਲੋਕਾਂ ਨੂੰ ਭਜਾ ਦਿੱਤਾ ਗਿਆ। ਗੁੰਡਿਆਂ ਨੇ ਉਨ੍ਹਾਂ ਝੌਂਪੜੀਆਂ ਨੂੰ ਅੱਗ ਲਗਾ ਦਿੱਤੀ ਤਾਂ ਜੋ ਉਸ ਜ਼ਮੀਨ 'ਤੇ ਕੋਈ ਵਪਾਰਕ ਗਤੀਵਿਧੀ ਸ਼ੁਰੂ ਕੀਤੀ ਜਾ ਸਕੇ। **(ਚੱਲਦਾ)**

### ਵੱਡੀ ਵੰਗਾਰ

***ਪੁਲਿਸ ਅਫਸਰ ਵਜੋਂ ਮੈਂ ਮਹਿਸੂਸ ਕੀਤਾ ਹੈ ਕਿ ਭਾਰਤੀ ਪੁਲਿਸ ਪਹਿਲਾਂ ਹੀ ਮਨ ਬਣਾ ਕੇ ਘੱਟ-ਗਿਣਤੀ ਵਿਰੋਧੀ ਮਾਨਸਿਕਤਾ ਦੀ ਸ਼ਿਕਾਰ ਹੁੰਦੀ ਹੈ। ਉਨ੍ਹਾਂ ਦੀ ਯੋਗ ਸਿਖਲਾਈ ਅਤੇ ਘੱਟ-ਗਿਣਤੀਆਂ ਦੀ ਪੁਲਿਸ ਬਲਾਂ ਅੰਦਰ ਭਰਤੀ ਦਾ ਅਨੁਪਾਤ ਮੁੱਖ ਤੌਰ 'ਤੇ ਦੋਸ਼ੀ ਹੈ। ਤੁਹਾਡੇ ਕੋਲ ਵਧੇਰੇ ਪੁਲਿਸ ਬਲ, ਵੱਡੀ ਗਿਣਤੀ ਹਥਿਆਰ, ਵਧੇਰੇ ਗੱਡੀਆਂ, ਬਹੁਤ ਵਧੀਆ ਸੂਚਨਾ ਤੰਤਰ ਕੋਈ ਮਾਇਨੇ ਨਹੀਂ ਰੱਖਦਾ, ਜੇ ਉਨ੍ਹਾਂ ਦੀ ਸੋਚ ਪਹਿਲਾਂ ਹੀ ਵਿਸ਼ੇਸ਼ ਵਿਚਾਰ ਨਾਲ ਲੈਸ ਹੈ।***

***-ਵਿਭੂਤੀ ਨਰਾਇਣ ਰਾਏ***

# ਸੈਕਰਾਮੈਂਟੋ ਵਿਚ ਖੂਬ ਭਰਿਆ 32ਵਾਂ ਸੱਭਿਆਆਚਾਰਕ ਮੇਲਾ, ਲੱਗੀਆਂ ਰੌਣਕਾਂ












**ਸੈਕਰਾਮੈਂਟੋ :** ਪੰਜਾਬੀ ਕਲਚਰਲ ਸੋਸਾਇਟੀ ਸੈਕਰਾਮੈਂਟੋ ਵਲੋਂ ਕਰਵਾਏ ਗਏ 32ਵੇਂ ਸੱਭਿਆਚਾਰਕ ਮੇਲੇ ਵਿਚ ਪੰਜਾਬੀ ਪਰਿਵਾਰਾਂ ਨੇ ਭਾਰੀ ਗਿਣਤੀ ਵਿਚ ਸ਼ਾਮਿਲ ਹੋ ਕੇ ਸਮਾਗਮ ਦਾ ਭਰਪੂਰ ਆਨੰਦ ਮਾਣਿਆਂ। ਕੋਵਿਡ 19 ਦੇ ਹਾਲਾਤਾਂ ਦੇ ਮੱਦੇ-ਨਜ਼ਰ ਇਸ ਵਾਰ ਸਮਾਗਮ 'ਰੌਇਲ ਇਵੈਂਟ ਹਾਲ' ਸੈਕਰਾਮੈਂਟੋ ਵਿਚ ਲੰਘੇ ਸਨਿਚਰਵਾਰ ਨੂੰ ਕਰਵਾਇਆ ਗਿਆ। ਕੋਈ ਤਿੰਨ ਘੰਟੇ ਚੱਲੇ ਇਸ ਸਮਾਗਮ ਵਿਚ 90 ਦੇ ਕਰੀਬ ਕਲਾਕਾਰਾਂ ਨੇ ਪੰਜਾਬ ਦੇ ਲੋਕ ਨਾਚ ਗਿੱਧੇ-ਭੰਗੜੇ ਦੀਆਂ ਖੂਬਸੂਰਤ ਵੰਨਗੀਆਂ ਪੇਸ਼ ਕੀਤੀਆਂ। ਰੰਗ-ਬਰੰਗੀਆਂ ਖੂਬਸੂਰਤ ਰਵਾਇਤੀ ਪੰਜਾਬੀ ਪੌਸ਼ਾਕਾਂ ਅਤੇ ਗਹਿਣਿਆਂ ਵਿਚ ਸਜੀਆਂ ਛੋਟੀਆਂ ਬੱਚੀਆਂ ਅਤੇ ਪੰਜਾਬੀ ਮੁਟਿਆਰਾਂ ਨੇ ਗਿੱਧਾ ਪਾ ਕੇ ਦਰਸ਼ਕਾਂ ਦੇ ਮਨ ਮੋਹ ਲਏ। ਮੁੰਡਿਆਂ ਨੇ ਵੀ ਕੁੜਤੇ-ਪਜਾਮਿਆਂ ਨਾਲ ਜੱਚਵੀਆਂ ਪੱਗਾਂ ਬੰਨ੍ਹ ਕੇ ਭੰਗੜੇ ਦੇ ਚੰਗੇ ਜੌਹਰ ਵਿਖਾਏ। ਅਖੀਰ ਵਿਚ ਕੁੜੀਆਂ ਨੇ ਵੀ 'ਰੰਗਲਾ ਪੰਜਾਬ ਭੰਗੜਾ' ਗਰੁੱਪ ਵਲੋਂ ਕਮਾਲ ਦਾ ਭੰਗੜਾ ਪੇਸ਼ ਕੀਤਾ। ਇਸ ਮੌਕੇ ਗਾਇਕਾ ਪੂਨਮ ਨੇ ਦੋ ਸੱਭਿਆਚਾਰਕ ਗੀਤ ਗਾ ਕੇ ਦਰਸ਼ਕਾਂ ਨੂੰ ਝੂਮਣ ਲਾ ਦਿੱਤਾ। ਸੋਸਾਇਟੀ ਦੇ ਮੋਢੀ ਅਤੇ ਰੂਹੇ-ਰਵਾਂ ਰਛਪਾਲ ਸਿੰਘ ਫਰਵਾਲਾ (ਰੇਡੀਓ ਸਿੰਗਰ) ਨੇ ਦੋਸਤਾਂ ਦੀ ਫਰਮਾਇਸ਼ 'ਤੇ ਪੂਨਮ ਦੇ ਨਾਲ ਇੱਕ ਪੁਰਾਣਾ ਮਸ਼ਹੂਰ ਗੀਤ 'ਜੇ ਮੁੰਡਿਆ ਸਾਡੀ ਤੋਰ ਤੂੰ ਵੇਖਣੀ' ਗਾ ਕੇ ਦਰਸ਼ਕਾਂ ਤੋਂ ਭਰਪੂਰ ਦਾਦ ਖੱਟੀ। ਨਰਿੰਦਰ ਬੱਗਾ ਅਤੇ ਮੀਕਾ ਨੇ ਢੁਕਵੇਂ ਸੰਗੀਤ ਨਾਲ ਸਾਥ ਦਿਤਾ। ਸੋਸਾਇਟੀ ਦੀ ਰਵਾਇਤ ਅਨੁਸਾਰ ਪੰਜਾਬੀ ਭਾਈਚਾਰੇ ਲਈ ਕੰਮ ਕਰਨ ਵਾਲੀਆਂ ਕੁਝ ਸ਼ਖਸੀਅਤਾਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ। ਇਸ ਵਾਰ ਸ. ਅਮਰੀਕ ਸਿੰਘ ਪਰਹਾਰ, ਸੁਰਿੰਦਰ ਬਿੰਦਰਾ, ਬੌਬੀ ਸਿੰਘ ਐਲਨ ਮੇਅਰ ਸਿਟੀ ਆਫ ਐਲਕ ਗਰੋਵ, ਪਰਗਟ ਸਿੰਘ ਸੰਧੂ ਮੇਅਰ ਗਾਲਟ ਸਿਟੀ ਨੂੰ ਉਨ੍ਹਾਂ ਦੀਆਂ ਸੇਵਾਵਾਂ ਬਦਲੇ ਸਨਮਾਨਿਤ ਕੀਤਾ ਗਿਆ। ਸਟੇਜ ਸੰਚਾਲਨ ਹਰ ਵਾਰ ਦੀ ਤਰ੍ਹਾਂ ਜਸਵੰਤ ਸਿੰਘ ਸ਼ਾਦ ਨੇ ਪੂਰੀ ਜ਼ਿੰਮੇਵਾਰੀ ਨਾਲ ਕੀਤਾ। ਮਨਦੀਪ ਕੌਰ ਫਰਵਾਲਾ ਨੇ ਗਿੱਧਾ ਟੀਮਾਂ ਤਿਆਰ ਕਰਵਾਉਣ ਵਾਲੀਆਂ ਕੋਚ ਕੁੜੀਆਂ ਬਾਰੇ ਦਿਲਚਸਪ ਜਾਣਕਾਰੀ ਦਿੰਦਿਆਂ ਉਨ੍ਹਾਂ ਦਾ ਹੌਂਸਲਾ ਵਧਾਇਆ। ਵੀਡੀਓ ਤੇ ਫੋਟੋਗਰਾਫੀ ਮਾਧੋ ਸਿੰਘ ਚਾਹਲ ਨੇ ਕੀਤੀ। ਸਾਰੇ ਪ੍ਰਬੰਧਕ ਮੈਂਬਰ ਅਮਰੀਕ ਸਿੰਘ ਪਰਹਾਰ, ਤੀਰਥ ਸਹੋਤਾ, ਪਰਮਜੀਤ ਢਿਲੋਂ, ਜਤਿੰਦਰ ਬੀਸਲਾ, ਵਰਿੰਦਰ ਸੰਘੇੜਾ, ਕਮਲ ਬੰਗਾ, ਜੱਸੀ ਸੰਘਾ, ਅਵਤਾਰ ਡੌਡ, ਮਨੋਹਰ ਲਾਲ ਰੱਤੀ, ਭੀਲੀ ਸੰਧੂ, ਗੁਰਮਿੰਦਰ ਗੁਰੀ, ਗੁਰਨੇਕ ਸਿੰਘ, ਸੁਰਿੰਦਰ ਬਿੰਦਰਾ, ਬਖਸ਼ੀਸ਼ ਗਿੱਲ, ਬਲਵੰਤ ਸਿੰਘ ਕੰਦੋਲਾ, ਵਿਜੇ ਪ੍ਰਹਾਰ, ਰਾਜ ਬਰਾੜ, ਰਾਜਿੰਦਰ ਪਾਲ ਸਿੰਘ, ਮਾਧੋ ਚਾਹਲ, ਜਰਨੈਲ ਮੰਡੇਰ, ਪਵਿੱਤਰ ਨਾਹਲ ਤੇ ਜੱਗੀ ਕੰਦੋਲਾ ਪੂਰੇ ਸਮਾਗਮ ਦੌਰਾਨ ਭੱਬਾਂ ਭਾਰ ਰਹੇ।

***ਫੋਟੋ ਅਤੇ ਵੇਰਵਾ: ਜਸਵੰਤ ਸਿੰਘ ਸ਼ਾਦ***

# ਇਕੁਏਜ਼ਨ ਸੰਸਥਾ ਵਲੋਂ ਅਮਰੀਕੀ ਸਿੱਖ ਜੈਪਾਲ ਸਿੰਘ ਨੂੰ ਕਮਿਊਨਿਟੀ ਪੁਰਸਕਾਰ

**ਸਿਨਸਿਨੈਟੀ (ਓਹਾਇਓ):** ਅਮਰੀਕਾ ਦੇ ਸੂਬੇ ਓਹਾਇਓ ਦੇ ਸ਼ਹਿਰ ਸਿਨਸਿਨੈਟੀ ਵਿਖੇ ਵੱਖ ਵੱਖ ਧਰਮਾਂ, ਭਾਈਚਾਰਿਆਂ ਵਿਚ ਆਪਸੀ ਸੰਬੰਧ, ਪਿਆਰ ਵਧਾਉਣ ਵਿਚ ਸ਼ਾਨਦਾਰ ਯੋਗਦਾਨ ਪਾਉਣ ਲਈ ਜੈਪਾਲ ਸਿੰਘ (ਮਰਨ ਉਪਰੰਤ) ਨੂੰ ਇੰਟਰਫੇਥ ਸੰਸਥਾ ਇਕੁਏਜ਼ਨ ਵਲੋਂ ਪਹਿਲੇ ਜੇਮਸ ਪੀ ਬੁਕਾਨਨ ਕਮਿਊਨਿਟੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।

ਜੈਪਾਲ ਸਿੰਘ ਦਾ ਪਿਛਲੇ ਮਹੀਨੇ ਕੈਂਸਰ ਦੀ ਬਿਮਾਰੀ ਕਾਰਨ 41 ਸਾਲ ਦੀ ਉਮਰ ਵਿਚ ਦਿਹਾਂਤ ਹੋ ਗਿਆ ਸੀ। ਉਹ ਆਰਕੀਟੈਕਟ ਸਨ ਜਿਨ੍ਹਾਂ ਨੇ ਆਪਣੇ ਜੀਵਨ ਵਿਚ ਕੰਮ ਦੇ ਨਾਲ ਨਾਲ ਸਿੱਖ ਧਰਮ ਦੇ ਪ੍ਰਚਾਰ ਵਿਚ ਅਹਿਮ ਯੋਗਦਾਨ ਪਾਇਆ। 2017 ਵਿਚ ਉਨ੍ਹਾਂ ਆਪਣੀ ਆਰਕੀਟੈਕਟ ਕੰਪਨੀ ਚਾਤ੍ਰਿਕ ਸ਼ੁਰੂ ਕੀਤੀ। ਪੁਰਸਕਾਰ ਸਮਾਰੋਹ ਸਿਨਸਿਨੈਟੀ ਦੇ ਲੌਰੇਲ ਪਾਰਕ ਦੇ ਉਸੇ ਸਥਾਨ 'ਤੇ ਕੀਤਾ ਗਿਆ ਸੀ, ਜਿਥੇ ਸਿਨਸਿਨੈਟੀ ਪਾਰਕਸ ਫਾਊਂਡੇਸ਼ਨ, ਜੈਪਾਲ ਸਿੰਘ ਦੀ ਟੀਮ ਦੁਆਰਾ ਡਿਜ਼ਾਈਨ ਕੀਤੇ ਐਜ਼ਾਰਡ ਚਾਰਲਸ ਦੇ ਬੁੱਤ ਸਥਾਪਿਤ ਕਰੇਗੀ।

ਜੈਪਾਲ ਸਿੰਘ ਲਈ ਸੇਵਾ ਬਹੁਤ ਮਹੱਤਵਪੂਰਨ ਸੀ। ਉਨ੍ਹਾਂ ਨੇ 2018 ਵਿਚ ਸ਼ੁਰੂ ਹੋਏ ਸਾਲਾਨਾ ਸਿਨਸਿਨੈਟੀ "ਫੈਸਟੀਵਲ ਆਫ਼ ਫ਼ੇਥਸ (ਵਿਸ਼ਵ ਧਰਮ ਸੰਮੇਲਨ)" ਲਈ ਸਹਾਇਕ ਚੇਅਰ ਵਜੋਂ ਸੇਵਾ ਕੀਤੀ। ਇਸ ਸੰਮੇਲਨ ਵਿਚ 13 ਪ੍ਰਮੁੱਖ ਵਿਸ਼ਵ ਧਰਮਾਂ ਦੇ ਲੋਕ ਅਤੇ 90 ਤੋਂ ਵੱਧ ਸੰਸਥਾਵਾਂ ਭਾਗ ਲੈਂਦੀਆਂ ਹਨ ਜਿੱਥੇ ਸਿੱਖ ਸੰਗਤਾਂ ਵਲੋਂ



ਲੰਗਰ ਵੀ ਲਗਾਇਆ ਜਾਂਦਾ ਹੈ। ਉਨ੍ਹਾਂ ਗੁਰੂ ਸਾਹਿਬ ਦਾ ਸੁਨੇਹਾ "ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰਹਾਈ", ਵੱਖ-ਵੱਖ ਧਰਮਾਂ ਦੇ ਲੋਕਾਂ ਤਕ ਪਹੁੰਚਾਇਆ।

ਹੈਤੀ ਵਿਖੇ ਆਏ ਭੂਚਾਲ ਤੋਂ ਬਾਅਦ 2010 ਤੋਂ 2012 ਤਕ, ਉਨ੍ਹਾਂ ਨੇ ਸਕੂਲਾਂ, ਅਨਾਥ ਆਸ਼ਰਮਾਂ, ਘਰਾਂ ਦੇ ਪੁਨਰ-ਨਿਰਮਾਣ ਲਈ ਸਹਾਇਤਾ ਕੀਤੀ। 2017 ਵਿਚ ਪੋਰਟੋ ਰੀਕੋ ਵਿਚ ਹਰੀਕੇਨ ਮਾਰੀਆ ਤੋਂ ਬਾਅਦ, ਉਨ੍ਹਾਂ ਦੂਰ-ਦੁਰਾਡੇ ਖੇਤਰਾਂ ਵਿਚ ਗਰਮ ਭੋਜਨ, ਡਾਕਟਰੀ ਸਪਲਾਈ ਅਤੇ ਸਾਫ ਪਾਣੀ ਮੁਹੱਈਆ ਕਰਨ ਵਿਚ ਮਦਦ ਕੀਤੀ। ਉਹ ਗੁਰਦੁਆਰਾ ਸਾਹਿਬ ਵਿਖੇ ਬੱਚਿਆਂ ਦੇ ਗੁਰਮਤਿ ਕੈਂਪ ਲਾਉਂਦੇ ਅਤੇ ਗੁਰਬਾਣੀ ਕੀਰਤਨ ਨਾਲ ਜੋੜਦੇ ਸਨ। ਉਨ੍ਹਾਂ ਵਲੋਂ ਹਰ ਸਾਲ ਕੀਰਤਨ ਸਮਾਗਮਾਂ ਦਾ ਆਯੋਜਨ ਕੀਤਾ ਜਾਂਦਾ ਸੀ, ਜਿਸ ਵਿਚ ਬੱਚਿਆਂ ਸਮੇਤ ਸੰਗਤਾਂ ਵਲੋਂ ਰਸ ਭਿੰਨਾ ਕੀਰਤਨ ਕੀਤਾ ਜਾਂਦਾ ਸੀ।

ਅਮਰੀਕਨ ਜੀਊਸ਼ ਆਰਕਾਈਵਜ਼ ਦੇ ਡਾਇਰੈਕਟਰ, ਰੈਬਾਈ ਡਾ. ਗੈਰੀ ਜ਼ੋਲਾ ਨੇ ਕਿਹਾ ਕਿ ਜੈਪਾਲ ਸਿੰਘ ਨੇ ਹਮੇਸ਼ਾ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ 'ਤੇ ਜ਼ੋਰ ਦਿੱਤਾ ਕਿ ਸਾਰੀ ਮਨੁੱਖਤਾ ਅਤੇ ਸਾਰਾ ਬ੍ਰਹਿਮੰਡ ਇਕ ਸਾਂਝੇ ਸਰੋਤ, ਇੱਕ ਪ੍ਰਕਾਸ਼ ਤੋਂ ਪੈਦਾ ਹੁੰਦਾ ਹੈ।

ਸਿਨਸਿਨੈਟੀ ਦੇ ਪਹਿਲੇ ਏਸ਼ੀਅਨ ਅਮਰੀਕਨ ਮੇਅਰ ਆਫ਼ਤਾਬ ਸਿੰਘ ਪੁਰੇਵਾਲ ਅਤੇ ਵੱਖ ਵੱਖ ਧਰਮਾਂ ਦੇ ਨੁਮਾਇੰਦਿਆਂ ਨੇ ਵੀ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਤੇ ਕਿਹਾ ਕਿ ਉਹ ਸਾਰਿਆਂ ਨੂੰ ਜੋੜਦਾ ਪਿਆਰ ਵੰਡਦਾ ਸੀ। ਮੇਅਰ ਨੇ ਆਖਿਆ ਕਿ 'ਮੈਂ ਉਨ੍ਹਾਂ ਨੂੰ ਬਚਪਨ ਤੋਂ ਜਾਣਦਾ ਹਾਂ, ਅਸੀਂ ਇਕੱਠੇ ਵੱਡੇ ਹੋਏ। ਜੈਪਾਲ ਨੇ ਸਤੰਬਰ 2001 ਦੇ ਹਮਲੇ ਤੋਂ ਬਾਅਦ ਸਿੱਖਾਂ ਦੀ ਵੱਖਰੀ ਪਛਾਣ ਨੂੰ ਦਰਸਾਉਂਦੇ ਸਿੱਖੀ ਸਰੂਪ ਬਾਰੇ ਪ੍ਰਚਾਰ ਕੀਤਾ।' ਉਨ੍ਹਾਂ ਦੀ ਧਰਮ ਪਤਨੀ ਅਸੀਸ ਕੌਰ ਨੇ ਇਹ ਐਵਾਰਡ ਸਵੀਕਾਰ ਕਰਦਿਆਂ ਕਿਹਾ ਕਿ ਸਾਡੇ ਪਰਿਵਾਰ ਤੇ ਸਭਨਾਂ ਲਈ ਇਹ ਮਾਣ ਵਾਲੀ ਗੱਲ ਹੈ ਕਿ ਜੈਪਾਲ ਸਿੰਘ ਨੇ ਹਮੇਸ਼ਾ 'ਇਕ' ਦੀ ਗੱਲ ਕੀਤੀ ਤੇ ਅੱਜ ਅਸੀਂ ਉਨ੍ਹਾਂ ਦੀ ਯਾਦ ਵਿਚ ਇਕੱਠੇ ਹੋਏ ਹਾਂ।

ਬੱਚਿਆਂ ਨੇ ਜੈਪਾਲ ਸਿੰਘ ਵਲੋਂ ਸਿਖਾਏ ਸ਼ਬਦ "ਸੋ ਵਡਭਾਗੀ ਜਿਸੁ ਨਾਮਿ ਪਿਆਰੁ" ਦਾ ਗਾਇਨ ਕੀਤਾ। ਉਨ੍ਹਾਂ ਦੇ ਨੌਜਵਾਨ ਵਿਦਿਆਰਥੀ ਕੀਰਤ ਸਿੰਘ ਨੇ ਦੱਸਿਆ, 'ਹਰ ਸਾਲ ਅਸੀਂ ਗਰਮੀਆਂ ਦੇ ਕੈਂਪ ਦੌਰਾਨ ਰੋਜ਼ ਮੁੱਖ ਸ਼ਬਦ ਗਾਉਂਦੇ, ਤਾਂ ਜੋ ਸ਼ਬਦ ਤੇ ਇਸ ਦੇ ਅਰਥ ਸਦਾ ਯਾਦ ਰਹਿਣ। ਅਸੀਂ ਸਾਰੇ ਖੁਸ਼ਕਿਸਮਤ ਹਾਂ ਕਿ ਜੈਪਾਲ ਸਿੰਘ ਸਾਡੇ ਅਧਿਆਪਕ ਸਨ। ਉਨ੍ਹਾਂ ਨੇ ਸਾਨੂੰ ਸਾਡੀ ਭਾਸ਼ਾ, ਬੋਲੀ, ਧਰਮ ਤੇ ਇਤਿਹਾਸ ਸੰਬੰਧੀ ਬਹੁਤ ਸਾਰੀਆਂ ਮਹਾਨ ਗੱਲਾਂ ਸਿਖਾਈਆਂ।"

***-ਫੋਟੋ ਤੇ ਵੇਰਵਾ: ਸਮੀਪ ਸਿੰਘ ਗੁਮਟਾਲਾ***


T B F
THE BAINS FIRM




Personal Injury and Wrongful Death Attorneys

Case Results*

$10 MILLION
Motorcycle vs. Truck Collision


$8 MILLION
Wrongful Death

$5.25 MILLION
Traumatic Brain Injury

$1.1 MILLION
Burn Injury

$1.1 MILLION
Pedestrian vs. Motor Vehicle Collision

*Past Performance Not a Guarantee of Future Results




WILLIAM E. WEISS
Of Counsel

Offices in San Francisco and Union City

No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com



Homeopathicvibes
Harminder Singh Gill
Homeopathic Consultant and Practitioner



D.H.M.S; B.C.I.H
(Ex Homeopathic Medical officer Punjab Govt.)
Now we have two locations:
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
We also do Virtual appointments for long distance patients.
Ph: (408) 737-7100
www.homeopathicvibes.com
We sell and ship homeopathic remedies through out North America.



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Grand Opening
Special Price for Truck Wash

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਪਿਆਸ ਰੇਤ ਤੇ ਪਾਣੀ ਦੀ ਯੁਗਾਂਤਰੀ ਕਹਾਣੀ ਹੈ, ਕੁਲਵਿੰਦਰ ਦਾ ਗ਼ਜ਼ਲ ਸੰਗ੍ਰਹਿ 'ਸ਼ਾਮ ਦੀ ਸ਼ਾਖ਼ 'ਤੇ'

## 'ਸ਼ਾਮ ਦੀ ਸ਼ਾਖ 'ਤੇ, ਸੁਹਜ ਅਤੇ ਚਿੰਤਨ ਦਾ ਸੁਮੇਲ-ਰਾਜਵੰਤ ਰਾਜ

ਹੇਵਰਡ: ਬੀਤੇ ਦਿਨੀਂ ਵਿਪਸਾ ਵਲੋਂ ਨਿਊਆਰਕ ਦੇ ਮਹਿਰਾਨ ਰੈਸਟੋਰੈਂਟ ਵਿਚ ਡਾ. ਸੁਖਵਿੰਦਰ ਕੰਬੋਜ ਦੀ ਪ੍ਰਧਾਨਗੀ ਹੇਠ ਇਕ ਸ਼ਾਨਦਾਰ ਸਾਹਿਤਕ ਸਮਾਗਮ ਵਿਚ ਵਿਪਸਾ ਦੇ ਜਨਰਲ ਸਕੱਤਰ ਸ਼ਾਇਰ ਕੁਲਵਿੰਦਰ ਦਾ ਤੀਜਾ



ਗ਼ਜ਼ਲ ਸੰਗ੍ਰਹਿ 'ਸ਼ਾਮ ਦੀ ਸ਼ਾਖ਼ 'ਤੇ' ਲੋਕ ਅਰਪਣ ਕੀਤਾ ਗਿਆ। ਸਭ ਤੋਂ ਪਹਿਲਾਂ ਡਾ. ਸੁਖਵਿੰਦਰ ਕੰਬੋਜ ਨੇ ਸਭ ਨੂੰ ਜੀ ਆਇਆਂ ਆਖਿਆ। ਲਾਜ ਨੀਲਮ ਸੈਣੀ ਨੇ ਸਟੇਜ ਦਾ ਕਾਜ-ਭਾਰ ਸੰਭਾਲਦੇ ਪ੍ਰਧਾਨਗੀ ਮੰਡਲ ਵਿਚ ਸ਼ਾਇਰ ਜਸਵਿੰਦਰ ਕੈਨੇਡਾ, ਸੁਰਜੀਤ ਸਖੀ, ਡਾ. ਸੁਖਵਿੰਦਰ ਕੰਬੋਜ, ਡਾ. ਗੁਰਪ੍ਰੀਤ ਧੁੱਗਾ ਅਤੇ ਐਸ ਅਸ਼ੋਕ ਭੌਰਾ ਨੂੰ ਪ੍ਰਧਾਨਗੀ ਮੰਡਲ ਵਿਚ ਸ਼ਸ਼ੋਭਿਤ ਕਰਨ ਉਪਰੰਤ ਕੁਲਵਿੰਦਰ ਦੇ ਸ਼ਿਅਰ, 'ਮੈਂ ਨਹੀਂ ਸੂਰਜ ਕਿ ਹਰ ਇਕ ਸ਼ਾਮ ਨੂੰ ਢਲਦਾ ਰਹਾਂਗਾ। ਮੈਂ ਬੜਾ ਨਿੱਕਾ ਜਿਹਾ ਦੀਵਾ ਹਾਂ ਪਰ ਬਲਦਾ ਰਹਾਂਗਾ।' ਨੂੰ ਰੂਪਮਾਨ ਕਰਦੇ ਹੋਏ ਦੀਵਾ ਜਗਾ ਕਿ ਇਸ ਸਮਾਗਮ ਦਾ ਆਗਾਜ਼ ਕਰਨ ਲਈ ਕੁਲਵਿੰਦਰ ਨੂੰ ਦਰਸ਼ਕਾਂ ਦੇ ਰੂ ਬ ਰੂ ਕੀਤਾ।

ਕੁਲਵਿੰਦਰ ਨੇ ਸਭ ਨੂੰ ਜੀਅ ਆਇਆਂ ਕਹਿੰਦੇ ਹੋਏ, ਗ਼ਜ਼ਲ ਮੰਚ ਸਰੀ ਤੋਂ ਉਚੇਚੇ ਤੌਰ ਤੇ ਪੁੱਜੇ ਪ੍ਰਸਿੱਧ ਗ਼ਜ਼ਲਕਾਰ ਜਸਵਿੰਦਰ, ਰਾਜਵੰਤ ਰਾਜ, ਦਵਿੰਦਰ ਗੌਤਮ ਅਤੇ ਪ੍ਰੀਤ ਮਨਪ੍ਰੀਤ ਦਾ ਵਿਸ਼ੇਸ਼ ਧੰਨਵਾਦ ਕੀਤਾ। ਉਸ ਨੇ ਹੋਰ ਕਿਹਾ ਕਿ ਇਹ ਗ਼ਜ਼ਲ ਸੰਗ੍ਰਹਿ ਉਸਦੀ ਤੇਰਾਂ ਸਾਲ ਦੀ ਸਾਧਨਾ ਹੈ। ਇਸ ਅਰਸੇ ਵਿਚ ਉਸਨੇ ਕਈ ਬਹਾਰਾਂ ਅਤੇ ਪੱਤਝੜਾਂ ਹੰਢਾਈਆਂ ਪਰ ਉਸਦੀ ਕਲਮ ਨੂੰ ਪੱਤਝੜ ਹੀ ਰਾਸ ਆਈ।

ਇਸ ਉਪਰੰਤ ਸੁਖਦੇਵ ਸਾਹਿਲ ਨੇ ਪੁਸਤਕ ਵਿਚੋਂ ਦੋ ਗ਼ਜ਼ਲਾਂ ਦਾ ਗਾਇਨ ਕਰਕੇ ਸਮੁੱਚੀ ਕਾਇਨਾਤ ਨੂੰ ਝੂਮਣ ਲਗਾ ਦਿੱਤਾ।

ਮੁੱਖ ਮਹਿਮਾਨ ਜਸਵਿੰਦਰ, ਰਾਜਵੰਤ ਰਾਜ, ਪ੍ਰੀਤ ਮਨਪ੍ਰੀਤ, ਦਵਿੰਦਰ ਗੌਤਮ ਅਤੇ ਸਮੂਹ ਪ੍ਰਧਾਨਗੀ ਮੰਡਲ ਨੇ ਪੁਸਤਕ ਲੋਕ ਅਰਪਣ ਕੀਤੀ।

ਪੁਸਤਕ ਵਿਚਾਰ ਚਰਚਾ ਵਿਚ ਸਭ ਤੋਂ ਪਹਿਲਾ ਪਰਚਾ ਹਰਜਿੰਦਰ ਕੰਗ ਨੇ ਬੜੇ ਭਾਵ ਪੂਰਤ ਢੰਗ ਨਾ਼ਲ ਪੇਸ਼ ਕਰਦਿਆਂ ਕਿਹਾ ਕਿ ਗ਼ਜ਼ਲ ਦੀ ਆਖਰੀ ਤਹਿ ਤੀਕ ਲਹਿਣ ਦੀ ਪਿਆਸ ਲੈ ਕੇ ਸ਼ਾਇਰ 'ਬਿਰਖਾਂ ਅੰਦਰ ਉੱਗੇ ਖੰਡਰ' ਅਤੇ 'ਨੀਲੀਆਂ ਲਾਟਾਂ ਦੇ ਸੇਕ' ਦੇ ਪੜਾਵਾਂ ਵਿਚੋਂ ਗੁਜ਼ਰ ਕੇ 'ਸ਼ਾਮ ਦੀ ਸ਼ਾਖ਼ 'ਤੇ' ਦੇ ਅਗਲੇ ਪੜਾਅ 'ਤੇ ਪੁੱਜਦਾ ਹੈ। ਪੜਾਅ ਦਰ ਪੜਾਅ ਪਿਆਸ ਦਾ ਇਹ ਸਫ਼ਰ ਹੋਰ ਵੀ ਸੂਖਮ ਤੇ ਸੰਵੇਦਨਸ਼ੀਲ ਹੋਇਆ ਹੈ। ਪਿਆਸ, ਰੇਤ ਤੇ ਪਾਣੀ ਦੀ ਇਹ ਯੁਗਾਂਤਰੀ ਕਹਾਣੀ ਕੁਲਵਿੰਦਰ ਦੇ ਸ਼ਿਅਰਾਂ 'ਚ ਵਾਰ-ਵਾਰ ਸੁਣਾਈ ਦਿੰਦੀ ਹੈ ਅਤੇ ਇਹ ਧੁਨੀ ਅੰਤਹੀਣ ਹੈ। ਰਾਜਵੰਤ ਰਾਜ ਨੇ ਕਿਹਾ ਕਿ 'ਸ਼ਾਮ ਦੀ ਸ਼ਾਖ਼ 'ਤੇ' ਸੁਹਜ ਅਤੇ ਚਿੰਤਨ ਦਾ ਸੁਮੇਲ ਹੈ। ਇਸ ਪੁਸਤਕ ਦੀ ਸ਼ਾਇਰੀ ਨਿੱਜ ਤੋਂ ਨਿਕਲ ਕੇ ਬ੍ਰਹਿਮੰਡ ਤੋਂ ਪਾਰ ਚਲੀ ਜਾਂਦੀ ਹੈ:

ਮੈਂ ਇਕੱਲਾ ਹੀ ਸਫ਼ਰ ਵਿਚ ਹਾਂ, ਨਹੀਂ ਇਉਂ ਤਾਂ ਨਹੀਂ

ਚੱਲ ਰਹੇ ਨੇ ਲੱਖਾਂ ਹੀ ਬ੍ਰਹਿਮੰਡ ਮੇਰੇ ਨਾਲ ਨਾਲ

ਦਵਿੰਦਰ ਗੌਤਮ ਨੇ ਕਿਹਾ ਕਿ ਇਹ ਪੁਸਤਕ ਆਪਣੇ-ਆਪ ਵਿਚ ਇਕ ਪ੍ਰਯੋਗਸ਼ਾਲਾ ਹੈ। ਸ਼ਿਅਰਾਂ ਦੇ ਬਹੁ ਅਰਥੀ ਤੇ ਬਹੁ ਪਰਤੀ ਹੋਣ ਦੇ ਨਾ਼ਲ ਨਾ਼ਲ ਨਵੀਨ ਸ਼ੈਲੀ ਪਾਠਕ ਦੀ ਚੇਤਨਾ ਨੂੰ ਝੰਜੋੜਦੀ ਹੈ। ਪ੍ਰੀਤ ਮਨਪ੍ਰੀਤ ਨੇ ਕਿਹਾ ਕਿ ਪੁਸਤਕ ਵਿਚ ਕੁਦਰਤੀ ਬਿੰਬਾਂ ਅਤੇ ਧਰਾਤਲ ਦੇ ਦ੍ਰਿਸ਼ ਇਕ ਫਿਲਮ ਦੀ ਤਰ੍ਹਾਂ ਚੱਲ ਰਹੇ ਲੱਗਦੇ ਹਨ ਅਤੇ ਹਰ ਸ਼ਿਅਰ ਬਹੁ ਪਰਤੀ ਅਤੇ ਬਹੁ ਅਰਥੀ ਹੋ ਨਿੱਬੜਦਾ ਹੈ। ਡਾ. ਸੁਖਵਿੰਦਰ ਕੰਬੋਜ ਨੇ ਆਪਣੇ ਪੇਪਰ ਤੋਂ ਪਹਿਲਾਂ ਪ੍ਰੋ. ਸੁਰਜੀਤ ਜੱਜ ਦੇ ਪੇਪਰ ਦੀਆਂ ਕੁਝ ਸਤਰਾਂ ਪੜ੍ਹੀਆਂ। ਉਨ੍ਹਾਂ ਆਪਣੇ ਪਰਚੇ ਵਿਚ ਕਿਹਾ ਕਿ ਕੁਲਵਿੰਦਰ ਦਾ ਨਾਮ ਪੰਜਾਬੀ ਗ਼ਜ਼ਲ ਦੇ ਪੋਟਿਆਂ 'ਤੇ ਗਿਣੇ ਜਾਣ ਵਾਲੇ ਸ਼ਾਇਰਾਂ ਵਿਚ ਸ਼ੁਮਾਰ ਹੈ। ਇਸ ਪੁਸਤਕ ਵਿਚਲੇ ਸ਼ਿਅਰ ਵੱਖ-ਵੱਖ ਰਾਹਾਂ ਅਤੇ ਦਿਸ਼ਾਵਾਂ ਸਿਰਜਦੇ ਸੰਵੇਦਨਸ਼ੀਲਤਾ ਨਾ਼ਲ ਪਾਠਕਾਂ ਦੇ ਸਨਮੁੱਖ ਹੁੰਦੇ ਹਨ:

ਤੇਰੇ ਸ਼ਹਿਰ 'ਚ ਮਰਨ ਪਰਿੰਦੇ ਖਾ ਕੇ ਸ਼ਾਹੀ ਭੋਜਨ

ਮੇਰੇ ਪਿੰਡ 'ਚ ਬੋਟ ਹਮੇਸ਼ਾਂ ਮਰਦੇ ਭੁੱਖਾਂ ਨਾਲ



ਇਸ ਤੋਂ ਇਲਾਵਾ ਅਮਰਜੀਤ ਕੌਰ ਪੰਨੂ, ਸੁਰਜੀਤ ਸਖੀ ਅਤੇ ਸੁਰਿੰਦਰ ਸੀਰਤ ਨੇ ਵੀ ਪੁਸਤਕ ਦੀ ਭਰਪੂਰ ਸ਼ਲਾਘਾ ਕੀਤੀ। ਗ਼ਜ਼ਲ ਮੰਚ ਸਰੀ ਵਲੋਂ ਕੁਲਵਿੰਦਰ ਦਾ ਸਨਮਾਨ ਕੀਤਾ ਗਿਆ। ਵਿਪਸਾ ਵਲੋਂ ਗ਼ਜ਼ਲ ਮੰਚ ਸਰੀ ਦੇ ਸਾਰੇ ਪ੍ਰਤੀਨਿਧ ਸ਼ਾਇਰਾਂ ਨੂੰ ਸਨਮਾਨ ਚਿੰਨ੍ਹ ਭੇਟ ਕੀਤੇ ਗਏ।

ਪ੍ਰੋਗਰਾਮ ਦਾ ਮੁਲਾਂਕਣ ਕਰਦਿਆਂ ਮੁੱਖ ਮਹਿਮਾਨ ਜਸਵਿੰਦਰ ਨੇ ਹਰ ਬੁਲਾਰੇ ਦੀ ਪ੍ਰਸ਼ੰਸਾ ਕਰਦੇ ਕਿਹਾ ਕਿ ਕੁਲਵਿੰਦਰ ਦੀ ਸ਼ਾਇਰੀ ਦੀ ਇਕ ਵਿਸ਼ੇਸ਼ਤਾ ਇਹ ਵੀ ਹੈ ਕਿ ਉਸਨੇ ਭੂਗੋਲਿਕ ਆ਼ਲੇ ਦੁਆਲੇ ਅਤੇ ਪੰਜਾਬੀ ਰਹਿਤਲ 'ਚੋਂ ਲਏ ਬਿੰਬਾਂ ਨੂੰ ਸੱਜਰੇ ਸੰਦਰਭ 'ਚ ਇਸ ਤਰ੍ਹਾਂ ਪੇਸ਼ ਕੀਤਾ ਹੈ ਕਿ ਅਮੂਰਤ ਵਰਤਾਰੇ ਵੀ ਵਜੂਦ ਧਾਰਕੇ ਸਜੀਵ ਹੋ ਜਾਂਦੇ ਹਨ-

'ਕਿਤੇ ਨੀਲੀ ਝੀਲ ਵਿਚ ਸੂਰਜ ਸਿਰ ਭਾਰ ਡਿੱਗਦਾ ਹੈ, ਕਿਤੇ ਸੂਰਜ ਮੁਸਾਫ਼ਿਰ ਦਾ ਮੁਕਟ ਬਣ ਕੇ ਉਸ ਨੂੰ ਥਲ ਤੋਂ ਪਾਰ ਲੈ ਜਾਂਦਾ ਹੈ, ਕਿਤੇ ਦਰਦ ਦੀ ਵਾਦੀ 'ਚ ਢਲਦੀ ਸ਼ਾਮ ਮਹਿਕ ਉੱਠਦੀ ਹੈ ਅਤੇ ਕਿਤੇ ਸ਼ਾਮ ਦੀ ਸ਼ਾਖ਼ 'ਤੇ ਫੁੱਲਾਂ ਦਾ ਨਗਰ ਬਲ ਰਿਹਾ ਹੁੰਦਾ ਹੈ।

ਦੂਜੇ ਸੈਸ਼ਨ ਵਿਚ, ਕੁਲਵਿੰਦਰ ਅਤੇ ਜਸਵਿੰਦਰ ਦੇ ਲਿਖੇ ਦੋਹੇ ਸੀ ਡੀ ਦੇ ਰੂਪ ਵਿਚ ਅਵਤਾਰਾ ਲਾਖਾ ਅਤੇ ਪ੍ਰਧਾਨਗੀ ਮੰਡਲ ਨੇ ਲੋਕ ਅਰਪਣ ਕੀਤੇ ਗਏ। ਰਾਜਵੰਤ ਰਾਜ ਨੇ ਆਪਣੀਆਂ ਗ਼ਜ਼ਲਾਂ ਨਾ਼ਲ ਵਾਹ ਵਾਹ ਖੱਟੀ। ਮਿਸ਼ੀਗਨ ਤੋਂ ਆਈ ਸ਼ਾਇਰਾ ਜਗਦੀਪ ਬਰਾੜ ਨੇ ਖ਼ੂਬਸੂਰਤ ਕਵਿਤਾ 'ਚਾਨਣ ਦੀ ਪੂਣੀ' ਪੇਸ਼ ਕੀਤੀ ਅਤੇ ਸੁਖਦੇਵ ਸਾਹਿਲ ਵਲੋਂ ਦੁਬਾਰਾ ਸਜਾਈ ਸੰਗੀਤ ਮਹਿਫ਼ਲ ਵਿਚ ਜਸਵਿੰਦਰ ਦੀ ਗ਼ਜ਼ਲ, ਲੋਕ ਅਰਪਣ ਕੀਤੇ ਦੋਹੇ ਅਤੇ ਹੋਰ ਸੂਫ਼ੀ ਰੰਗ ਬੰਨ੍ਹ ਕੇ ਸੰਗੀਤ ਪ੍ਰੇਮੀਆਂ ਨੂੰ ਗਈ ਰਾਤ ਤੱਕ ਨਾਲ ਜੋੜੀ ਰੱਖਿਆ। ਸਮਾਗਮ ਦੌਰਾਨ ਕੁਝ ਹੋਰ ਨਵੀਆਂ ਪੁਸਤਕਾਂ; ਹਰਦੀਪ ਗਰੇਵਾਲ ਦਾ ਨਾਵਲ 'ਰਾਧਿਕਾ', ਹਰਦਮ ਮਾਨ ਦਾ ਗ਼ਜ਼ਲ ਸੰਗ੍ਰਹਿ 'ਸ਼ੀਸ਼ੇ ਦੇ ਅੱਖਰ' ਅਨੂਬਾਲਾ ਦਾ ਗ਼ਜ਼ਲ ਸੰਗ੍ਰਹਿ 'ਕੱਚ ਦਾ ਅੰਬਰ' ਅਤੇ ਬਿਕਰਮ ਸੋਹੀ ਦਾ ਕਾਵਿ ਸੰਗ੍ਰਹਿ 'ਸਰਦਲਾਂ' ਵੀ ਲੋਕ ਅਰਪਣ ਕੀਤੀਆਂ ਗਈਆਂ। ਵਿਪਸਾ ਦੇ ਆਰਗੇਨਾਈਜ਼ਰ ਜਗਜੀਤ ਨੌਸ਼ਿਹਰਵੀ ਨੇ ਪੂਰੇ ਸਮਾਗਮ ਨੂੰ ਆਰਗੇਨਾਈਜ਼ ਕਰਦਿਆਂ, ਮੀਡੀਆ ਦੀ ਜ਼ਿੰਮੇਵਾਰੀ ਨਿਭਾਈ। ਸਮਾਗਮ ਦੇ ਅੰਤ ਵਿਚ ਦੂਰੋਂ ਨੇੜਿਓਂ ਚੱਲ ਕੇ ਸੁਖਪਾਲ ਸੰਘੇੜਾ, ਸੁਰਿੰਦਰ ਧਨੋਆ, ਜਸਵਿੰਦਰ ਧਨੋਆ, ਪਰਮਪਾਲ ਸਿੰਘ, ਦਰਸ਼ਨ ਔਜਲਾ, ਹਰਜੀਤ ਜੀਤੀ, ਆਸ਼ਾ ਸ਼ਰਮਾ, ਹਰਜੀਤ ਹਠੂਰ, ਕੁਲਵੰਤ ਸੇਖੋਂ, ਮਨਦੀਪ ਗੋਰਾ, ਸੰਤੋਖ ਮਿਨਹਾਸ, ਅਵਤਾਰ ਗੋਂਦਾਰਾ, ਸਰਪੰਚ ਮਹਿੰਗਾ ਸਿੰਘ, ਪਰਮਜੀਤ ਸਿੰਘ, ਪ੍ਰੋ. ਸੁਖਦੇਵ ਸਿੰਘ, ਪ੍ਰੋ. ਬਲਜਿੰਦਰ ਸਿੰਘ, ਲਾਲੀ, ਜਸਵੰਤ ਸਰਾਂ, ਅਵਤਾਰ ਲਾਖਾ, ਜਗਤਾਰ ਗਿੱਲ, ਬਲਬੀਰ ਸਿੰਘ ਐਮ.ਏ., ਸ਼ਮਸ਼ੇਰ ਸਰਾਂ, ਜਸਵੰਤ ਸਿੰਘ ਰੰਧਾਵਾ (ਇੰਡੀਆ), ਗਰਦੀਪ, ਰਵਿੰਦਰ ਵਿਰਦੀ ਸਮੇਤ ਆਏ ਸੌ ਤੋਂ ਵੱਧ ਸਾਹਿਤ ਪ੍ਰੇਮੀਆਂ ਦੇ ਹੱਥ ਵਿਚ ਕੁਲਵਿੰਦਰ ਦੀ ਪੁਸਤਕ ਫੜੀ ਹੋਈ ਸੀ। ਇਸ ਸਮੁੱਚੇ ਪ੍ਰੋਗਰਾਮ ਨੂੰ ਜਸਵੀਰ ਭੰਵਰਾ ਨੇ ਕੈਮਰਾ ਬੱਧ ਕੀਤਾ। ਇਹ ਸ਼ਾਨਦਾਰ ਵਿਚਾਰ ਚਰਚਾ ਅਤੇ ਲਾਜ ਨੀਲਮ ਸੈਣੀ ਦੀ ਪੇਸ਼ਕਾਰੀ ਅਜੇ ਤੱਕ ਚਰਚਾ ਵਿਚ ਹੈ।

***ਰਿਪੋਰਟ:***
***ਲਾਜ ਨੀਲਮ ਸੈਣੀ***
***(ਸਹਾਇਕ ਸਕੱਤਰ ਵਿਪਸਾ)***
***ਫੋਨ: 510-502-0551***











# ਇਸਲਾਮ ਦੀ ਇਤਿਹਾਸ ਭੂਮਿਕਾ ਅਤੇ ਪਿਛੋਕੜ

ਕਲਾ ਪਰਿਕਰਮਾ


'ਇਸਲਾਮ ਦੀ ਇਤਿਹਾਸਕ ਭੂਮਿਕਾ' ਇਸਲਾਮ ਦੇ ਨਿਕਾਸ, ਵਿਕਾਸ, ਰੂਪ-ਰੇਖਾ ਅਤੇ ਇਸ ਧਰਮ ਦੇ ਇਤਿਹਾਸਕ ਯੋਗਦਾਨ ਬਾਰੇ ਭਾਰਤ ਵਿਚ ਲਿਖੇ ਬਿਹਤਰੀਨ ਦਸਤਾਵੇਜ਼ਾਂ ਵਿਚੋਂ ਇਕ ਹੈ। ਐਮ.ਐਨ. ਰਾਇ ਨੇ ਇਸ ਦਸਤਾਵੇਜ਼ ਨੂੰ 1939 ਵਿਚ ਪਹਿਲੀ ਵਾਰ ਪ੍ਰਕਾਸ਼ਿਤ ਕਰਾਇਆ ਜਦੋਂ ਉਹ ਅਬੁਲ ਕਲਾਮ ਆਜ਼ਾਦ ਖਿਲਾਫ ਕਾਂਗਰਸ ਦੀ ਪ੍ਰਧਾਨਗੀ ਦਾ ਉਮੀਦਵਾਰ ਸੀ। ਬਿਨਾਂ ਸ਼ੱਕ ਇਸ ਕਿਤਾਬ ਦੇ ਪ੍ਰਕਾਸ਼ਨ ਦਾ ਮਕਸਦ ਕਾਂਗਰਸ ਅੰਦਰਲੇ ਮੁਸਲਿਮ ਕੇਡਰ ਦੀ ਹਮਾਇਤ ਪ੍ਰਾਪਤ ਕਰਨਾ ਹੀ ਹੋਵੇਗਾ ਪਰ ਇਹ ਤੱਥ ਇਸ ਕਿਤਾਬ ਦੇ ਇਤਿਹਾਸਕ ਮੁੱਲ ਨੂੰ ਘਟਾਉਂਦਾ ਨਹੀਂ। ਇਸਲਾਮ ਸਬੰਧੀ ਐਮ.ਐਨ. ਰਾਇ ਦੀ ਜਿਗਿਆਸਾ ਦਾ ਆਧਾਰ ਇਸਲਾਮੀ ਧਰਮ-ਸ਼ਾਸਤਰ ਦੇ ਉਸ ਵਿਧਾਨ ਦੀ ਸੰਸਾਰ ਭਰ ਵਿਚ ਕ੍ਰਾਂਤੀਕਾਰੀ ਭੂਮਿਕਾ ਸੀ ਜੋ ਇਸਲਾਮ ਨੇ ਨਿਭਾਈ।



**ਜਗਵਿੰਦਰ ਜੋਧਾ**
**ਫੋਨ: +91-94654-64502**

1920 ਦੇ ਆਸ-ਪਾਸ ਤਾਸ਼ਕੰਦ ਆਵਾਸ ਦੌਰਾਨ ਐਮ.ਐਨ. ਰਾਇ ਨੇ ਇਸਲਾਮ ਬਾਰੇ ਅਧਿਐਨ ਆਰੰਭ ਕੀਤਾ। ਸਮਾਜਵਾਦੀ ਚੇਤਨਾ ਨਾਲ ਜੁੜ ਕੇ ਜਦੋਂ ਉਸ ਨੇ ਬਸਤੀਵਾਦ ਦੇ ਵਿਚਾਰਧਾਰਕ ਖਾਸੇ ਦਾ ਅਧਿਐਨ ਕੀਤਾ ਤਾਂ ਉਸ ਨੂੰ ਮਹਿਸੂਸ ਹੋਇਆ ਕਿ ਬਸਤੀਵਾਦੀ ਸ਼ਾਸਕਾਂ ਨੇ ਭਾਰਤ ਦੀਆਂ 'ਐਥਨਿਕ ਪਛਾਣਾਂ' ਦੀ ਵਿਆਖਿਆ ਆਪਣੀ ਸਹੂਲਤ ਲਈ ਮਨਮਰਜ਼ੀ ਨਾਲ ਕੀਤੀ ਹੈ। ਬਸਤੀਵਾਦੀ ਇਤਿਹਾਸ-ਚਿੰਤਕਾਂ ਦਾ 'ਬੰਗਾਲ ਦੇ ਨਵ-ਜਾਗਰਨ' ਦਾ ਨਾਅਰਾ ਇਸਲਾਮੀ ਸ਼ਾਸਕਾਂ ਦੇ ਸ਼ਾਸਨ ਕਾਲ ਪ੍ਰਤੀ ਨਿਖੇਧ ਦੀ ਦ੍ਰਿਸ਼ਟੀ ਪੈਦਾ ਕਰਨਾ ਹੀ ਸੀ ਤਾਂ ਜੋ ਧਰਮ ਦੇ ਆਧਾਰ 'ਤੇ ਬੰਗਾਲ ਦੀ ਵੰਡ ਦਾ ਰਸਤਾ ਤਿਆਰ ਕੀਤਾ ਜਾਵੇ।

ਐਮ.ਐਨ. ਰਾਇ ਇਸ ਤਰ੍ਹਾਂ ਦੀ ਫਿਰਕੂ ਵੰਡ ਦੇ ਵਿਰੋਧ ਵਿਚ ਖੜ੍ਹੀ ਹੋਈ ਬੰਗਾਲ ਦੀ ਨੌਜਵਾਨ ਪੀੜ੍ਹੀ ਦਾ ਰਾਸ਼ਟਰਵਾਦੀ ਨੁਮਾਇੰਦਾ ਰਿਹਾ ਸੀ। ਉਹ ਬਰਤਾਨਵੀ ਨੀਤੀਆਂ ਦਾ ਕੱਟੜ ਵਿਰੋਧੀ ਸੀ ਤੇ ਬਰਤਾਨਵੀ ਬਸਤੀਵਾਦ ਦੀ ਭਾਰਤੀ ਸ਼ਾਸਨ ਦੀ ਪ੍ਰਕਿਰਿਆ ਨੂੰ ਗਹੁ ਨਾਲ ਵਾਚ ਰਿਹਾ ਸੀ। ਇਹ ਕਿਤਾਬ ਲਿਖਦਿਆਂ ਤਿੱਖੀ ਹੋ ਰਹੀ ਸੰਪ੍ਰਦਾਇਕ ਦੁਫੇੜ ਬਾਰੇ ਚਿੰਤਾ ਰਾਇ ਦਾ ਮੁੱਖ ਮੁੱਦਾ ਸੀ ਤੇ ਇਸ ਦੁਫੇੜ ਵਿਚਲੇ ਫਾਸਲੇ ਨੂੰ ਭਰਨ ਦੀ ਕੋਸ਼ਿਸ਼ ਇਸ ਕਿਤਾਬ ਵਿਚ ਥਾਂ-ਪੁਰ-ਥਾਂ ਨਜ਼ਰ ਆਉਂਦੀ ਹੈ।




*'ਇਸਲਾਮ ਦੀ ਇਤਿਹਾਸਕ ਭੂਮਿਕਾ' ਦਾ ਮੁਖੜਾ।*



*ਐਮ.ਐਨ. ਰਾਇ*

ਐਮ.ਐਨ. ਰਾਇ ਆਪਣੀ ਸਾਰੀ ਉਮਰ ਬਸਤੀਵਾਦੀ ਸੰਸਥਾਵਾਂ ਦਾ ਕੱਟੜ ਵਿਰੋਧੀ ਰਿਹਾ। ਬਸਤੀਵਾਦੀ ਵਿਚਾਰਕਾਂ ਨੇ ਭਾਰਤ ਉੱਪਰ ਲੰਮਾ ਸਮਾਂ ਤੇ ਨਿਰਵਿਘਨ ਰਾਜ-ਕਾਜ ਲਈ ਇੱਥੋਂ ਦੇ ਇਤਿਹਾਸ ਨਾਲ ਛੇੜ-ਛਾੜ ਕਰਕੇ ਵਿਗੜੇ ਇਤਿਹਾਸ ਨੂੰ ਸਾਧਾਰਨ ਲੋਕ-ਚੇਤਨਾ ਵਿਚ ਧੱਕ ਦੇਣ ਦੀ ਨੀਤੀ ਅਪਨਾਈ। ਇਸ ਉਦੇਸ਼ ਲਈ ਇਸਲਾਮੀ ਜੇਤੂਆਂ ਨੂੰ ਭਾਰਤੀ ਲੋਕਾਂ ਦੀ ਨਜ਼ਰ ਵਿਚ ਜ਼ਾਲਮ, ਨਿਰਦਈ ਤੇ ਲੁਟੇਰੇ ਸਾਬਿਤ ਕਰਨਾ ਜ਼ਰੂਰੀ ਸੀ। ਇਸਲਾਮ ਦੇ ਧਾਰਮਿਕ ਫਲਸਫੇ ਨੂੰ ਕੱਟੜਤਾ ਅਤੇ ਜ਼ੁਲਮ ਦਾ ਵਿਚਾਰਧਾਰਕ ਪਿਛੋਕੜ ਸਾਬਤ ਕੀਤਾ ਗਿਆ। ਸੰਸਾਰ ਪੱਧਰ 'ਤੇ ਇਸਲਾਮ ਦੁਆਰਾ ਕੀਤੇ ਸਾਰੇ ਚੰਗੇ/ਅਗਾਂਹਵਧੂ ਕੰਮਾਂ ਨੂੰ ਬੜੀ ਚਤੁਰਾਈ ਨਾਲ ਲੁਕੋ ਲਿਆ ਗਿਆ। ਵਿਗਿਆਨ, ਸਿਹਤ ਸੇਵਾ, ਸਾਹਿਤ ਅਤੇ ਦਰਸ਼ਨ ਦੇ ਖੇਤਰ ਵਿਚ ਇਸਲਾਮੀ ਚਿੰਤਕਾਂ ਦੀ ਦੇਣ ਨੂੰ ਇਸਲਾਮੀ ਸੈਨਾਵਾਂ ਦੇ ਪ੍ਰਸਾਰ ਲਈ ਕੀਤੇ ਯਤਨਾਂ ਦੀ ਗਰਦ ਵਿਚ ਲੁਕਾਉਣ ਦਾ ਕੰਮ ਬਸਤੀਵਾਦੀ ਇਤਿਹਾਸਕਾਰੀ ਨੇ ਬਾਖੂਬੀ ਕੀਤਾ।

ਐਮ.ਐਨ. ਰਾਇ ਦੀ ਇਹ ਪੁਸਤਕ ਇਸ ਸਮੁੱਚੇ ਮਾਹੌਲ ਵਿਚ ਇਹ ਮਿੱਥਾਂ ਤੇ ਭ੍ਰਾਂਤੀਆਂ ਤੋੜਦੀ ਹੈ। ਉਹ ਬਿਨਾਂ ਕਿਸੇ ਕਿਸਮ ਦੀ ਰਿਆਇਤ ਦਿੱਤਿਆਂ ਸੰਸਾਰ ਦੇ ਇਤਿਹਾਸ ਵਿਚ ਇਸਲਾਮ ਧਰਮ ਦੇ ਨਿਕਾਸ ਤੇ ਵਿਕਾਸ ਨੂੰ ਤਤਕਾਲੀ ਵਪਾਰਕ ਲੋੜਾਂ ਨਾਲ ਜੋੜ ਕੇ ਦੇਖਦਾ ਹੈ। ਇਹੀ ਨਹੀਂ, ਰਾਇ ਇਸਾਈ ਮੱਠਾਂ ਦੇ ਅਕਹਿ ਜ਼ੁਲਮਾਂ ਤੋਂ ਦੁਨੀਆ ਦੀ ਵਡੇਰੀ ਗਿਣਤੀ ਵਸੋਂ ਨੂੰ ਨਿਜਾਤ ਦਿਵਾਉਣ ਤੇ ਭਵਿੱਖੀ ਵਿਕਾਸ ਦੇ ਰਾਹ ਤੋਰਨ ਲਈ ਗਿਆਨ-ਵਿਗਿਆਨ ਦੇ ਤੱਥ ਇਸਲਾਮੀ ਇਤਿਹਾਸ ਦੇ ਹਵਾਲੇ ਨਾਲ ਪੇਸ਼ ਕਰਦਾ ਹੈ। ਭਾਰਤ ਤੇ ਇਸਲਾਮ ਬਾਰੇ ਚਰਚਾ ਕਰਦਿਆਂ ਐਮ.ਐਨ. ਰਾਇ ਇਸਲਾਮ ਧਾਰਨ ਕਰਨ ਵਾਲੀ ਵਸੋਂ ਦੇ ਬ੍ਰਾਹਮਣਿਕ ਸ਼ੋਸ਼ਣ ਵੱਲ ਸੰਕੇਤ ਕਰਦਾ ਹੈ। ਅਜਿਹਾ ਕਰਦਿਆਂ ਉਹ ਸਿਰਫ ਆਪਣੀਆਂ ਧਾਰਨਾਵਾਂ ਦੀ ਪੇਸ਼ਕਾਰੀ ਦੀ ਥਾਂ ਸੰਸਾਰ ਪ੍ਰਸਿੱਧ ਚਿੰਤਕਾਂ ਦੇ ਹਵਾਲੇ ਦਿੰਦਾ ਹੈ ਤਾਂ ਕਿ ਬਰਤਾਨਵੀ ਇਤਿਹਾਸਕਾਰੀ ਦੇ ਵਿਰੋਧ ਵਿਚ ਢੁਕਵਾਂ ਤਰਕ ਸਿਰਜਿਆ ਜਾ ਸਕੇ।

ਕੁਝ ਸਾਲ ਪਹਿਲਾਂ ਭਾਰਤ ਵਿਚ ਐਮ.ਐਨ. ਰਾਇ ਦੀਆਂ ਲਿਖਤਾਂ ਅੰਗਰੇਜ਼ੀ ਵਿਚ ਛਪੀਆਂ ਸਨ। ਉਨ੍ਹਾਂ ਲਿਖਤਾਂ ਵਿਚ ਵੀ 'ਹਿਸਟੋਰੀਕਲ ਰੋਲ ਆਫ ਇਸਲਾਮ' ਨਹੀਂ ਸੀ। ਇਹ ਕਿਤਾਬ ਕਿਸੇ ਪ੍ਰਗਤੀਵਾਦੀ ਸੰਗਠਨ ਨੇ ਕਿਤਾਬਚੇ ਦੇ ਰੂਪ ਵਿਚ ਛਾਪੀ ਜੋ ਮੈਨੂੰ ਨਹੀਂ ਮਿਲ ਸਕੀ। ਇਹ ਪੁਸਤਕ ਪੀ.ਡੀ.ਐਫ. ਫਾਈਲ ਦੇ ਰੂਪ ਵਿਚ ਇੰਟਰਨੈੱਟ 'ਤੇ ਉਪਲਬਧ ਕਿਤਾਬ ਦਾ ਅਨੁਵਾਦ ਹੈ।

ਅੱਜ ਭਾਰਤ ਅਤੇ ਸੰਸਾਰ ਪੱਧਰ 'ਤੇ ਕਾਰਪੋਰੇਟੀ ਆਰਥਿਕਤਾ ਫਾਸ਼ੀਵਾਦ ਨਾਲ ਬਗਲਗੀਰ ਹੋ ਕੇ ਇਤਿਹਾਸ ਦੀ ਜੋ ਵਿਆਖਿਆ ਕਰ ਰਹੀ ਹੈ, ਉਸ ਸਮੇਂ ਇਹ ਕਿਤਾਬ (ਇਸਲਾਮ ਦੀ ਇਤਿਹਾਸਕ ਭੂਮਿਕਾ) ਹੋਰ ਵੀ ਸਾਰਥਕ ਹੈ। ਨਵੀਂ ਪੀੜ੍ਹੀ ਦੇ ਪਾਠਕ ਐਮ.ਐਨ. ਰਾਇ ਬਾਰੇ ਇੰਨਾ ਨਹੀਂ ਜਾਣਦੇ ਕਿਉਂਕਿ ਉਹ ਖੁਦ ਉਨ੍ਹਾਂ ਵਿਗੜੀਆਂ ਵਿਆਖਿਆਵਾਂ ਦਾ ਸ਼ਿਕਾਰ ਹੋਇਆ ਜੋ ਭਾਰਤ ਦੀ ਆਜ਼ਾਦੀ ਪਿੱਛੋਂ ਸਾਹਮਣੇ ਆਈਆਂ।


## ਪੋਥੀ ਦੀ ਅਹਿਮੀਅਤ

*ਅਜੋਕੇ ਭਾਰਤ ਦੀ ਧਰਮ ਨਿਰਪੱਖ ਸਮਾਜਿਕ ਅਤੇ ਰਾਜਸੀ ਬਣਤਰ ਖਤਰੇ ਵਿਚ ਹੈ। ਭਾਰਤੀ ਰਾਜਨੀਤੀ ਦੇ ਸੱਜੇ ਪੱਖੀ ਰੁਝਾਨਾਂ ਦੇ ਪਾਰਲੀਮਾਨੀ ਰਾਜਨੀਤੀ ਦੇ ਕੇਂਦਰ ਵਿਚ ਆ ਜਾਣ ਕਾਰਨ ਇਹ ਖਤਰਾ ਹੋਰ ਵੀ ਵੱਡਾ ਹੋ ਗਿਆ ਹੈ। ਇਸ ਸਮੇਂ ਭਾਰਤੀ ਮੁਸਲਮਾਨਾਂ ਦੀ ਵੱਖਰੀ ਸੰਪਰਦਾਇਕ ਪਛਾਣ, ਪਰਿਵਾਰ ਅਤੇ ਵਿਆਹ ਦੇ ਤੌਰ ਤਰੀਕਿਆਂ, ਉਨ੍ਹਾਂ ਦੇ ਪਹਿਰਾਵੇ, ਖਾਣ-ਪੀਣ ਦੀਆਂ ਆਦਤਾਂ ਅਤੇ ਉਨ੍ਹਾਂ ਦੇ ਰਾਜਸੀ ਹੁੰਗਾਰਿਆਂ ਨੂੰ ਜਿਸ ਤਰ੍ਹਾਂ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਉਸ ਸਮੇਂ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਭਾਰਤ ਵਿਚ ਇਸਲਾਮ ਦੀ ਆਮਦ, ਉਭਾਰ ਅਤੇ ਚੜ੍ਹਤ ਦੇ ਆਰਥਿਕ-ਰਾਜਸੀ ਅਤੇ ਸਮਾਜਿਕ ਸੱਭਿਆਚਾਰਕ ਪਿਛੋਕੜ ਨੂੰ ਸਮਝਿਆ ਜਾਵੇ। ਐਮ.ਐਸ. ਰਾਇ ਦੁਆਰਾ 1939 ਵਿਚ ਲਿਖੇ ਇਸ ਲੰਮੇ ਲੇਖ 'ਇਸਲਾਮ ਦੀ ਇਤਿਹਾਸਕ ਭੂਮਿਕਾ' ਵਿਚ ਇਸਲਾਮ ਦੇ ਇਤਿਹਾਸ, ਪਿਛੋਕੜ, ਦੁਨੀਆ ਵਿਚ ਗਿਆਨ-ਵਿਗਿਆਨ ਦੇ ਪ੍ਰਸਾਰ ਵਿਚ ਇਸਲਾਮ ਵੱਲੋਂ ਨਿਭਾਈ ਭੂਮਿਕਾ, ਆਧੁਨਿਕ ਵਿਗਿਆਨਾਂ ਦੇ ਹੋਂਦ ਵਿਚ ਆਉਣ ਲਈ ਜ਼ਿੰਮੇਵਾਰ ਇਸਲਾਮੀ ਪਿਛੋਕੜ ਵਾਲੇ ਅਰਬ ਵਿਗਿਆਨੀਆਂ-ਚਿੰਤਕਾਂ ਦੇ ਯੋਗਦਾਨ ਬਾਰੇ ਤਾਂ ਚਰਚਾ ਕੀਤੀ ਹੀ ਗਈ ਹੈ, ਨਾਲ ਹੀ ਭਾਰਤ ਵਿਚ ਉਨ੍ਹਾਂ ਦੇ ਦਾਖਲੇ ਅਤੇ ਉੱਥਾਨ ਸਮੇਂ ਨਿਭਾਈ ਗਈ ਪ੍ਰਗਤੀਸ਼ੀਲ ਭੂਮਿਕਾ ਦਾ ਵਿਸ਼ਲੇਸ਼ਣ ਵੀ ਕੀਤਾ ਗਿਆ ਹੈ। ਅੱਜ ਜਦੋਂ ਸੰਪਰਦਾਇਕ ਜਨੂਨ ਵਿਚ ਵਾਧਾ ਹੋ ਰਿਹਾ ਹੈ ਤਾਂ ਭਾਰਤ ਵਿਚ ਮੁਸਲਮਾਨਾਂ ਦੀ ਆਮਦ ਅਤੇ ਚੜ੍ਹਤ ਦੇ ਇਨ੍ਹਾਂ ਇਤਿਹਾਸਕ ਪ੍ਰਸੰਗਾਂ ਨੂੰ ਜਾਣਨਾ ਬਹੁਤ ਜ਼ਰੂਰੀ ਹੋ ਜਾਂਦਾ ਹੈ। ਐਮ.ਐਨ. ਰਾਇ ਇਸ ਗੱਲੋਂ ਹੈਰਾਨ ਹੁੰਦਾ ਹੈ ਕਿ ਸ਼ਾਇਦ ਦੁਨੀਆ ਵਿਚ ਅਜਿਹਾ ਕੋਈ ਹੋਰ ਦੇਸ਼ ਨਹੀਂ ਹੈ ਜਿੱਥੇ ਇੰਨੇ ਲੰਮੇ ਸਮੇਂ ਤੋਂ ਨਾਲ-ਨਾਲ ਰਹਿਣ ਵਾਲੇ ਸੰਪਰਾਇਕ ਸਮੂਹ ਇਕ ਦੂਜੇ ਦੀ ਸੰਸਕ੍ਰਿਤੀ ਤੋਂ ਬਿਲਕੁਲ ਹੀ ਵਾਕਿਫ ਨਾ ਹੋਣ। ਇਸਲਾਮ ਅਤੇ ਮੁਸਲਮਾਨਾਂ ਬਾਰੇ ਸੰਪਰਦਾਇਕਤਾ ਨੂੰ ਹੁਲਾਰਾ ਦੇਣ ਵਾਲੀਆਂ ਝੂਠੀਆਂ ਤੇ ਮਨਘੜਤ ਕਹਾਣੀਆਂ ਤੋਂ ਮੁਕਤ ਹੋ ਕੇ ਉਨ੍ਹਾਂ ਦੀ ਹੋਂਦ ਦੇ ਪਦਾਰਥਕ ਪ੍ਰਸੰਗਾਂ ਨੂੰ ਜਾਣਨ ਲਈ ਇਸ ਕਿਤਾਬ ਦੀ ਪੜ੍ਹਤ ਜ਼ਰੂਰੀ ਹੈ।* *-ਡਾ. ਸੁਰਜੀਤ ਸਿੰਘ*

## ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 9 ਜੁਲਾਈ 2022 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-541



ਜੜ੍ਹਾਂ 'ਚ ਰੱਖੇ ਨੇ ਦੀਵੇ ਬਾਲ਼, ਬੰਨ੍ਹੇ ਚੁੰਨੀਆਂ ਤੇ ਲੀੜੇ ਲਾਲ।
ਜੜ੍ਹੀਂ ਤੇਲ ਦੇ ਸੁਕਾਏ ਨੇ ਰੁੱਖ, ਆਪ ਸਹੇੜ ਲਏ ਉਸਨੇ ਦੁੱਖ।
ਅੰਧ-ਵਿਸ਼ਵਾਸ ਦੀ ਹੈ ਤਸਵੀਰ, ਭਾਰਤ ਦੀ ਫੁੱਟੀ ਹੈ ਤਕਦੀਰ।

### ਕੈਪਸ਼ਨ ਮੁਕਾਬਲਾ-539



ਗੱਡੀਆਂ ਵਾਲੇ ਪਿੰਡ ਪਿੰਡ ਜਾ ਕੇ,
ਸ਼ਾਮਲਾਟਾਂ ਵਿਚ ਡੇਰੇ ਲਾਉਂਦੇ।
ਬੱਠਲ ਬਾਲਟੀਆਂ ਦੇ ਥੱਲੇ ਲਗਾ ਕੇ,
ਗਲੀਆਂ ਦੇ ਵਿਚ ਫੇਰੀਆਂ ਲਾਉਂਦੇ।
ਕਹਿਣ ਨੂੰ ਤਾਂ ਇਹ ਵੰਸ਼ ਰਾਜੇ ਦੀ,
ਲੋਹਾ ਕੁੱਟ ਕੁੱਟ ਡੰਗ ਟਪਾਉਂਦੇ।
***-ਗੁਰਦੇਵ ਸਿੰਘ ਢਪਾਲੀ***
***ਗੁਰੂ ਤੇਗ ਬਹਾਦਰ ਨਗਰ, ਬਠਿੰਡਾ।***
***ਫੋਨ: 94176-49275***

---

ਜਿੱਥੇ ਮਿਲੀ ਪੱਧਰੀ ਜਗ੍ਹਾ,
ਬਸ ਗੱਡ ਦਿੱਤਾ ਕਿੱਲਾ,
ਕਹਾਉਂਦੇ ਵੀ ਗੱਡੀਆਂ ਵਾਲੇ
ਲੁਹਾਰਾ ਕੰਮ ਭੱਠੀ ਤਪਦੀ ਸਦਾ।
ਤੱਕਲੇ, ਛਾਨਣੀਆਂ, ਟੁੱਟੇ-ਭੱਜੇ ਨੂੰ ਟੰਕਾ,
ਖੁੱਲ੍ਹੀ ਹਵਾ, ਸੁਡੋਲ ਚਿਹਰੇ
ਸ਼ੌਕ ਵੀ ਅਵੱਲੇ, ਝੱਗਿਆਂ ਨੂੰ ਸ਼ੀਸ਼ੇ
ਗੂੜ੍ਹੀਆਂ ਘੱਗਰੀਆਂ, ਵੱਡੇ-ਵੱਡੇ ਨਾਲੇ
ਕੌਡੀਆਂ ਹੱਥਾਂ ਪੈਰਾਂ ਦੁਆਲੇ।
ਫਿਰ ਤੁਰ ਵੇਚ ਲੈਣੀਆਂ ਵੰਗਾਂ
ਮਿਹਨਤ ਕਰ ਗੁਜ਼ਾਰਾ ਕਰਦੇ
ਨਾ ਕਿਸੇ ਨਾਲ ਵੈਰ
ਨਾ ਕਿਸੇ ਨਾਲ ਸਾਂਝ।
***-ਦਰਸ਼ਨ ਪਾਲ ਦੋਸਾਂਝ***

---

ਪੈਰਾਂ ਦੇ ਵਿਚ ਚੱਕਰ ਸਾਡੇ
ਕਿਤੇ ਵੀ ਕੁੱਲੀ ਪਾ ਲੈਨੇ ਆਂ।
ਨਗੌਰੀ ਨਾਲ ਹਾਂ ਲੈ ਕੇ ਆਉਂਦੇ
ਵੱਟਾ-ਸੱਟਾ ਲਾ ਲੈਨੇ ਆਂ।
ਹਥੇ.ਲੀ ਤਾਈਂ ਬਣਾ ਕੇ ਥਾਲੀ
ਚੱਪਾ ਟੁੱਕ ਵੀ ਖਾ ਲੈਨੇ ਆਂ।
ਸ਼ਿਕਵਾ ਕਦੇ ਨਾ ਆਵੇ ਮੁੱਖ 'ਤੇ
ਬੱਸ ਮਨ ਨੂੰ ਸਮਝਾ ਲੈਨੇ ਆਂ।
***-ਜਗਮੀਤ ਸਿੰਘ ਪੰਧੇਰ***
***ਵਿੰਨੀਪੈੱਗ, ਕੈਨੇਡਾ***
***ਫੋਨ: +1 2042963177***

---

ਵੱਡਾ ਪੱਥਰ ਜਿਵੇਂ
ਪਹਾੜਾਂ ਤੋਂ ਰੁੜ੍ਹਦਾ ਰੁੜ੍ਹਦਾ
ਗੋਲ ਮਟੋਲ ਪਾਰਸ ਬਣ ਜਾਵੇ।
ਆਜ਼ਾਦ ਜ਼ਿੰਦਗੀ ਜਿਊਣ ਵਾਲਾ
ਗਡਰੀਆ ਟੱਬਰ
ਪਿੰਡ ਪਿੰਡ ਪਰਵਾਸ ਕਰਦਾ ਜਾਵੇ।
ਗ਼ਰੀਬੀ ਨਾਲ ਦੋ-ਚਾਰ ਹੁੰਦਾ ਹੋਇਆ
ਹਲੀਮੀ ਨਾਲ ਗੁਜ਼ਾਰਾ ਚਲਾਵੇ।
ਕਈ ਥਾਈਂ ਵਿਗੜੈਲ ਮੁੰਡੇ ਟੱਕਰਦੇ
ਗਡਰੀਆ ਹੁਸਨ ਕੰਡਿਆਂ ਤੋਂ
ਆਪਣਾ ਆਂਚਲ ਬਚਾਵੇ।
***-ਅਮਰਜੀਤ ਤੂਰ***
***ਕੁਲਬੁਰਛਾਂ (ਪਟਿਆਲਾ)***
***ਫੋਨ: 98784-69639***

---

ਸ਼ਾਮਲਾਟ ਵਿਚ ਆ ਲਾਉਂਦੇ ਡੇਰਾ
ਵਣਜਾਰੇ ਅਖਵਾਉਂਦੇ ਨੇ,
ਕਹਿੰਦੇ ਰਾਣਾ ਪਰਤਾਪ ਦੇ ਵਾਰਿਸ
ਖਾਧੀ ਸੌਂਹ ਪੁਗਾਉਂਦੇ ਨੇ
'ਭਾਂਡੇ ਕਲੀ ਕਰਾ ਲਓ' ਦਾ ਹੋਕਾ
ਗ਼ਲੀ ਗ਼ਲੀ ਸੁਣਾਉਂਦੇ ਨੇ,
ਇਕ ਗੱਡੀ ਦੋ ਬਲਦ ਹੈ ਪੂੰਜੀ
ਜੋ ਪਿੰਡ ਸ਼ਹਿਰ ਘੁਮਾਉਂਦੇ ਨੇ
***-ਸੇਵਾ ਸਿੰਘ 'ਨੂਰਪੁਰੀ'***

# ਅਵਤਾਰ ਸਿੰਘ ਬਿਲਿੰਗ ਤੇ ਉਸ ਦੀ ਪੁਸਤਕ 'ਮੇਰਾ ਪਿੰਡ ਮੇਰੇ ਲੋਕ'

ਪੰਜਾਬੀ ਸਾਹਿਤ ਵਿਚੋਂ ਜੇ, ਸ਼੍ਰੋਮਣੀ ਸਾਹਿਤਕਾਰ ਅਵਤਾਰ ਸਿੰਘ ਬਿਲਿੰਗ ਦਾ ਨਾਮ ਕੱਢ ਦੇਈਏ ਤਾਂ ਇਉਂ ਲੱਗੇਗਾ ਜਿਵੇਂ ਪੰਜਾਬੀ ਮਾਂ-ਭਾਸ਼ਾ ਦਾ ਕੋਈ ਇਕ ਅੰਗ ਕੱਟ ਦਿੱਤਾ ਹੋਵੇ। ਇਸੇ ਲਈ ਵੱਖ ਵੱਖ ਸੰਸਥਾਵਾਂ ਨੇ ਇਸ ਸ਼ਖਸ ਵਲੋਂ ਦਿੱਤੀਆਂ ਸਾਹਿਤਕ ਸੇਵਾਵਾਂ ਬਦਲੇ, ਇਸ ਦੀ ਝੋਲੀ ਇਨਾਮਾਂ ਨਾਲ ਭਰ ਦਿੱਤੀ ਹੈ।

ਮੇਰੀ ਪਹਿਲੀ ਮੁਲਾਕਾਤ ਬਿਲਿੰਗ ਸਾਹਿਬ ਨਾਲ, ਕਿਸੇ ਹੋਰ ਲਿਖਾਰੀ ਦੀ ਕਿਤਾਬ ਦੇ ਉਦਘਾਟਨ ਸਮਾਰੋਹ ਵਿਚ ਹੋਈ ਸੀ। ਉਸ ਕਿਤਾਬ ਦੀ ਘੁੰਡ ਚੁਕਾਈ ਪੰਜਾਬੀ ਲਿਖਾਰੀ ਸਭਾ


ਜੇ.ਬੀ. ਸਿੰਘ
ਕੈਂਟ (ਵਾਸ਼ਿੰਗਟਨ)
ਫੋਨ: 253-508-9805

ਸਿਆਟਲ ਵਲੋਂ ਕੀਤੀ ਗਈ ਸੀ। ਮੈਂ ਸਭਾ ਦਾ ਪ੍ਰਧਾਨ ਸੀ। ਬਿਲਿੰਗ ਸਾਹਿਬ ਨੂੰ ਉਸ ਕਿਤਾਬ ਪ੍ਰਤੀ ਬੋਲਣ ਲਈ, ਸਾਡੀ ਸਭਾ ਦੇ ਸਕੱਤਰ ਬਲਿਹਾਰ ਸਿੰਘ ਲੈਹਲ ਨੇ ਵਿਸ਼ੇਸ਼ ਸੱਦਾ ਦਿੱਤਾ ਸੀ। ਉਨ੍ਹਾਂ ਦਿਨਾਂ ਵਿਚ ਬਿਲਿੰਗ ਸਾਹਿਬ ਦੀ ਕਿਤਾਬ 'ਮੇਰਾ ਪਿੰਡ, ਮੇਰੇ ਲੋਕ' ਛਪਣ ਲਈ ਜਾ ਚੁੱਕੀ ਸੀ। ਸੋ, ਸਮਾਂ ਹੋਣ ਕਰਕੇ ਉਨ੍ਹਾਂ ਨੇ ਸਾਡੇ ਕਿਤਾਬ ਰਿਲੀਜ਼ ਸਮਾਰੋਹ ਵਿਚ ਆਉਣ ਦੀ ਬੇਨਤੀ ਮੰਨ ਲਈ। ਜਦ ਬਿਲਿੰਗ ਸਾਹਿਬ ਉਸ ਕਿਤਾਬ 'ਤੇ ਆਪਣੇ ਵਿਚਾਰ ਦੇ ਕੇ ਹਟੇ ਤਾਂ ਕਿਤਾਬ ਦਾ ਲੇਖਕ ਸਟੇਜ 'ਤੇ ਆਇਆ ਤੇ ਕਹਿਣ ਲੱਗਾ, 'ਜਿਸ ਡੂੰਘਾਈ ਤਕ ਬਿਲਿੰਗ ਸਾਹਿਬ ਨੇ ਮੇਰੀ ਕਿਤਾਬ ਬਾਰੇ ਜਾਣਕਾਰੀ ਦਿੱਤੀ ਹੈ, ਉਸ ਤਕ ਪਹੁੰਚਣ ਲਈ, ਮੈਨੂੰ ਆਪਣੀ ਹੀ ਲਿਖੀ ਕਿਤਾਬ, ਚਾਰ-ਪੰਜ ਵਾਰ ਦੁਬਾਰਾ ਪੜ੍ਹਨੀ ਪਵੇਗੀ।'

ਸਮਾਰੋਹ ਤੋਂ ਬਾਅਦ, ਗੱਲਾਂ ਕਰਦਿਆਂ ਮੈਨੂੰ ਪਤਾ ਲੱਗਿਆ ਕਿ ਬਿਲਿੰਗ ਸਾਹਿਬ ਦੀ ਰਿਹਾਇਸ਼ ਮੇਰੇ ਆਪਣੇ ਘਰ ਤੋਂ ਬਹੁਤੀ ਦੂਰ ਨਹੀਂ ਸੀ। ਅਸੀਂ ਦੋਨੋਂ ਇਕੋ ਹੀ ਟਰੈਲ 'ਤੇ ਸੈਰ ਕਰਨ ਜਾਂਦੇ ਸੀ, ਪਰ ਸਮਾਂ ਵੱਖ ਵੱਖ ਸੀ। ਉਸ ਦਿਨ ਤੋਂ ਅਸਾਂ ਨੇ ਸੈਰ ਕਰਨ ਲਈ ਇਕ ਸਾਂਝਾ ਵਕਤ ਚੁਣ ਲਿਆ।

ਸੈਰ ਕਰਦਿਆਂ, ਰਾਹ ਵਿਚ ਗੱਲਾਂ ਕਰਦਿਆਂ, ਕੁਝ ਦਿਨ ਵਿਚ ਹੀ, ਉਹ ਮੇਰੇ ਬਾਰੇ ਸਭ ਕੁਝ ਜਾਣ ਗਏ। ਮੈਂ ਆਪਣੇ ਬਚਪਨ, ਕਾਲਜ ਜਾਂ ਨੌਕਰੀ ਸਮੇਂ ਦੀਆਂ ਖਾਸ ਯਾਦਾਂ, ਜੋ ਮੈਂ ਆਪਣੇ ਮਿੱਤਰਾਂ ਨਾਲ ਸਾਂਝੀਆਂ ਕਰ ਸਕਦਾ ਸੀ, ਸਭ ਉਨ੍ਹਾਂ ਨੂੰ ਦੱਸ ਚੁੱਕਾ ਸੀ ਪਰ ਉਨ੍ਹਾਂ ਨੇ ਆਪਣੇ ਨਿੱਜੀ ਜੀਵਨ ਬਾਰੇ ਮੈਨੂੰ ਕਦੇ ਕੁਝ ਨਹੀਂ ਸੀ ਦੱਸਿਆ। ਮੈਂ ਉਨ੍ਹਾਂ ਬਾਰੇ ਕੇਵਲ ਉਹੀ ਜਾਣਦਾ ਸੀ, ਜੋ ਅਖਬਾਰਾਂ ਜਾਂ ਕਿਤਾਬਾਂ ਤੋਂ ਪੜ੍ਹਿਆ ਸੀ। ਕਾਰਨ ਇਹ ਸੀ ਕਿ ਜਦ ਮੈਂ ਜੀਵਨ ਦੀ ਕਿਸੇ ਘਟਨਾ ਦਾ ਜ਼ਿਕਰ ਕਰਦਾ, ਤਾਂ ਉਸ ਦੇ ਜਵਾਬ ਵਿਚ ਉਹ ਬਰਾਬਰ ਦੀ, ਮਿਲਦੀ-ਜੁਲਦੀ ਘਟਨਾ ਤਾਂ ਦੱਸਦੇ, ਪਰ ਉਹ ਘਟਨਾ ਉਨ੍ਹਾਂ ਦੇ ਆਪਣੇ ਜੀਵਨ ਵਿਚੋਂ ਨਹੀਂ, ਬਲਕਿ ਕਿਸੇ ਨਾਵਲਕਾਰ ਦੇ ਪਾਤਰ ਦੀ ਹੱਡ-ਬੀਤੀ ਹੁੰਦੀ। 'ਫਲਾਣੇ ਨਾਵਲਕਾਰ ਦੇ ਫਲਾਣੇ ਪਾਤਰ ਨਾਲ ਵੀ ਇਉਂ ਹੀ ਹੋਇਆ ਸੀ।' ਫਿਰ ਉਹ ਨਾਵਲ ਦੀ ਸੰਖੇਪ ਕਹਾਣੀ ਸੁਣਾਉਂਦੇ। ਪੰਜਾਬੀ ਜਾਂ ਅੰਗਰੇਜ਼ੀ ਦਾ ਸ਼ਾਇਦ ਹੀ ਕੋਈ ਉੱਘਾ ਨਾਵਲ ਹੋਵੇ, ਜਿਹੜਾ ਉਨ੍ਹਾਂ ਦੀ ਨਿਗਾਹ ਹੇਠੋਂ ਨਾ ਲੰਘਿਆ ਹੋਵੇ। ਯਾਦ ਸ਼ਕਤੀ ਇੰਨੀ ਕਿ ਪੰਜਾਹ ਸਾਲ ਪਹਿਲਾਂ ਦੇ ਪੜ੍ਹੇ ਨਾਵਲ ਦੀ ਕਹਾਣੀ ਤੇ ਪਾਤਰਾਂ ਦੇ ਨਾਮ ਯਾਦ ਹੁੰਦੇ। ਇਸੇ ਤਰ੍ਹਾਂ ਹੀ ਉਨ੍ਹਾਂ ਨੇ ਸੰਸਾਰ ਦਾ ਇਤਿਹਾਸ ਰਟਿਆ ਹੋਇਆ ਸੀ, ਮੁੱਢ ਕਦੀਮ ਤੋਂ ਹੁਣ ਤਕ।

ਇਨ੍ਹਾਂ ਦਿਨਾਂ ਵਿਸ ਉਹ ਇੰਡੀਆ ਚਲੇ ਗਏ। ਵਾਪਸ ਆਉਣ 'ਤੇ ਸਾਡੀ ਸੈਰ ਦੀ ਰੁਟੀਨ ਫਿਰ ਸ਼ੁਰੂ ਹੋਈ। ਮੈਂ ਉਨ੍ਹਾਂ ਦੀ ਭਾਰਤ ਯਾਤਰਾ ਬਾਰੇ ਪੁੱਛਦਿਆਂ, ਉਨ੍ਹਾਂ ਦੇ ਪਿੰਡ ਦਾ ਨਾਮ ਪੁੱਛ ਲਿਆ। ਕਹਿਣ ਲੱਗੇ, 'ਮੇਰੀ ਕਿਤਾਬ-'ਮੇਰਾ ਪਿੰਡ, ਮੇਰੇ ਲੋਕ' ਛਪ ਕੇ ਆ ਗਈ ਹੈ, ਕੱਲ੍ਹ ਤੁਹਾਡੇ ਲਈ ਇਕ ਕਾਪੀ ਲੈ ਕੇ ਆਵਾਂਗਾ।' ਅਗਲੇ ਦਿਨ ਇਹ ਕਿਤਾਬ ਮੇਰੇ ਹੱਥ ਲੱਗੀ। ਮੈਂ ਇਸ ਨੂੰ ਰੋਜ਼ਾਨਾ ਨਿਤਨੇਮ ਵਾਂਗ ਪੜ੍ਹਿਆ। ਹੁਣ ਮੈਨੂੰ ਇਉਂ ਮਹਿਸੂਸ ਹੁੰਦਾ ਹੈ, ਜਿਵੇਂ ਕੇਵਲ ਅਵਤਾਰ ਸਿੰਘ ਬਿਲਿੰਗ ਨੂੰ ਹੀ ਨਹੀਂ, ਉਨ੍ਹਾਂ ਦੇ ਸਾਰੇ ਪਿੰਡ ਦੇ ਲੋਕਾਂ ਨੂੰ ਵੀ ਮੈਂ ਬਚਪਨ ਤੋਂ ਹੀ ਜਾਣਦਾ ਹਾਂ। ਕਿਤਾਬ ਦਾ ਹਰ ਸਫ਼ਾ ਪੜ੍ਹਨ ਬਾਅਦ ਮੈਨੂੰ ਉਨ੍ਹਾਂ ਦੀ ਯਾਦ ਸ਼ਕਤੀ 'ਤੇ ਹੈਰਾਨੀ ਹੋਵੇ- 'ਕਿਵੇਂ, ਆਪਣੀ ਢਾਈ ਸਾਲ ਦੀ ਉਮਰ ਤੋਂ ਲੈ ਕੇ ਹੁਣ ਤਕ ਮਿਲੇ ਲੋਕਾਂ ਦਾ ਨਾਮ ਤੇ ਘਟਨਾਵਾਂ ਦਾ ਸਮਾਂ ਆਦਿ ਸਭ ਯਾਦ ਹੈ।' ਮੁੱਖ ਬੰਦ ਵਿਚ ਲਿਖੀ ਇਕ ਹੀ ਲਾਈਨ, "ਚਾਰ ਸੌ ਪਚਵੰਜਾ ਚੁੱਲ੍ਹਿਆਂ ਤੇ 2182 ਬੰਦਿਆਂ (ਔਰਤਾਂ 1020 ਤੇ ਪੁਰਸ਼ 1162) ਵਾਲੀ ਮੇਰੀ ਛੋਟੀ ਜਿਹੀ ਨਗਰੀ" ਅਜਿਹੀਆਂ ਕਈ ਗੱਲਾਂ ਦੀ ਗਵਾਹੀ ਦੇ ਜਾਂਦੀ ਹੈ, ਉਨ੍ਹਾਂ ਦੀ ਯਾਦ ਸ਼ਕਤੀ, ਕਿਤਾਬ ਲਿਖਣ ਲਈ ਖੋਜ ਤੇ ਮਿਹਨਤ, ਅੰਕੜਿਆਂ ਦੀ ਸ਼ੁੱਧਤਾ ਤੇ ਵਿਆਖਿਆ। ਕਿਤਾਬ ਪੜ੍ਹਨ 'ਤੇ ਪਤਾ ਲੱਗਿਆ ਕਿ ਇਹ ਦਾਤ ਉਨ੍ਹਾਂ ਨੂੰ ਵਿਰਸੇ ਵਿਚ ਹੀ ਮਿਲੀ ਹੈ। ਉਨ੍ਹਾਂ ਦੇ ਪਿਤਾ ਸਰਦਾਰ ਨੌਰੰਗ ਸਿੰਘ




ਕਵੀਸ਼ਰ ਨੂੰ, ਵੀਹ ਤੋਂ ਜ਼ਿਆਦਾ ਲੰਮੇ ਪ੍ਰਸੰਗ ਤੇ 50 ਤੋਂ ਵੱਧ ਕਵਿਤਾਵਾਂ ਜ਼ਬਾਨੀ ਯਾਦ ਸਨ। ਉਹ ਹੱਸਮੁਖ, ਫੁਰਤੀ ਵਾਲੇ ਤੇ ਸਟੇਜ ਦੇ ਧਨੀ ਇਨਸਾਨ ਸਨ। ਪਿੰਡ ਦੀਆਂ ਧੀਆਂ ਦੇ ਅਨੰਦ ਕਾਰਜ ਮੁਫ਼ਤ ਕਰਾਉਂਦੇ, ਸੰਗਤਾਂ ਵੱਲੋਂ ਮਿਲੇ ਇਨਾਮ ਦੇ ਪੈਸਿਆਂ ਨੂੰ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕ ਦਿੰਦੇ।

ਇਸ ਕਿਤਾਬ ਵਿਚ ਪਿੰਡ 'ਸੇਹ' ਬਾਰੇ ਹਰ ਪਹਿਲੂ ਤੋਂ ਜਾਣਕਾਰੀ ਦਿੱਤੀ ਗਈ ਹੈ। ਪਹਿਲੇ ਭਾਗ ਵਿਚ ਪਿੰਡ 'ਸੇਹ' ਦਾ ਸ਼ੁਰੂ ਤੋਂ ਲੈ ਕੇ ਹੁਣ ਤਕ ਦਾ ਇਤਿਹਾਸ ਹੈ। ਬਿਲਿੰਗ ਇਸ ਨੂੰ ਸਫਾਈ ਪਸੰਦ ਪਿੰਡ ਲਿਖਦਾ ਹੈ। ਪੰਜਾਬ ਦੇ ਜ਼ਿਲ੍ਹਾ ਲੁਧਿਆਣਾ ਵਿਚ, ਖੰਨੇ ਤੋਂ ਖਮਾਣੋ ਵਲ ਜਾਂਦੀ ਸੜਕ 'ਤੇ, ਤਹਿਸੀਲ ਸਮਰਾਲਾ ਵਿਚ ਆਉਂਦੇ ਇਸ ਪਿੰਡ ਅਤੇ ਨਾਲ ਲੱਗਦੇ ਨੌਂ ਪਿੰਡਾਂ ਦਾ ਜ਼ਿਕਰ, ਉਨ੍ਹਾਂ ਦੇ ਲਿਖੇ ਇਕ ਕਾਵਿ ਬੰਦ ਰਾਹੀਂ, ਸਾਡੀ ਯਾਦ 'ਤੇ ਅਮੁੱਕ ਛਾਪ ਪਾ ਦਿੰਦਾ ਹੈ:

ਸੇਹ, ਸਲੌਦੀ, ਸਰਵਰਪੁਰ, ਗੋਹ ਗੋਸਲਾਂ
ਮਾਨੂੰਪੁਰ, ਚੱਕ ਨੌਲੜੀ ਦਾਊਦਪੁਰ।

ਇਸ ਪਿੰਡ ਦਾ ਨਾਮ 'ਸੇਹ' ਹੋਣ ਪਿੱਛੇ ਵੀ ਕਈ ਕਥਾਵਾਂ ਹਨ। ਲੇਖਕ ਅਨੁਸਾਰ, ਇਸ ਜਗ੍ਹਾ ਪਹਿਲਾਂ ਜੰਗਲ ਸੀ, ਜਿੱਥੇ 'ਸੇਹ ਤੇ ਗੋਹ' ਜਾਨਵਰਾਂ ਦੀ ਬਹੁਤਾਤ ਸੀ। ਇਸੇ ਕਰਕੇ, ਇਸ ਪਿੰਡ ਦਾ ਨਾਮ 'ਸੇਹ' ਤੇ ਨਾਲ ਦੇ ਪਿੰਡ ਦਾ ਨਾਮ 'ਗੋਹ' ਪੈ ਗਿਆ। ਫਿਰ ਇਹ ਪਿੰਡ 'ਸੇਹ ਮਾਸਟਰਾਂ ਦੀ' ਦੇ ਨਾਮ ਨਾਲ ਜਾਣਿਆ ਜਾਣ ਲੱਗਾ ਕਿਉਂਕਿ ਇਸ ਪਿੰਡ 'ਚੋਂ ਬਹੁਤਿਆਂ ਨੇ ਆਪਣਾ ਕਿੱਤਾ 'ਪੜ੍ਹਾਉਣਾ' ਚੁਣ ਲਿਆ। ਲੇਖਕ ਨੇ ਪਿਛਲੇ 110 ਸਾਲਾਂ ਵਿਚ ਕੀਤੀ, ਇਸ ਪਿੰਡ ਬਾਰੇ ਜਾਣਕਾਰੀ ਨੂੰ ਇਕ ਜਗ੍ਹਾ ਅੰਕਿਤ ਕੀਤਾ ਹੈ।

ਪਿੰਡ ਦੇ ਮੁੱਖ ਦੁਆਰ ਨੂੰ ਨਗਰ ਖੇੜਾ ਕਿਹਾ ਜਾਂਦਾ ਸੀ। ਇਹ ਪਿੰਡ ਦਾ ਸਾਂਝਾ ਦਰਵਾਜ਼ਾ, ਜਿੱਥੇ ਹਰ ਧਰਮ, ਜਾਤ ਦੇ ਲੋਕ, ਇਕੱਠੇ ਹੋ ਕੇ ਵਿਚਾਰ-ਵਟਾਂਦਰਾ ਕਰਦੇ, ਅਨੰਦ ਮਾਣਦੇ, ਖੁਸ਼ੀਆਂ ਸਾਂਝੀਆਂ ਕਰਦੇ। ਇਹ ਦਰਵਾਜ਼ਾ ਪੂਜਿਆ ਵੀ ਜਾਂਦਾ। 1951 ਵਿਚ ਇਸ ਪਿੰਡ ਦੀ ਜ਼ਮੀਨ ਦੀ ਮੁਰੱਬੇਬੰਦੀ ਹੋਣ ਲੱਗ ਪਈ ਤੇ ਮਿੱਟੀ ਦੀ ਕਿਸਮ (ਉਪਜਾਊ, ਚਿਕਨੀ, ਕਾਲੀ ਤੇ ਸੇਂਜੂ) ਅਨੁਸਾਰ ਪ੍ਰਤੀ ਏਕੜ ਕੀਮਤ ਪੈਣ ਲੱਗੀ। ਮੁਰੱਬੇਬੰਦੀ ਕਰਕੇ ਬਨਸਪਤੀ ਦਾ ਵੱਢਣਾ ਸ਼ੁਰੂ ਹੋਇਆ, ਜੋ ਇਸ ਪਿੰਡ ਲਈ ਨੁਕਸਾਨਦਾਇਕ ਸਾਬਤ ਹੋਈ।

ਪਿੰਡ ਦਾ ਮੁੱਢ ਤੇ ਉਸ ਦੇ ਵਿਕਾਸ ਦਾ ਜ਼ਿਕਰ ਕਰਦਿਆਂ ਲੇਖਕ, ਉਥੋਂ ਦੀ ਬਨਸਪਤੀ, ਉਥੇ ਆ ਕੇ ਵਸੇ ਲੋਕ, ਉਨ੍ਹਾਂ ਦੇ ਮਨੋਰੰਜਨ, ਕਿੱਤੇ, ਸੁਭਾਅ, ਵਿਸ਼ਵਾਸ, ਧਰਮ, ਜਾਤੀਆਂ, ਗੋਤਾਂ ਆਦਿ ਦਾ ਸੈਲੂਲਰ ਅਧਿਐਨ ਕਰਾਉਂਦਾ ਹੈ। ਜਿਵੇਂ: ਸੱਤਰਵਿਆਂ ਤੋਂ ਪਹਿਲੇ ਪਿੰਡ ਵਿਚ ਚਾਰ ਬਰੋਟੇ ਹੁੰਦੇ ਸਨ। ਢਾਬ ਵਾਲਾ ਬਰੋਟਾ, ਦਰਵਾਜ਼ੇ ਵਾਲਾ ਬਰੋਟਾ, ਧਰਮਸ਼ਾਲਾ ਵਾਲ ਬਰੋਟਾ, ਹਲਟੀ ਵਾਲਾ ਬਰੋਟਾ। ਢਾਬ ਵਾਲੇ ਬਰੋਟੇ ਹੇਠ ਖਿਲਰੀਆਂ ਕਬੂਤਰਾਂ ਦੀਆਂ ਵਿੱਠਾਂ, ਦੁੱਧ ਨਾ ਦੇਣ ਵਾਲੀ ਲਵੇਰੀ ਨੂੰ ਖਵਾਉਣ 'ਤੇ ਉਹ ਦੁੱਧ ਦੇਣ ਲੱਗ ਪੈਂਦੀ ਸੀ। ਦਰਵਾਜ਼ੇ ਵਾਲੇ ਬਰੋਟਿਆਂ 'ਤੇ ਹਰੀਅਲ ਪੰਛੀ ਅਰਾਮ ਕਰਦੇ। ਧਰਮਸ਼ਾਲਾ ਵਾਲੇ ਬਰੋਟੇ ਨੇੜੇ ਬਰਾਤਾਂ ਉਤਰਦੀਆਂ। ਹਲਟੀ ਵਾਲੇ ਬਰੋਟੇ ਹੇਠਾਂ ਲੋਕ ਦੁਪਹਿਰ ਨੂੰ ਰੌਣਕ ਲਗਾਉਂਦੇ, ਕਬੱਡੀ, ਫੁਟਬਾਲ ਦੇ ਮੈਚ ਹੁੰਦੇ, ਬਰਾਤਾਂ ਆਉਂਦੀਆਂ ਤੇ ਰਹਿੰਦੀਆਂ।

ਗੋਤਾਂ ਦਾ ਜ਼ਿਕਰ ਕਰਦਿਆਂ, ਲੇਖਕ ਹਰ ਗੋਤ ਦੀ ਵਿਸ਼ੇਸ਼ ਪਹਿਚਾਣ ਕਰਾਉਂਦਾ ਹੈ। 'ਬਿਲਿੰਗ ਪੜ੍ਹਦੇ ਹੁੰਦੇ। ਭੰਗੂ ਲੜਦੇ ਹੁੰਦੇ' ਜਾਂ 'ਕੋਈ ਜ਼ਰਾ ਕੁ ਨਿੰਦੇ, ਬਿਲਿੰਗ ਝੱਟ ਵਿੰਗੇ।'

ਧਾਰਮਿਕ ਪੱਖ ਤੋਂ ਵੱਖਰੇ ਹੋ ਕੇ ਵੀ, ਪਿੰਡ ਵਾਸੀਆਂ ਦੇ ਆਪਸ ਵਿਚ ਮਿਲਵਰਤਨ ਤੇ ਪਿਆਰ ਦੀਆ ਅਨੇਕਾਂ ਉਦਾਹਰਨਾਂ ਦਿੰਦੇ ਹੋਏ, ਦੁਨੀਆਦਾਰੀ ਤੋਂ ਬੇਪਰਵਾਹ ਬੇਗਰਜ਼, ਤਿੰਨ ਬਾਬਿਆਂ ਦਾ ਵਰਣਨ ਕਰਦਾ ਹੈ, 'ਉਤਰ ਪਾਸੇ ਵਾਲੀ ਢਾਬ ਵਿਚ, ਭਾਗਵਤ ਪੁਰਾਣ ਪੜ੍ਹਨ ਵਾਲਾ ਬਾਬਾ ਕੇਹਰੂ, ਰਾਮਗੜ੍ਹੀਆ ਬਾਬਾ ਬੱਗੂ ਤੇ ਮੁਸਲਮਾਨ ਗੁੱਜਰ ਬੋਅਲੀ, ਰਹਿੰਦੇ ਸਨ।

ਆਪਣੇ ਪਿੰਡ ਦੇ ਵੱਖ ਵੱਖ ਨੁਕਤਿਆਂ ਨੂੰ ਦੱਸਦਿਆਂ ਆਪਣੇ ਨਿੱਜੀ ਘਰ ਦਾ ਸਥਾਨ ਤੇ ਐਡਰੈੱਸ ਇਉਂ ਦੱਸਦਾ ਹੈ ਕਿ ਕਿਸੇ ਜੀ ਪੀ ਐਸ ਦੀਆਂ ਦਿੱਤੀਆਂ ਹਦਾਇਤਾਂ ਨੂੰ ਮਾਤ ਪਾ ਦਿੰਦਾ ਹੈ। ਕੋਈ ਵੀ ਇਸ ਨੂੰ ਪੜ੍ਹ ਕੇ ਅੱਖਾਂ ਮੀਟ ਕੇ ਉਥੇ ਪਹੁੰਚ ਸਕਦਾ ਹੈ।

'ਪੱਛਮ ਵੱਲ ਜਾਂਦੀਆਂ ਦੋ ਗਲੀਆਂ, ਮਹਿਰਿਆਂ ਦੀ ਗਲੀ ਤੇ ਪਰਜਾਪਤਾਂ ਦੀ ਬੀਹੀ ਦਾ ਜ਼ਿਕਰ ਕਰਦਿਆਂ, ਬਿਲਿੰਗ ਆਪਣੇ ਆਦੀ ਘਰ ਦੀ ਜਾਣ ਪਹਿਚਾਣ ਕਰਾਉਂਦਾ ਹੈ,

"ਸਾਡਾ ਮਕਾਨ ਥੇਹ ਉੱਤੇ ਬਣਿਆ, ਚੂਨੇ ਲਿੱਪਿਆ ਬਨੇਰਾ, ਪਿੰਡ ਵਿਚ ਸਭ ਤੋਂ ਨਿਕਲਵਾਂ ਦਿਸਦਾ...' ਉਹ ਕੇਵਲ ਆਪਣੇ ਘਰ ਹੀ ਨਹੀਂ, ਆਸ-ਪਾਸ ਦੇ ਸਭ ਘਰਾਂ ਨੂੰ ਤਰਤੀਬ ਨਾਲ, ਉਨ੍ਹਾਂ ਦੇ ਮਾਲਕਾਂ ਦੇ ਨਾਮ ਤੇ ਹਰ ਘਰ ਦੀ ਕੋਈ ਨਾ ਕੋਈ ਖ਼ੂਬੀ ਦਸਦਾ ਹੋਇਆ ਵਾਰਤਕ ਨੂੰ ਬਹੁਤ ਦਿਲਚਸਪ ਬਣਾ ਦਿੰਦਾ ਹੈ।

ਢਾਈ ਸਾਲ ਦੀ ਉਮਰ ਦੀਆਂ ਸਾਂਭੀਆਂ ਆਪਣੀਆਂ ਯਾਦਾਂ ਨੂੰ ਪਾਠਕਾਂ ਨਾਲ ਸਾਂਝਿਆ ਕਰਦਾ ਹੈ। ਉਸ ਦੇ ਤਾਏ ਦਾ ਪਾਣੀ ਦੇ ਲੱਗੇ ਹੋਏ ਨਲਕੇ ਨੂੰ ਪੁੱਟ ਕੇ ਆਪਣੇ ਘਰ ਅੰਦਰ ਲਗਵਾ ਲੈਣਾ, ਲੇਖਕ ਦਾ ਖਾਲੀ ਬੋਰ ਵਿਚ ਬਰਛੇ ਦਾ ਫਾਲਾ ਸੁੱਟ ਦੇਣਾ, ਸਕੂਲ ਦਾਖਲ ਹੋਣ ਲੱਗਿਆਂ ਪਤਾਸੇ ਵੰਡਣੇ, ਜਾਤ-ਪਾਤ, ਧਰਮ ਤੋਂ ਅਭੋਲ ਦੋਸਤਾਂ ਨਾਲ ਖੇਡਣਾ-ਪਾਠਕ ਨੂੰ ਉਸ ਦੇ ਆਪਣੇ ਬਚਪਨ ਵਲ ਧੂਹ ਕੇ ਲੈ ਜਾਂਦਾ ਹੈ। ਆਪਣੀ ਬੀਹੀ 'ਤੇ ਬਿਤਾਏ ਲੇਖਕ ਦੇ ਨੌਂ ਸਾਲਾਂ ਦੀਆਂ ਯਾਦਾਂ, ਮਾਈ ਬੋਬੋ ਤੇ ਉਸ ਦੀਆਂ ਧੀਆਂ ਬੰਤੀ ਤੇ ਕਾਕੀ ਦਾ ਦਿੱਤਾ ਪਿਆਰ, ਪਿੰਡ ਦੀ ਤਾਈ ਬਚਨੀ, ਤਾਈ ਕਰਤਾਰ ਕੌਰ, ਆਪਣੀ ਸੱਸ ਪਾਰਬਤੀ ਨਾਲ ਰਹਿੰਦੀ ਸੱਤਿਆ, ਆਪਣੀ ਮਿਹਨਤੀ ਮਾਂ ਗੁਰਦੇਵ ਕੌਰ ਤੇ ਆਪਣੇ ਪਿਤਾ ਵਿਚਲਾ ਪਿਆਰ ਤੇ ਰੋਸਿਆਂ ਨੂੰ ਯਾਦ ਕਰਦਾ, ਪਾਠਕ ਨੂੰ ਭਾਵੁਕ ਬਣਾ ਦਿੰਦਾ ਹੈ।

ਕਿੱਤਿਆਂ ਵਜੋਂ ਲੇਖਕ ਆਪਣੇ ਪਿੰਡ ਨੂੰ ਸੰਪੂਰਨ ਪਿੰਡ ਮੰਨਦਾ ਹੈ, ਹਰ ਤਰ੍ਹਾਂ ਦੇ ਕਿੱਤੇ ਕਰਨ ਵਾਲੇ ਆਦਮੀ ਪਿੰਡ ਵਿਚ ਮਿਲਦੇ। ਕਿਰਸਾਣੀ ਪੇਸ਼ਾ ਤਾਂ ਹੈ ਹੀ ਸੀ ਪਰ ਇਸ ਦੇ ਨਾਲ, ਭਾਂਡੇ ਬਣਾਉਣ ਵਾਲੇ ਹਿੜਕੇਵਾਲ ਪਰਜਾਪਤ, ਲੱਕੜ ਲੋਹੇ ਦੇ ਕਾਰੀਗਰ, ਮਹਿਰੇ, ਦਰਜੀ, ਪੀਂਜੇ, ਭਰਾਈ ਤੇਲੀ ਸਭ ਮੌਜੂਦ ਸਨ। ਹਰ ਕਿੱਤੇ ਵਾਲੇ ਨੂੰ ਕਿੰਨੇ ਪੈਸੇ ਬਣਦੇ, ਕਿਵੇਂ ਮਿਲਦੇ ਇਸ ਬਾਰੇ ਵੀ ਦੱਸਦਿਆਂ ਲੇਖਕ ਉਸ ਵਕਤ ਦੀ ਇਕਾਨਮੀ ਦੀ ਜਾਣਕਾਰੀ ਦਿੰਦਾ ਹੈ।

ਉਸ ਵਕਤ ਦੇ ਮਨ ਪ੍ਰਚਾਵੇ ਦੇ ਸਾਦੇ ਅਣਭੋਲ ਸਾਧਨ, 'ਰਾਸਾਂ ਪੈਂਦੀਆਂ, ਜਲਸਿਆਂ ਵਿਚ ਨਚਾਰਾਂ ਨਾਲ ਗੀਤ ਗਾਏ ਜਾਂਦੇ, ਸਾਜ ਵਜਦੇ, ਮਦਾਰੀਆਂ ਵਲੋਂ ਜਾਦੂ ਦੇ ਖੇਲ ਦਿਖਾਏ ਜਾਂਦੇ ਜਾਂ ਸਿਹਤਮੰਦ ਖੇਡਾਂ ਹੁੰਦੀਆਂ, ਕਬੱਡੀ ਤੇ ਟੂਰਨਾਮੈਂਟ ਕਰਾਏ ਜਾਂਦੇ' ਲਿਖਦਿਆਂ, ਉਹ ਹੂ-ਬਹੂ ਦ੍ਰਿਸ਼ ਦਿਖਾ ਦਿੰਦਾ ਹੈ।

ਲੇਖਕ ਦਾ ਖਿਆਲ ਹੈ ਕਿ ਸੱਠਵਿਆਂ ਦਾ ਪਿੰਡ ਅੱਜ ਨਾਲੋਂ ਜ਼ਿਆਦਾ ਹੱਸਦਾ-ਖੇਡਦਾ ਸੀ। ਕਿਰਤੀ ਕਿਸਾਨ ਮਿਹਨਤ ਕਰਨ ਬਾਅਦ ਭਾਵੇਂ, ਰੋਟੀ 'ਤੇ ਪਿਆਜ਼ ਰੱਖ ਕੇ ਖਾ ਲੈਂਦਾ, ਪਰ ਸ਼ੁਕਰ ਕਰਦਾ। ਵਿਹਲ ਹੁੰਦੀ, ਦਿਲ ਪਰਚਾਵਾ ਕਰ ਲੈਂਦਾ। ਮੌਸਮ ਤੇ ਰੁੱਤ ਅਨੁਸਾਰ ਮਨ ਪਰਚਾਵੇ ਦੇ ਢੰਗ ਬਦਲ ਜਾਂਦੇ। ਹਾੜੀ ਦੀ ਬਿਜਾਈ ਜਾਂ ਕਟਾਈ ਵਾਲੇ ਮਹੀਨਿਆਂ ਵਿਚ ਸਿਰ ਖੁਰਕਣ ਨੂੰ ਵਿਹਲ ਨਾ ਮਿਲਦਾ। ਆਪਣੀ ਕਿਰਤ ਨੂੰ ਹੀ ਮਨ ਪ੍ਰਚਾਵੇ ਵਿਚ ਬਦਲ ਲੈਂਦੇ। ਤਦ ਪਿੰਡ ਵਿਚ ਬਿਜਲੀ ਦੇ ਬਲਬ ਤੇ ਖੇਤਾਂ ਵਿਚ ਮੋਟਰਾਂ ਲੱਗ ਚੁੱਕੀਆਂ ਸਨ। ਫਿਰ ਪਿੰਡ ਨਿਵਾਸੀਆਂ ਵਿਚ ਵੀ ਤਬਦੀਲੀਆਂ ਆ ਗਈਆਂ। ਲੋਕ ਲੱਸੀ, ਅੱਧ-ਰਿੜਕਾ ਪੀਣ ਦੀ ਬਿਜਾਏ ਚਾਹ ਪੀਣਾ ਫ਼ਖਰ ਸਮਝਣ ਲੱਗੇ। ਘਰਾਂ ਵਿਚ ਨਸ਼ਿਆਂ ਦੀ ਵਰਤੋਂ ਹੋਣ ਲੱਗੀ, ਇੱਥੋਂ ਤਕ ਕਿ ਪਿੰਡਾਂ ਵਿਚ ਰਹਿੰਦੇ ਸਾਧ ਫ਼ਕੀਰਾਂ ਦੇ ਡੇਰਿਆਂ ਤੇ ਧਰਮ ਅਸਥਾਨਾਂ 'ਤੇ ਵੀ ਨਸ਼ੇ ਹਾਵੀ ਹੋ ਗਏ। ਕਿਰਸਾਣੀ ਖਤਮ ਹੋ ਗਈ। ਪਹਿਲੇ ਕਿਸਾਨ ਜੋ ਖੇਤੀ ਵਿਗਿਆਨੀਆਂ ਨਾਲੋਂ ਜ਼ਿਆਦਾ ਗਿਆਨ ਰੱਖਦੇ ਸੀ, ਕੁਦਰਤ ਦੀ ਉੱਗਣ ਸ਼ਕਤੀ ਦੀ ਪੂਜਾ ਅਰਚਨਾ ਤੇ ਅਰਾਧਨਾ ਕਰਦੇ ਸਨ, ਉਹ ਘਟਦੇ ਗਏ। ਪਿੰਡ ਦੀ ਨੁਹਾਰ ਬਦਲਣ ਲਗੀ। ਪੱਕੇ ਮਕਾਨ ਬਣਨ ਲਗੇ। ਮਕਾਨਾਂ ਬਾਹਰ ਕੰਧਾਂ 'ਤੇ ਗੁਰੂਆਂ ਦੇ ਚਿੱਤਰ ਬਣੇ ਦਿਸਦੇ।

ਪੁਰਾਣੇ ਕਿੱਤਿਆਂ ਵਾਲੇ ਆਮ ਪਰਿਵਾਰਾਂ ਵਿਚੋਂ, ਲੋਕ ਉਚੇਰੀ ਪੜ੍ਹਾਈ ਲਈ ਕਾਲਜ ਵਿਚ ਦਾਖਲ ਹੋ ਗਏ। ਏ. ਐੱਸ. ਕਾਲਜ ਖੰਨਾ ਪਿੰਡ ਤੋਂ ਕੇਵਲ ਚਾਰ ਕਿਲੋਮੀਟਰ ਦੂਰ ਸੀ। ਅਧਿਆਪਕ ਚੰਗੇ ਸਨ। ਕਾਲਜ ਵਿਚ ਕੋਈ ਵਾਦ ਵਿਵਾਦ ਜਾਂ ਵਿਦਿਆਰਥੀਆਂ ਵਿਚ ਝਗੜਾ ਕਦੇ ਨਹੀਂ ਸੀ ਹੋਇਆ। ਫਲਸਰੂਪ ਪਿੰਡ ਵਿਚੋਂ ਕਈ ਵੱਡੇ ਅਫਸਰ, ਡਾਕਟਰ, ਸ਼ਾਇਰ, ਵਿਦਵਾਨ, ਪੱਤਰਕਾਰ, ਅਦਾਕਾਰ, ਕਲਾਕਾਰ, ਕੰਪਿਊਟਰ ਇੰਜੀਨੀਅਰ ਬਣੇ ਤੇ ਉਨ੍ਹਾਂ ਵਿਚੋਂ ਕਈਆਂ ਨੇ ਵਿਦੇਸ਼ਾਂ ਵਿਚ ਵਸੇਬਾ ਕਰ ਲਿਆ। ਲੇਖਕ ਨੇ ਆਪਣੇ ਪਿੰਡ ਦੇ ਤੇ ਉਨ੍ਹਾਂ ਦੇ ਦਾਦਕਿਆਂ ਨਾਨਕਿਆਂ ਨਾਲ ਸਬੰਧ ਰੱਖਦੇ ਜਿੰਨੇ ਵੀ ਖਿਡਾਰੀ, ਪਹਿਲਵਾਨ, ਉੱਘੇ ਪੁਰਸ਼ ਹੋਏ ਜਾਂ ਵਿਦੇਸ਼ਾਂ ਵਿਚ ਵਸ ਗਏ, ਸਭ ਦਾ ਸੰਖੇਪ ਜੀਵਨ ਵੀ ਲਿਖਿਆ ਹੈ।

ਲੇਖਕ ਨੇ ਕਈ ਜਗ੍ਹਾ ਸੁਝਾਅ ਵੀ ਦਿੱਤੇ ਹਨ, ਜੋ ਤੱਥਾਂ 'ਤੇ ਨਿਰਭਰ ਹਨ। ਜਿਵੇਂ, ਕੋਈ ਵੀ ਵਿਦਿਅਕ ਸੰਸਥਾ ਚਲਾਉਣ ਲਈ ਮਾਤ ਭਾਸ਼ਾ ਵਿਚ ਸਿਖਲਾਈ ਦੇਣੀ ਜ਼ਰੂਰੀ ਹੈ ਤੇ ਵਿਦਿਆ ਕੇਂਦਰ ਪਿੰਡ ਦੇ ਨੇੜੇ ਹੋਣੇ ਚਾਹੀਦੇ ਹਨ। ਕਿਰਸਾਣਾਂ ਦੀ ਅਸਫਲਤਾ ਦਾ ਕਾਰਨ ਨਸ਼ੇ ਵੀ ਹਨ। ਉਦਾਹਰਨ ਵਜੋਂ ਲਿਖਿਆ ਕਿ ਨੌਂ ਭੰਗੀ ਪਰਿਵਾਰ ਇਸ ਕਰ ਕੇ ਸਫਲ ਕਿਰਸਾਨ ਸਨ ਕਿਉਂਕਿ ਉਹ ਨਸ਼ਾ ਨਹੀਂ ਸੀ ਕਰਦੇ। ਕਿਤਾਬ ਦੀ ਭਾਸ਼ਾ ਬਹੁਤ ਸਰਲ ਹੈ। ਕਿਤਾਬ ਪੜ੍ਹਦਿਆਂ ਪਾਠਕ ਨੂੰ ਉਸ ਦਾ ਆਪਣਾ ਪਿੰਡ ਜਾਂ ਸ਼ਹਿਰ ਜ਼ਰੂਰ ਯਾਦ ਆ ਜਾਂਦਾ ਹੈ ਤੇ ਉਹ ਮਨ ਹੀ ਮਨ ਲੇਖਕ ਦੇ ਪਿੰਡ ਨਾਲ ਤੁਲਨਾ ਕਰਨ 'ਤੇ ਮਜਬੂਰ ਹੋ ਜਾਂਦਾ ਹੈ। ਕਿਤਾਬ ਦੇ ਅੰਤ ਵਿਚ ਬਿਲਿੰਗ ਸਾਹਿਬ ਨੇ ਆਪਣੇ ਵੱਡਿਆਂ ਵਡੇਰਿਆਂ ਦੀ ਜਾਣਕਾਰੀ ਦਾ ਪੂਰਾ ਚਾਰਟ ਤੇ ਬਿਲਿੰਗ ਗੋਤ ਦੀਆਂ ਚਾਰ ਪੱਤੀਆਂ ਦਾ ਵੇਰਵਾ ਦਿੱਤਾ ਹੈ।

ਅਵਤਾਰ ਸਿੰਘ ਬਿਲਿੰਗ ਦੀ ਇਹ ਉੱਨੀਵੀਂ ਪੁਸਤਕ ਹੈ। ਇਸ ਤੋਂ ਪਹਿਲਾਂ ਉਹ ਪੰਜਾਬੀ ਭਾਸ਼ਾ ਵਿਚ ਅੱਠ ਨਾਵਲ, ਪੰਜ ਕਹਾਣੀ ਸੰਗ੍ਰਹਿ, ਤਿੰਨ ਕਿਤਾਬਾਂ ਬਾਲ ਸਾਹਿਤ ਤੇ, ਇਕ ਸੰਪਾਦਨਾ (ਸਿਦਕੀ ਪਰਵਾਨੇ) ਅਤੇ ਇਕ ਅੰਗ੍ਰੇਜ਼ੀ ਵਿਚ ਲਿਖੀ 'ਸਕੂਲ ਮੈਨੇਜਮੇਂਟ' ਵਿਸ਼ੇ 'ਤੇ ਕਿਤਾਬ, ਪਾਠਕਾਂ ਦੀ ਝੋਲੀ ਪਾ ਚੁੱਕੇ ਸਨ। ਨਰੰਜਣ ਮਸ਼ਾਲਚੀ (1997), ਖੇੜੇ ਸੁੱਖ ਵਿਹੜੇ ਸੁੱਖ (2002), ਇਨ੍ਹਾਂ ਰਾਹਾਂ ਉੱਤੇ (2007), ਪੁੱਤ ਕਮਲਾ ਗਏ (2009), ਦੀਵੇ ਜਗਦੇ ਰਹਿਣਗੇ (2011), ਖ਼ਾਲੀ ਖ਼ੂਹਾਂ ਦੀ ਕਥਾ (2013), ਗੁਲਾਬੀ ਨਗ ਵਾਲੀ ਮੁੰਦਰੀ (2017), ਤੇ ਰਿਜ਼ਕ (2019) ਉਨ੍ਹਾਂ ਦੇ ਨਾਵਲਾਂ ਦੇ ਨਾਮ ਸਨ। ਕਹਾਣੀ-ਸੰਗ੍ਰਹਿ ਵਿਚ, ਮੌਤ ਦੇ ਸਾਏ (1991), ਆਪਣਾ ਖ਼ੂਨ(1994), ਨਿਆਜ਼ (1998), ਪੱਛੋਂ ਦੀ ਹਵਾ(2011), ਤੇ ਤਿਹਾਰ ਦਾ ਦਿਨ (2011) ਦੇ ਨਾਮ ਸ਼ਾਮਿਲ ਹਨ। ਬਾਲ ਸਾਹਿਤ ਦੀਆਂ ਤਿੰਨ ਕਿਤਾਬਾਂ ਦੇ ਨਾਮ ਉਨ੍ਹਾਂ ਨੇ, ਆਨੇ ਦੀ ਅਕਲ (2008), ਚਾਚਾ ਚੇਤੂ ਦਾ ਇਸ਼ਨਾਨ (2011), ਜੇ ਤੁਰਾਂਗੇ ਤਾਂ ਮੰਜ਼ਲਾਂ ਮਾਰਾਂਗੇ (2013) ਰੱਖੇ। ਇਨ੍ਹਾਂ ਵਿਚੋਂ ਕੋਈ ਕਿਤਾਬ ਵੀ ਐਸੀ ਨਹੀਂ, ਜਿਸ 'ਤੇ ਉਨ੍ਹਾਂ ਨੂੰ ਕੋਈ ਪੁਰਸਕਾਰ ਨਾ ਮਿਲਿਆ ਹੋਵੇ। 'ਸੂਰਜ ਨਹੀਂ ਛਿਪਦਾ', ਬਾਲ ਸਾਹਿਤ ਅਣਛਪੀ ਪੁਸਤਕ ਨੂੰ ਭਾਸ਼ਾ ਵਿਭਾਗ ਦਾ ਇਨਾਮ, ਕਹਾਣੀ ਜੈਲੋ ਨੂੰ 1995 ਦਾ ਸਰਵੋਤਮ ਇਨਾਮ, ਨਾਵਲ ਖੇੜੇ ਸੁੱਖ ਵਿਹੜੇ ਸੁੱਖ' ਤੇ 'ਇਨ੍ਹਾਂ ਰਾਹਾਂ ਉੱਤੇ' ਨੂੰ 'ਨਾਨਕ ਸਿੰਘ ਐਵਾਰਡ' ਮਿਲੇ। ਪੰਜਾਬ ਸਰਕਾਰ ਵਲੋਂ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ, ਪੰਜਾਬੀ ਸਾਹਿਤ ਅਕੈਡਮੀ ਵੱਲੋਂ ਸ਼੍ਰੋਮਣੀ ਲੇਖਕ ਸਨਮਾਨ, ਖਾਲੀ ਖੂਹਾਂ ਦੀ ਕਥਾ ਨੂੰ ਇੰਟਰਨੈਸ਼ਨਲ ਢਾਹਾਂ ਸਾਹਿਤ ਐਵਾਰਡ, ਪੁੱਤ ਕੁਮਲਾ ਗਏ ਨੂੰ ਸਰਵੋਤਮ ਪੁਸਤਕ ਐਵਾਰਡ ਮਿਲੇ। ਉਨ੍ਹਾਂ ਦੇ ਨਾਵਲਾਂ 'ਤੇ ਕਈਆਂ ਨੇ ਐਮ.ਫਿਲ ਤੇ ਪੀ.ਐਚਡੀ ਕੀਤੀ। ਉਨ੍ਹਾਂ ਦਾ ਨਾਵਲ ਰਿਜ਼ਕ ਖਾਲਸਾ ਕਾਲਜ ਅੰਮ੍ਰਿਤਸਰ ਦੇ ਐਮ ਏ (ਦੂਸਰਾ ਸਾਲ) ਦੇ ਸਿਲੇਬਸ ਵਿਚ ਹੈ।

ਇਕ ਪੱਖੋਂ ਬਿਲਿੰਗ ਦੀ ਕਿਤਾਬ, 'ਮੇਰਾ ਪਿੰਡ ਮੇਰੇ ਲੋਕ' ਕੇਵਲ ਆਪਣੇ ਪਿੰਡ ਲਈ ਨਹੀਂ, ਪੰਜਾਬ ਦੇ ਸਾਰੇ ਪਿੰਡਾਂ ਦਾ ਤਰਜ਼ਮਾ ਕਰਦੀ ਹੈ। ਪਰ ਉਦਾਹਰਨਾਂ ਉਸ ਨੇ ਆਪਣੇ ਪਿੰਡ ਦੀਆਂ ਲਈਆਂ ਹਨ। ਮੇਰੇ ਖਿਆਲ ਅਨੁਸਾਰ ਅਜਿਹੀ ਵਿਆਖਿਆ ਸਹਿਤ ਤੇ ਗਿਆਨ ਭਰਪੂਰ ਕਿਤਾਬ ਕੇਵਲ ਅਵਤਾਰ ਸਿੰਘ ਬਿਲਿੰਗ ਦੀ ਕਲਮ ਹੀ ਲਿਖ ਸਕਦੀ ਹੈ। ਬਿਲਿੰਗ ਜੀ ਲਿਖਦੇ ਹਨ ਕਿ ਉਨ੍ਹਾਂ ਆਪਣੇ ਨਾਵਲਾਂ ਦੇ ਵਿਸ਼ੇ, ਸੰਨ 1900 ਤੋਂ 2021 ਤਕ, ਪੰਜਾਬ ਦੇ ਪੇਂਡੂ ਸਮਾਜ ਵਿਚ ਆਈਆਂ ਤਬਦੀਲੀਆਂ ਤੋਂ ਚੁਣੇ। ਪੁਸਤਕ, 'ਮੇਰਾ ਪਿੰਡ ਮੇਰੇ ਲੋਕ', ਸੇਹਾ ਪਿੰਡ ਦਾ ਇਨਸਾਈਕਲੋ-ਪੀਡੀਆ ਹੈ, ਉਸ ਕਾਲ ਦੇ ਹੋਰ ਪਿੰਡਾਂ ਦਾ ਦਰਪਣ ਹੈ ਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਸੇਧ ਹੈ।

# ਪੰਜਾਬ ਦੇ ਆਰਥਿਕ ਹਾਲਾਤ ਲਈ ਕੀ ਨੀਤੀ ਹੋਵੇ?

*ਪੰਜਾਬ ਇਸ ਵਕਤ ਕਈ ਸੰਕਟਾਂ ਵਿਚੋਂ ਲੰਘ ਰਿਹਾ ਹੈ। ਇਨ੍ਹਾਂ ਵਿਚੋਂ ਇਕ ਵੱਡਾ ਸੰਕਟ ਆਰਥਿਕਤਾ ਦਾ ਹੈ। ਪੰਜਾਬ ਵਿਚ ਪਿਛਲੇ ਕਈ ਦਹਾਕਿਆਂ ਤੋਂ ਓਨਾ ਪੂੰਜੀ ਨਿਵੇਸ਼ ਨਹੀਂ ਹੋ ਰਿਹਾ, ਜਿੰਨਾ ਹੋਣਾ ਚਾਹੀਦਾ ਹੈ। ਇਸੇ ਕਰਕੇ ਨਿੱਤ ਦਿਨ ਸੂਬੇ ਦੇ ਸੰਕਟ ਵਧ ਰਹੇ ਹਨ। ਕੋਵਿਡ-19 ਮਹਾਮਾਰੀ ਨਾਲ ਇਸ ਦੀ ਆਰਥਿਕਤਾ ਨੂੰ ਹੋਰ ਸੱਟ ਵੱਜੀ ਹੈ। ਇਸ ਸਮੁੱਚੇ ਹਾਲਾਤ ਬਾਰੇ ਚਰਚਾ ਇੰਗਲੈਂਡ ਵੱਸਦੇ ਅਰਥ ਸ਼ਾਸਤਰੀ ਪ੍ਰੋ. ਪ੍ਰੀਤਮ ਸਿੰਘ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।*



ਸਾਰੇ ਆਰਥਿਕ ਸੰਕਟ ਆਰਥਿਕ ਸਿਧਾਂਤਾਂ ਤੇ ਨੀਤੀਆਂ ਵਾਸਤੇ ਚੁਣੌਤੀਆਂ ਪੈਦਾ ਕਰਦੇ ਹਨ। 1929-33 ਦੀ ਮਹਾਂਮੰਦੀ ਨੇ ਨਵ-ਕਲਾਸਕੀ ਆਰਥਿਕ ਸਿਧਾਂਤ ਦੀਆਂ ਕਮਜ਼ੋਰੀਆਂ ਦਾ ਪਰਦਾ ਫਾਸ਼ ਕਰ ਦਿੱਤਾ। ਕਲਾਸੀਕਲ ਅਰਥ-ਸ਼ਾਸਤਰ ਦੇ ਖਿਲਾਫ 1870ਵਿਆਂ ਦੀ ਨਵ-ਕਲਾਸੀਕਲ ਪ੍ਰਤੀ-ਕ੍ਰਾਂਤੀ ਦੇ ਸਮੇਂ ਤੋਂ ਇਨ੍ਹਾਂ ਨਵ-ਕਲਾਸਕੀ ਆਰਥਿਕ ਸਿਧਾਂਤਾਂ ਦੀ ਅਜਿਹੀ ਚੌਧਰ ਬਣੀ ਹੋਈ ਸੀ ਜਿਸ ਨੂੰ ਕੋਈ ਚੁਣੌਤੀ ਨਹੀਂ ਦੇ ਸਕਦਾ ਸੀ। ਮੰਡੀ 'ਤੇ ਆਪਣੀ ਸਵੈ-ਚਾਲਿਤ ਸਥਿਰਤਾ ਵਾਲੀ ਨਿਰਭਰਤਾ ਸਮੇਤ ਮਹਾਂਮੰਦੀ ਦੌਰਾਨ ਕਿਰਤ, ਉਤਪਾਦ ਅਤੇ ਮੁਦਰਾ ਬਾਜ਼ਾਰਾਂ ਵਿਚਾਲੇ ਪੈਦਾ ਹੋਏ ਅਸੰਤੁਲਨ ਦੌਰਾਨ ਨਵ-ਕਲਾਸੀਕਲ ਸਿਧਾਂਤ ਵਹਿਢੇਰੀ ਹੋ ਗਿਆ। ਇਸ ਨੇ ਮੰਦੀ ਹੇਠ ਲਿਤਾੜੇ ਅਰਥਚਾਰਿਆਂ ਅੰਦਰ ਸਰਕਾਰੀ ਦਖਲਅੰਦਾਜ਼ੀ ਦਾ ਸਮਰਥਨ ਕਰਨ ਵਾਲੇ ਕੀਨਸਵਾਦੀ ਅਰਥ-ਸ਼ਾਸਤਰ ਨੂੰ ਜਨਮ ਦਿੱਤਾ ਅਤੇ ਆਰਥਿਕ ਸਿਧਾਂਤ ਤੇ




**ਪ੍ਰੋ. ਪ੍ਰੀਤਮ ਸਿੰਘ**
ਫੋਨ: +44-7922-657957

ਅਨੁਵਾਦ: ਦੀਪ ਜਗਦੀਪ ਸਿੰਘ
ਫੋਨ: +91-98180-03625


ਲੋਕ ਭਲਾਈ ਵਾਲੀਆਂ ਸਰਕਾਰੀ ਨੀਤੀਆਂ ਪ੍ਰਤੀ ਮਨਮਤੀਆਂ ਵਾਲੀਆਂ ਧਾਰਨਾਵਾਂ ਦੇ ਜਨਮ ਦੀ ਸ਼ੁਰੂਆਤ ਕੀਤੀ।

1960ਵਿਆਂ ਦੇ ਅੰਤ ਅਤੇ 1970ਵਿਆਂ ਦੀ ਸ਼ੁਰੂਆਤ ਵਿਚ, 1973 ਦੌਰਾਨ ਆਲਮੀ ਪੱਧਰ 'ਤੇ ਤੇਲ ਕੀਮਤਾਂ ਵਿਚ ਹੋਏ ਵਾਧੇ ਦੇ ਨਾਲ ਨਾਲ ਵੱਡੇ ਪੱਧਰ 'ਤੇ ਛਾਈ ਬੇਰੁਜ਼ਗਾਰੀ ਕਾਰਨ ਪੈਦਾ ਹੋਈ ਆਰਥਿਕ ਖੜੋਤ ਤੇ ਭਾਰੀ ਮਹਿੰਗਾਈ ਵਾਲੇ ਦੌਰ ਨੇ ਕੀਨਸਵਾਦੀ ਆਰਥਿਕ ਢਾਂਚੇ ਦੀ ਉਸ ਧਾਰਨਾ ਵਿਚਲੀਆਂ ਤਰੇੜਾਂ ਉਜਾਗਰ ਕਰ ਦਿੱਤੀਆਂ, ਜਿਹੜੀ ਕਹਿੰਦੀ ਸੀ ਕਿ ਬੇਰੁਜ਼ਗਾਰੀ ਕੁਝ ਹੱਦ ਤੱਕ ਮਹਿੰਗਾਈ ਨੂੰ ਘਟ ਰੱਖ ਸਕਦੀ ਹੈ। ਕੀਨਸਵਾਦ ਦੇ ਸੰਕਟ ਨੇ ਮੁਦਰਾ ਦੀ ਪੂਰਤੀ 'ਤੇ ਆਧਾਰਿਤ ਮਹਿੰਗਾਈ ਦੀਆਂ ਮੁਦਰਾਵਾਦੀ ਵਿਆਖਿਆਵਾਂ ਨੂੰ ਜਨਮ ਦਿੱਤਾ ਅਤੇ ਅਰਥ-ਸ਼ਾਸਤਰ ਨੂੰ ਨਵ-ਉਦਾਰਵਾਦ ਦੀ ਦਿਸ਼ਾ ਵੱਲ ਧੱਕ ਦਿੱਤਾ ਜੋ 1980ਵਿਆਂ ਦੇ ਥੈਚਰ-ਰੀਗਨ ਦੀ ਸਰਕਾਰ ਦੇ ਲੋਕ ਭਲਾਈ ਤੋਂ ਕਿਨਾਰਾ ਕਰਨ ਵਾਲੇ ਦੌਰ ਵਿਚ ਸਿਖਰ ਤੱਕ ਪਹੁੰਚ ਗਿਆ ਅਤੇ 1980ਵਿਆਂ ਦੇ ਅੰਤ ਵਿਚ ਸਟਾਲਿਨਵਾਦੀ ਅਰਥਚਾਰਿਆਂ ਵਾਲੇ ਸੋਵੀਅਤ ਦੇ ਢਹਿ-ਢੇਰੀ ਹੋਣ ਦੇ ਨਾਲ ਇਸ ਨਵ-ਉਦਾਰਵਾਦ ਨੇ ਆਪਣੀ ਅੰਤਿਮ ਫਤਿਹ ਦਾ ਦਾਅਵਾ ਕੀਤਾ।

ਨਵ-ਉਦਾਰਵਾਦ ਦਾ ਜੇਤੂ ਜਸ਼ਨ 2007-09 ਦੇ ਆਲਮੀ ਵਿੱਤੀ ਸੰਕਟ ਨਾਲ ਤਹਿਸ-ਨਹਿਸ ਹੋ ਗਿਆ ਪਰ ਨਵ-ਉਦਾਰਵਾਦ ਪੱਖੀ ਕੁਲੀਨਾਂ ਦੇ ਹੁਲਾਰੇ ਨਾਲ ਇਸ ਨੇ ਕਠੋਰਤਾ ਵਾਲੇ ਅਰਥ-ਸ਼ਾਸਤਰ ਦੇ ਰੂਪ ਵਿਚ ਪੁਨਰ-ਜਨਮ ਲਿਆ। 1918 ਦੀ ਫਲੂ ਮਹਾਮਾਰੀ ਤੇ 1929-33 ਦੀ ਮਹਾਂਮੰਦੀ ਤੋਂ ਬਾਅਦ ਕੋਵਿਡ-19 ਦੁਨੀਆ ਦਾ ਸਭ ਤੋਂ ਭਿਆਨਕ ਮਨੁੱਖੀ ਸਿਹਤ ਸੰਕਟ ਹੈ। ਕੋਵਿਡ-19 ਕਰਕੇ ਪੈਦਾ ਹੋਇਆ ਆਰਥਿਕ ਸੰਕਟ ਮਹਾਂਮੰਦੀ ਕਰਕੇ ਪੈਦਾ ਹੋਏ ਸੰਕਟ ਨਾਲੋਂ ਕਿਤੇ ਜ਼ਿਆਦਾ ਤਬਾਹਕੁਨ ਹੋਣ ਦਾ ਖਦਸ਼ਾ ਹੈ ਕਿਉਂਕਿ ਮਹਾਂਮੰਦੀ ਮੁੱਖ ਤੌਰ 'ਤੇ ਵਿਕਸਿਤ ਪੂੰਜੀਵਾਦੀ ਅਰਥਚਾਰਿਆਂ ਤੱਕ ਸੀਮਿਤ ਸੀ, ਜਦ ਕਿ ਮੌਜੂਦਾ ਸੰਕਟ ਅਸਲ ਵਿਚ ਗਲੋਬਲ ਹੈ, ਭਾਵੇਂ ਇਸ ਦੀ ਖੇਤਰੀ ਤੀਬਰਤਾ ਅਸਾਵੀਂ ਹੈ। ਨਾਲ ਹੀ, ਇਹ ਆਰਥਿਕ ਸੰਕਟ 1929-33 ਦੀ ਮਹਾਂਮੰਦੀ ਦੇ ਉਲਟ ਉਸ ਦੌਰ ਵਿਚ ਪੈਦਾ ਹੋ ਰਿਹਾ ਹੈ ਜਿਸ ਦੌਰਾਨ ਆਲਮੀ ਵਾਤਾਵਰਨ ਸੰਕਟ ਧਰਤੀ ਦੀ ਹੋਂਦ ਦਾ ਸੰਕਟ ਪੈਦਾ ਕਰ ਰਿਹਾ ਹੈ। ਕੌਮਾਂਤਰੀ ਵਾਤਾਵਰਨ ਵਿਗਿਆਨੀਆਂ ਵਿਚ ਬਣੀ ਆਮ ਸਹਿਮਤੀ ਨਾਲ ਤਿਆਰ ਹੋਏ ਸੁਝਾਵਾਂ ਨੂੰ ਸ਼ਾਮਲ ਕਰਦਿਆਂ 2015 ਵਿਚ ਹੋਇਆ ਪੈਰਿਸ ਵਾਤਾਵਰਤਨ ਤਬਦੀਲੀ ਸਮਝੌਤਾ ਨਿਰਦੇਸ਼ ਦਿੰਦਾ ਹੈ ਕਿ ਉਦਯੋਗਿਕ ਕਾਲ ਦੇ ਔਸਤ ਆਲਮੀ ਤਾਪਮਾਨ ਦੀ ਤੁਲਨਾ ਵਿਚ 2030 ਤੱਕ ਗਲੋਬਲ ਤਾਪਮਾਨ ਦਾ ਔਸਤ ਵਾਧਾ 1.5 ਡਿਗਰੀ ਸੈਂਟੀਗ੍ਰੇਡ ਤੋਂ ਘੱਟ ਨਾ ਰੱਖਿਆ ਗਿਆ ਤਾਂ ਧਰਤੀ ਵਿਚ ਅਮੋੜ ਅਤੇ ਤਬਾਹਕੁਨ ਤਬਦੀਲੀਆਂ ਆਉਣਗੀਆਂ। ਇਸ ਤਬਾਹੀ ਨੂੰ ਟਾਲਣ ਲਈ ਹੁਣ ਸਿਰਫ 8 ਸਾਲ ਦਾ ਹੀ ਮੌਕਾ ਬਚਿਆ ਹੈ।

ਜੇ ਪੰਜਾਬ ਵਿਚ ਇਸ ਬਾਰੇ ਨੀਤੀ ਦੇ ਪੱਧਰ ਤੇ ਪ੍ਰਤੀਕਿਰਿਆ ਹੁੰਦੀ ਹੈ ਤਾਂ ਇਸ ਨੂੰ ਘੜਨ ਵੇਲੇ ਵਾਤਾਵਰਨ ਤੇ ਆਰਥਿਕ ਸੰਕਟ ਦੇ ਇਸ ਆਲਮੀ ਵਰਤਾਰੇ ਅਤੇ ਭਾਰਤ ਦੇ ਸੰਘੀ (ਫੈਡਰਲ) ਪੂੰਜੀਵਾਦੀ ਅਰਥਚਾਰੇ ਅਧੀਨ ਸੂਬਾ ਸਰਕਾਰਾਂ ਦੀਆਂ ਸੀਮਾਵਾਂ ਨੂੰ ਧਿਆਨ ਵਿਚ ਰੱਖਣਾ ਪਵੇਗਾ। ਬਾਕੀ ਦੀਆਂ ਸਿਵਿਲ ਸੁਸਾਇਟੀ ਸੰਸਥਾਵਾਂ ਜੋ ਕਰਦੀਆਂ ਹਨ, ਉਨ੍ਹਾਂ ਦੀ ਸ਼ਮੂਲੀਅਤ ਲਈ ਸੂਬਾ ਸਰਕਾਰ ਕੀ ਕਰ ਸਕਦੀ ਹੈ, ਵਾਲੇ ਨੀਤੀ ਪ੍ਰਵਚਨ ਨੂੰ ਮੋਕਲਾ ਕਰਕੇ ਅਤੇ ਫੈਡਰਲ ਸੀਮਾਵਾਂ ਅੰਦਰ ਰਹਿ ਕੇ ਸੂਬਾ ਸਰਕਾਰ ਜੋ ਕਰ ਸਕਦੀ ਹੈ, ਉਸ ਲਈ ਪੂਰੀ ਸਮਰੱਥਾ ਲਾ ਕੇ ਇਨ੍ਹਾਂ ਸੀਮਾਵਾਂ ਨੂੰ ਕੁਝ ਹੱਦ ਤੱਕ ਉਲੰਘਿਆ ਜਾ ਸਕਦਾ ਹੈ। ਸਮੁੱਚੇ ਰੂਪ ਵਿਚ ਭਾਰਤ ਅੰਦਰ ਅਜਿਹਾ ਸਿਆਸੀ ਮਾਹੌਲ ਬਣਾਉਣਾ ਪਵੇਗਾ ਜਿਸ ਵਿਚ ਆਪਣੇ ਛੋਟੇ ਭੂਗੋਲਿਕ ਆਕਾਰ ਤੇ ਭਾਰਤੀ ਸੰਸਦੀ ਨੀਤੀਆਂ ਦੇ ਦਾਇਰੇ ਅੰਦਰ ਹੋਰ ਸੂਬਾ ਸਰਕਾਰਾਂ ਨੂੰ ਕੇਂਦਰੀ ਸ਼ਕਤੀ ਦੀ ਦਮਘੋਟੂ ਪਕੜ ਤੋੜਨ ਵਾਸਤੇ ਵੱਡੇ ਕਦਮ ਚੁੱਕਣ ਲਈ ਉਤਸ਼ਾਹਤ ਕਰਨ ਦੇ ਮਾਮਲੇ ਵਿਚ ਆਪਣੀ ਗੱਲ ਮਨਵਾਉਣ ਦੀ ਸੀਮਿਤ ਸਮਰੱਥਾ ਦੇ ਬਾਵਜੂਦ ਪੰਜਾਬ ਦੀ ਮਹਤੱਵਪੂਰਨ ਭੂਮਿਕਾ ਹੋਵੇ। ਭਾਰਤ ਦਾ ਸੰਵਿਧਾਨ ਬਣਨ ਦੇ ਸਮੇਂ ਤੋਂ ਹੀ ਸੰਸਥਾਈ ਕੇਂਦਰੀਕਰਨ ਵਧ ਰਿਹਾ ਹੈ ਪਰ ਹਾਲੀਆ ਸਮੇਂ ਵਿਚ ਇਹ ਇੰਨਾ ਜ਼ਿਆਦਾ ਹੋ ਗਿਆ ਹੈ ਕਿ ਕੇਂਦਰੀ ਤਾਕਤ ਨੂੰ ਸਵਾਲ ਨਾ ਕਰਨਾ ਆਮ ਧਾਰਨਾ ਬਣ ਗਈ ਹੈ। ਇਸ ਦਮਘੋਟੂ ਆਮ ਧਾਰਨਾ ਕਰਕੇ ਇਹ ਅਕਸਰ ਹੁੰਦਾ ਹੈ ਕਿ ਸੂਬਾ ਸਰਕਾਰਾਂ ਪਹਿਲਕਦਮੀ ਕਰਨ ਦੀ ਆਪਣੀ ਸਮਰੱਥਾ ਵਧਾਉਣ ਦੀ ਸੀਮਾ ਅਤੇ ਨੀਤੀਆਂ ਘੜਨ ਤੇ ਲਾਗੂ ਕਰਨ ਦੇ ਕਦਮ ਚੁੱਕਣ ਤੋਂ ਪਹਿਲਾਂ ਹੀ ਰੁਕ ਜਾਂਦੀਆਂ ਹਨ।

ਕੋਵਿਡ-19 ਕਰਕੇ ਪੈਦਾ ਹੋਏ ਆਰਥਿਕ ਸੰਕਟ ਅਤੇ ਮੌਜੂਦਾ ਸਮੇਂ ਵਿਚ ਭਾਰਤ ਦੇ ਅਰਥਚਾਰੇ ਅਤੇ ਸਿਆਸਤ ਦੀ ਮਾੜੀ ਕੇਂਦਰੀਕ੍ਰਿਤ ਸਰਕਾਰੀ ਕਾਰਗੁਜ਼ਾਰੀ ਕਰਕੇ ਅਸੀਂ ਉਸ ਬਿੰਦੂ 'ਤੇ ਪਹੁੰਚ ਚੁੱਕੇ ਹਾਂ ਕਿ ਹੁਣ ਨਵੇਂ ਨਜ਼ਰੀਏ ਨਾਲ ਸੋਚਣ ਦੀ ਹਿੰਮਤ ਕਰਨ ਦਾ ਵੇਲਾ ਆ ਗਿਆ ਹੈ। ਕੋਵਿਡ-19 ਮਹਾਮਾਰੀ ਦੇ ਖਤਮ ਹੋ ਜਾਣ ਤੋਂ ਬਾਅਦ 'ਪਹਿਲਾਂ ਵਾਂਗ ਕੰਮਕਾਜ ਚਲਾਉਣ' ਦੇ ਸੁਝਾਅ ਦੇਣ ਵਾਲੀ ਆਲਸੀ ਸੋਚ ਦਾ ਨਤੀਜਾ ਨਾ ਸਿਰਫ ਆਰਥਿਕ ਅਸਫਲਤਾ ਦੇ ਰੂਪ ਵਿਚ ਨਿਕਲੇਗਾ ਬਲਕਿ ਇਹ ਵਾਤਾਵਰਨ ਅਤੇ ਸਿਹਤ ਦੀਆਂ ਅਣਕਿਆਸੀਆਂ ਤਬਾਹੀਆਂ ਦਾ ਕਾਰਨ ਬਣੇਗਾ।

ਨਵੇਂ ਨਜ਼ਰੀਏ ਨਾਲ ਸੋਚਣ ਦੀ ਹਿੰਮਤ ਕਰਨ ਦਾ ਅਰਥ ਹੈ ਆਰਥਿਕ ਸੰਕਲਪਾਂ, ਨਮੂਨਿਆਂ, ਨਿਸ਼ਾਨਿਆਂ ਤੇ ਰਣਨੀਤੀਆਂ ਦੀ ਪੁਨਰ-ਕਲਪਨਾ ਕਰਨਾ। ਸਿਆਸੀ ਤੌਰ 'ਤੇ ਇਸ ਦਾ ਅਰਥ ਹੈ ਪ੍ਰਸ਼ਾਸਨ ਚਲਾਉਣ ਦਾ ਸੰਕੀਰਨ 'ਕਾਨੂੰਨ-ਵਿਵਸਥਾ' ਵਾਲਾ ਨਜ਼ਰੀਆ ਛੱਡ ਕੇ ਲੋਕਾਂ ਦੀ ਭਾਈਵਾਲੀ ਬਾਰੇ ਸੋਚਣਾ ਚਾਹੀਦਾ ਹੈ, ਭਾਵੇਂ ਕਈ ਵਾਰ ਇਹ ਬੇਲਗਾਮ ਅਤੇ ਘੜਮੱਸ ਵਾਲਾ ਕੰਮ ਲੱਗਦਾ ਹੋਵੇਗਾ। 'ਕਾਨੂੰਨ-ਵਿਵਸਥਾ' ਵਾਲੀ ਤਾਨਾਸ਼ਾਹੀ ਵੱਲੋਂ ਬਣਾਈਆਂ ਜਾਣ ਵਾਲੀਆਂ ਕਬਰਾਂ ਦੀ ਚੁੱਪ ਨਾਲੋਂ ਘੜਮੱਸ ਲੱਗਣ ਵਾਲੀ ਲੋਕਤੰਤਰੀ ਭਾਈਵਾਲੀ ਦੀ ਖੂਬਸੂਰਤੀ ਅਤੇ ਸਿਰਜਣਾਤਮਕਤਾ ਨੂੰ ਹਮੇਸ਼ਾ ਪਹਿਲ ਦਿੱਤੀ ਜਾਵੇਗੀ।

ਇਸ ਨਵੀਂ ਆਰਥਿਕ ਅਤੇ ਸਿਆਸੀ ਕਲਪਨਾ ਦੇ ਸਿਰਜਣਾਤਮਕ ਸਮਾਸ ਵਿਚੋਂ ਹੀ ਸਾਡੇ ਉੱਤਰ ਕੋਵਿਡ-19 ਕਾਲ ਦਾ ਨਵਾਂ ਸਿਆਸੀ ਅਰਥਚਾਰਾ ਵਿਕਸਿਤ ਪਵੇਗਾ।

ਇਹ ਨਵਾਂ ਸਿਆਸੀ ਅਰਥਚਾਰਾ ਸਭ ਤੋਂ ਪਹਿਲਾਂ ਸੰਕਲਪ, ਟੀਚਾ ਅਤੇ ਆਰਥਿਕ ਵਾਧੇ ਦੀ ਰਣਨੀਤੀ ਨੂੰ ਖਤਮ ਕਰੇਗਾ। ਆਲਮੀ, ਕੌਮੀ ਅਤੇ ਉਪ-ਕੌਮੀ ਤਰੱਕੀ ਜਿਸ ਤਰ੍ਹਾਂ ਜੀ.ਡੀ.ਪੀ. ਦੇ ਵਾਧੇ ਨਾਲ ਨਾਪੀ ਜਾਂਦੀ ਹੈ, ਇਹ ਰਵਾਇਤੀ ਪੂੰਜੀਵਾਦੀ ਜਾਂ ਕਥਿਤ ਸਮਾਜਵਾਦੀ ਅਰਥ-ਸ਼ਾਸਤਰ ਦਾ ਮੰਤਰ ਹੈ। ਕੌਮੀ ਤੇ ਉਪ-ਕੌਮੀ ਇਕਾਈਆਂ ਆਪਣੀ 'ਤਰੱਕੀ' ਜਾਂ ਇਸ ਤਰੱਕੀ ਦੀ ਘਾਟ ਸਮੇਂ ਸਮੇਂ ਆਪਣੀ ਜੀ.ਡੀ.ਪੀ. ਅਨੁਸਾਰ ਨਾਪਦੀਆਂ ਹਨ। ਇਹ ਇਕਾਈਆਂ ਇਕ ਕਾਲ ਬਿੰਦੂ 'ਤੇ ਆਪਣੀ ਤਰੱਕੀ ਦੀ ਤੁਲਨਾ, ਹੋਰ ਤੁਲਨਾਯੋਗ ਇਕਾਈਆਂ ਨਾਲ ਆਪਣੀ ਜੀ.ਡੀ.ਪੀ. ਵਾਧੇ ਦੀ ਦਰ ਦੀ ਤੁਲਨਾ ਉਨ੍ਹਾਂ ਤੁਲਨਾਯੋਗ ਇਕਾਈਆਂ ਦੇ ਜੀ.ਡੀ.ਪੀ. ਵਾਧੇ ਦੀ ਦਰ ਨਾਲ, ਕਰਕੇ ਕਰਦੀਆਂ ਹਨ।

ਸੰਪੂਰਨ ਰੂਪ ਵਿਚ ਆਲੋਚਨਾਤਮਕ ਨਜ਼ਰੀਏ ਨਾਲ ਇਸ ਦੇ ਸਾਕਾਰਾਤਮਕ ਤੇ ਨਾਕਾਰਾਤਮਕ ਨਤੀਜਿਆਂ ਦੀ ਨਜ਼ਰਸਾਨੀ ਕੀਤੇ ਬਿਨਾਂ ਅਤੇ ਜੀ.ਡੀ.ਪੀ. ਨੂੰ ਭਲਾਈ ਦੇ ਮਾਪਦੰਡ ਵਜੋਂ ਸਲਾਹੀ ਜਾਣਾ ਇਸ ਦੀਆਂ ਘਾਟਾਂ, ਖਾਸਕਰ ਇਸ ਨੂੰ ਮਾਪਣ ਦੇ ਢੰਗ ਦਾ ਮੁਲਾਂਕਣ ਕੀਤੇ ਬਿਨਾਂ ਆਰਥਿਕ ਤਰੱਕੀ ਦਾ ਇਹ ਖਬਤ ਹੀ ਕੋਵਿਡ-19 ਮਹਾਮਾਰੀ ਫੈਲਣ ਦੀ ਜੜ੍ਹ ਹੈ। ਮਨੁੱਖੀ ਵਿਕਾਸ ਦੀ ਪ੍ਰਕਿਰਿਆ ਅੰਦਰ ਖੇਤੀ ਆਧਾਰਿਤ ਵਸੇਬੇ ਦੇ ਆਉਣ ਦੇ ਸਮੇਂ ਤੋਂ ਹੀ ਮਨੁੱਖ ਗੈਰ-ਮਾਨਵ ਜੀਵ ਨਸਲਾਂ ਦੇ ਨਿਵਾਸ ਸਥਾਨਾਂ 'ਤੇ ਕਬਜ਼ਾ ਕਰ ਰਿਹਾ ਹੈ। ਪੂੰਜੀਵਾਦ ਦੇ ਅੰਦਰ ਕਬਜ਼ਾ ਕਰਨ ਦੀ ਇਸ ਰਫਤਾਰ ਵਿਚ ਵਾਧਾ ਹੋਇਆ ਹੈ ਕਿਉਂਕਿ ਪੂੰਜੀ ਹਰ 'ਸਰੋਤ' ਦੀ ਵਰਤੋਂ ਮੁਨਾਫਾ ਵਧਾਉਣ ਦੇ ਮਨੋਰਥ ਨਾਲ ਕਰਦੀ ਹੈ। ਕੋਵਿਡ-19 ਦੇ ਪੈਦਾ ਹੋਣ ਦੇ ਮੂਲ ਕਾਰਨ ਬਾਰੇ ਭਾਵੇਂ ਵਿਗਿਆਨਕ ਸਹਿਮਤੀ ਨਹੀਂ ਹੈ, ਇਸ ਬਾਰੇ ਵੱਡੇ ਪੱਧਰ 'ਤੇ ਸਹਿਮਤੀ ਹੈ ਕਿ ਇਹ ਵਾਇਰਸ ਪਸ਼ੂਆਂ ਤੇ ਪੰਛੀਆਂ ਤੋਂ ਮਨੁੱਖਾਂ ਵਿਚ ਆਇਆ ਹੈ। ਦੂਜੀਆਂ ਨਸਲਾਂ 'ਤੇ ਮਨੁੱਖੀ ਦਾਬੇ ਕਰਕੇ ਮਨੁੱਖਾਂ ਵਿਚ ਆਇਆ ਇਹ ਵਾਇਰਸ ਪੂੰਜੀਵਾਦੀ ਆਰਥਿਕ ਤਰਕ ਨਾਲ ਬਹੁਤ ਵੱਡੇ ਪੱਧਰ 'ਤੇ ਅਤੇ ਗੁਣਾਤਮਕ ਤੌਰ 'ਤੇ ਵਧ ਗਿਆ। ਜੰਗਲ ਖਤਮ ਹੋਣ ਕਰਕੇ ਕੁਦਰਤੀ ਵਸੇਬਿਆਂ ਦੇ ਤਬਾਹ ਹੋਣ ਪਿੱਛੇ ਵਧਦੇ ਪੂੰਜੀਵਾਦ ਦੀ ਤਾਕਤ ਕੰਮ ਕਰ ਰਹੀ ਹੈ। ਮੁਨਾਫਾਖੋਰ ਕੌਮਾਂਤਰੀ ਮੀਟ ਮੰਡੀ ਵੱਲੋਂ ਕੌਮਾਂਤਰੀ ਪੱਧਰ 'ਤੇ ਵਪਾਰ ਅਤੇ ਜੀਵਿਤ ਜੀਵਾਂ ਦੀ ਢੋਆ-ਢੁਆਈ ਨੂੰ ਉਤਸ਼ਾਹਤ ਕਰਨ ਕਰਕੇ ਵਸਤਾਂ, ਲੋਕਾਂ ਅਤੇ ਕੋਵਿਡ-19 ਵਰਗੀਆਂ ਲਾਗ ਦੀਆਂ ਬਿਮਾਰੀਆਂ ਦੀ ਆਵਾਜਾਈ ਵਿਚ ਤੇਜ਼ੀ ਆਉਂਦੀ ਹੈ।

ਜੀ.ਡੀ.ਪੀ. ਦੀ ਵਰਤੋਂ ਬਹੁਤ ਸੀਮਿਤ ਢੰਗ ਨਾਲ ਉਤਪਾਦਾਂ ਤੇ ਸੇਵਾਵਾਂ ਦੀ ਅਦਲਾ-ਬਦਲੀ ਮਾਪਣ ਲਈ ਕੀਤੀ ਜਾਣੀ ਚਾਹੀਦੀ ਹੈ। ਘਰਾਂ ਵਿਚ ਪੈਦਾ ਹੋਣ ਵਾਲੀਆਂ ਸਬਜ਼ੀਆਂ ਤੇ ਫਲ ਵਰਗੇ ਉਤਪਾਦ ਅਤੇ ਮੁੱਖ ਰੂਪ ਵਿਚ ਔਰਤਾਂ ਦੇ ਘਰੇਲੂ ਕੰਮ ਵਰਗੀਆਂ ਕਈ ਚੰਗੀਆਂ ਵਸਤਾਂ ਤੇ ਸੇਵਾਵਾਂ ਮੰਡੀ ਦੀ ਅਦਲਾ-ਬਦਲੀ ਵਾਲੀ ਪ੍ਰਕਿਰਿਆ ਵਿਚ ਸ਼ਾਮਲ ਨਹੀਂ ਹੁੰਦੇ। ਬਿਨਾਂ ਸ਼ੱਕ ਇਹ ਪੁਰਸ਼ ਪੱਖੀ ਮਾਪਦੰਡ ਹੈ। ਇਸ ਦੇ ਉਲਟ ਇਸ ਵਿਚ ਪੁਰਸ਼ਾਂ ਦੇ ਤਬਾਹਕੁਨ ਫੌਜੀ ਖਰਚੇ ਵਰਗੇ ਬੁਰੇ ਤੱਤ ਸ਼ਾਮਲ ਹੁੰਦੇ ਹਨ। ਬੇਸ਼ਕ, ਜੀ.ਡੀ.ਪੀ. ਨਾ-ਬਰਾਬਰੀਆਂ ਅਤੇ ਵਾਤਾਵਰਨ ਦੀ ਤਬਾਹੀ ਨੂੰ ਨਹੀਂ ਮਾਪਦੀ। ਅਸਲ ਵਿਚ ਉਤਪਾਦ ਪੈਦਾ ਕਰਨ ਲਈ (ਜੰਗਲ ਖਤਮ ਕਰਕੇ) ਵਾਤਾਵਰਨ ਜਿੰਨਾ ਜ਼ਿਆਦਾ ਤਬਾਹ ਕੀਤਾ ਜਾਂਦਾ ਹੈ, ਭਾਵੇਂ ਉਹ ਉਤਪਾਦ ਲਾਹੇਵੰਦ ਹੋਣ ਜਾਂ ਨਾ ਹੋਣ, ਇਸ ਨਾਲ ਜੀ.ਡੀ.ਪੀ. ਵਿਚ ਵਾਧਾ ਹੁੰਦਾ ਹੈ।

ਜੇ ਪੰਜਾਬ ਵਾਤਾਵਰਨ ਸੁਰੱਖਿਆ ਆਧਾਰਿਤ ਵਿਕਾਸ ਦਾ ਰਸਤਾ ਅਪਣਾਉਣਾ ਚਾਹੁੰਦਾ ਹੈ ਤਾਂ ਪਹਿਲਾ ਸਭ ਤੋਂ ਵੱਡਾ ਕਦਮ ਚੁੱਕਦਿਆਂ ਇਸ ਨੂੰ ਕੇਂਦਰ ਨਾਲ ਸਿਰਫ ਸੂਬੇ ਦੀ ਜੀ.ਡੀ.ਪੀ. ਨਾਲ ਸੰਬੰਧਿਤ ਸਰਗਰਮੀਆਂ ਨੂੰ ਗਿਣਨ ਦੇ ਕੇਂਦਰੀ ਨਿਰਦੇਸ਼ਾਂ ਦਾ ਪਾਲਣ ਨਾ ਕਰਨ ਬਾਰੇ ਗੱਲ ਕਰਨੀ ਚਾਹੀਦੀ ਹੈ। ਸੂਬੇ ਦੀਆਂ ਅਦਲਾ-ਬਦਲੀ-ਯੋਗ ਵਸਤਾਂ ਤੇ ਸੇਵਾਵਾਂ ਦੇ ਮੁੱਲ ਦਾ ਹਿਸਾਬ-ਕਿਤਾਬ ਰੱਖਣ ਲਈ ਜੀ.ਡੀ.ਪੀ. ਮਾਪਣ ਦੀ ਮੌਜੂਦਾ ਪ੍ਰਕਿਰਿਆ ਨੂੰ ਬੰਦ ਕਰਨ ਦੀ ਲੋੜ ਨਹੀਂ ਪਰ ਅਗਾਂਹ ਵਧਦਿਆਂ ਇਹ ਹਵਾ, ਪਾਣੀ ਤੇ ਸਿਹਤ ਸੇਵਾਵਾਂ ਵਰਗੀਆਂ ਜਨਤਕ ਸੇਵਾਵਾਂ ਦੀ ਗੁਣਵੱਤਾ ਵਰਗੇ ਹੋਰ ਕਾਰਕਾਂ ਨੂੰ ਮਾਪਣ 'ਤੇ ਜ਼ੋਰ ਦੇ ਸਕਦੀ ਹੈ। ਇਸ ਵਾਸਤੇ ਪੰਜਾਬ ਦੇ ਡਾਇਰੈਕਟੋਰੇਟ ਆਫ ਇਕਨਾਮਿਕ ਐਂਡ ਸਟੈਟਿਸਟੀਕਲ ਆਰਗੇਨਾਈਜ਼ੇਸ਼ਨ ਵਰਗੇ ਅੰਕੜੇ ਇਕੱਤਰ ਕਰਨ ਵਾਲੇ ਵਿਭਾਗਾਂ ਦੀ ਸੰਸਥਾਈ ਪੁਨਰ-ਸੰਰਚਨਾ ਦੀ ਲੋੜ ਪਵੇਗੀ ਜੋ ਸਾਲਾਨਾ ਅੰਕੜਿਆਂ ਦਾ ਸਾਰ ਤਿਆਰ ਕਰਦੇ ਹਨ। ਇਹ ਅਜਿਹੀ ਗੱਲ ਹੈ ਜਿਸ 'ਤੇ ਕੇਂਦਰ ਇਤਰਾਜ਼ ਨਹੀਂ ਕਰੇਗਾ ਅਤੇ ਪੰਜਾਬ ਦੂਜੇ ਸੂਬਿਆਂ ਲਈ ਇਸ ਮਾਮਲੇ ਵਿਚ ਅਗਵਾਈ ਕਰਨ ਦੀ ਮਿਸਾਲ ਬਣ ਸਕਦਾ ਹੈ। ਜੀ.ਡੀ.ਪੀ. ਵਾਧਾ ਮਾਪਣ ਪ੍ਰਤੀ ਅਸੰਤੁਸ਼ਟੀ ਦੇ ਨਾਲ ਹੀ ਪੰਜਾਬ ਜੀ.ਡੀ.ਪੀ. ਦੇ ਵਾਧੇ ਦੀਆਂ ਦਰਾਂ ਦੀ ਅੰਤਰ-ਰਾਜੀ ਤੁਲਨਾ ਵਾਲੀ ਅਰਥਹੀਣ ਪ੍ਰਕਿਰਿਆ ਵਿਚ ਭਾਗ ਲੈਣ ਤੋਂ ਇਨਕਾਰ ਕਰ ਸਕਦਾ ਹੈ।

ਆਰਥਿਕ ਵਾਧੇ ਦੀ ਅਸੰਤੁਸ਼ਟੀ ਤੋਂ ਤੁਰਦਿਆਂ ਇਸ ਗੱਲ ਦੀ ਫੌਰੀ ਲੋੜ ਪੈਦਾ ਹੋ ਰਹੀ ਹੈ ਕਿ ਖੇਤੀ ਤੋਂ ਉਦਯੋਗ, ਉਦਯੋਗ ਤੋਂ ਸੇਵਾਵਾਂ ਰਾਹੀਂ 'ਵਿਕਾਸ' ਵਾਲੀ ਰਵਾਇਤੀ ਗਤੀ ਰੇਖਾ ਦਾ ਤਿਆਗ ਕੀਤਾ ਜਾਵੇ। ਪੈਦਾ ਹੋ ਰਹੇ ਵਾਤਾਵਰਨੀ ਸੰਕਟ ਦੇ ਪ੍ਰਸੰਗ ਵਿਚ ਖੇਤੀਬਾੜੀ ਦੀ ਮਹੱਤਤਾ ਦਾ ਪੁਨਰ-ਨਿਰਧਾਰਨ ਕਰਨਾ ਚਾਹੀਦਾ ਹੈ। ਇਕ ਵਾਰ ਖੇਤੀ ਦੇ ਵਾਤਾਵਰਨ ਪੱਖੀ ਵਿਕਾਸ ਦੇ ਰਸਤੇ ਨੂੰ ਮਾਨਤਾ ਮਿਲਣ ਤੋਂ ਬਾਅਦ ਖੇਤੀ ਵਿਕਾਸ ਦੇ ਮੌਜੂਦਾ ਮਾਡਲ 'ਤੇ ਵੀ ਸਵਾਲ ਕਰਕੇ ਇਸ ਨੂੰ ਛੱਡਿਆ ਜਾਣਾ ਚਾਹੀਦਾ ਹੈ। ਕੇਂਦਰ ਦੀ ਮਿੱਥੀ ਕੌਮੀ ਭੋਜਨ ਸੁਰੱਖਿਆ ਵਾਸਤੇ ਕਥਿਤ ਹਰੀ ਕ੍ਰਾਂਤੀ ਦੇ ਢੰਗ-ਤਰੀਕਿਆਂ ਵਾਲੇ ਪੰਜਾਬ ਦੇ ਖੇਤੀਬਾੜੀ ਵਿਕਾਸ ਮਾਡਲ ਦੇ ਜ਼ਰੀਏ ਪੰਜਾਬ ਦੀ ਧਰਤੀ, ਪਾਣੀ, ਹਵਾ ਤੇ ਮਨੁੱਖੀ ਸਿਹਤ ਤਬਾਹ ਹੋ ਗਏ ਹਨ। ਪੰਜਾਬ ਇਕ ਵਾਰ ਵਾਤਾਵਰਨ ਮੁਆਫਕ ਇਸ ਬਦਲਵੀਂ ਕਾਰਜ ਪ੍ਰਣਾਲੀ ਬਾਰੇ ਫੈਸਲਾ ਕਰ ਲਵੇ ਤਾਂ ਇਸ ਨੂੰ ਭਾਰਤੀ ਸੰਘ ਦੇ ਦੂਜੇ ਸੂਬਿਆਂ ਨਾਲ ਸਾਂਝੀਵਾਲਤਾ ਵਾਲਾ ਗਠਜੋੜ ਬਣਾ ਕੇ ਸੂਬੇ ਦੇ ਵਾਤਾਵਰਨ ਸਥਿਰਤਾ ਪੱਖੀ ਨਾ ਕਿ ਕੇਂਦਰ ਦੇ ਏਜੰਡੇ ਦੇ ਮੁਆਫਕ ਫਸਲੀ ਚੱਕਰ ਬਾਰੇ ਆਪਣੀ ਚੋਣ ਕਰਨ ਦੇ ਮਾਮਲੇ ਵਿਚ ਕੇਂਦਰ ਦਾ ਸਾਹਮਣਾ ਕਰਨ ਲਈ ਆਪਣੇ ਆਪ ਨੂੰ ਤਿਆਰ ਕਰਨਾ ਚਾਹੀਦਾ ਹੈ। ਕੇਂਦਰ ਦੇ ਖੇਤੀ ਮੰਡੀ ਸੁਧਾਰਾਂ ਬਾਰੇ ਹੋਇਆ ਤਾਜ਼ਾ ਟਕਰਾਅ ਕੇਂਦਰ ਨਾਲ ਖੇਤੀ ਸੰਬੰਧੀ ਭਵਿੱਖ ਵਿਚ ਹੋਣ ਵਾਲੇ ਟਕਰਾਵਾਂ ਦਾ ਸੂਚਕ ਹੋ ਸਕਦਾ ਹੈ। ਖੇਤੀ ਸੂਬੇ ਦੀ ਕਾਰਜ ਸੂਚੀ ਵਿਚ ਆਉਂਦੀ ਹੈ ਪਰ ਕੇਂਦਰ ਉਦਯੋਗਾਂ ਤੇ ਸੂਬੇ ਦੇ ਵਿੱਤੀ ਮਾਮਲਿਆਂ ਦੇ ਨਾਲ ਨਾਲ ਖੇਤੀ ਮਾਮਲਿਆਂ ਵਿਚ ਲਗਾਤਾਰ ਦਖਲਅੰਦਾਜ਼ੀ ਕਰ ਰਿਹਾ ਹੈ।

ਬਿਹਤਰ ਵਾਤਾਵਰਨੀ ਸਿਧਾਂਤਾਂ 'ਤੇ ਉਸਰਿਆ ਵਿਕਾਸ ਦਾ ਨਵਾਂ ਰਾਹ ਪੰਜਾਬ ਵਿਚ ਤਾਂ ਹੀ ਸੰਭਵ ਹੋਵੇਗਾ, ਜੇ ਵੱਡੇ ਪੱਧਰ 'ਤੇ ਇਸ ਰਸਤੇ ਦੇ ਸਮਰਥਕ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀਆਂ ਜਥੇਬੰਦੀਆਂ ਦੇ ਨਾਲ ਅਕਾਦਮੀਸ਼ੀਅਨਾਂ, ਪੱਤਰਕਾਰਾਂ ਅਤੇ ਸਿਵਿਲ ਸੇਵਕਾਂ ਦਾ ਜਨਤਕ ਦਬਾਅ ਹੋਵੇਗਾ। ਜੇ ਇਹ ਵੱਡੇ ਪੱਧਰ ਦਾ ਸਮਰਥਨ ਹੋਵੇ ਅਤੇ ਵਾਤਾਵਰਨ ਆਧਾਰਿਤ ਵਿਕਾਸ ਦਾ ਰਸਤਾ ਚੁਣਨ ਤੇ ਅਪਨਾਈ ਰੱਖਣ ਲਈ ਜਨਤਕ ਜੱਥੇਬੰਦੀਆਂ ਦਾ ਇਹ ਲਗਾਤਾਰ ਅਤੇ ਨਜ਼ਰਸਾਨੀ ਵਾਲਾ ਦਬਾਅ ਬਣਿਆ ਰਹੇ ਤਾਂ ਪੰਜਾਬ ਦੀ ਕੋਈ ਵੀ ਸਰਕਾਰ ਭਾਵੇਂ ਕਿਸੇ ਵੀ ਪਾਰਟੀ ਦੀ ਹੋਵੇ, ਕੇਂਦਰ ਦੇ ਇਸ ਵਾਤਾਵਰਨ ਪੱਖੀ ਵਿਕਾਸ ਦੇ ਰਸਤੇ ਦੇ ਉਲਟ ਨਿਰਦੇਸ਼ ਮੰਨਣ ਤੋਂ ਇਨਕਾਰ ਕਰਨ ਲਈ ਉਤਸ਼ਾਹਤ ਹੋਵੇਗੀ। ਇਸ ਲਈ ਪੰਜਾਬ ਸਰਕਾਰ ਭਾਰਤੀ ਫੈਡਰਲ ਪ੍ਰਣਾਲੀ ਅਧੀਨ ਜਿਨ੍ਹਾਂ ਬਦਲਾਂ ਨੂੰ ਅਪਨਾ ਸਕਦੀ ਹੈ, ਉਹ ਸੱਤਾ ਵਿਚ ਬੈਠੇ ਪੰਜਾਬੀ ਸਿਆਸਤਦਾਨਾਂ ਅਤੇ ਸਰਕਾਰੀ ਪ੍ਰਸ਼ਾਸਕੀ ਅਫਸਰਾਂ ਦੀ ਸੋਚ, ਨੀਤੀਆਂ ਅਤੇ ਕਾਰਵਾਈਆਂ ਤੋਂ ਅਗਾਂਹ ਜਾ ਸਕਦੇ ਹਨ। ਮਿਸਾਲ ਵਜੋਂ ਸਮੁੱਚੇ ਰੂਪ ਵਿਚ ਨਾ ਸਹੀ ਕਾਫੀ ਹੱਦ ਤੱਕ ਕੁਦਰਤੀ ਖੇਤੀ ਵੱਲ ਜਾਣ ਵਾਸਤੇ ਵੱਡੇ ਪੱਧਰ 'ਤੇ ਜਨਤਾ ਨੂੰ ਸਿਰਜਣਾਤਮਕ ਤੇ ਵੱਖ ਵੱਖ ਤਰੀਕਿਆਂ ਨਾਲ ਸਿੱਖਿਅਤ ਕਰਨ ਦੇ ਨਾਲ ਨਾਲ ਲੋੜੀਂਦੀ ਜਨਤਕ ਸਿਆਸੀ ਲਾਮਬੰਦੀ ਦੀ ਲੋੜ ਹੈ। ਇਸ ਤਰ੍ਹਾਂ ਊਰਜਾ ਦੇ ਪਥਰਾਟ ਆਧਾਰਿਤ ਬਾਲਣ ਸਰੋਤਾਂ ਤੋਂ ਨਵਿਆਉਣਯੋਗ ਸਰੋਤਾਂ ਨੂੰ ਅਪਣਾਉਣ ਵਿਚ ਸਫਲਤਾ ਹਾਸਲ ਕਰਨ ਲਈ ਤਕਨੀਕੀ ਯੋਗਤਾ ਦੇ ਨਾਲ ਨਾਲ ਊਰਜਾ ਵਰਤਣ ਵਾਲਿਆਂ ਸਾਰੀਆਂ ਧਿਰਾਂ ਦੀ ਵੱਡੇ ਪੱਧਰ ਦੀ ਸ਼ਮੂਲੀਅਤ ਦੀ ਲੋੜ ਪਵੇਗੀ।

ਕੁਦਰਤੀ ਖੇਤੀ ਵਾਸਤੇ ਇੱਛਾ-ਸ਼ਕਤੀ ਤੇ ਚਿਰੰਜੀਵੀ ਭਾਵਨਾ ਪੈਦਾ ਕਰਨ ਲਈ ਵੱਡੇ ਪੱਧਰ 'ਤੇ ਪ੍ਰਭਾਵਸ਼ਾਲੀ ਜਨਤਕ ਸਿੱਖਿਆ ਦੇਣ ਲਈ ਵੱਖ ਵੱਖ ਰੂਪਾਂ ਵਿਚ ਪੰਜਾਬੀ ਭਾਸ਼ਾ ਦੀ ਵਰਤੋਂ ਕਰਨਾ ਬਹੁਤ ਮਹਤੱਵਪੂਰਨ ਹੋਵੇਗਾ। ਲੋਕਾਂ ਨੂੰ ਕੁਦਰਤੀ ਖੇਤੀ ਬਾਰੇ ਗਿਆਨ ਤੇ ਆਤਮ-ਵਿਸ਼ਵਾਸ ਨਾਲ ਭਰਨ ਲਈ ਉਨ੍ਹਾਂ ਦੀ ਮਾਤ ਭਾਸ਼ਾ ਪੰਜਾਬੀ ਵਰਤਣ ਦੇ ਮਹਤੱਵ 'ਤੇ ਨਵੇਂ ਸਿਰਿਉਂ ਜ਼ੋਰ ਦੇਣਾ ਕੇਂਦਰ ਸਰਕਾਰ ਦੀਆਂ ਹਿੰਦੀ ਪੱਖੀ ਨੀਤੀਆਂ ਨਾਲ ਵਿਵਾਦ ਪੈਦਾ ਕਰ ਸਕਦਾ ਹੈ। ਮੌਜੂਦਾ ਸਰਕਾਰ ਦੀਆਂ ਫੈਡਰਲ ਢਾਂਚੇ ਵਿਰੋਧੀ ਨੀਤੀਆਂ ਕਰਕੇ ਮੌਜੂਦਾ ਮਾਹੌਲ ਵਿਚ ਕੇਂਦਰ-ਸੂਬੇ ਵਿਚਾਲੇ ਭਾਸ਼ਾ ਦੇ ਮਸਲੇ 'ਤੇ ਵਿਵਾਦ ਹੋਣ ਦੀ ਇਹ ਸੰਭਾਵਨਾ ਜ਼ਿਆਦਾ ਗੰਭੀਰ ਹੈ। ਵਿਕਾਸ ਦੇ ਰਸਤੇ ਨਾਲ ਜੁੜਿਆ ਭਾਸ਼ਾ ਦਾ ਇਹ ਮਸਲਾ ਜਿਸ ਨੂੰ ਜ਼ਿਆਦਾ ਸੰਕੀਰਨ ਨਜ਼ਰੀਏ ਨਾਲ ਸਮਝਿਆ ਜਾਂਦਾ ਹੈ, ਸਿਰਫ ਸਭਿਆਚਾਰਕ ਮਸਲਾ ਨਹੀਂ ਹੈ। ਸੂਬਾ ਸਰਕਾਰ ਨੂੰ ਲੋਕਾਂ ਦੇ ਸਰਗਰਮ ਸਹਿਯੋਗ ਅਤੇ ਲਾਮਬੰਦੀ ਨਾਲ ਸਕੂਲੀ ਸਿੱਖਿਆ ਪ੍ਰਣਾਲੀ ਵਿਚ ਲਗਾਤਾਰ ਹੁੰਦੇ ਸੀ.ਬੀ.ਐਸ.ਸੀ. ਸਕੂਲਾਂ ਦੇ ਕਬਜ਼ੇ 'ਤੇ ਇਤਰਾਜ਼ ਜਤਾਉਣ ਦੀ ਲੋੜ ਹੈ ਕਿਉਂਕਿ ਅਸਲ ਵਿਚ ਅੰਦਰੋਂ-ਅੰਦਰੀ ਇਹੀ ਸਕੂਲ ਪੰਜਾਬੀ 'ਤੇ ਹਿੰਦੀ

*(ਬਾਕੀ ਅਗਲੇ ਸਫੇ 'ਤੇ)*

# ਘੋੜੇ ਦਾ ਇਤਿਹਾਸਕ ਪਿਛੋਕੜ

**ਸ਼ਬਦਾਂ ਦੀ ਪੈੜ**

ਪੁਰਾਤਨ ਕਾਲ ਵਿਚ ਘੋੜਾ ਆਵਾਜਾਈ ਦਾ ਮੁੱਖ ਸਾਧਨ ਸੀ। ਸਫਰ ਤੋਂ ਛੁੱਟ ਯੁੱਧ, ਜਲੂਸ ਅਤੇ ਵਿਆਹ-ਸ਼ਾਦੀ ਵੇਲੇ ਵੀ ਇਸ ਦੀਆਂ ਸੇਵਾਵਾਂ ਲੋੜੀਂਦੀਆਂ ਸਨ। ਇਸ ਮਸ਼ੀਨੀ ਯੁਗ ਵਿਚ ਘੋੜੇ ਦੀਆਂ ਸੇਵਾਵਾਂ ਅਤੇ ਜ਼ਿੰਮੇਵਾਰੀਆਂ ਰੇਲ ਗੱਡੀ, ਮੋਟਰਕਾਰ, ਸਕੂਟਰ ਆਦਿ ਨੇ ਸੰਭਾਲ ਲਈਆਂ ਹਨ; ਮਾਨੋ ਹੱਡ-ਮਾਸ ਦੇ ਬਣੇ ਜਾਨਵਰ ਦੀ ਸ਼ਕਤੀ ਅਰਥਾਤ 'ਘੋੜ-ਸ਼ਕਤੀ' ਨੇ 'ਮੋਟਰ-ਸ਼ਕਤੀ' ਦਾ ਰੂਪ ਧਾਰਨ ਕਰ ਲਿਆ ਹੈ। ਕੁਦਰਤ ਦਾ ਇਹ ਸ਼ਾਹਕਾਰ ਜੋ ਸ਼ਕਤੀ, ਤੇਜ਼ ਰਫਤਾਰੀ, ਗੌਰਵ ਤੇ ਸਿਆਣਪ ਦੀ ਮੂੰਹ ਬੋਲਦੀ ਤਸਵੀਰ ਹੈ, ਸਭਿਆਚਾਰਕ ਵਿਕਾਸ ਦੀ ਵਰਤਮਾਨ ਪੱਧਰ 'ਤੇ ਪਹੁੰਚ ਕੇ ਅਲੋਪ ਹੋ ਰਿਹਾ ਹੈ।

ਭਾਰੋਪੀ ਭਾਸ਼ਾਵਾਂ ਵਿਚ ਸੰਸਕ੍ਰਿਤ 'ਅਸ਼ਵ

**ਜੀ.ਐਸ. ਰਿਆਲ**

ਦੇ ਸਜਾਤੀ ਫਾਰਸੀ 'ਅਸਪ', ਲਾਤੀਨੀ equus ਅਤੇ ਯੂਨਾਨੀ hippos ਦੇ ਰੂਪ ਵਿਚ ਮਿਲਦੇ ਹਨ। ਭਾਰਤ ਦੀਆਂ ਆਧੁਨਿਕ ਆਰਿਆਈ ਭਾਸ਼ਾਵਾਂ ਵਿਚ ਸੰਸਕ੍ਰਿਤ 'ਅਸ਼ਵ' ਦੀ ਥਾਂ ਘੋੜਾ ਵਰਤਿਆ ਜਾਂਦਾ ਹੈ ਜੋ ਅਣ-ਆਰਿਆਈ ਸ਼ਬਦ ਹੈ। ਇੰਜ ਹੀ ਰੋਮਾਨੀ ਭਾਸ਼ਾਵਾਂ ਵਿਚ ਘੋੜੇ ਲਈ ਪ੍ਰਚਲਤ ਸ਼ਬਦ ਉਤਰ-ਲਾਤੀਨੀ caballus 'ਤੇ ਆਧਾਰਤ ਹਨ ਜਿਸ ਦਾ ਫਰਾਂਸੀਸੀ ਰੂਪ cheval ਹੈ। ਸੰਸਕ੍ਰਿਤ ਵਿਚ ਘੋੜੇ ਲਈ ਹੋਰ ਵੀ ਸ਼ਬਦ ਮਿਲਦੇ ਹਨ ਜਿਵੇਂ ਜਵਨ, ਆਸ਼ੂ, ਹਯ, ਤੁਰੰਗ। ਇਨ੍ਹਾਂ ਸਭਨਾਂ ਦਾ ਮੂਲ ਅਰਥ ਤੇਜ਼ ਰਫਤਾਰ ਹੈ ਜੋ ਘੋੜੇ ਲਈ ਬੜਾ ਢੁਕਵਾਂ ਵਿਸ਼ੇਸ਼ਣ ਹੈ।

ਘੋੜੇ ਦੇ ਸੂਚਕ ਸ਼ਬਦ ਵਿਕਸਿਤ ਅਰਥਾਂ ਵਿਚ ਵੀ ਮਿਲਦੇ ਹਨ। ਇਨ੍ਹਾਂ ਤੋਂ ਇਸ ਜਾਨਵਰ ਦੀ ਕਾਰਕਰਦਗੀ ਤੇ ਮਹਾਨਤਾ ਦਾ ਪਤਾ ਲਗਦਾ ਹੈ, ਜਿਵੇਂ ਘੋੜੇ ਦੀ ਮਦੀਨ, ਅਰਥਾਤ ਘੋੜੀ ਦਾ ਬਦਲਿਆ ਅਰਥ ਘੋੜੀ ਨਾਲ ਮਿਲਦਾ-ਜੁਲਦਾ (ਚਾਰ ਲੱਤਾਂ ਵਾਲਾ) ਲੱਕੜ ਦਾ ਬਣਿਆ ਢਾਂਚਾ, ਟੇਕ ਜਾ ਸਟੈਂਡ ਹੈ ਜਿਸ ਉਪਰ ਕੋਈ ਚੀਜ਼ ਚੜ੍ਹਾਈ ਜਾਂ ਅਟਕਾਈ ਜਾਂਦੀ ਹੈ (ਜਿਵੇਂ ਸੱਚਮੁੱਚ ਦਾ ਸਵਾਰ ਆਪਣੀ ਘੋੜੀ 'ਤੇ ਚੜ੍ਹਿਆ ਹੋਵੇ)। ਜਿਸ ਤਰ੍ਹਾਂ ਪੰਜਾਬੀ ਘੋੜੀ ਦੇ ਇਹ ਅਰਥ ਨਿਕਲਦੇ ਹਨ: ਖੂਹ ਦੇ ਪਾੜਛੇ ਨੂੰ ਉਤਾਂਹ ਚੁੱਕਣ ਲਈ ਉਸ ਦੇ ਥੱਲੇ ਰੱਖੀ ਲੱਕੜੀ, ਸਟੈਂਡ ਜਿਸ ਉਤੇ ਚੜ੍ਹ ਕੇ ਕੰਧਾਂ ਨੂੰ ਸਫੇਦੀ ਕੀਤੀ ਜਾਂਦੀ ਹੈ, ਫੱਟੀ ਜਿਸ ਉਤੇ ਸਿਤਾਰ ਦੀਆਂ ਤਾਰਾਂ ਕੱਸੀਆਂ ਜਾਂਦੀਆਂ ਹਨ, ਸੇਵੀਆਂ ਵੱਟਣ ਵਾਲੀ ਮਸ਼ੀਨ ਜਿਸ ਨੂੰ ਸਟੈਂਡ 'ਤੇ ਕੱਸਿਆ ਜਾਂਦਾ ਹੈ, ਜੁਲਾਹੇ ਦੀ ਤਾਣਾ ਟਿਕਾਉਣ ਦੀ ਲੱਕੜੀ, ਇਤਿਆਦਿ। ਇਸ ਤੋਂ ਇਲਾਵਾ 'ਘੋੜੀ' ਬਣਨ ਦਾ ਅਰਥ (ਖੇਲ ਵਿਚ ਜਾਂ ਕਿਸੇ ਉਚੀ ਥਾਂ 'ਤੇ ਚੜ੍ਹਨ ਲਈ) ਇਕ ਵਿਅਕਤੀ ਦਾ ਕੋਡੇ ਹੋਣਾ ਹੈ ਤਾਂ ਜੋ ਦੂਜਾ ਜਣਾ ਉਸ ਦੀ ਪਿੱਠ 'ਤੇ ਚੜ੍ਹ ਸਕੇ। ਘੋੜੀ, ਅਰਥਾਤ 'ਘੋੜੀਆਂ' ਦਾ ਇਕ ਅਰਥ ਵਿਆਹ ਸਮੇਂ ਗਾਇਆ ਜਾਣ ਵਾਲਾ ਗੀਤ ਵੀ ਹੈ। ਇਸ ਦਾ ਮੂਲ ਸਬੰਧ ਲਾੜੇ ਦੇ 'ਘੋੜੀ ਚੜ੍ਹਨ' ਨਾਲ ਹੈ। 'ਘੋੜੇ' ਦਾ ਇਕ ਅਰਥ ('ਫੀਲੇ' ਅਰਥਾਤ 'ਹਾਥੀ' ਵਾਂਗ) ਸ਼ਤਰੰਜ ਦਾ ਵਿਸ਼ੇਸ਼ ਮੁਹਰਾ ਅਤੇ ਦੂਜਾ ਅਰਥ ਬੰਦੂਕ ਦਾ ਪੁਰਜਾ ਹੈ ਜਿਸ ਦੀ ਬਣਤਰ ਤੋਂ ਘੋੜੇ ਦੀ ਥੂਥੀ ਤੇ ਗਰਦਨ ਦੀ ਝਲਕ ਪੈਂਦੀ ਹੈ।

***ਮਨੁੱਖੀ ਇਤਿਹਾਸ ਵਿਚ ਘੋੜੇ ਦੀ ਨਵੇਕਲੀ ਥਾਂ ਹੈ। ਇਹ ਪਾਂਧੀਆਂ ਦਾ ਸਹਾਰਾ, ਯੁੱਧ ਵਿਚ ਸਿਪਾਹੀਆਂ ਦਾ ਸਾਥੀ, ਸੂਰਬੀਰਾਂ ਤੇ ਢੋਲ-ਸਿਪਾਹੀਆਂ ਦੀ ਸ਼ਾਨ, ਜਲੂਸਾਂ ਦੀ ਸੋਭਾ ਅਤੇ ਜੰਞਾਂ ਦੀ ਠਾਠ-ਬਾਠ ਦਾ ਪ੍ਰਤੀਕ ਹੈ। ਸੂਰਬੀਰਤਾ ਦੇ ਯੁੱਗ ਵਿਚ ਘੋੜਾ ਅਤੇ ਉਸ ਦਾ ਸਵਾਰ, ਦੋਨੋਂ ਇਕਮਿਕ ਹੋ ਕੇ ਬੀਰਤਾ ਦਾ ਨਮੂਨਾ ਪੇਸ਼ ਕਰਦੇ ਹਨ। ਘੋੜੇ ਨਾਲ ਸਬੰਧਤ ਸ਼ਬਦਾਵਲੀ ਤੋਂ ਬੀਤੇ ਯੁੱਗ ਦੀ ਯਾਦ ਤਾਜ਼ਾ ਹੁੰਦੀ ਹੈ। ਗਹੁ ਨਾਲ ਦੇਖਿਆ ਜਾਵੇ ਤਾਂ ਸੱਚਮੁਚ ਦੀ ਘੋੜੀ ਦਾ ਝੂਠ-ਮੂਠ ਦੀ ਘੋੜੀ, ਅਰਥਾਤ ਲੱਕੜ ਦੀ ਟੇਕ ਵਿਚ ਵਿਗਸਣਾ ਇਸ ਤੱਥ ਦਾ ਸੂਚਕ ਹੈ ਕਿ ਮਨੁੱਖ ਸਦੀਆਂ-ਬੱਧੀ ਘੋੜੇ ਦੇ ਨੇੜੇ ਅਤੇ ਉਸ 'ਤੇ ਨਿਰਭਰ ਰਿਹਾ ਹੈ।***



*ਭਾਰਤ ਵਿਚ ਪ੍ਰਚਲਿਤ ਘੋੜਾ-ਗੱਡੀ। ਇਹ ਤਸਵੀਰ ਡੇਢ ਸਦੀ ਪੁਰਾਣੀ 1870ਵਿਆਂ ਦੀ ਹੈ।*

ਘੋੜੇ ਨਾਲ ਮਿਲਦੇ-ਜੁਲਦੇ ਕੁਝ ਜੀਵਾਂ ਨੂੰ ਵੀ ਘੋੜੇ ਦਾ ਨਾਂ ਦਿੱਤਾ ਗਿਆ ਹੈ; ਜਿਵੇਂ 'ਦਰਿਆਈ ਘੋੜਾ' (ਦਰਿਆਈ ਜੀਵ), 'ਸਮੁੰਦਰੀ ਘੋੜਾ' ਅਰਥਾਤ Sea-horse (ਇਕ ਪ੍ਰਕਾਰ ਦੀ ਕੋਈ ਪੰਜ ਇੰਚ ਲੰਮੀ ਮੱਛੀ) ਅਤੇ 'ਕਮਾਦ ਦਾ ਘੋੜਾ' (ਛੋਟਾ ਜਿਹਾ ਟਿੱਡਾ)। ਪੰਜਾਬੀ 'ਘੋੜੀ' ਵਾਂਗ ਅੰਗਰੇਜ਼ੀ horse ਦਾ ਵਿਕਸਿਤ ਅਰਥ ਵੀ ਲੱਕੜ ਦੀ ਬਣੀ ਘੋੜੀ ਹੈ (ਦੇਖੋ clothes-horse, ਕੱਪੜੇ ਸੁੱਕਣੇ ਪਾਉਣ ਵਾਲਾ ਸਟੈਂਡ; saw-horse, ਲੱਕੜੀ ਚੀਰਨ ਲਈ ਉਸ ਨੂੰ ਉਤਾਂਹ ਚੁੱਕਣ ਵਾਲੀ ਟੇਕ)।

ਇੰਜ ਹੀ ਫਰਾਂਸੀਸੀ chevalet ਦਾ ਮੂਲ ਅਰਥ ਛੋਟਾ ਘੋੜਾ ਅਤੇ ਵਿਕਸਿਤ ਅਰਥ ਲੱਕੜ ਦੀ ਘੋੜੀ ਹੈ। ਫਰਾਂਸੀਸੀ ਦਾ ਇਹ ਸ਼ਬਦ ਅੰਗਰੇਜ਼ੀ cheval glass ਦੇ ਰੂਪ ਵਿਚ ਵੀ ਮਿਲਦਾ ਹੈ ਜਿਸ ਦਾ ਅਰਥ ਸਟੈਂਡ ਜਾਂ ਫਰੇਮ 'ਤੇ ਲੱਗਾ ਸ਼ੀਸ਼ਾ ਹੈ ਜਿਵੇਂ ਸ਼ਿੰਗਾਰ-ਮੇਜ਼ ਦਾ। ਇਥੇ ਇਹ ਦੱਸਣਾ ਵੀ ਠੀਕ ਹੋਵੇਗਾ ਕਿ ਅਰਥ ਵਿਕਾਸ ਦੀ ਦੌੜ ਵਿਚ ਗਧਾ ਵੀ ਘੋੜੇ ਤੋਂ ਪਿੱਛੇ ਨਹੀਂ ਰਿਹਾ। ਇਸ ਦਾ ਪ੍ਰਮਾਣ ਅੰਗਰੇਜ਼ੀ easel (ਚਿੱਤਰਕਾਰ ਦਾ ਤਸਵੀਰ ਬਣਾਉਣ ਵਾਲਾ ਸਟੈਂਡ) ਤੋਂ ਮਿਲਦਾ ਹੈ ਜਿਸ ਦਾ ਮੂਲ ਆਧਾਰ ass ਅਰਥਾਤ ਗਧਾ ਹੈ।

ਪੰਜਾਬੀ ਸਵਾਰ ਜਾਂ ਸਵਾਰੀ ਦਾ ਇਤਿਹਾਸਕ ਅਰਥ ਕੇਵਲ ਘੋੜੇ ਤੋਂ ਚੜ੍ਹਨ ਨਾਲ ਸਬੰਧਤ ਹੈ (ਇਸ ਦਾ ਮੂਲ ਸੰਸਕ੍ਰਿਤ 'ਅਸ਼ਵ-ਵਾਰ' ਹੈ) ਪਰ ਹੁਣ ਅਸੀਂ ਇਸ ਦੀ ਵਰਤੋਂ ਰੇਲ ਗੱਡੀ ਜਾਂ ਬੱਸ ਆਦਿ ਦੇ ਮੁਸਾਫਰਾਂ ਲਈ ਵੀ ਕਰਦੇ ਹਾਂ। ਸਵਾਰੀ ਦਾ ਇਕ ਹੋਰ ਅਰਥ ਕਿਸੇ ਰਾਜੇ ਮਹਾਰਾਜੇ ਦਾ ਆਪਣੇ ਅਮੀਰਾਂ ਵਜ਼ੀਰਾਂ ਨਾਲ ਘੋੜਿਆਂ ਆਦਿ 'ਤੇ ਸਵਾਰ ਹੋ ਕੇ ਜਲੂਸ ਦੀ ਸ਼ਕਲ ਵਿਚ ਨਿਕਲਣਾ ਵੀ ਹੈ। ਇਸ ਸ਼ਬਦ ਨੂੰ ਅੰਗਰੇਜ਼ੀ cavalcade ਦੇ ਟਾਕਰੇ 'ਤੇ ਰੱਖਿਆ ਜਾ ਸਕਦਾ ਹੈ ਜਿਸ ਦਾ ਮੂਲ ਅਰਥ ਵੀ ਘੋੜਾ ਹੈ।

'ਸਵਾਰ ਹੋਣ' ਦਾ ਇਕ ਲਾਖਣਿਕ ਅਰਥ ਕਿਸੇ 'ਤੇ ਕਾਬੂ ਪਾਉਣਾ ਹੈ; ਜਿਵੇਂ ਅਸੀਂ ਕਹਿੰਦੇ ਹਾਂ ਕਿ 'ਉਸ ਦੇ ਸਿਰ 'ਤੇ ਭੂਤ ਸਵਾਰ ਹੈ'। ਪੱਛਮ ਵਿਚ ਘੋੜ-ਸਵਾਰ ਦੇ ਅਰਥ ਦਾ ਵਿਸ਼ੇਸ਼ ਵਿਕਾਸ ਹੋਇਆ ਹੈ; ਜਿਵੇਂ ਅੰਗਰੇਜ਼ੀ ਵਲੋਂ ਫਰਾਂਸੀਸੀ cavalier (ਸੂਰਬੀਰ, ਜੋਧਾ, ਢੋਲ-ਸਿਪਾਹੀ) ਅਤੇ chivalry (ਸੂਰਬੀਰਤਾ, ਸਾਊਪੁਣਾ) ਦੇ ਸ਼ਬਦ ਉਪਰੋਕਤ ਲਾਤੀਨੀ caballus, ਅਰਥਾਤ ਘੋੜੇ 'ਤੇ ਆਧਾਰਤ ਹਨ। ਘੋੜਾ ਸਾਡੇ ਵਿਅਕਤੀਗਤ ਨਾਵਾਂ ਦਾ ਭਾਗ ਵੀ ਬਣਦਾ ਹੈ; ਜਿਵੇਂ ਅੰਗਰੇਜ਼ੀ Phillips ਦਾ ਮੂਲ ਅਰਥ ਘੋੜੇ ਦਾ ਪ੍ਰੇਮੀ ਹੈ। ਪੰਜਾਬੀ ਅੱਸੂ ਦਾ ਸਬੰਧ ਸੰਸਕ੍ਰਿਤ ਅਸ਼ਵਿਨੀ ਨਛੱਤਰ ਨਾਲ ਹੈ, ਕਿਉਂਕਿ ਇਸ ਮਹੀਨੇ ਦੀ ਪੂਰਨਮਾਸ਼ੀ ਨੂੰ ਚੰਦਰਮਾ ਇਸ ਨਛੱਤਰ ਦੇ ਨੇੜੇ ਹੁੰਦਾ ਹੈ ਜਿਸ ਦਾ ਆਕਾਰ 'ਅਸ਼ਵ' ਅਰਥਾਤ ਘੋੜੇ ਦੇ ਮੂੰਹ ਵਰਗਾ ਮੰਨਿਆ ਗਿਆ ਹੈ।

ਘੋੜੇ ਦਾ ਨਾਂ ਘਾਹ-ਬੂਟਿਆਂ ਦੇ ਨਾਵਾਂ ਨਾਲ ਵੀ ਜੁੜਿਆ ਹੈ; ਜਿਵੇਂ ਪੰਜਾਬੀ ਅਸਗੰਧ, ਦਵਾਈਆਂ ਵਿਚ ਵਰਤੀ ਜਾਣ ਵਾਲੀ ਬੂਟੀ ਦਾ ਆਧਾਰ ਸੰਸਕ੍ਰਿਤ 'ਅਸ਼ਵ-ਗੰਧ' ਹੈ। ਇੰਜ ਹੀ ਪੰਜਾਬੀ ਈਸਬਗੋਲ (ਇਕ ਪ੍ਰਕਾਰ ਦੇ ਬੀਜ ਜੋ ਦਵਾਈ ਵਜੋਂ ਵਰਤੋਂ ਜਾਂਦੇ ਹਨ) ਦਾ ਮੂਲ ਫਾਰਸੀ 'ਅਸਪਗੋਲ' ਹੈ ਜਿਸ ਦਾ ਮੂਲ ਅਰਥ ਘੋੜੇ ਦਾ ਕੰਨ ਹੈ (ਕਿਉਂਕਿ ਇਸ ਬੂਟੀ ਦੇ ਪੱਤੇ ਘੋੜੇ ਦੇ ਕੰਨਾਂ ਸਮਾਨ ਹੁੰਦੇ ਹਨ)।

ਘੋੜੇ ਦੇ ਸਾਜ਼ਾਂ ਨਾਲ ਸਬੰਧਤ ਸ਼ਬਦ ਵੀ ਵਿਕਸਿਤ ਅਰਥਾਂ ਵਿਚ ਵਰਤੇ ਜਾਂਦੇ ਹਨ। ਉਦਾਹਰਨ ਵਜੋਂ, ਲਗਾਮ ਦਾ ਸ਼ਬਦ ਨਿਯੰਤਰਨ ਜਾਂ ਕਾਬੂ ਕਰਨ ਦੇ ਅਰਥਾਂ ਵਿਚ ਮਿਲਦਾ ਹੈ; ਜਿਵੇਂ 'ਕਿਸੇ ਨੂੰ ਲਗਾਮ ਦੇਣੀ', ਜਾਂ 'ਬੇਲਗਾਮ'। ਘੋੜੇ ਨੂੰ ਚਲਾਉਣ ਲਈ ਅਰਥਾਤ ਉਸ ਦੀ ਚਾਲ ਘੱਟ ਵੱਧ ਕਰਨ ਲਈ ਜਾਂ ਉਸ ਨੂੰ ਰਸਤਾ ਦਿਖਾਉਣ ਲਈ ਵਾਗ ਦੀ ਵਰਤੋਂ ਕੀਤੀ ਜਾਂਦੀ ਹੈ। ਇਕ ਹਿਸਾਬ ਨਾਲ ਘੋੜੇ ਦੀ ਵਾਗ ਮੋਟਰਕਾਰ ਦੇ ਗਿਅਰ, ਐਕਸੀਲੇਟਰ, ਸਟੀਅਰਿੰਗ ਤੇ ਬਰੇਕਾਂ, ਸਭਨਾਂ ਦਾ ਸਾਂਝਾ ਕੰਮ ਦਿੰਦੀ ਹੈ। ਇਸ ਤਰ੍ਹਾਂ 'ਵਾਗ ਢਿੱਲੀ ਛੱਡਣ' ਦਾ ਅਰਥ ਕਿਸੇ ਨੂੰ ਉਸ ਦੀ ਮਰਜ਼ੀ 'ਤੇ ਛੱਡਣਾ ਹੈ, ਅਤੇ 'ਵਾਗਾਂ ਜੋੜਨ' ਦਾ ਅਰਥ ਮੁੜਨ ਜਾਂ ਪਰਤਣ ਦਾ ਹੈ। ਇਸ ਤੋਂ ਇਲਾਵਾ 'ਵਾਗ-ਡੋਰ' ਦਾ ਅਰਥ ਹੈ ਜ਼ਿੰਮੇਵਾਰੀ ਜਾਂ ਇੰਤਜ਼ਾਮ, ਵਿਸ਼ੇਸ਼ ਕਰਕੇ ਰਾਜ ਸੱਤਾ ਚਲਾਉਣ ਦਾ। ਕਾਠੀ ਪਾਉਣ ਦਾ ਵਿਕਸਿਤ ਅਰਥ ਕਿਸੇ 'ਤੇ ਰੋਹਬ ਜਮਾਉਣਾ ਜਾਂ ਦਾਬਾ ਪਾਉਣਾ ਹੈ। ਇਤਿਹਾਸ ਵਿਚ 'ਕਾਠੀ-ਵੰਡ' ਦਾ ਜ਼ਿਕਰ ਵੀ ਆਉਂਦਾ ਹੈ ਜਿਸ ਦਾ ਅਰਥ ਹੱਥ ਆਏ ਮਾਲ ਦੀ ਘੋੜੇ ਪ੍ਰਤੀ ਵੰਡ ਅਰਥਾਤ, ਹਰ ਸਵਾਰ ਨੂੰ ਬਰਾਬਰ ਦਾ ਹਿੱਸਾ ਮਿਲਣਾ ਹੈ।

ਉਪਰੋਕਤ ਸ਼ਬਦਾਂ ਤੋਂ ਬਿਨਾਂ ਅਨੇਕਾਂ ਸ਼ਬਦ ਹਨ ਜੋ ਘੋੜੇ ਦੁਆਲੇ ਘੁੰਮਦੇ ਹਨ। ਇਹ ਸ਼ਬਦ ਘੋੜੇ ਦੀਆਂ ਵੱਖ-ਵੱਖ ਕਿਸਮਾਂ, ਉਸ ਦੀ ਚਾਲ, ਸਰੀਰ ਦੇ ਅੰਗ, ਬਿਮਾਰੀਆਂ ਅਤੇ ਸਾਜ਼ ਆਦਿ ਦੇ ਸੂਚਕ ਹਨ। ਇਨ੍ਹਾਂ ਵਿਚੋਂ ਬਹੁਤੇ ਸ਼ਬਦ ਸਾਡੇ ਲਈ ਓਪਰੇ ਤੇ ਅਸਾਧਾਰਨ ਹਨ; ਜਿਵੇਂ ਅਬਲਕ, ਸਬਜ਼ਾ, ਖਿੰਗ, ਸੁਰੰਗ, ਨੁਕਰਾ, ਕੇਮੈਤ ਰੰਗਾਂ ਦੀ ਦ੍ਰਿਸ਼ਟੀ ਤੋਂ ਘੋੜਿਆਂ ਦੀਆਂ ਵੱਖ-ਵੱਖ ਕਿਸਮਾਂ ਹਨ। 'ਅਲੇਲ' ਤੇ 'ਨਕੰਦ' ਛੋਟੀ ਉਮਰ ਦੇ ਘੋੜੇ ਦੇ ਸੂਚਕ ਹਨ, ਤੇ 'ਤਾਜ਼ੀ', 'ਤੁਖਾਰੀ' ਕ੍ਰਮਵਾਰ ਅਰਬ ਅਤੇ ਖਾਰ ਦੇਸ਼ ਦੇ ਘੋੜੇ ਹਨ। ਘੋੜੇ ਦੀਆਂ ਚਾਲਾਂ ਦੇ ਨਾਂ ਹਨ: ਸਰਪਟ, ਗਾਮ, ਦੁਗਾਮ, ਰੇਵੀਆ ਆਦਿ।

ਘੋੜੇ ਦੇ ਸਰੀਰ ਦੇ ਅੰਗ ਅਤੇ ਰੰਗਾਂ ਦੇ ਨਾਂ ਇੰਜ ਹਨ: ਗਾਮਚਾ, ਕਲੌਤੀ, ਦਾਜਾਂ, ਮਦਊ, ਮੌਠਾ, ਨਾਲੀ, ਚਕਰਾਉਲ, ਚਾਂਦਨੀ, ਹੁੱਡਾ, ਮੂਤ੍ਹਾ ਆਦਿ। ਮੂੰਹ ਅਤੇ ਨੱਕ ਨਾਲ ਸਬੰਧਤ ਸਾਜ਼ ਹਨ: ਦਹਾਨਾ, ਕੰਡਾਲੀ/ਕੜਿਆਲੀ, ਨਹਿਰੀ, ਖੋਭੀ, ਨਕੌੜ ਆਦਿ। ਕਾਠੀ ਨਾਲ ਸਬੰਧਤ ਸ਼ਬਦ ਹਨ: ਚਾਰਜਾਮਾ, ਤਾਹਰੂ, ਤੰਗ ਆਦਿ। ਇੰਜ ਹੀ ਦੁਮਚੀ, ਸਾਖਤ, ਮਖੋਰਨਾ ਵੀ ਘੋੜੇ ਦੇ ਸਾਜ਼ ਨਾਲ ਸਬੰਧਤ ਹਨ।

ਮਨੁੱਖੀ ਇਤਿਹਾਸ ਵਿਚ ਘੋੜੇ ਦੀ ਨਵੇਕਲੀ ਥਾਂ ਹੈ। ਇਹ ਪਾਂਧੀਆਂ ਦਾ ਸਹਾਰਾ, ਯੁੱਧ ਵਿਚ ਸਿਪਾਹੀਆਂ ਦਾ ਸਾਥੀ, ਸੂਰਬੀਰਾਂ ਤੇ ਢੋਲ-ਸਿਪਾਹੀਆਂ ਦੀ ਸ਼ਾਨ, ਜਲੂਸਾਂ ਦੀ ਸੋਭਾ ਅਤੇ ਜੰਞਾਂ ਦੀ ਠਾਠ-ਬਾਠ ਦਾ ਪ੍ਰਤੀਕ ਹੈ। ਸੂਰਬੀਰਤਾ ਦੇ ਯੁੱਗ ਵਿਚ ਘੋੜਾ ਅਤੇ ਉਸ ਦਾ ਸਵਾਰ, ਦੋਨੋਂ ਇਕਮਿਕ ਹੋ ਕੇ ਬੀਰਤਾ ਦਾ ਨਮੂਨਾ ਪੇਸ਼ ਕਰਦੇ ਹਨ। ਘੋੜੇ ਨਾਲ ਸਬੰਧਤ ਸ਼ਬਦਾਵਲੀ ਤੋਂ ਬੀਤੇ ਯੁੱਗ ਦੀ ਯਾਦ ਤਾਜ਼ਾ ਹੁੰਦੀ ਹੈ। ਗਹੁ ਨਾਲ ਦੇਖਿਆ ਜਾਵੇ ਤਾਂ ਸੱਚਮੁਚ ਦੀ ਘੋੜੀ ਦਾ ਝੂਠ-ਮੂਠ ਦੀ ਘੋੜੀ, ਅਰਥਾਤ ਲੱਕੜ ਦੀ ਟੇਕ ਵਿਚ ਵਿਗਸਣਾ ਇਸ ਤੱਥ ਦਾ ਸੂਚਕ ਹੈ ਕਿ ਮਨੁੱਖ ਸਦੀਆਂ-ਬੱਧੀ ਘੋੜੇ ਦੇ ਨੇੜੇ ਅਤੇ ਉਸ 'ਤੇ ਨਿਰਭਰ ਰਿਹਾ ਹੈ।

# ਪੰਜਾਬ ਦੇ ਆਰਥਿਕ ਹਾਲਾਤ ਲਈ ਨੀਤੀ

*(ਪਿਛਲੇ ਸਫੇ ਦੀ ਬਾਕੀ)*

ਨੂੰ ਭਾਰੂ ਕਰਨ ਵਾਲੇ ਅਦਾਰੇ ਹਨ। ਇੰਦਰਾ ਗਾਂਧੀ ਦੀ ਐਮਰਜੈਂਸੀ (1975-77) ਦੌਰਾਨ 'ਸਿੱਖਿਆ' ਨੂੰ ਸੂਬੇ ਦੀ ਸੂਚੀ ਵਿਚੋਂ ਕੱਢ ਕੇ ਸਾਂਝੀ ਸੂਚੀ ਵਿਚ ਪਾਉਣ ਲਈ ਲਿਆਂਦੀ ਸੰਵਿਧਾਨਕ ਸੋਧ ਨੂੰ ਕਿਸੇ ਗੈਰ-ਕਾਂਗਰਸੀ ਸਰਕਾਰ ਨੇ ਰੱਦ ਨਹੀਂ ਕੀਤਾ ਕਿਉਂਕਿ ਭਾਰਤੀ ਸੰਸਦ ਦੀਆਂ ਦੋ ਮੁੱਖ ਪਾਰਟੀਆਂ ਕਾਂਗਰਸ ਅਤੇ ਭਾਜਪਾ ਸਿੱਖਿਆ ਦੇ ਵਧਦੇ ਕੇਂਦਰੀਕਰਨ ਦੀਆਂ ਸਮਰਥਕ ਹਨ। ਹਿੰਦੀ ਪੱਖੀ ਸੀ.ਬੀ.ਐਸ.ਈ. ਸਕੂਲਾਂ ਨੂੰ ਪਿੰਡਾਂ ਦੇ ਧੁਰ ਅੰਦਰ ਤੱਕ ਲਿਆਉਣ ਵਾਲੀਆਂ ਲਗਾਤਾਰ ਫੈਲਦੀਆਂ ਜੜ੍ਹਾਂ ਇਸੇ ਕੇਂਦਰੀਕਰਨ ਪੱਖੀ ਸਿਆਸਤ ਨਾਲ ਜੁੜਦੀਆਂ ਹਨ।

ਸੂਬੇ ਅਤੇ ਕਿਸਾਨ ਭਾਈਚਾਰੇ ਸਿਰ ਚੜ੍ਹੇ ਕਰਜ਼ੇ ਨੂੰ ਦੇਖਦਿਆਂ ਸੂਬਾ ਸਰਕਾਰ ਨੂੰ ਆਮਦਨ ਦੇ ਸਰੋਤ ਵਧਾਉਣ ਦੀ ਲੋੜ ਹੈ ਕਿਉਂਕਿ ਸਰਕਾਰੀ ਕਰਜ਼ੇ ਘਟਾਉਣ ਜਾਂ ਕਿਸਾਨਾਂ ਦੇ ਕਰਜ਼ੇ ਦਾ ਕੁਝ ਹਿੱਸਾ ਵੀ ਮੁਆਫ ਕਰਨ ਦੇ ਮਾਮਲੇ ਵਿਚ ਕੇਂਦਰ ਸਰਕਾਰ ਕੁਝ ਨਹੀਂ ਕਰੇਗੀ। ਕੇਂਦਰ ਸਰਕਾਰ ਦੀ ਅਜਿਹਾ ਕਦਮ ਚੁੱਕਣ ਦੀ ਨਾ ਤਾਂ ਕੋਈ ਸਿਆਸੀ ਮਜਬੂਰੀ ਹੈ, ਨਾ ਹੀ ਇਸ ਕਿਸਮ ਦੇ ਕਰਜ਼ੇ ਨਾਲ ਨਜਿੱਠਣ ਦਾ ਉਸ ਨੂੰ ਕੋਈ ਆਰਥਿਕ ਲਾਹਾ ਮਿਲਣਾ ਹੈ। ਸੂਬੇ ਦੇ ਅੰਦਰੋਂ ਹੀ ਆਮਦਨ ਦੇ ਵਸੀਲੇ ਪੈਦਾ ਕਰਨ ਲਈ ਪੰਜਾਬ ਸਰਕਾਰ ਨੂੰ ਪੰਜਾਬ ਦੇ ਅਤਿ-ਅਮੀਰਾਂ 'ਤੇ ਸਿੱਧਾ ਟੈਕਸ ਲਾਉਣ ਦਾ ਕੋਈ ਤਰੀਕਾ ਸੋਚਣਾ ਪਵੇਗਾ। ਪੰਜਾਬ ਦੇ ਅਤਿ-ਅਮੀਰਾਂ ਨੇ ਕਾਨੂੰਨੀ ਢੰਗਾਂ ਨਾਲ ਭਰਪੂਰ ਜਾਇਦਾਦ ਅਤੇ ਆਮਦਨ ਇਕੱਤਰ ਕੀਤੀ ਹੈ ਪਰ ਕਈ ਮਾਮਲਿਆਂ ਵਿਚ ਪੰਜਾਬ ਦੀ ਜ਼ਮੀਨ, ਕਿਰਤ, ਪਾਣੀ, ਰੇਤਾ, ਜੰਗਲਾਂ, ਪਹਾੜਾਂ ਆਦਿ ਕੁਝ ਕੁਦਰਤੀ ਸਰੋਤਾਂ ਤੋਂ ਗੈਰ-ਕਾਨੂੰਨੀ ਤਰੀਕਿਆਂ ਨਾਲ ਮੁਨਾਫਾ ਖੱਟਿਆ ਹੈ ਜਦਕਿ ਪੰਜਾਬ ਦੀ ਆਬਾਦੀ ਦਾ ਵੱਡਾ ਹਿੱਸਾ, ਖਾਸਕਰ ਪਿੰਡਾਂ ਵਿਚ ਮੰਦਹਾਲੀ, ਇੱਥੋਂ ਤੱਕ ਕੇ ਖੁਦਕੁਸ਼ੀਆਂ, ਵੱਲ ਧੱਕ ਦਿੱਤਾ ਗਿਆ ਹੈ। ਇਸ ਦੇ ਸਬੂਤ ਵਪਾਰੀਆਂ/ਸ਼ਾਹੂਕਾਰਾਂ ਦੀਆਂ ਖੁਦਕੁਸ਼ੀਆਂ ਦੇ ਰੂਪ ਵਿਚ ਸਾਹਮਣੇ ਆ ਰਹੇ ਹਨ ਜੋ ਸੰਕੇਤ ਦਿੰਦੇ ਹਨ ਕਿ ਮੰਦਹਾਲੀ ਹੁਣ ਸ਼ਹਿਰੀ ਇਲਾਕਿਆਂ ਦੇ ਛੋਟੇ ਦੁਕਾਨਦਾਰਾਂ/ਸ਼ਾਹੂਕਾਰਾਂ ਤੱਕ ਵੀ ਪਹੁੰਚ ਗਈ ਹੈ। ਕੋਵਿਡ-19 ਮਹਾਮਾਰੀ ਦੀ ਮਾਰ ਹੇਠ ਆਏ ਪਹਿਲਾਂ ਕਦੇ ਵੀ ਨਾ ਦੇਖੇ ਸਮੇਂ ਤੋਂ ਬਾਅਦ ਹੁਣ ਲਾਜ਼ਮੀ ਹੋ ਗਿਆ ਹੈ ਕਿ ਉਨ੍ਹਾਂ ਅਤਿ-ਅਮੀਰ ਪੰਜਾਬੀ (ਜਾਂ ਪੰਜਾਬ ਵਿਚ ਰਹਿੰਦੇ ਗੈਰ-ਪੰਜਾਬੀ) ਉਸ ਜਾਇਦਾਦ ਤੇ ਕਮਾਈ ਦਾ ਇਕ ਹਿੱਸਾ ਪੰਜਾਬ ਸਰਕਾਰ ਦੇ ਵਿੱਤੀ ਸਹਿਯੋਗ ਲਈ ਦੇਣ ਜਿਸ ਦੀ ਵਰਤੋਂ ਪੰਜਾਬੀ ਸਮਾਜ ਦੇ ਸਭ ਤੋਂ ਜ਼ਿਆਦਾ ਮੰਦਹਾਲੀ ਹੰਢਾ ਰਹੇ ਹਲਕਿਆਂ ਦੀ ਮਦਦ ਕਰਨ ਲਈ ਕੀਤੀ ਜਾ ਸਕੇ। ਅਜੇ ਕੁਝ ਸਮਾਂ ਪਹਿਲਾਂ ਹੀ ਅਸੀਂ ਗੁਰੂ ਨਾਨਕ ਦਾ 550ਵਾਂ ਪ੍ਰਕਾਸ਼ ਪੁਰਬ ਮਨਾਇਆ ਹੈ ਜਿਨ੍ਹਾਂ ਦਾ ਸਤਿਕਾਰ ਸਾਰੇ ਪੰਜਾਬੀ ਕਰਦੇ ਹਨ, ਉਨ੍ਹਾਂ ਦੀ 'ਵੰਡ ਛਕੋ' ਦੀ ਸਿੱਖਿਆ ਅਮਲੀ ਰੂਪ ਵਿਚ ਅਪਨਾਉਣ ਦੀ ਲੋੜ ਹੈ।

ਮੌਜੂਦਾ ਫੈਡਰਲ ਢਾਂਚੇ ਅੰਦਰ ਸਿਰਫ ਕੇਂਦਰ ਕੋਲ ਹੀ ਸਿੱਧੇ ਟੈਕਸ ਲਾਉਣ ਅਤੇ ਇਕੱਤਰ ਕਰਨ ਦੀ ਤਾਕਤ ਹੈ। ਪੰਜਾਬ ਨੂੰ ਇਸ ਮਸਲੇ 'ਤੇ ਲੜਨ ਲਈ ਕੇਂਦਰ ਨਾਲ ਆਹਮੋ-ਸਾਹਮਣੇ ਦੋਹਰੀ ਲੜਾਈ ਲੜਨੀ ਪਵੇਗੀ। ਪਹਿਲੀ, ਸਿੱਧੇ ਟੈਕਸ ਨੂੰ ਕੋਈ ਹੋਰ ਨਾਮ ਦੇਣ ਲਈ ਕਾਨੂੰਨੀ ਰਸਤੇ ਲੱਭਣਾ ਤਾਂ ਜੋ ਇਸ ਨੂੰ ਸੰਵਿਧਾਨਕ ਤੌਰ 'ਤੇ ਮਾਨਤਾ ਮਿਲੀ ਰਹੇ ਅਤੇ ਦੂਜਾ ਸੂਬਾ ਸਰਕਾਰ ਨੂੰ ਇਸ ਕਿਸਮ ਦਾ ਸਿੱਧਾ ਟੈਕਸ ਲਾਉਣ ਦੀ ਰਿਆਇਤ ਦੇਣ ਲਈ ਕੇਂਦਰ ਨੂੰ ਮਜਬੂਰ ਕਰਨ ਵਾਸਤੇ ਵੱਡੇ ਪੱਧਰ 'ਤੇ ਸਿਆਸੀ ਲਾਮਬੰਦੀ ਕਰਨਾ, ਭਾਵੇਂ ਇਹ ਟੈਕਸ ਕੁਝ ਸਾਲਾਂ ਲਈ ਆਰਜ਼ੀ ਤੌਰ 'ਤੇ ਹੀ ਲਾਗੂ ਹੋਵੇ। ਇਹ ਟੈਕਸ ਜਾਇਦਾਦ, ਜ਼ਮੀਨ ਜਾਂ ਆਮਦਨ 'ਤੇ ਲਾਇਆ ਜਾਵੇ, ਇਸ ਦੀ ਬਰੀਕੀ ਨਾਲ ਪੜਤਾਲ ਕਰਨ ਦੀ ਲੋੜ ਹੈ। ਯੂ.ਕੇ. ਅੰਦਰ ਸਕਾਟਲੈਂਡ ਨੇ ਸਕਾਟਲੈਂਡ ਵਿਚ ਆਮਦਨ ਪੈਦਾ ਕਰਨ ਵਾਲਿਆਂ ਸਰਗਰਮੀਆਂ 'ਤੇ ਸਿੱਧੇ ਆਮਦਨ ਟੈਕਸ ਵਿਚ ਵਾਧਾ ਕਰਨ ਲਈ ਵਿਸ਼ੇਸ਼ ਪ੍ਰਬੰਧ ਕੀਤਾ ਹੈ, ਇਸ ਵਿਚ ਲੋੜੀਂਦਾ ਫੇਰ-ਬਦਲ ਕਰਕੇ ਇਸ ਨੂੰ ਪੰਜਾਬ ਵਿਚ ਲਾਗੂ ਕਰਨ ਲਈ ਇਸ ਦਾ ਅਧਿਐਨ ਕੀਤਾ ਜਾ ਸਕਦਾ ਹੈ। ਇਸ ਵੇਲੇ ਪੰਜਾਬ ਦਾ ਸਿਆਸੀ ਸਭਿਆਚਾਰ ਪੰਜਾਬ ਦੇ ਅਤਿ-ਅਮੀਰਾਂ 'ਤੇ ਇਸ ਕਿਸਮ ਦਾ ਵਿਸ਼ੇਸ਼ ਸਿੱਧਾ ਟੈਕਸ ਲਾਉਣ ਲਈ ਤਿਆਰ ਤੇ ਮੁਆਫਕ ਹੈ ਭਾਵੇਂ ਇਹ ਟੈਕਸ ਆਰਜ਼ੀ ਤੌਰ 'ਤੇ ਹੀ ਲਾਇਆ ਜਾਵੇ।

ਇਕ ਹੋਰ ਖੇਤਰ ਹੈ ਜਿਸ ਵਿਚ ਪੰਜਾਬ ਨੂੰ ਬਰਾਮਦ ਅਤੇ ਬਰਾਮਦ ਤੋਂ ਆਮਦਨ ਵਧਾਉਣ ਦੇ ਜ਼ਰੀਏ ਤਲਾਸ਼ਣ ਦੀ ਲੋੜ ਹੈ। ਇਸ ਦਾ ਸੰਬੰਧ ਪੰਜਾਬ ਦੇ ਬਿਲਕੁਲ ਨਾਲ ਲਗਦੇ ਗੁਆਂਢੀ ਮੁਲਕ ਪਾਕਿਸਤਾਨ ਨਾਲ ਨਜ਼ਦੀਕੀ ਅਤੇ ਸ਼ਾਂਤਮਈ ਰਿਸ਼ਤਿਆਂ ਨਾਲ ਜੁੜਿਆ ਹੋਇਆ ਹੈ। ਮੌਜੂਦਾ ਫੈਡਰਲ ਢਾਂਚੇ ਵਿਚ ਕੇਂਦਰੀ ਪੱਧਰ 'ਤੇ ਵਿਦੇਸ਼ ਨੀਤੀ ਘੜਨ ਵਿਚ ਸੂਬਿਆਂ ਦੀ ਕੋਈ ਭੂਮਿਕਾ ਨਹੀਂ ਹੈ ਜਦਕਿ ਇਕੋ ਕਿਸਮ ਦੀ ਨੀਤੀ ਵਿਚ ਸਰਹੱਦੀ ਸੂਬਿਆਂ ਦੇ ਹਿੱਤ ਗੈਰ-ਸਰਹੱਦੀ ਸੂਬਿਆਂ ਦੀ ਤੁਲਨਾ ਵਿਚ ਬਿਲਕੁਲ ਵੱਖਰੀ ਕਿਸਮ ਦੇ ਹਨ। ਪੰਜਾਬ ਨੂੰ ਉਨ੍ਹਾਂ ਹੋਰ ਸਰਹੱਦੀ ਸੂਬਿਆਂ ਨਾਲ ਗਠਜੋੜ ਕਰਨਾ ਪਵੇਗਾ ਜਿਹੜੇ ਗੁਆਂਢੀ ਦੇਸ਼ਾਂ ਨਾਲ ਇਸ ਤਰ੍ਹਾਂ ਦੇ ਫੌਜੀ ਵਿਵਾਦਾਂ ਕਰਕੇ ਪ੍ਰਭਾਵਿਤ ਹੋ ਰਹੇ ਹਨ। ਇਸ ਕਿਸਮ ਦੇ ਗਠਜੋੜ ਲਈ ਵਿਦੇਸ਼ ਤੇ ਰੱਖਿਆ ਨੀਤੀ ਘੜਨ ਤੇ ਲਾਗੂ ਕਰਨ ਦੇ ਢੰਗ-ਤਰੀਕੇ ਵਿਚ ਤਬਦੀਲੀ ਲਿਆਉਣ ਸੰਬੰਧੀ ਸਮਝੌਤਾ ਕਰਨ ਦੀ ਲੋੜ ਹੋਵੇਗੀ। ਜੇ ਵੰਨ-ਸਵੰਨਤਾ, ਤੇ ਕਈ ਮਾਮਲਿਆਂ ਵਿਚ ਸੰਘ ਅੰਦਰ ਮੌਜੂਦ ਵੱਖ ਵੱਖ ਸੂਬਿਆਂ ਦੇ ਹਿੱਤਾਂ ਦੇ ਟਕਰਾਵਾਂ ਨੂੰ ਦਰਸਾਉਣ ਵਾਸਤੇ ਸੰਵਿਧਾਨਕ ਤਬਦੀਲੀਆਂ ਕਰਨ ਦੀ ਲੋੜ ਹੋਵੇਗੀ ਤਾਂ ਉਨ੍ਹਾਂ ਤਬਦੀਲੀਆਂ ਲਈ ਵੀ ਲੜਨਾ ਪਵੇਗਾ।

ਜਿੱਥੇ ਅਸੀਂ ਰੂੜ੍ਹੀਵਾਦੀ ਆਰਥਿਕ ਸੋਚ ਤੇ ਅਮਲ ਦੇ ਬਦਲ ਲੱਭਣ ਦੀ ਲੋੜ ਨੂੰ ਪ੍ਰਵਾਨ ਕਰ ਰਹੇ ਹਾਂ (ਜਿਸ ਦੀ ਲੋੜ ਗੰਭੀਰ ਆਰਥਿਕ ਤੇ ਅਰਥ-ਸ਼ਾਸਤਰ ਦੇ ਸਿਧਾਂਤਾਂ ਦੇ ਸੰਕਟ ਦੇ ਪਲਾਂ ਵਿਚ ਹਮੇਸ਼ਾ ਪੈਦਾ ਹੁੰਦੀ ਹੈ), ਸਰਕਾਰ ਲਈ ਸੰਸਥਾਈ, ਪਰਿਵਾਰਕ ਅਤੇ ਵਿਅਕਤੀਗਤ ਪੱਧਰ 'ਤੇ ਵੀ ਰੂੜ੍ਹੀਵਾਦੀ ਪ੍ਰਵਿਰਤੀਆਂ ਨੂੰ ਚੁਣੌਤੀ ਦੇਣਾ ਓਨਾ ਹੀ ਅਹਿਮ ਹੈ। ਜਿਸ ਕਿਸਮ ਦੇ ਆਰਥਿਕ, ਵਾਤਾਵਰਨੀ ਅਤੇ ਸਿਹਤ ਸੰਕਟਾਂ ਵਿਚੋਂ ਅਸੀਂ ਲੰਘ ਰਹੇ ਹਾਂ ਉਨ੍ਹਾਂ ਦੀ ਗੰਭੀਰਤਾ ਨੂੰ ਪ੍ਰਵਾਨ ਕਰਦਿਆਂ, ਸੰਸਥਾਵਾਂ (ਯੂਨੀਵਰਸਿਟੀਆਂ, ਕਾਲਜਾਂ, ਸਕੂਲਾਂ, ਹਸਪਤਾਲਾਂ, ਧਾਰਮਿਕ ਸਥਾਨਾਂ, ਫੈਕਟਰੀਆਂ, ਸ਼ੌਪਿੰਗ ਸੈਂਟਰਾਂ) ਨੂੰ ਸਵੈ-ਸ਼ਾਸਨ ਦੇ ਨਵੇਂ ਤਰੀਕੇ ਸਿੱਖਣ ਦੀ ਲੋੜ ਹੈ ਜਿਹੜੇ ਸਰੋਤਾਂ ਦੀ ਵਰਤੋਂ ਅਤੇ ਰਹਿੰਦ-ਖੂੰਹਦ ਘਟਾਉਣ ਦੇ ਅਨੁਸਾਰੀ ਹੋਣ; ਖਾਸਕਰ ਅਮੀਰ ਤੇ ਮੱਧਵਰਗੀ ਸ਼੍ਰੇਣੀ ਦੇ ਪਰਿਵਾਰਾਂ ਤੇ ਵਿਅਕਤੀਆਂ ਨੂੰ ਵਿਆਹ ਵਰਗੇ ਸਮਾਜਿਕ ਮੌਕੇ ਮਨਾਉਣ ਅਤੇ ਖਪਤ ਕਰਨ ਸੰਬੰਧੀ ਆਪਣੀ ਜੀਵਨ-ਸ਼ੈਲੀ ਵਿਚ ਕਈ ਤਰ੍ਹਾਂ ਦੀਆਂ ਤਬਦੀਲੀਆਂ ਦੀ ਲੋੜ ਹੈ। ਵਾਤਾਵਰਨ ਨੂੰ ਤਬਾਹ ਕਰਨ ਵਾਲੇ ਪੂੰਜੀਵਾਦੀ ਅਰਥਚਾਰੇ ਤੋਂ ਅਰਥਚਾਰੇ ਤੇ ਸਮਾਜ ਅਤੇ ਵਾਤਾਵਰਨੀ-ਸਮਾਜਵਾਦੀ ਪੁਨਰ-ਸੰਗਠਨ ਦੇ ਬਦਲਵੇਂ ਰਾਹ ਵਜੋਂ 'ਗਰੀਨ ਨਿਊ ਡੀਲ' ਬਾਰੇ ਚੱਲ ਰਹੀਆਂ ਬਹਿਸਾਂ ਦੇ ਦਸਤਾਵੇਜ਼ਾਂ ਨੂੰ ਵੰਡਿਆ ਤੇ ਅਧਿਐਨ ਕੀਤਾ ਜਾਣਾ ਚਾਹੀਦਾ ਹੈ (ਇਸ ਲੇਖਕ ਤੇ ਹੋਰ ਵਾਤਾਵਰਨੀ-ਸਮਾਜਵਾਦੀ ਲੇਖਕਾਂ ਦੇ ਕੋਵਿਡ-19 ਸੰਕਟ ਦੇ ਪ੍ਰਸੰਗ ਵਿਚ ਯੋਗਦਾਨ ਲਈ, ਦੇਖੋ ਰੈੱਡ ਐਂਡ ਗ੍ਰੀਨ ਸਟੱਡੀ ਗਰੁੱਪ।

ਜਿਸ ਤਰ੍ਹਾਂ ਦੇ ਅਣਕਿਆਸੇ ਸਮੇਂ ਵਿਚੋਂ ਅਸੀਂ ਲੰਘ ਰਹੇ ਹਾਂ, ਉਸ ਦੀ ਨਿਸ਼ਾਨਦੇਹੀ ਕਰਨ ਦਾ ਇਕ ਤਰੀਕਾ ਇਹ ਜਾਣਨਾ ਹੈ ਕਿ ਯੂ.ਕੇ. ਜਿਸ ਦਾ ਆਰਥਿਕ ਤੇ ਸਮਾਜਿਕ ਰਿਕਾਰਡ ਦਰਜ ਕਰਕੇ ਰੱਖਣ ਦਾ ਲੰਮਾ ਇਤਿਹਾਸ ਹੈ, ਨੇ ਮੰਨਿਆ ਹੈ ਕਿ ਇਹ ਮੰਦੀ ਦੇਸ਼ ਦੇ ਹੁਣ ਤੱਕ ਦੇ ਸਮੁੱਚੇ ਇਤਿਹਾਸ ਦੀ ਸਭ ਤੋਂ ਵੱਡੀ ਹੈ। ਇਸ ਤੋਂ ਵੀ ਅੱਗੇ ਧਰਤੀ ਗ੍ਰਹਿ ਦੀ ਹੋਂਦ ਦਾ ਖਤਰਾ ਬਣ ਕੇ ਲਟਕ ਰਿਹਾ ਵਾਤਾਵਰਨ ਦਾ ਸੰਕਟ ਹੈ। ਅਣਕਿਆਸੇ ਸਮੇਂ ਪਹਿਲਾਂ ਕਦੇ ਨਾ ਅਪਨਾਏ ਸਮਾਧਾਨਾਂ ਦੀ ਮੰਗ ਕਰਦੇ ਹਨ ਅਤੇ ਜੇ ਇਸ ਸਮਾਧਾਨ ਵਾਸਤੇ ਪੰਜਾਬ ਨੂੰ ਕੇਂਦਰ-ਸੂਬੇ ਵਿਚਾਲੇ ਸੰਬੰਧਾਂ ਨੂੰ ਦੁਬਾਰਾ ਘੜਨ ਦੀ ਲੋੜ ਹੈ ਤਾਂ ਇਨ੍ਹਾਂ ਸੰਬੰਧਾਂ ਦੀ ਪੁਨਰ-ਘਾੜਤ ਲਈ ਲੋੜੀਂਦੀਆਂ ਤਬਦੀਲੀਆਂ ਇਸ ਸਮੇਂ ਦੀ ਇਤਿਹਾਸਕ ਲੋੜ ਹਨ।

# ਮੈਂ ਕਿਤਾਬ ਬੋਲਦੀ ਹਾਂ

**ਸ਼ਬਦ ਜੋਤ**



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ।***

ਮੈਂ ਕਿਤਾਬ ਬੋਲਦੀ ਹਾਂ। ਕਦੇ ਵਰਕਿਆਂ 'ਤੇ ਉਕਰੀ ਇਬਾਰਤ, ਕਦੇ ਪੱਥਰ ਦੀ ਸਿੱਲ 'ਤੇ ਲਿਖੀ ਵਰਣਮਾਲਾ ਅਤੇ ਕਦੇ ਪੱਤਰਾਂ 'ਤੇ ਲਿਖੀ ਵਾਰਤਾ। ਬਹੁਤ ਕੁਝ ਮੇਰੇ ਅੰਦਰ। ਮੈਂ ਅਵਾਕ ਰਹਿ ਕੇ ਵੀ ਬਹੁਤ ਕੁਝ ਬੋਲਦੀ ਹਾਂ। ਮੇਰੀ ਚੁੱਪ ਵਿਚੋਂ ਵੀ ਉਨ੍ਹਾਂ ਗੱਲਾਂ ਦੀ ਗੂੰਜ ਸੁਣਾਈ ਦਿੰਦੀ ਜਿਸ ਵਿਚੋਂ ਸੁਮੱਤਾਂ ਦੀ ਧੁਨੀ ਸੁਣਾਈ ਦਿੰਦੀ।

ਮੈਂ ਕਿਤਾਬ ਹਾਂ। ਕਦੇ ਕਿਸੇ ਸ਼ੈਲਫ 'ਤੇ ਸਜੀ, ਕਿਸੇ ਮੇਜ 'ਤੇ ਪਈ, ਕਦੇ ਬਸਤੇ ਵਿਚ ਅਤੇ ਕਦੇ ਮੋਢੇ ਨਾਲ ਲਮਕਦੇ ਝੋਲੇ ਵਿਚ ਰਾਗਣੀ ਗੁਣਗੁਣਾਉਂਦੀ। ਮੈਂ ਅਜਿਹੀ ਕਿਤਾਬ ਹਾਂ ਜੋ ਆਲੇ-ਦੁਆਲੇ ਵਿਚ ਪਸਰੀ ਹਾਂ। ਸਿਰਫ਼ ਲੋੜ ਹੈ ਮੈਨੂੰ ਪੜ੍ਹਨ ਦੀ। ਬਹੁਤੇ ਲੋਕ ਇਸ ਨੂੰ ਪੜ੍ਹਨ ਤੋਂ ਕੰਨੀਂ ਕਤਰਾਉਂਦੇ।

ਮੈਂ ਕਿਤਾਬ ਹਾਂ ਜੋ ਸਿਰਫ਼ ਕਾਗਜ਼ 'ਤੇ ਹੀ ਉਕਰੀ ਨਹੀਂ ਹੁੰਦੀ। ਮੈਂ ਮਸਤਕ 'ਤੇ ਵੀ ਖੁਣੀ ਹੁੰਦੀ ਹਾਂ। ਕਦੇ ਰੂਹ ਵਿਚ ਰਮੀ ਅਤੇ ਕਦੇ ਨੈਣਾਂ ਵਿਚ ਉਨ੍ਹਾਂ ਸੁਪਨਿਆਂ ਦੀ ਤਾਮੀਰਦਾਰੀ ਕਰਨਾ ਲੋਚਦੀ ਜਿਨ੍ਹਾਂ ਸੁਪਨਿਆਂ ਵਿਚੋਂ ਜ਼ਿੰਦਗੀ ਨੇ ਆਪਣੇ ਆਪ ਨੂੰ ਵਿਸਥਾਰਤ ਕਰਨਾ ਹੁੰਦਾ।

ਮੈਂ ਕਿਤਾਬ ਹਾਂ ਜਿਸਦੇ ਅੱਖਰਾਂ ਵਿਚ ਜਗਦੇ ਨੇ ਚਿਰਾਗ। ਇਨ੍ਹਾਂ ਸ਼ਬਦਾਂ ਵਿਚ ਜਗਦੀਆਂ ਨੇ ਅਰਥਾਂ ਦੀਆਂ ਜੋਤਾਂ। ਇਨ੍ਹਾਂ ਦੀ ਲੋਅ ਚੌਗਿਰਦੇ ਨੂੰ ਚਾਨਣ ਨਾਲ ਭਰਦੀ ਅਤੇ ਇਸਦੀ ਮਹਿਕ ਮਹਿਕੀਲੀ ਫ਼ਿਜ਼ਾ ਸਿਰਜਣ ਵਿਚ ਵੀ ਪਹਿਲਕਦਮੀ ਕਰਦੀ।

ਮੈਂ ਕਿਤਾਬ ਹਾਂ ਜਿਸ ਵਿਚੋਂ ਤੁਸੀਂ ਆਪਣੇ ਆਪ ਨੂੰ ਪੜ੍ਹ ਸਕਦੇ ਹੋ, ਖ਼ੁਦ ਨੂੰ ਸਮਝ ਸਕਦੇ ਹੋ ਕਿ ਤੁਸੀਂ ਕੀ ਹੈ, ਕੌਣ ਹੋ, ਕਿਹੜੀਆਂ ਨੇ ਤੁਹਾਡੀਆਂ ਤਰਜੀਹਾਂ ਅਤੇ ਕਿਵੇਂ ਤੁਸੀਂ ਆਪਣੀਆਂ ਤਮੰਨਾਵਾਂ ਨੂੰ ਤਦਬੀਰਾਂ ਵਿਚ ਤਬਦੀਲ ਕਰ ਕੇ ਇਸਨੂੰ ਤਕਦੀਰ ਬਣਾਉਣਾ।

ਮੈਂ ਕਿਤਾਬ ਹਾਂ ਜੋ ਇਹ ਵੀ ਦੱਸਦੀ ਹਾਂ ਕਿ ਤੁਹਾਡੇ ਜਨਮ ਦਾ ਸਬੱਬ ਕੀ ਹੈ? ਕੀ ਨੇ ਤੁਹਾਡੇ ਵਿਅਕਤੀਤਵ ਦੇ ਚਿੰਨ੍ਹ? ਕਿਹੜੇ ਜੀਨਜ਼ ਨੇ ਤੁਹਾਡੇ ਭਵਿੱਖ ਅਤੇ ਜੀਵਨ-ਜਾਚ ਨੂੰ ਪਰਿਭਾਸ਼ਤ ਕਰਨਾ?

ਮੈਂ ਕਿਤਾਬ ਹਾਂ ਜੋ ਤੁਹਾਡੇ ਨੈਣਾਂ ਵਿਚ ਸੁਪਨੇ ਧਰਦੀ। ਉਨ੍ਹਾਂ ਸੁਪਨਿਆਂ ਨੂੰ ਸੱਚ ਕਰਨ ਦੇ ਰਾਹ ਤੋਰਦੀ ਅਤੇ ਇਸ ਮਾਰਗ ਵਿਚ ਆਉਣ ਵਾਲੇ ਕਸ਼ਟਾਂ ਅਤੇ ਔਕੜਾਂ ਦੀ ਸੋਝੀ ਵੀ ਕਰਵਾਉਂਦੀ। ਇਨ੍ਹਾਂ ਵਿਚੋਂ ਕਿਵੇਂ ਪਾਰ ਨਿਕਲਣਾ ਅਤੇ ਆਪਣੀ ਕਮਜ਼ੋਰੀ ਨੂੰ ਕਿਵੇਂ ਆਪਣੀ ਤਾਕਤ ਬਣਾਉਣਾ, ਇਹ ਮੇਰੇ ਹੀ ਵਰਕਿਆਂ ਵਿਚ ਛੁਪਿਆ ਹੁੰਦਾ। ਸਿਰਫ਼ ਮੈਨੂੰ ਆਪਣਾ ਕਦੇ ਯਾਰ ਤਾਂ ਬਣਾਓ। ਗਲਵੱਕੜੀ ਵਿਚ ਲਓ ਅਤੇ ਆਪਣੀ ਸੰਗਤ ਮਾਣਨ ਦਾ ਸ਼ਰਫ਼ ਤਾਂ ਦਿਓ, ਦੇਖਣਾ ਮੈਂ ਕਿਵੇਂ ਤੁਹਾਡੀ ਧੁੰਦਲੀ ਜਿਹੀ ਤਸਵੀਰ ਨੂੰ ਨਿਖਾਰ ਕੇ ਨਵੀਆਂ ਪਰਤਾਂ ਨੂੰ ਸਮਾਜ ਸਾਹਵੇਂ ਉਜਾਗਰ ਕਰਾਂਗੀ?

ਮੈਂ ਕਿਤਾਬ ਹਾਂ ਜਿਸ ਵਿਚੋਂ ਤੁਸੀਂ ਆਪਣੀ ਵਿਰਾਸਤ ਨੂੰ ਪੜ੍ਹ ਸਕਦੇ ਹੋ। ਤੁਸੀਂ ਜਾਣ ਸਕੋਗੇ ਕਿ ਤੁਹਾਡੇ ਵਡੇਰੇ ਕੌਣ ਸਨ? ਉਨ੍ਹਾਂ ਦੀਆਂ ਕਿਹੜੀਆਂ ਧਾਰਨਾਵਾਂ ਸਨ ਅਤੇ ਉਨ੍ਹਾਂ ਨੇ ਕਿਵੇਂ ਸੀਮਤ ਸਾਧਨਾਂ ਨਾਲ ਜ਼ਿੰਦਗੀ ਵਿਚ ਸੁਖਨ, ਸਕੂਨ ਅਤੇ ਸੰਤੁਸ਼ਟੀ ਪ੍ਰਾਪਤ ਕੀਤੀ। ਇਹ ਵੀ ਪਤਾ ਲੱਗੇਗਾ ਕਿ ਤੁਹਾਡੀ ਅਜੋਕੀ ਜੀਵਨ-ਸ਼ੈਲੀ ਦੀਆਂ ਮੂਲ ਕਿਰਿਆਵਾਂ ਵਿਚ ਬਜ਼ੁਰਗੀ ਇਨਾਇਤ ਨੂੰ ਕਿਵੇਂ ਮਾਣਿਆ ਅਤੇ ਸੰਭਾਲਿਆ ਜਾ ਸਕਦਾ?

ਮੈਂ ਕਿਤਾਬ ਹਾਂ ਜਿਸ ਵਿਚ ਤੁਹਾਡੇ ਸਭਿਆਚਾਰ ਦੀਆਂ ਅਸੀਮ ਪਰਤਾਂ ਛੁਪੀਆਂ ਪਈਆਂ ਹਨ। ਮੇਰੇ ਖਰੜਿਆਂ ਵਿਚ ਉਨ੍ਹਾਂ ਛੁਪੇ ਭੇਤਾਂ ਦੀ ਸੂਹ ਮਿਲੇਗੀ ਜਿਨ੍ਹਾਂ ਵਿਚੋਂ ਤੁਸੀਂ ਅਜੋਕੇ ਸਭਿਅਚਾਰ ਰਾਹੀਂ ਆਪਣੇ ਮੁਹਾਂਦਰੇ ਨੂੰ ਸਮਝ ਸਕੋਗੇ। ਕਦੇ ਕਿਸੇ ਪੁਰਾਣੀ ਲਾਇਬਰੇਰੀ ਵਿਚ ਪਈ ਮੇਰੇ ਉਸ ਰੂਪ ਨੂੰ ਪੜ੍ਹਨਾ ਜਿਸ ਵਿਚੋਂ ਸਭਿਆਚਾਰਕ ਵਿਕਾਸ ਦੇ ਨਾਮ 'ਤੇ ਹੋਏ ਕੁਯਤਨਾਂ ਦੀ ਧਰਾਤਲ ਸਮਝਣ ਦੀ ਕੋਸ਼ਿਸ਼ ਕਰਨਾ। ਇਹ ਵੀ ਸਿੱਖਣਾ ਕਿ ਆਪਣੇ ਸਭਿਆਚਾਰ ਨੂੰ ਸਮਝਣਾ ਅਤੇ ਹੋਰ ਨਿਖਾਰਨਾ ਕਿੰਨਾ ਜ਼ਰੂਰੀ ਹੁੰਦਾ।

ਮੈਂ ਕਿਤਾਬ ਹਾਂ ਜੋ ਬੰਦ ਅਲਮਾਰੀਆਂ ਵਿਚ ਤਰਸੀ ਪਈ ਹਾਂ ਆਪਣਿਆਂ ਦੀ ਛੋਹ ਨੂੰ। ਸਿਊਂਕ ਲੱਗੀਆਂ ਉਨ੍ਹਾਂ ਕਿਤਾਬਾਂ ਦੇ ਜ਼ਰਜ਼ਰੀਪਣ ਵਿਚੋਂ ਛਾਣਨੀ ਹੋਏ ਅੱਖਰਾਂ ਵਿਚੋਂ ਤੁਸੀਂ ਕਿਹੜੀ ਲਿਖਤ ਪੜ੍ਹ ਸਕੋਗੇ ਜੋ ਤੁਹਾਡੇ ਬਜ਼ੁਰਗਾਂ ਨੇ ਇਸ ਕਰਕੇ ਲਿਖੀ ਸੀ ਕਿ ਉਨ੍ਹਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਇਨ੍ਹਾਂ ਤੋਂ ਸੇਧ ਲੈ ਕੇ ਜੀਵਨ ਨੂੰ ਨਵੇਂ ਰਾਹਾਂ ਦੇ ਹਾਣੀ ਬਣਾ ਸਕਣਗੇ। ਤਰਸਯੋਗ ਹਾਲਤ ਵਿਚ ਦੇਖ ਕੇ ਇਸ ਨਵੀਂ ਨਸਲ ਨੂੰ ਕਦੇ ਖਿਆਲ ਹੀ ਨਹੀਂ ਆਇਆ ਕਿ ਮੇਰੀ ਸੰਗਤ ਮਾਣਨ ਲਈ ਕਦੇ ਅਹੁਲਣ।

ਮੈਂ ਕਿਤਾਬ ਹਾਂ ਜੋ ਬੰਦੇ ਵਿਚ ਬੰਦਗੀ ਭਾਲਦੀ ਅਤੇ ਔਰਤ ਵਿਚੋਂ ਮਮਤਾ ਦੀ ਆਸ ਰੱਖਦੀ। ਮੈਂ ਚਾਹੁੰਦੀ ਹਾਂ ਕਿ ਮਾਨਵ-ਜਾਤ ਔਰਤ ਅਤੇ ਮਰਦ ਵਿਚ ਹੀ ਨਾ ਵੰਡੀ ਰਹੇ। ਸਗੋਂ ਉਹ ਇਨਸਾਨ ਬਣ ਕੇ ਇਨਸਾਨੀਅਤ ਦਾ ਮਾਰਗ ਅਪਣਾਵੇ ਅਤੇ ਉਸ ਵਿਚੋਂ ਖ਼ੁਦਾਈ, ਭਲਿਆਈ ਅਤੇ ਚੰਗਿਆਈ ਦੀ ਮਹਿਕ ਆਵੇ।

ਮੈਂ ਕਿਤਾਬ ਹਾਂ ਜੋ ਮਨੁੱਖ ਨੂੰ ਉਸਦੇ ਆਪੇ ਨਾਲ ਜੋੜਦੀ। ਉਸਦੇ ਅੰਤਰੀਵ ਦੇ ਰੂਬਰੂ ਕਰ, ਉਸਦੇ ਉਸ ਸੱਚ ਨੂੰ ਉਜਗਰ ਕਰਦੀ ਜਿਸ ਤੋਂ ਬਹੁਤੀ ਵਾਰ ਉਹ ਖ਼ੁਦ ਹੀ ਮੁਨਕਰ ਹੁੰਦਾ। ਬੰਦਾ ਆਪਣੀ ਸਚਾਈ ਨੂੰ ਸਮਝ ਅਤੇ ਸੰਭਾਲ ਕੇ ਹੀ ਚੰਗਿਆਈ ਨੂੰ ਆਪਣੀ ਜੀਵਨ-ਜਾਚ ਦਾ ਅੰਗ ਬਣਾਉਂਦਾ। ਮੈਂ ਹੀ ਸਮਝਾਉਂਦੀ ਕਿ ਕਿਵੇਂ ਕਮੀਆਂ, ਕੁਤਾਹੀਆਂ, ਕਮੀਨਗੀਆਂ ਤੇ ਕਰਤੂਤਾਂ ਤੋਂ ਦੂਰ ਹੋ ਕੇ ਜ਼ਿੰਦਗੀ ਦੇ ਸੁੱਚਮ ਨੂੰ ਹਾਸਲ ਬਣਾਇਆ ਜਾ ਸਕਦਾ।

ਮੈਂ ਕਿਤਾਬ ਹਾਂ ਜਿਸ ਵਿਚ ਲੇਖਕ ਆਪਣੇ ਆਪ ਨੂੰ ਅੱਖਰਾਂ ਵਿਚ ਉਤਾਰਦਾ। ਉਸਦੀ ਲੇਖਣੀ ਵਿਚ ਉਹ ਸਭ ਕੁਝ ਹੁੰਦਾ ਜੋ ਸਮਾਜ ਵਿਚ ਵਾਪਰਦਾ ਹੈ। ਸੰਸਾਰਕ ਸਰੋਕਾਰਾਂ ਦੇ ਸੰਦਰਭ ਵਿਚੋਂ ਮਨੁੱਖ ਭਾਵੀ ਸੋਚਾਂ ਨੂੰ ਸਮਾਜਕ ਸੋਚ ਦਾ ਹਿੱਸਾ ਬਣਾ ਕੇ ਕਿਵੇਂ ਸਮਾਜ ਨੂੰ ਬਦਲਿਆ ਜਾ ਸਕਦਾ, ਇਹ ਵੀ ਮੇਰੇ ਗੂੜ ਗਿਆਨ ਵਿਚੋਂ ਹੀ ਪ੍ਰਗਟਦਾ। ਮੇਰੇ ਵਿਚ ਉਹ ਸਭ ਕੁਝ ਜੋ ਕਿਸੇ ਵੀ ਲੇਖਕ ਦੇ ਮਨ ਵਿਚ ਅਚੇਤ ਅਤੇ ਸੁਚੇਤ ਰੂਪ ਵਿਚ ਵਾਪਰਦਾ, ਜਿਹੜਾ ਉਸਨੂੰ ਪ੍ਰਭਾਵਿਤ ਕਰਦਾ ਅਤੇ ਜਿਸ ਵਿਚੋਂ ਮਨੁੱਖ ਦੇ ਅੰਦਰ ਵੱਸਦੇ ਉਸ ਸੂਖ਼ਮ ਮਨੁੱਖ ਦੇ ਦੀਦਾਰੇ ਹੁੰਦੇ ਜਿਨ੍ਹਾਂ ਤੋਂ ਲੇਖਕ ਕਈ ਵਾਰ ਖ਼ੁਦ ਵੀ ਓਹਲਾ ਰੱਖਣਾ ਚਾਹੁੰਦਾ। ਦਰਅਸਲ ਮੈਂ ਤਾਂ ਲੇਖਕ ਦਾ ਨਹੀਂ ਸਗੋਂ ਸਮੁੱਚੇ ਸਮਾਜ ਦਾ ਦਰਪਣ ਹਾਂ ਜਿਸ ਵਿਚੋਂ ਸਮਾਜ ਦੇ ਸਮੂਹ ਵਰਤਾਰਿਆਂ, ਰੰਗਾਂ ਅਤੇ ਰਵਾਇਤਾਂ ਨੂੰ ਸਮਝ ਕੇ, ਸਮਾਜ ਵਿਚਲੀ ਅੰਤਰ-ਮੁਖੀ ਝਾਤ ਨੂੰ ਸਮਝ ਅਤੇ ਸਮਝਾ ਸਕਦੇ ਹੋ।

ਮੈਂ ਕਿਤਾਬ ਹਾਂ ਜੋ ਸਾਹਿਤਕ ਸਫ਼ਰ ਨੂੰ ਆਪਣੇ ਵਿਚ ਸਮੇਟੀ ਇਸ ਦੀਆਂ ਵੱਖਰੀਆਂ ਧਾਰਾਵਾਂ ਤੇ ਧਾਰਨਾਵਾਂ ਨੂੰ ਵੱਖੋ-ਵੱਖਰੇ ਸਮਿਆਂ ਦੇ ਸੰਦਰਭ ਵਿਚ ਸਮਝਣ ਵਿਚ ਮਦਦ ਕਰਦੀ ਹਾਂ। ਮੇਰੇ ਵਿਚ ਹੀ ਸਮੋਇਆ ਹੋਇਆ ਹੈ ਕਿ ਬੋਲੀ ਦਾ ਮੁੱਢ ਕਿਵੇਂ ਬੱਝਾ, ਲਿੱਪੀ ਦਾ ਵਿਸਥਾਰ ਕਿਵੇਂ ਹੋਇਆ ਅਤੇ ਲਿੱਪੀ ਵਿਚੋਂ ਵੱਖੋ-ਵੱਖਰੀਆਂ ਲਿਖਤਾਂ ਕਿਵੇਂ ਸਿਰਜੀਆਂ ਗਈਆਂ। ਮੈਂ ਹੀ ਹਾਂ ਜਿਸਨੇ ਇਸ ਸਮੁੱਚੇ ਇਤਿਹਾਸ ਨੂੰ ਆਪਣੇ ਵਿਚ ਸਾਂਭਿਆ ਹੋਇਆ ਹੈ। ਮੇਰੇ ਵਿਚ ਹੀ ਗੁਰੂਆਂ ਦੀ ਬਾਣੀ, ਬਾਬਾ ਫਰੀਦ ਦੇ ਸ਼ਲੋਕ, ਸਈਅਦ ਵਾਰਸ ਸ਼ਾਹ ਦੀ ਹੀਰ, ਬਾਬਾ ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ, ਹਾਸ਼ਮ ਸ਼ਾਹ ਦੀ ਸੱਸੀ ਅਤੇ ਪੀਲੂ ਦਾ ਮਿਰਜ਼ਾ ਵੀ ਹਾਜ਼ਰ-ਨਾਜ਼ਰ। ਮੇਰੇ ਵਿਚ ਹੀ ਕਾਵਿ-ਸਾਧਨਾ ਵਿਚ ਲੀਨ ਹਨ ਸ਼ਿਵ ਕੁਮਾਰ, ਅੰਮ੍ਰਿਤਾ ਪ੍ਰੀਤਮ, ਪ੍ਰੋ. ਮੋਹਨ ਸਿੰਘ ਅਤੇ ਭਾਈ ਵੀਰ ਸਿੰਘ। ਮੇਰੇ ਵਿਚ ਹੀ ਸੁੰਨ ਸਮਾਧੀ ਲਗਾਈ ਬੈਠੇ ਸਾਰੇ ਗੁਰੂ ਸਾਹਿਬਾਨ, ਪੀਰ ਫਕੀਰ, ਸੰਤ-ਮਹਾਤਮਾ ਸਾਈਂ ਅਤੇ ਫੱਕਰ ਲੋਕ ਜਿਨ੍ਹਾਂ ਦੇ ਸੁੱਚੇ ਬੋਲ ਮੈਨੂੰ ਸੁਗੰਧ ਬਖਸ਼ਦੇ। ਮੈਂ ਇਨ੍ਹਾਂ ਸੁਗੰਧਾਂ ਨੂੰ ਪਿਆਰੇ ਪਾਠਕਾਂ ਵਿਚ ਵਰਤਾਉਂਦੀ, ਉਨ੍ਹਾਂ ਨੂੰ ਸ਼ਬਦ-ਸਾਧਨਾ ਦਾ ਵਰਦਾਨ ਦਿੰਦੀ ਹਾਂ।

ਮੈਂ ਕਿਤਾਬ ਹਾਂ ਜੋ ਸ਼ਬਦਾਂ ਦਾ ਸਮੁੰਦਰ ਤੇ ਅਰਥਾਂ ਦਾ ਵਸੀਹ ਭੰਡਾਰ। ਇਸ ਵਿਚ ਹਰਫ਼ ਲਾਉਂਦੇ ਨੇ ਅੰਬਰੀਂ ਉਡਾਰੀਆਂ। ਕਦੇ ਚੰਨ-ਤਾਰਿਆਂ ਨਾਲ ਖੇਡਦੇ, ਕਦੇ ਸੂਰਜਾਂ ਨਾਲ ਆੜੀ ਪਾਉਂਦੇ। ਕਦੇ ਇਨ੍ਹਾਂ ਵਿਚੋਂ ਸਰਘੀ ਪੈਦਾ ਹੁੰਦੀ, ਕਦੇ ਤਿੱਖੜ ਦੁਪਹਿਰ ਅਤੇ ਕਦੇ ਪੁੰਨਿਆਂ ਦੀ ਰਾਤ ਵਰਗੇ ਪਲ ਅਤੇ ਕਦੇ ਨਿੱਘ ਤੇ ਲੋਅ ਵੰਡਦੀਆਂ ਧੁੱਪਾਂ ਦੀ ਆਬਸ਼ਾਰ। ਮੈਂ ਕਿਤਾਬ ਹਾਂ ਜਿਸ ਵਿਚ ਬੋਲਦੇ ਨੇ ਬਜ਼ੁਰਗ ਤੇ ਬਾਬੇ, ਪੀਰ ਤੇ ਫਕੀਰ, ਗੁਰੂ ਤੇ ਭਗਤ, ਕਵੀ ਤੇ ਲੇਖਕ। ਇਸ ਵਿਚ ਸੰਵਾਦ ਰਚਾਉਂਦੇ ਨੇ ਚਿੰਤਨਸ਼ੀਲ ਲੋਕ। ਮਨਾਂ ਦੀਆਂ ਮੁਹਾਰਾਂ ਮੋੜਨ ਵਾਲੇ ਫਿਕਰਮੰਦ ਕਲਮਕਾਰ। ਸਾਡਾ ਹੁੰਗਾਰਾ ਲੋਚਦੀਆਂ ਨੇ ਮੱਤਾਂ ਤੇ ਸਿਆਣਪਾਂ ਅਤੇ ਸਾਨੂੰ ਮਿਲਦੀਆਂ ਨੇ ਬਜ਼ੁਰਗਾਂ ਦੀਆਂ ਦੁਆਵਾਂ, ਅਸੀਸਾਂ ਅਤੇ ਮਿਹਰਾਂ।

ਮੈਂ ਕਿਤਾਬ ਹਾਂ ਜਿਸ ਵਿਚ ਹਵਾ ਦੀ ਰੁਮਕਣੀ ਵੀ ਬੋਲਦੀ ਹੈ, ਪੱਤਿਆਂ ਦੀ ਸਰਸਰਾਹਟ ਵੀ ਸੁਣਦੀ, ਵਗਦੇ ਦਰਿਆਵਾਂ ਦੀਆਂ ਲਹਿਰਾਂ ਦੀ ਕਲਾ-ਨਿਕਾਸ਼ੀ ਤੇ ਕਲ-ਕਲ ਵੀ। ਬਰੇਤਿਆਂ ਦਾ ਰੁਦਨ, ਮਾਰੂਥਲਾਂ ਦੀ ਉਦਾਸੀ ਅਤੇ ਕਾਲੀਆਂ ਰਾਤਾਂ ਦਾ ਦਰਦ ਵੀ। ਮੇਰੇ ਵਿਚ ਤੀਲੇ-ਤੀਲੇ ਹੋਏ ਆਲ੍ਹਣੇ ਦਾ ਰੁਦਨ ਵੀ ਅਤੇ ਚੋਗ ਵਿਹੂਣੇ ਬੋਟਾਂ ਦੀ ਵਿਲਕਣੀ ਵੀ। ਪਿਆਰੇ ਪਰਿੰਦਿਆਂ ਦੀ ਗੁਟਕਣੀ ਅਤੇ ਉਨ੍ਹਾਂ ਦਾ ਚੋਹਲ-ਮੋਹਲ ਵੀ।



ਮੈਂ ਅੱਜ-ਕੱਲ੍ਹ ਮਾਯੂਸੀ ਦੇ ਆਲਮ ਵਿਚ ਹਾਂ। ਮੈਨੂੰ ਆਪਣਿਆਂ ਨੇ ਬੇਦਖ਼ਲ ਕਰ ਦਿੱਤਾ ਏ। ਕਿਸੇ ਵੀ ਘਰ ਵਿਚ ਮੈਂ ਹੁਣ ਬਹੁਤ ਘੱਟ ਦਿਖਾਈ ਦਿੰਦੀ ਹਾਂ। ਹੁਣ ਤਾਂ ਸ਼ੈਲਫ਼ਾਂ 'ਤੇ ਸ਼ਰਾਬ ਦੀਆਂ ਵੰਨਗੀਆਂ ਸੋਭਦੀਆਂ ਨੇ। ਮੈਨੂੰ ਜੀਅ-ਜਾਨ ਨਾਲੋਂ ਜ਼ਿਆਦਾ ਚਾਹੁਣ ਵਾਲੇ ਲੋਕ ਹੁਣ ਕਿਤਾਬ ਖਰੀਦਣ ਲੱਗਿਆਂ ਸੋਚਾਂ ਵਿਚ ਪੈ ਜਾਂਦੇ ਨੇ ਜਦ ਕਿ ਬਰਾਂਡਡ ਕੱਪੜੇ, ਵੱਡੀਆਂ ਕਾਰਾਂ ਤੇ ਮਹਿੰਗੇ ਹੋਟਲਾਂ 'ਤੇ ਫਜ਼ੂਲ ਖ਼ਰਚੀ ਕਰਨਾ, ਸਮਾਜਿਕ ਰੁਤਬਾ ਬਣ ਗਿਆ ਹੈ। ਅਲਮਸਤੀ ਦੇ ਆਲਮ ਵਿਚ ਜਿਊਣ ਵਾਲਿਆਂ ਕੋਲੋਂ ਮੇਰਾ ਸਾਥ ਖੁੱਸਣਾ, ਬਹੁਤ ਹੀ ਪੀੜਤ ਕਰਦਾ ਹੈ। ਕਾਸ਼! ਇਨ੍ਹਾਂ ਦੇ ਮਨਾਂ ਵਿਚ ਕਿਤਾਬਾਂ ਪ੍ਰਤੀ ਸ਼ੌਕ ਪੈਦਾ ਹੋਵੇ। ਇਹ ਸ਼ਬਦਾਂ ਨਾਲ ਮੋਹ ਕਰਨਾ, ਇਨ੍ਹਾਂ ਦੇ ਬਹੁ-ਪਰਤੀ ਅਰਥਾਂ ਨੂੰ ਸਮਝਣ ਅਤੇ ਇਨ੍ਹਾਂ ਨੂੰ ਜੀਵਨ ਦਾ ਅੰਗ ਬਣਾਉਣ ਲਈ ਕੋਈ ਨਾ ਕੋਈ ਤਾਂ ਪਹਿਲਕਦਮੀ ਕਰਨ ਤਾਂ ਮੈਨੂੰ ਬਹੁਤ ਸਕੂਨ ਮਿਲੇਗਾ।

ਮੈਂ ਕਿਤਾਬ ਹਾਂ। ਕਈ ਵਾਰ ਇਹ ਸੋਚ ਕੇ ਬਹੁਤ ਚਿੰਤਤ ਹੋ ਜਾਂਦੀ ਹਾਂ ਕਿ ਜਿਨ੍ਹਾਂ ਨੇ ਮੈਨੂੰ ਰੂਹ ਨਾਲ ਪੜ੍ਹਿਆ, ਰੀਝ ਨਾਲ ਆਪਣੇ ਪੜ੍ਹਨ-ਕਮਰੇ ਦਾ ਸ਼ਿੰਗਾਰ ਬਣਾਇਆ ਹੈ, ਕੀ ਉਨ੍ਹਾਂ ਦੀ ਔਲਾਦ ਵੀ ਮੈਨੂੰ ਉਸੇ ਮੋਹ ਨਾਲ ਹੱਥਾਂ ਨਾਲ ਪਲੋਸਣਗੇ? ਕੀ ਮੈਂ ਉਨ੍ਹਾਂ ਨੂੰ ਵੀ ਦੁਆਵਾਂ ਨਾਲ ਨਿਵਾਜ਼ ਸਕਾਂਗੀ? ਪਤਾ ਨਹੀਂ ਕੀ ਹਸ਼ਰ ਹੋਣਾ ਹੈ ਮੇਰਾ ਕਿਉਂਕਿ ਮੇਰੇ ਤੋਂ ਬੇਮੁੱਖ ਹੋਏ ਲੋਕ ਸਿਰਫ਼ ਇਸਨੂੰ ਰੱਦੀ ਸਮਝ ਕੇ ਵੇਚ ਦੇਣਗੇ। ਫਿਰ ਮੈਂ ਕਿਸੇ ਲਿਫ਼ਾਫ਼ੇ ਦੀ ਜੂਨ ਹੰਢਾ ਕੇ ਕੂੜੇ ਦੇ ਢੇਰ 'ਤੇ ਉਡਦੀ ਫਿਰਾਂਗੀ। ਮਾੜੀ ਜਿਹੀ 'ਵਾ ਵਗਣ 'ਤੇ ਮੇਰੀ ਹੋਂਦ, ਅਣਹੋਂਦ ਦੇ ਰਾਹ ਪੈ ਜਾਵੇਗੀ। ਮੈਂ ਕਿਤਾਬ ਹਾਂ। ਸਜਾਉਣ ਦੀ ਵਸਤ ਨਹੀਂ ਅਤੇ ਨਾ ਹੀ ਕਿਸੇ ਨੂੰ ਦਿਖਾਉਣ ਦੀ ਚੀਜ਼। ਮੈਨੂੰ ਪੜ੍ਹੋ। ਮੇਰਿਆਂ ਸ਼ਬਦਾਂ ਅਤੇ ਅਰਥਾਂ ਦੀਆਂ ਵਸੀਹ ਤਹਿਆਂ ਨੂੰ ਫਰੋਲੋ। ਜਾਣੋ ਕਿ ਇਹ ਜੀਵਨ ਦੀਆਂ ਮੂਲ ਕਦਰਾਂ-ਕੀਮਤਾਂ ਨਾਲ ਕਿਵੇਂ ਜੋੜਦੀਆਂ ਹਨ ਅਤੇ ਕਿਵੇਂ ਬੇਮੁਖ ਹੋਏ ਬੰਦੇ ਨੂੰ ਉਸਦੇ ਅੰਦਰ ਵੱਲ ਮੋੜਦੀਆਂ ਨੇ? ਕਿਵੇਂ ਮੈਂ ਮਨੁੱਖ ਨੂੰ ਆਲੇ-ਦੁਆਲੇ ਦੇ ਸਰੋਕਾਰਾਂ ਦੀ ਸਮਝ ਦਿੰਦੀ ਹਾਂ ਅਤੇ ਇਸ ਸਮਝ ਵਿਚੋਂ ਸਿਹਤਮੰਦ ਸਮਾਜ ਸਿਰਜਣ ਲਈ ਪਹਿਲਕਦਮੀ ਦਾ ਹਿੱਸਾ ਬਣਦੀ ਹਾਂ।

ਮੈਂ ਕਿਤਾਬ ਹਾਂ ਜਿਸਦੀ ਕੁੱਖ ਵਿਚ ਨੇ ਦੁਨੀਆਂ ਭਰ ਦੇ ਸਿਧਾਂਤ, ਖੋਜਾਂ ਦੀਆਂ ਬਾਰੀਕੀਆਂ, ਸਮਾਜ ਨੂੰ ਚਲਾਉਣ ਦੀ ਸਿਆਣਪ, ਮਨੁੱਖੀ ਫਰਜ਼ਾਂ, ਕਰਜ਼ਾਂ ਅਤੇ ਮਰਜ਼ਾਂ ਦੀ ਨਿਸ਼ਾਨਦੇਹੀ। ਰਿਸ਼ਤਿਆਂ, ਰਿਵਾਜਾਂ ਅਤੇ ਰਵਾਇਤਾਂ ਨੂੰ ਨਿਭਾਉਣ ਦਾ ਹੁਨਰ। ਮਨੁੱਖੀ ਜੀਵਨ ਦੇ ਵੱਖ-ਵੱਖ ਪੜਾਵਾਂ ਵਿਚ ਪੈਦਾ ਹੋਣ ਵਾਲੀਆਂ ਤਬਦੀਲੀਆਂ ਅਤੇ ਇਨ੍ਹਾਂ ਦਾ ਮਨੁੱਖੀ ਸੁਭਾਅ ਤੇ ਵਿਅਕਤੀਤਵ 'ਤੇ ਪੈਣ ਵਾਲੇ ਪ੍ਰਭਾਵਾਂ ਦਾ ਪੂਰਨ ਗਿਆਨ।

ਮੈਂ ਕਿਤਾਬ ਹਾਂ ਜਿਸਦਾ ਇਕ ਹੀ ਵਿਚਾਰ ਮਨੁੱਖ ਦੀ ਕਾਇਆ ਕਲਪ ਕਰ ਸਕਦਾ। ਘੁਮਿਆਰ ਦੇ ਮਨ ਵਿਚ ਚਿਲਮ ਬਣਾਉਣ ਦਾ ਵਿਚਾਰ ਆ ਜਾਵੇ ਤਾਂ ਚਿਲਮ ਵਿਚ ਪਈ ਅੱਗ ਨਾਲ ਆਪ ਵੀ ਸੜਦੀ ਹੈ ਅਤੇ ਮਨੁੱਖ ਦੇ ਅੰਦਰ ਨੂੰ ਵੀ ਸਾੜਦੀ ਹੈ। ਪਰ ਜੇ ਉਸਦੇ ਮਨ ਵਿਚ ਘੜਾ ਬਣਾਉਣ ਦਾ ਖ਼ਿਆਲ ਆ ਜਾਵੇ ਤਾਂ ਉਸ ਵਿਚ ਪਾਇਆ ਪਾਣੀ ਘੜੇ ਨੂੰ ਵੀ ਠੰਢਾ ਰੱਖਦਾ ਹੈ ਅਤੇ ਲੂਆਂ ਵਿਚ ਸੜਦੇ ਰਾਹੀਆਂ ਦੀ ਪਿਆਸ ਵੀ ਬੁਝਾਉਂਦਾ ਅਤੇ ਠੰਢਕ ਵੀ ਪਹੁੰਚਾਉਂਦਾ ਹੈ। ਗੱਲ ਤਾਂ ਵਿਚਾਰ 'ਤੇ ਹੀ ਮੁੱਕਦੀ ਹੈ ਅਤੇ ਮੈਂ ਚੰਗੇ ਵਿਚਾਰਾਂ ਦੀ ਭੰਡਾਰ ਹਾਂ।

ਮੈਂ ਕਿਤਾਬ ਹਾਂ ਜੋ ਮਨੁੱਖ ਨੂੰ ਇਹ ਵੀ ਸਮਝਾਉਂਦੀ ਹਾਂ ਕਿ ਮਨੁੱਖੀ ਅੰਗਾਂ ਨੂੰ ਸਮਝਣ ਲਈ ਕਿਹੜੀ ਅੱਖ ਵਿਚੋਂ ਦੇਖਣਾ ਜ਼ਰੂਰੀ ਹੁੰਦਾ। ਕਿਵੇਂ ਕਰਦੇ ਨੇ ਇਹ ਕਿਰਿਆਵਾਂ ਅਤੇ ਇਨ੍ਹਾਂ ਵਿਚੋਂ ਕਿਹੜੇ ਰੰਗਾਂ ਨੂੰ ਸੂਖ਼ਮ-ਭਾਵੀ ਧਰਾਤਲ ਮਿਲਦੀ ਅਤੇ ਕਿਹੜੇ ਕਾਲਖ਼ਾਂ ਹੰਢਾਉਂਦੇ।

ਮੈਂ ਕਿਤਾਬ ਹਾਂ ਜੋ ਮਨੁੱਖ ਨੂੰ ਇਹ ਵੀ ਸਮਝਾਉਂਦੀ ਹਾਂ ਕਿ ਕਿਹੜੇ ਰਾਹਾਂ 'ਤੇ ਤੁਰਦਿਆਂ ਸੂਰਜ ਨਮਸਕਾਰ ਕਰਦੇ? ਕਿਹੜੀਆਂ ਮੰਜ਼ਲਾਂ ਨਾਲ ਜੀਵਨ ਨੂੰ ਸੁਰਖ ਰੰਗਾਂ ਦੀ ਤਸ਼ਬੀਹ ਮਿਲਦੀ? ਕਿਹੜੇ ਕਰਮ ਨੂੰ ਖਰਿਤੀ ਦਾ ਅਨੁਭਵ ਹੁੰਦਾ? ਕਿਹੜਾ ਧਰਮ ਅਧਰਮ ਤੋਂ ਹੋੜਦਾ ਅਤੇ ਕਿਹੜੇ ਧਰਮ 'ਤੇ ਚੱਲਦਿਆਂ ਬੰਦੇ ਨੂੰ ਅੰਦਰ ਜਗਦੀ ਜੋਤ ਦੇ ਦੀਦਾਰੇ ਹੁੰਦੇ।

ਮੈਂ ਕਿਤਾਬ ਹਾਂ ਜਿਸਦੇ ਅੱਖਰ ਕਦੇ ਖੇਤਾਂ ਵਿਚ ਟਹਿਲਦੇ, ਕਦੇ ਆੜ ਦੇ ਪਾਣੀਆਂ 'ਚ ਨਹਾਉਂਦੇ, ਕਦੇ ਲਹਿਲਰਾਉਂਦੀਆਂ ਫ਼ਸਲਾਂ ਦੇ ਗੀਤ ਗਾਉਂਦੇ ਅਤੇ ਕਦੇ ਦੂਰ ਤੀਕ ਪਸਰੀ ਹਰਿਆਵਲ ਵਿਚੋਂ ਕਾਵਿਮਈ ਆਬਸ਼ਾਰ ਦੀ ਪ੍ਰਦੱਖਣਾ ਕਰਦੇ। ਮੈਂ ਕਿਤਾਬ ਹਾਂ ਜੋ ਕਦੇ ਖੇਤਾਂ ਦੇ ਪੁੱਤਾਂ ਦੇ ਮਨ ਫਰੋਲਦੀ। ਕਦੇ ਸੀਰੀ ਦੀ ਮੰਦਹਾਲੀ ਨੂੰ ਹੰਘਾਲਦੀ। ਕਦੇ ਜਵਾਨ ਤਰੰਗਾਂ ਦੀ ਅਵਾਜ਼ ਬਣਦੀ। ਕਦੇ ਮਾਸੂਮ ਸੋਚਾਂ 'ਤੇ ਉਕਰੀ ਖ਼ੁਦਕੁਸ਼ੀ ਨੂੰ ਉਲਥਾਉਂਦੀ। ਕਦੇ ਬਸਤੇ ਵਿਚਲੇ ਅੱਖਰਾਂ ਨੂੰ ਚੁੱਪ ਕਰਾਉਂਦੀ। ਕਦੇ ਪ੍ਰਦੇਸੀ ਪੁੱਤ ਦੀ ਉਡੀਕ ਵਿਚ ਬੈਠੀ ਮਾਂ ਦੇ ਦੀਦਿਆਂ ਵਿਚੋਂ ਵਗਦੇ ਨੀਰ ਦਾ ਰੂਪ ਧਰਦੀ ਅਤੇ ਕਦੇ ਦੇਖਣੇ ਹੱਟ ਗਏ ਬਾਪ ਦੀਆਂ ਚੁੰਨੀਆਂ ਅੱਖਾਂ ਵਿਚ ਦੂਰ ਤੋਂ ਆ ਰਹੀ ਪੈੜ ਦਾ ਝਾਉਲਾ ਉਪਜਾਉਂਦੀ। ਕਦੇ ਬੰਦ ਘਰਾਂ ਤੇ ਦਰਾਂ ਦੀ ਡੂੰਘੀ ਚੁੱਪ ਨੂੰ ਪ੍ਰਗਟਾਉਂਦੀ। ਕਦੇ ਮੋਮਬੱਤੀਆਂ ਵਿਹੂਣੇ ਬਨੇਰੇ 'ਤੇ ਬੈਠਣ ਲਈ ਕਾਵਾਂ ਨੂੰ ਬੁਲਾਉਂਦੀ। ਇਹ ਸਭ ਕੁਝ ਕਰਦਿਆਂ ਕਰਦਿਆਂ ਮੈਂ ਤਰਲ ਹੀ ਹੋ ਜਾਂਦੀ ਹਾਂ ਅਤੇ ਮੇਰੀ ਤਰਲਤਾ ਵਿਚ ਘੁਲ ਜਾਂਦੀ ਹੈ ਸੰਵੇਦਨਾ, ਸੁਖਨਤਾ ਅਤੇ ਸਹਿਜਭਾਵੀ ਸੋਚ।

ਮੈਂ ਕਿਤਾਬ ਹਾਂ ਜੋ ਮੁਨਕਰੀ ਦੀ ਜੂਨ ਹੰਢਾਉਂਦਿਆਂ ਵੀ ਕਦੇ ਮੁਨਕਰ ਨਹੀਂ ਹੁੰਦੀ। ਮੇਰੀ ਇਬਾਰਤ ਹੀ ਢਾਹੂ ਵਿਚਾਰਾਂ ਨੂੰ ਲਿਤਾੜ, ਸਮਾਜ ਦੀਆਂ ਥੋਥੀਆਂ ਰਵਾਇਤਾਂ ਨੂੰ ਨਕਾਰਦੀ। ਜੀਵਨ-ਸਿਧਾਂਤਾਂ ਦੇ ਪਲ-ਪਲ ਬਦਲੇ ਪਰਿਪੇਖਾਂ ਵਿਚੋਂ ਕਿਰਨ ਦੇ ਆਗਮਨ ਦਾ ਸਬੱਬ ਵੀ ਹੁੰਦੀ ਹਾਂ।

ਮੈਂ ਕਿਤਾਬ ਹਾਂ ਕਿਉਂਕਿ ਮੈਂ ਲੇਖਕ ਦੀ ਕਲਮਕਾਰੀ ਦਾ ਜਲੌਅ ਹਾਂ। ਉਸਦੀ ਅੱਖਰਾਂ ਵਿਚ ਜੋਤ ਜਗਾਉਣ ਦੀ ਲੋਚਾ ਹਾਂ। ਸ਼ਬਦ ਜੋਤ ਜਗਾਉਣ ਲਈ ਲੇਖਕ ਨੂੰ ਜਨਮ ਪੀੜਾਂ ਵੀ ਹੰਢਾਉਣੀਆਂ ਪੈਂਦੀਆਂ। ਅੰਦਰਲੀ ਟੁੱਟ-ਭੱਜ ਅਤੇ ਅੰਤਰੀਵ ਦੀ ਰਿੜਕਣੀ ਵਿਚੋਂ ਪੈਦਾ ਹੋਈ ਸ਼ਬਦ-ਮਾਲਾ ਹੁੰਦੀ ਜੋ ਮੇਰਾ ਰੂਪ ਧਾਰਦੀ। ਮੇਰੇ ਸੁੱਚਮ ਅਤੇ ਉਤਮ ਵਿਚੋਂ ਖ਼ੁਦ ਦੀ ਨਿਸ਼ਾਨਦੇਹੀ ਕਰਨ ਵੇਲੇ ਉਹ ਸੁਭਾਗੇ ਹੁੰਦੇ ਜਿਨ੍ਹਾਂ ਨੇ ਜੀਵਨ ਦੀਆਂ ਅਮੁੱਲ ਦਾਤਾਂ ਦਾ ਹਮਸਫ਼ਰ ਬਣਨਾ ਹੁੰਦਾ ਜਿਸ ਤੋਂ ਜ਼ਿਆਦਾਤਰ ਲੋਕ ਵਿਰਵੇ ਹੁੰਦੇ।

ਮੈਂ ਕਿਤਾਬ ਹਾਂ ਜਿਸਦੇ ਅੱਖਰਾਂ ਵਿਚ ਦੀਵੇ ਜਗਦੇ ਵੀ ਅਤੇ ਦੀਵੇ ਬੁਝਦੇ ਵੀ। ਜੀਵਨ-ਦਾਨ ਵੀ ਮਿਲਦਾ ਅਤੇ ਜੀਵਨ ਦੀ ਬਲੀ ਵੀ ਲਈ ਜਾਂਦੀ। ਮੇਰੇ ਵਿਚੋਂ ਹੀ ਸੁਪਨੇ ਵੀ ਪੈਦਾ ਹੁੰਦੇ ਅਤੇ ਇਨ੍ਹਾਂ ਦੀ ਤਾਮੀਰਦਾਰੀ ਦਾ ਰਾਹ-ਰਸਤਾ ਵੀ ਦਿਸਦਾ।

ਮੈਂ ਕਿਤਾਬ ਹਾਂ ਅਤੇ ਹਰ ਮਨੁੱਖ ਦਾ ਮਾਰਗ-ਦਰਸ਼ਨ ਕਰਨ ਲਈ ਉਤਾਵਲੀ। ਮੈਂ ਥਿੜਕਦੇ ਪੈਰਾਂ ਨੂੰ ਸੰਭਲਣ ਲਈ ਢਾਰਸ ਵੀ ਬਣਦੀ, ਉਂਗਲ ਫੜ ਕੇ ਤੋਰਨਾ ਵੀ ਜਾਣਦੀ ਅਤੇ ਅੱਖਰਹੀਣ ਦੀ ਸੋਝੀ ਵਿਚ ਅੱਖਰਾਂ ਦਾ ਜਾਗ ਲਾਉਣ ਦੀ ਵੀ ਆਦੀ। ਮੇਰੇ ਵਿਚੋਂ ਹੀ ਅਪਾਹਜਤਾ ਨੂੰ ਨਰੋਈ ਜ਼ਿੰਦਗੀ ਦਾ ਝਲਕਾਰਾ ਪ੍ਰਾਪਤ ਹੁੰਦਾ। ਬੇਹਿੰਮਤਿਆਂ, ਬੇਧਿਰਿਆਂ ਅਤੇ ਬੇਆਸਰਿਆਂ ਨੂੰ ਹੌਸਲਾ ਅਤੇ ਹਿੰਮਤ ਮਿਲਦੀ ਜਿਸ ਨਾਲ ਅਸੰਭਵ ਟੀਚਿਆਂ ਦੀ ਹਾਸਲਤਾ ਮਨੁੱਖ ਦਾ ਹਾਸਲ ਬਣ ਜਾਂਦੀ।

ਮੈਂ ਕਿਤਾਬ ਹਾਂ ਜੋ ਕਰਮ-ਧਾਰਨਾ ਦੀ ਜਣਨੀ। ਮਸਤਕ ਰੇਖਾਵਾਂ ਦੀ ਸਿਰਜਣਹਾਰੀ। ਬਿਨ-ਪੈਰਿਆਂ ਵਿਚ ਵੀ ਸਫ਼ਰ ਪੈਦਾ ਕਰਨ ਦੇ ਯੋਗ। ਇਕੱਲਤਾ ਦੀ ਸਾਥਣ। ਸਿਆਣਪਾਂ ਤੇ ਸੁਮੱਤਾਂ ਦਾ ਖ਼ਜ਼ਾਨਾ। ਉਹ ਸਾਥੀ ਜਿਸਨੇ ਜੀਵਨ ਦੇ ਹਰ ਮੋੜ 'ਤੇ ਸਾਥ ਨਿਭਾਉਣਾ ਹੁੰਦਾ।

ਮੈਂ ਕਿਤਾਬ ਹਾਂ ਜੋ ਇਲਮ ਤੇ ਅਕਲ ਤਾਂ ਦਿੰਦੀ ਹੀ ਹਾਂ ਪਰ ਇਸ ਤੋਂ ਜ਼ਿਆਦਾ ਮੈਂ ਮੱਥੇ ਵਿਚ ਤਰਕ ਧਰਦੀ ਹਾਂ ਤਾਂ ਕੋਈ ਵੀ ਵਿਅਕਤੀ ਸੱਚ-ਝੂਠ, ਸਹੀ-ਗਲਤ, ਚੰਗਾ-ਮੰਦਾ ਜਾਂ ਆਪਣੇ-ਬਿਗਾਨੇ ਦੀ ਪਛਾਣ ਕਰ ਸਕੇ। ਮੈਨੂੰ ਹੀ ਪਤਾ ਹੈ ਕਿ ਬੰਦੇ ਨੇ ਜਦ ਤੋਂ ਲਿਆਕਤ ਨੂੰ ਰੋਜ਼ੀ ਤੀਕ ਹੀ ਸੀਮਤ ਕਰ ਲਿਆ ਹੈ ਉਸ ਵਿਚੋਂ ਇਨਸਾਨੀਅਤ ਖ਼ਤਮ ਹੋ ਗਈ। ਅਲੋਪ ਹੋ ਗਈ ਇਨਸਾਨੀਅਤ ਨੂੰ ਪੁਨਰਸੰਜੀਵ ਕਰਨਾ ਹੀ ਮੇਰਾ ਇਖ਼ਲਾਕੀ ਫਰਜ਼ ਹੈ। ਮੈਂ ਕਿਤਾਬ ਹਾਂ ਜੋ ਸਮਝਾਉਂਦੀ ਹਾਂ ਕਿ ਸਾਂਝ ਵਿਚੋਂ ਹੀ ਸੰਬੰਧ ਪੈਦਾ ਹੁੰਦੇ। ਇਨ੍ਹਾਂ ਸੰਬੰਧਾਂ ਨਾਲ ਹੀ ਸੁੰਦਰ ਸਮਾਜ ਪੈਦਾ ਹੁੰਦਾ ਅਤੇ ਸਮਾਜ ਦੀ ਸਮੁੱਚਤਾ ਨੇ ਸਦੀਵ ਸੰਸਾਰ ਦੀ ਸਿਰਜਣਾ ਕਰਨੀ ਹੁੰਦੀ ਜਿਸ ਵਿਚ ਮਾਨਵੀ ਗੁਣਾਂ ਦੀ ਕਦਰ ਹੋਵੇ। ਮਨੁੱਖ ਜਨਮ, ਜਾਤ ਧਰਮ, ਰੰਗ ਅਤੇ ਰੂਪ ਤੋਂ ਉਪਰ ਉੱਠ ਕੇ ਮਨੁੱਖੀ ਪਿਆਰ ਦਾ ਪੈਗਾਮ ਬਣੇ। ਮੇਰੀ ਗੁੰਮਸ਼ੁਦਗੀ ਕਾਰਨ ਹੀ ਮਨੁੱਖ ਸਿਰਫ਼ ਰੋਬੋਟ, ਮਨੁੱਖੀ ਭਾਵਨਾਵਾਂ ਤੋਂ ਸੱਖਣਾ ਅਤੇ ਪ੍ਰੇਮ-ਭਾਵ ਤੋਂ ਵਿਹੂਣਾ। ਮੈਂ ਕਿਤਾਬ ਹਾਂ ਜਿਸਨੂੰ ਹੁਕਮਰਾਨ ਸਦਾ ਨਫ਼ਰਤ ਕਰਦੇ ਕਿਉਂਕਿ ਉਹ ਜਾਣਦੇ ਕਿ ਮੈਨੂੰ ਪੜ੍ਹ ਕੇ ਹੀ ਲੋਕ ਸਮਝਦਾਰ ਹੁੰਦੇ। ਮੈਂ ਪਾਠਕ ਨੂੰ ਸੋਚਣਾ ਸਿਖਾਉਂਦੀ ਹਾਂ ਅਤੇ ਇਖ਼ਲਾਕੀ ਬਣਾਉਂਦੀ ਹਾਂ। ਮੈਂ ਫਤਵੇ ਨਹੀਂ ਦਿੰਦੀ ਸਗੋਂ ਫਰਕ ਸਮਝਾਉਂਦੀ ਹਾਂ। ਉਹ ਸੱਚ ਨੂੰ ਸੱਚ ਕਹਿਣ ਅਤੇ ਲਿਖਣ ਤੋਂ ਕਦੇ ਵੀ ਝਿਜਕਦੇ। ਤਾਂ ਹੀ ਹਾਕਮ ਹਮੇਸ਼ਾ ਜਨਤਾ ਨੂੰ ਅਨਪੜ੍ਹ ਰੱਖ ਕੇ, ਖ਼ੁਦ ਸਿਆਣਾ ਹੋਣ ਦਾ ਭਰਮ ਪਾਲਦੇ। ਸਿੱਖ ਰਾਜ ਹਥਿਆਉਣ ਤੋਂ ਬਾਅਦ ਅੰਗਰੇਜ਼ਾਂ ਨੇ ਪਹਿਲਾ ਇਹ ਕੰਮ ਕੀਤਾ ਕਿ ਹਰ ਘਰ ਵਿਚ ਪੜ੍ਹੇ ਜਾਂਦੇ ਕਾਇਦਿਆਂ ਨੂੰ ਇਕੱਠਾ ਕਰ ਕੇ ਸਾੜ ਦਿੱਤਾ ਤਾਂ ਕਿ ਕੋਈ ਵੀ ਪੜ੍ਹ ਨਾ ਸਕੇ। ਮੇਰੇ 'ਤੇ ਲੱਗਦੀਆਂ ਪਾਬੰਦੀਆਂ, ਹਾਕਮਾਂ ਦੇ ਮਨਾਂ ਵਿਚ ਪੈਦਾ ਹੋਏ ਡਰ ਦਾ ਹੀ ਪ੍ਰਮਾਣ ਹੁੰਦਾ।

ਮੈਂ ਤਹਿਜ਼ੀਬ, ਤਵਾਰੀਖ਼, ਤਰਬੀਅਤ ਅਤੇ ਤਾਰੀਖ਼ ਹਾਂ ਜੋ ਜਾਣਦੀ ਹਾਂ ਕਿ ਕੀ ਹੋਇਆ ਸੀ, ਕੀ ਹੋ ਰਿਹਾ ਹੈ, ਕੀ ਹੋਵੇਗਾ ਅਤੇ ਭਵਿੱਖ ਵਿਚ ਕੀ ਆਸ ਰੱਖੀ ਜਾ ਸਕਦੀ ਹੈ? ਮੇਰੇ ਵਿਚੋਂ ਨਜੂਮੀ ਪੈਦਾ ਹੁੰਦੇ ਜੋ ਭਵਿੱਖ ਨੂੰ ਪੜ੍ਹਨ ਦੇ ਮਾਹਿਰ ਹੁੰਦੇ।

ਮੈਂ ਕਿਤਾਬ ਹਾਂ। ਹੱਥ ਜੋੜਦੀ ਹਾਂ ਕਿ ਮੇਰਾ ਸੰਗ ਮਾਣੋ। ਮੇਰੇ ਵਿਚ ਉਕਰੀਆਂ ਸਿਆਣਪਾਂ ਨੂੰ ਆਪਣੀ ਸੋਝੀ ਦਾ ਹਿੱਸਾ ਬਣਾਓ। ਮੇਰੀ ਸੰਗਤਾ ਤੁਹਾਡੇ ਸਮੁੱਚ ਨੂੰ ਨਿਖਾਰ ਕੇ ਤੁਹਾਡੇ ਉਸ ਰੂਪ ਨੂੰ ਉਜਾਗਰ ਕਰੇਗੀ ਜਿਸ ਤੋਂ ਤੁਹਾਨੂੰ ਖ਼ੁਦ ਵੀ ਨਾਜ਼ ਹੋਵੇਗਾ। ਜਦ ਤੁਸੀਂ ਮੈਨੂੰ ਪੜ੍ਹੋਗੇ ਤਾਂ ਤੁਸੀਂ ਆਪਣੀ ਅੰਤਰੀਵੀ ਕਿਤਾਬ ਨੂੰ ਵੀ ਪੜ੍ਹਨ ਦੇ ਯੋਗ ਹੋ ਜਾਵੋਗੇ ਜਿਸ ਵਿਚ ਤੁਹਾਡੀ ਰੂਹ ਦੀ ਰਾਗਣੀ, ਰੰਗਰੇਜ਼ਤਾ ਤੇ ਨਿਆਰਾਪਣ ਤੁਹਾਡੀ ਹੀ ਉਡੀਕ ਕਰ ਰਿਹਾ ਹੈ। ਉਮੀਦ ਹੈ ਕਿ ਤੁਸੀਂ ਮੈਨੂੰ ਨਿਰਾਸ਼ ਨਹੀਂ ਕਰੋਗੇ।

# ਚੁਰਾਸੀ ਦੇ ਉਹ ਸੰਤਾਪੇ ਦਿਨ...

***1984 ਵਿਚ ਸ੍ਰੀ ਦਰਬਾਰ ਸਾਹਿਬ ਉਤੇ ਫੌਜ ਦੀ ਚੜ੍ਹਾਈ ਵੇਲੇ ਰਮੇਸ਼ ਇੰਦਰ ਸਿੰਘ ਅੰਮ੍ਰਿਤਸਰ ਦਾ ਡਿਪਟੀ ਕਮਿਸ਼ਨਰੀ ਸੀ। ਉਸ ਨੇ 4 ਜੂਨ ਨੂੰ ਹੀ ਇਹ ਅਹੁਦਾ ਸੰਭਾਲਿਆ ਸੀ। ਬਾਅਦ ਵਿਚ ਉਹ ਕਈ ਹੋਰ ਉੱਚ ਅਹੁਦਿਆਂ 'ਤੇ ਰਿਹਾ ਅਤੇ ਅੰਤ ਪੰਜਾਬ ਦੇ ਮੁੱਖ ਸਕੱਤਰ ਵਜੋਂ ਸੇਵਾਮੁਕਤ ਹੋਇਆ। ਉਸ ਵੇਲੇ ਦਾ ਉਹ ਚਸ਼ਮਦੀਦ ਗਵਾਹ ਹੈ। ਉਸ ਦੀ ਹੁਣੇ ਛਪੀ ਕਿਤਾਬ 'ਟਰਮੌਇਲ ਇਨ ਪੰਜਾਬ: ਬਿਫੋਰ ਐਂਡ ਆਫਟਰ ਬਲੂ ਸਟਾਰ' ਵਿਚ ਅਜਿਹੇ ਬਹੁਤ ਸਾਰੇ ਵੇਰਵੇ ਹਨ ਜੋ ਪਹਿਲੀ ਵਾਰ ਸਾਹਮਣੇ ਆ ਰਹੇ ਹਨ।***

ਇਸ ਕਿਤਾਬ ਦੀ ਉਡੀਕ ਲੰਮੇ ਸਮੇਂ ਤੋਂ ਸੀ। ਪਿਛਲੇ ਸਾਲ ਜੂਨ ਮਹੀਨੇ ਨ੍ਰਿਪਿੰਦਰ ਰਤਨ ਦੀ ਕਿਤਾਬ 'ਉਪਰੇਸ਼ਨ ਬਲਿਊ ਸਟਾਰ' ਦੇ ਲੋਕ ਅਰਪਣ ਸਮਾਗਮ ਸਮੇਂ ਰਮੇਸ਼ ਇੰਦਰ ਸਿੰਘ ਨੇ ਇਸ਼ਾਰਾ ਕੀਤਾ ਸੀ ਕਿ ਉਹ ਵੀ ਕੁਝ ਲਿਖ ਰਹੇ ਹਨ। ਹੁਣ 'ਟਰਮੌਇਲ ਇਨ ਪੰਜਾਬ: ਬਿਫੋਰ ਐਂਡ ਆਫਟਰ ਬਲੂ ਸਟਾਰ' (ਪੰਜਾਬ ਵਿਚ ਉਥਲ ਪੁਥਲ: ਸਾਕਾ ਨੀਲਾ ਤਾਰਾ ਤੋਂ ਪਹਿਲਾਂ ਅਤੇ ਬਾਅਦ) ਰਾਹੀਂ ਉਨ੍ਹਾਂ ਨੇ ਪੰਜਾਬ ਦੇ ਸਿਆਹ ਦਿਨਾਂ ਦਾ ਖੁਲਾਸਾ ਸ਼ਾਇਸਤਗੀ, ਸੰਜੀਦਗੀ ਅਤੇ ਸਜੀਵਤਾ ਨਾਲ ਕੀਤਾ ਹੈ। ਸਾਕਾ ਨੀਲਾ ਤਾਰਾ ਬਾਰੇ ਅੰਗੇਰਜ਼ੀ, ਪੰਜਾਬੀ ਅਤੇ ਹੋਰ ਜ਼ੁਬਾਨਾਂ ਵਿਚ ਦਰਜਨਾਂ ਕਿਤਾਬਾਂ ਛਪੀਆਂ ਹਨ ਪਰ ਜੋ ਵੇਰਵੇ ਅਤੇ ਬਾਰੀਕਬੀਨੀ ਇਸ ਕਿਤਾਬ ਵਿਚ ਹੈ, ਉਹ ਹੋਰਨਾਂ ਵਿਚ ਨਹੀਂ। ਰਮੇਸ਼ ਇੰਦਰ ਸਿੰਘ ਤਿੰਨ ਸਾਲ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਰਹੇ। ਇਹ ਅਹੁਦਾ ਉਨ੍ਹਾਂ 4 ਜੂਨ 1984 ਨੂੰ ਸੰਭਾਲਿਆ। ਜੋ



ਚਸ਼ਮਦੀਦੀ ਉਨ੍ਹਾਂ ਦੇ ਹਿੱਸੇ ਆਈ, ਉਹ ਕਿਸੇ ਹੋਰ ਅਫਸਰ ਜਾਂ ਪੱਤਰਕਾਰ ਨੂੰ ਨਸੀਬ ਨਹੀਂ ਹੋਈ। ਡਿਪਟੀ ਕਮਿਸ਼ਨਰੀ ਤੋਂ ਬਾਅਦ ਉਹ ਹੋਰ ਉੱਚ ਅਹੁਦਿਆਂ 'ਤੇ


**ਸੁਰਿੰਦਰ ਸਿੰਘ ਤੇਜ**
**ਫੋਨ: +91-98555-01488**

ਰਹੇ ਅਤੇ ਅੰਤ ਪੰਜਾਬ ਦੇ ਮੁੱਖ ਸਕੱਤਰ ਵਜੋਂ ਸੇਵਾਮੁਕਤ ਹੋਏ। ਉਸ ਤੋਂ ਬਾਅਦ ਪੰਜ ਸਾਲ ਮੁੱਖ ਸੂਚਨਾ ਕਮਿਸ਼ਨਰ ਵੀ ਰਹੇ। ਇਹ ਸਾਰਾ ਸਮਾਂ ਪੰਜਾਬ ਦੀ ਦਸ਼ਾ, ਦਿਸ਼ਾ ਤੇ ਦਰਦੀਲੀਆਂ ਰਗਾਂ ਨੂੰ ਟੋਹਣ ਤੇ ਜਾਚਣ ਦਾ ਸੀ। ਇਹ ਸਾਰਾ ਤਜਰਬਾ ਤੇ ਗਿਆਨ ਇਸ ਕਿਤਾਬ ਵਿਚ ਭਰਪੂਰ ਮਿਕਦਾਰ ਵਿਚ ਮੌਜੂਦ ਹੈ; ਉਹ ਵੀ ਸੂਝਵਾਨ ਵਾਲੀ ਦ੍ਰਿਸ਼ਟੀ ਨਾਲ। ਸ੍ਰੀ ਰਤਨ (ਜਿਨ੍ਹਾਂ ਕੋਲ ਸਾਕਾ ਨੀਲਾ ਤਾਰਾ ਸਮੇਂ ਜਲੰਧਰ ਦੇ ਡਿਵੀਜ਼ਨਲ ਕਮਿਸ਼ਨਰ ਦਾ ਚਾਰਜ ਸੀ) ਨੇ ਨਵੇਂ ਡੀ.ਸੀ. ਰਮੇਸ਼ ਇੰਦਰ ਨੂੰ ਮਸ਼ਵਰਾ ਦਿੱਤਾ ਸੀ: "ਟਰੰਕ ਖਰੀਦ ਕੇ ਉਸ ਦੇ ਢੱਕਣ ਵਿਚ ਝੀਤ ਕਢਾ ਲੈ ਤਾਂ ਜੋ ਕਾਗਜ਼ ਅੰਦਰ ਸੁੱਟੇ ਜਾਣ। ਟਰੰਕ ਨੂੰ ਵੱਡਾ ਸਾਰਾ ਤਾਲਾ ਲਾ ਕੇ ਚਾਬੀ ਕਿਤੇ ਸੁੱਟ ਦੇ। ਦਿਨ ਦੀਆਂ ਘਟਨਾਵਾਂ ਦੇ ਵੇਰਵੇ ਤੇ ਅਹਿਮ ਕਾਗਜ਼ਾਂ ਦੀਆਂ ਨਕਲਾਂ ਝੀਤ ਰਾਹੀਂ ਟਰੰਕ ਵਿਚ ਸੁੱਟਦਾ ਜਾ। ਇਹ ਕਦੇ ਤੇਰੇ ਕੰਮ ਆਉਣਗੇ।"

ਰਮੇਸ਼ ਇੰਦਰ ਨੇ ਇਸ ਸਲਾਹ 'ਤੇ ਕਿੰਨਾ ਕੁ ਅਮਲ ਕੀਤਾ, ਇਹ ਤਾਂ ਪਤਾ ਨਹੀਂ; ਹਾਂ, ਕਿਤਾਬ ਅੰਦਰਲੇ ਵੇਰਵੇ ਦਰਸਾਉਂਦੇ ਹਨ ਕਿ ਉਹ ਜਿੱਥੇ ਇਤਿਹਾਸਕਾਰੀ ਦੀਆਂ ਬਾਰੀਕੀਆਂ ਤੋਂ ਖੂਬ ਵਾਕਫ ਹਨ, ਉੱਥੇ ਅਕਾਦਮਿਕ ਜ਼ਬਤ ਤੇ ਮੁਸ਼ੱਕਤ ਅਤੇ ਅਦਬੀ ਲੇਖਣ ਦੇ ਦਾਅ-ਪੇਚ ਵੀ ਜਾਣਦੇ ਹਨ। ਇਹ ਸਾਰੀਆਂ ਖਾਸੀਅਤਾਂ ਇਸ ਕਿਤਾਬ ਨੂੰ ਅਨਮੋਲ ਬਣਾਉਂਦੀਆਂ ਹਨ। ਲੇਖਕ ਨੇ ਨਾ ਕਿਸੇ ਦੀ ਤਰਫਦਾਰੀ ਕੀਤੀ ਹੈ, ਨਾ ਹੀ ਨਾਜਾਇਜ਼ ਨੁਕਤਾਚੀਨੀ ਕੀਤੀ ਹੈ। ਉਸ ਨੇ ਤਾਰੀਫ ਤੇ ਨੁਕਤਾਚੀਨੀ ਦਾ ਤਵਾਜ਼ਨ ਘਟਨਾਵਾਂ ਦੇ ਪ੍ਰਸੰਗ ਤਕ ਸੀਮਤ ਰੱਖਿਆ ਹੈ। ਜਰਨੈਲ ਸਿੰਘ ਭਿੰਡਰਾਂਵਾਲਾ, ਸੰਤ ਹਰਚੰਦ ਸਿੰਘ ਲੌਂਗੋਵਾਲ, ਪ੍ਰਕਾਸ਼ ਸਿੰਘ ਬਾਦਲ, ਗੁਰਚਰਨ ਸਿੰਘ ਟੌਹੜਾ, ਗਿਆਨੀ ਜ਼ੈਲ ਸਿੰਘ, ਦਰਬਾਰਾ ਸਿੰਘ, ਕੈਪਟਨ ਅਮਰਿੰਦਰ ਸਿੰਘ - ਇਨ੍ਹਾਂ ਸਾਰੇ ਪੰਜਾਬੀ ਆਗੂਆਂ ਵਿਚੋਂ ਕੋਈ ਵੀ ਜੇ ਇਸ ਕਿਤਾਬ ਦੇ ਪ੍ਰਿਜ਼ਮ ਰਾਹੀਂ ਕੱਦਾਵਰ ਹਸਤੀ ਨਜ਼ਰ ਨਹੀਂ ਆਉਂਦਾ ਤਾਂ ਉਸ ਦੇ ਵਜੂਹਾਤ ਵੀ ਇਸ ਕਿਤਾਬ ਵਿਚ ਮੌਜੂਦ ਹਨ। ਕਿਤਾਬ ਪੜ੍ਹ ਕੇ ਮੇਰੇ ਕਈ ਭਰਮ ਦੂਰ ਹੋਏ, ਖਾਸਕਰ ਦਰਬਾਰਾ ਸਿੰਘ ਬਾਰੇ; ਤੇ ਅਮਰਿੰਦਰ ਸਿੰਘ ਬਾਰੇ। ਦਰਬਾਰਾ ਸਿੰਘ ਨੇ ਮੁੱਖ ਮੰਤਰੀ ਹੁੰਦਿਆਂ ਖਾੜਕੂਆਂ ਨਾਲ ਯਾਰੀ ਗੰਢਣ ਦੀ ਆਸ 'ਚ ਠਿੱਬੀ ਆਪਣੀ ਹੀ ਪੁਲਿਸ ਨੂੰ ਲਾਈ। ਅਮਰਿੰਦਰ ਸਿੰਘ ਨੇ ਆਪਣੀ ਵੁੱਕਤ ਵਧਾਉਣ ਹਿੱਤ ਭਜਨ ਲਾਲ ਨਾਲ ਗੰਢ-ਤੁੱਪ ਕੀਤੀ, ਭਾਵੇਂ ਥੋੜ੍ਹੀ ਜਿਹੀ।

ਕਿਤਾਬ ਦੇ ਦੋ ਹਿੱਸੇ ਹਨ। ਪਹਿਲੇ ਹਿੱਸੇ ਵਿਚ 39 ਅਧਿਆਇ ਹਨ ਜੋ 1978 ਦੀ ਨਿਰੰਕਾਰੀ-ਸਿੱਖ ਟਕਰਾਅ ਤੋਂ ਲੈ ਕੇ ਖਾੜਕੂਵਾਦ ਦੇ ਖਾਤਮੇ ਤਕ ਦੇ ਅਰਸੇ ਦੀ ਕਥਾ ਬਿਆਨ ਕਰਦੇ ਹਨ। 435 ਪੰਨੇ ਲੰਮੀ ਹੈ ਇਹ ਕਥਾ। ਦੂਜੇ ਹਿੱਸੇ ਦੇ 9 ਅਧਿਆਇ ਪੰਜਾਬ, ਸਿੱਖੀ, ਸੰਤਾਲੀ ਵਾਲੀ ਵੰਡ, ਪੰਜਾਬੀ ਸੂਬਾ ਅੰਦੋਲਨ, ਪੰਜਾਬੀ ਸੂਬੇ ਦੀ ਸਥਾਪਨਾ ਤੋਂ ਉਪਜੇ ਦ੍ਰਿਸ਼ਕ੍ਰਮ ਅਤੇ ਗਰਮਖਿਆਲੀਆਂ ਦੇ ਉਭਾਰ ਵਰਗੇ ਵਿਸ਼ਿਆਂ ਉੱਤੇ ਰੌਸ਼ਨੀ ਪਾਉਂਦੇ ਹਨ। ਇਹ ਹਿੱਸਾ ਸਿੱਖੀ ਤੇ ਪੰਜਾਬ ਦੇ ਰਿਸ਼ਤੇ ਅਤੇ ਇਸ ਰਿਸ਼ਤੇ ਦੀ ਸਿਆਸੀ-ਸਮਾਜਿਕ ਅਹਿਮੀਅਤ ਦਾ ਝਰੋਖਾ ਹੈ।

ਕਿਤਾਬ ਦੀ ਸ਼ੁਰੂਆਤ 'ਉਡਦੀਆਂ ਅਫਵਾਹਾਂ' ਨਾਲ ਹੁੰਦੀ ਹੈ। ਇਹ ਅਧਿਆਇ ਦੱਸਦਾ ਹੈ ਕਿ ਸੂਚਨਾਵਾਂ ਦੇ ਪਰਵਾਹ ਨੂੰ ਦਬਾਉਣਾ ਅਫਵਾਹਾਂ ਨੂੰ ਕਿਵੇਂ ਅਤੇ ਕਿੰਨਾ ਸ਼ਕਤੀਸ਼ਾਲੀ ਬਣਾ ਦਿੰਦਾ ਹੈ। ਨੀਲਾ ਤਾਰਾ ਅਪਰੇਸ਼ਨ ਸਮੇਂ ਖਬਰਾਂ ਦੇ ਬਲੈਕਆਊਟ, ਅਖਬਾਰਾਂ ਦੇ ਛਪਣ 'ਤੇ ਪਾਬੰਦੀ, ਫੋਨ ਸੇਵਾਵਾਂ ਦੀ ਮੁਅੱਤਲੀ ਆਦਿ ਵਰਗੇ ਕਦਮਾਂ ਨੇ ਤਰ੍ਹਾਂ ਤਰ੍ਹਾਂ ਦੀਆਂ ਅਫਵਾਹਾਂ ਨੂੰ ਜਨਮ ਦਿੱਤਾ। ਇਨ੍ਹਾਂ ਅਫਵਾਹਾਂ ਨੂੰ ਹਵਾ ਦੇਣ ਦਾ ਕੰਮ ਪਾਕਿਸਤਾਨ ਟੀ.ਵੀ. ਅਤੇ ਰੇਡੀਓ ਪਾਕਿਸਤਾਨ ਨੇ ਕੀਤਾ। ਅੱਠ ਤੇ ਨੌਂ ਜੂਨ ਨੂੰ ਪੀ.ਟੀ.ਵੀ. ਨੇ ਭਿੰਡਰਾਂਵਾਲਾ ਦੇ ਵੀਡੀਓਜ਼ ਵਾਰ-ਵਾਰ ਦਿਖਾਏ ਜੋ ਉਸ ਦੇ ਜ਼ਿੰਦਾ ਹੋਣ ਦਾ ਪ੍ਰਭਾਵ ਦਿੰਦੇ ਸਨ। ਇਹ ਪ੍ਰਭਾਵ ਤੋੜਨ ਲਈ ਇਕ ਦਹਾਕੇ ਤੋਂ ਵੱਧ ਦਾ ਸਮਾਂ ਲੱਗ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਇਸ ਮਿੱਥ ਨੂੰ ਜ਼ਿੰਦਾ ਰੱਖਣ ਵਿਚ ਭਾਈਵਾਲ ਬਣੀ ਰਹੀ। ਇਸ ਨੇ ਅੰਤ 6 ਜੂਨ 2003 ਨੂੰ ਅਧਿਕਾਰਤ ਤੌਰ 'ਤੇ ਭਿੰਡਰਾਂਵਾਲਾ ਨੂੰ ਸ਼ਹੀਦਾਂ ਵਿਚ ਸ਼ੁਮਾਰ ਕੀਤਾ। ਜੇਕਰ ਸੂਚਨਾਵਾਂ ਦੇ ਪ੍ਰਚਾਰ-ਪ੍ਰਸਾਰ ਦੇ ਸੋਮੇ ਖੁੱਲ੍ਹੇ ਹੁੰਦੇ ਤਾਂ ਪਾਕਿਸਤਾਨ ਜਾਂ ਆਈ.ਐੱਸ.ਆਈ. ਵਰਗੀ ਏਜੰਸੀ ਨੂੰ ਸਥਿਤੀ ਖੁੱਲ੍ਹ ਕੇ ਲਾਭ ਲੈਣ ਦੇ ਮੌਕੇ ਨਹੀਂ ਸੀ ਮਿਲਣੇ। ਇਹੋ ਅਧਿਆਇ ਦੱਸਦਾ ਹੈ ਕਿ ਲੇਖਕ ਨੂੰ ਤੱਤਕਾਲੀ ਡਿਪਟੀ ਕਮਿਸ਼ਨਰ ਗੁਰਦੇਵ ਸਿੰਘ ਬਰਾੜ ਦੇ ਲੰਮੀ ਛੁੱਟੀ 'ਤੇ ਜਾਣ ਕਾਰਨ ਬਦਲਵੇਂ ਪ੍ਰਬੰਧ ਵਜੋਂ ਅੰਮ੍ਰਿਤਸਰ ਭੇਜਿਆ। ਬਰਾੜ ਦੀ ਛੁੱਟੀ ਮਹੀਨਾ ਪਹਿਲਾਂ ਮਨਜ਼ੂਰ ਹੋ ਚੁੱਕੀ ਸੀ ਪਰ ਅਫਵਾਹਾਂ ਦੇ ਗੇੜ ਨੇ ਇਹ ਪ੍ਰਭਾਵ ਪੈਦਾ ਕਰ ਦਿੱਤਾ ਕਿ ਉਸ ਨੂੰ ਉਸ ਦੀ ਨਾਅਹਿਲੀਅਤ ਕਾਰਨ ਜਬਰੀ ਛੁੱਟੀ ਭੇਜਿਆ ਗਿਆ ਹੈ। ਮਾਰਕ ਟਲੀ (ਬੀ.ਬੀ.ਸੀ.) ਵਰਗਾ ਨਾਮਵਰ ਪੱਤਰਕਾਰ ਵੀ ਇਸ ਅਫਵਾਹ 'ਤੇ ਯਕੀਨ ਕਰ ਬੈਠਾ ਅਤੇ ਉਸ ਤੇ ਸਤੀਸ਼ ਜੈਕਬ ਨੇ ਸਾਂਝੇ ਤੌਰ 'ਤੇ ਲਿਖੀ ਕਿਤਾਬ ਵਿਚਲੀ ਇਹ ਸਤਰ, ਨੀਲਾ ਤਾਰਾ ਬਾਰੇ ਅਗਲੀਆਂ ਕਈ ਕਿਤਾਬਾਂ ਤੇ ਲਿਖਤਾਂ ਵਿਚ ਦੁਹਰਾਈ ਜਾਂਦੀ ਰਹੀ।




***ਰਮੇਸ਼ ਇੰਦਰ ਸਿੰਘ ਦੀ ਕਿਤਾਬ 'ਟਰਮੌਇਲ ਇਨ ਪੰਜਾਬ' ਦਾ ਮੁਖੜਾ।***

ਅਗਲੇ ਅਧਿਆਇ 3 ਜੂਨ 1984 ਤੋਂ ਬਾਅਦ ਵਾਪਰੀਆਂ ਘਟਨਾਵਾਂ ਨੂੰ ਸਿਲਸਿਲੇਵਾਰ ਢੰਗ ਨਾਲ ਦ੍ਰਿਸ਼ਮਾਨ ਕਰਦੇ ਹਨ। ਲੇਖਕ ਇਨ੍ਹਾਂ ਦੇ ਤ੍ਰਾਸਦਿਕ ਪੱਖਾਂ ਨੂੰ ਬੜੇ ਮਾਰਮਿਕ ਢੰਗ ਨਾਲ ਬਿਆਨ ਕਰਦਾ ਹੈ, ਖਾਸ ਕਰਕੇ ਦਰਬਾਰ ਸਾਹਿਬ ਦੇ ਚੌਗਿਰਦੇ ਅੰਦਰ ਡੀ.ਆਈ.ਜੀ. ਏ.ਐੱਸ. ਅਟਵਾਲ ਦੀ ਹੱਤਿਆ ਅਤੇ ਇਸ ਹੱਤਿਆ ਤੋਂ ਬਾਅਦ ਰਾਜ ਸਰਕਾਰ, ਕੇਂਦਰ ਸਰਕਾਰ ਅਤੇ ਪੰਜਾਬ ਪੁਲਿਸ ਵੱਲੋਂ ਦਿਖਾਈ ਨਾਲਾਇਕੀ ਤੇ ਨਾਅਹਿਲੀਅਤ ਦਾ। ਉਹ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਲੀਡਰਸ਼ਿਪ ਦੀ ਨੁਕਤਾਚੀਨੀ ਕਰਦਾ ਹੈ ਕਿ ਉਨ੍ਹਾਂ ਨੇ ਅਜਿਹੀ ਜੁੱਗਗਰਦੀ ਦਾ ਦਲੇਰੀ ਨਾਲ ਸਾਹਮਣਾ ਕਰਨ ਅਤੇ ਅਤਿਵਾਦੀਆਂ ਦੇ ਅਮਾਨਵੀ ਕਾਰਿਆਂ ਖਿਲਾਫ ਲੋਕ-ਰਾਇ ਲਾਮਬੰਦ ਕਰਨ ਦਾ ਸਾਹਸ ਨਹੀਂ ਦਿਖਾਇਆ। ਇਹੋ ਅਧਿਆਇ ਇਹ ਵੀ ਦੱਸਦੇ ਹਨ ਕਿ ਪੰਜਾਬ ਦੀ ਪ੍ਰਸ਼ਾਸਨਿਕ ਤੇ ਰਾਜਸੀ ਕਮਾਨ 3 ਜੂਨ ਤੋਂ ਪਹਿਲਾਂ ਹੀ ਦਿੱਲੀ, ਭਾਵ ਪ੍ਰਧਾਨ ਮੰਤਰੀ ਦਫਤਰ ਨੇ ਸੰਭਾਲ ਲਈ ਸੀ। ਰਾਜਪਾਲ ਜਾਂ ਮੁੱਖ ਸਕੱਤਰ ਨੂੰ ਵੀ ਉਪਰੋਂ ਹੁਕਮ ਮਿਲਦੇ ਸਨ। 3 ਜੂਨ ਤੋਂ ਤਾਂ ਉਨ੍ਹਾਂ ਨੂੰ ਭਰੋਸੇ ਵਿਚ ਲੈਣ ਦੀ ਪ੍ਰਥਾ ਵੀ ਖਤਮ ਕਰ ਦਿੱਤੀ ਗਈ। ਪੰਜਾਬ ਵਿਚ ਟੈਲੀਫੋਨ ਸੇਵਾਵਾਂ ਠੱਪ ਕਰਨ ਦੇ ਹੁਕਮਾਂ ਦੀ ਜ਼ੱਦ ਵਿਚ ਡਿਪਟੀ ਕਮਿਸ਼ਨਰਾਂ ਤੇ ਹੋਰ ਸਰਕਾਰੀ ਅਧਿਕਾਰੀਆਂ ਨੂੰ ਵੀ ਲੈ ਲਿਆ ਗਿਆ। ਪੁਲਿਸ ਕੋਲ ਵੀ ਚੰਡੀਗੜ੍ਹ ਜਾਂ ਹੋਰ ਥਾਈਂ ਬੈਠੇ ਅਧਿਕਾਰੀਆਂ ਨਾਲ ਸੰਪਰਕ ਕਰਨ ਲਈ ਵਾਇਰਲੈੱਸ ਸੇਵਾ ਇਕੋ-ਇਕ ਵਸੀਲਾ ਬਣ ਕੇ ਰਹਿ ਗਈ। ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰ ਪੰਜਾਬ ਦੇ ਮੁੱਖ ਸਕੱਤਰ ਜਾਂ ਗ੍ਰਹਿ ਸਕੱਤਰ ਨਾਲ ਜਾਂ ਤਾਂ ਪੁਲਿਸ ਵਾਲੀ ਸੇਵਾ ਜਾਂ ਫੌਜੀ ਐਕਸਚੇਂਜ ਰਾਹੀਂ ਸੰਪਰਕ ਕਰ ਸਕਦੇ ਸਨ। ਇਸ ਔਰਵਿਲੀਅਨ ਸਥਿਤੀ ਨੇ ਜ਼ਿਲ੍ਹਾ ਪ੍ਰਸ਼ਾਸਨਾਂ ਅੰਦਰ ਕਿਸ ਕਿਸਮ ਦੀ ਬੇਚੈਨੀ ਤੇ ਬੇਵਸੀ ਪੈਦਾ ਕੀਤੀ, ਉਸ ਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ।

ਦਰਬਾਰ ਸਾਹਿਬ ਕੰਪਲੈਕਸ ਅੰਦਰ ਫੌਜੀ ਕਾਰਵਾਈ ਬਾਰੇ ਤਿੰਨ ਅਧਿਆਇ (10, 11 ਤੇ 12) ਲੂੰ-ਕੰਡੇ ਖੜ੍ਹੇ ਕਰਨ ਵਾਲੇ ਹਨ। ਇਹ ਪਰਿਕਰਮਾ ਦੇ ਅੰਦਰ, ਆਸ-ਪਾਸ ਅਤੇ ਅਕਾਲ ਤਖਤ ਦੇ ਸਾਹਮਣੇ ਹੋਏ ਖੂਨ-ਖਰਾਬੇ ਦਾ ਬੜਾ ਹੌਲਨਾਕ ਮੰਜ਼ਰ ਪੇਸ਼ ਕਰਦੇ ਹਨ। ਇਹੋ ਅਧਿਆਇ ਯੁੱਧ ਕਲਾ ਦੀ ਤਵਾਰੀਖਸਾਜ਼ੀ ਦਾ ਪ੍ਰਮਾਣ ਵੀ ਹਨ ਅਤੇ ਇਸੇ ਨਾਲ ਜੁੜੀ ਭਿਆਨਕਤਾ ਦੀ ਤਸਵੀਰ ਵੀ। ਜ਼ਾਹਿਰ ਹੈ, ਜਿਨ੍ਹਾਂ ਨੇ ਇਹ ਅਪਰੇਸ਼ਨ ਉਲੀਕਿਆ ਜਾਂ ਦਰਬਾਰ ਸਾਹਿਬ ਕੰਪਲੈਕਸ 'ਤੇ ਫੌਜ ਚਾੜ੍ਹਨ ਦੇ ਫੈਸਲੇ ਕੀਤੇ, ਉਹ ਕੰਪਲੈਕਸ ਅੰਦਰਲੀ ਮੋਰਚਾਬੰਦੀ ਤੋਂ ਤਾਂ ਨਾਵਾਕਫ ਸਨ ਹੀ, ਸਮੁੱਚੇ ਕੰਪਲੈਕਸ ਦੇ ਨਕਸ਼ੇ ਅਤੇ ਦਰਬਾਰ ਸਾਹਿਬ ਦੇ ਆਸ-ਪਾਸ ਦੇ ਇਲਾਕੇ ਦੀਆਂ ਪੇਚੀਦਗੀਆਂ ਤੋਂ ਵੀ ਅਣਜਾਣ ਸਨ। ਹੈਰਾਨੀ ਹੁੰਦੀ ਹੈ ਇਹ ਪੜ੍ਹ ਕੇ ਕਿ ਫੌਜੀ ਕਾਰਵਾਈ ਦੀ ਯੋਜਨਾ ਉਲੀਕਣ ਦੇ ਅਮਲ ਵਿਚ ਇੰਟੈਲੀਜੈਂਸ ਬਿਓਰੋ ਦੇ ਡਾਇਰੈਕਟਰ ਨੂੰ ਵੀ ਸ਼ਾਮਲ ਨਹੀਂ ਕੀਤਾ ਗਿਆ। ਦੇਸ਼ ਦੀ ਸਰਬਉੱਚ ਅੰਦਰੂਨੀ ਖੁਫੀਆ ਏਜੰਸੀ ਉਪਰ ਇਸ ਕਿਸਮ ਦੀ ਬੇਇਤਬਾਰੀ, ਹੈਰਾਨੀਜਨਕ ਵਰਤਾਰਾ ਸੀ। ਇੰਜ ਹੀ 4 ਜੂਨ ਨੂੰ ਅਪਰੇਸ਼ਨ ਕਮਾਂਡਰ, ਮੇਜਰ ਜਨਰਲ ਕੇ.ਐੱਸ. ਬਰਾੜ ਵੱਲੋਂ ਸਿਵਿਲ ਤੇ ਪੁਲਿਸ ਅਧਿਕਾਰੀਆਂ ਨਾਲ ਕੀਤੀ ਮੀਟਿੰਗ ਵਿਚ ਅੰਮ੍ਰਿਤਸਰ ਦੇ ਐੱਸ.ਪੀ. (ਸੀ.ਆਈ.ਡੀ.) ਪੰਡਿਤ ਹਰਜੀਤ ਸਿੰਘ ਨੇ ਕੰਪਲੈਕਸ ਅੰਦਰਲੇ ਖਾੜਕੂਆਂ ਦੀ ਗਿਣਤੀ, ਉਨ੍ਹਾਂ ਕੋਲ ਦਸਤਯਾਬ ਅਤਿ-ਆਧੁਨਿਕ ਹਥਿਆਰਾਂ ਤੇ ਉਨ੍ਹਾਂ ਦੀ ਮੋਰਚਾਬੰਦੀ ਬਾਰੇ ਠੋਸ ਜਾਣਕਾਰੀ ਦਿੱਤੀ ਪਰ ਜਨਰਲ ਬਰਾੜ ਨੇ ਇਸ ਬਾਰੇ ਸੰਜੀਦਗੀ ਨਹੀਂ ਦਿਖਾਈ। ਜਨਰਲ ਦੇ ਇਸ ਰੁਖ ਨੂੰ ਦੇਖਦਿਆਂ ਉਸ ਪੁਲਿਸ ਅਫਸਰ ਨੇ ਵੀ ਬਹਿਸਣਾ ਵਾਜਬ ਨਾ ਸਮਝਿਆ। ਜ਼ਾਹਿਰ ਹੈ ਕਿ ਜਰਨੈਲਾਂ ਨੂੰ ਇਹ ਪੱਕਾ ਯਕੀਨ ਸੀ ਕਿ ਫੌਜੀ ਤਾਕਤ ਦੀ ਨੁਮਾਇਸ਼ ਹੀ ਖਾੜਕੂਆਂ ਨੂੰ ਗੋਡੇ ਟੇਕਣ ਦੇ ਰਾਹ ਤੋਰ ਦੇਵੇਗੀ। ਇਹ ਯਕੀਨ ਬੜਾ ਵੱਡਾ ਭਰਮ ਸਾਬਿਤ ਹੋਇਆ। ਲੇਖਕ ਅਨੁਸਾਰ ਜਿੱਥੇ ਫੌਜ ਦੀ ਰਣਨੀਤੀ ਨੁਕਸਦਾਰ ਸੀ, ਉੱਥੇ ਭਿੰਡਰਾਂਵਾਲਾ ਤੇ ਉਸ ਦੇ ਸੈਨਾਪਤੀ ਸ਼ਬੇਗ ਸਿੰਘ ਦੀ ਰਣਨੀਤੀ ਵੀ ਘੱਟ ਨੁਕਸਦਾਰ ਨਹੀਂ ਸੀ। ਉਨ੍ਹਾਂ ਨੂੰ ਵੀ ਇਹ ਭਰਮ ਸੀ ਕਿ ਦਰਬਾਰ ਸਾਹਿਬ ਉੱਤੇ ਫੌਜ ਦੀ ਚੜ੍ਹਾਈ ਦੀ ਖਬਰ ਫੈਲਦਿਆਂ ਹੀ ਲੋਕਾਈ ਅੰਮ੍ਰਿਤਸਰ ਵੱਲ ਵਹੀਰਾਂ ਘੱਤ ਲਵੇਗੀ ਅਤੇ ਅਜਿਹਾ ਜਨ ਵਿਦਰੋਹ ਝੱਲਣਾ ਸਰਕਾਰ ਲਈ ਨਾਮੁਮਕਿਨ ਹੋ ਜਾਵੇਗਾ। ਅਸਲੀਅਤ ਇਸ ਤੋਂ ਉਲਟ ਰਹੀ। ਫੌਜ ਨੂੰ ਸਖਤ ਟੱਕਰ ਦੇਣ ਦੇ ਬਾਵਜੂਦ ਭਿੰਡਰਾਂਵਾਲਾ ਤੇ ਉਸ ਦੇ ਮੁਰੀਦ ਆਪਣੀਆਂ ਜਾਨਾਂ ਨਾ ਬਚਾ ਸਕੇ। ਅਕਾਲ ਤਖਤ ਦੀ ਇਮਾਰਤ ਤਾਂ ਢਹਿਢੇਰੀ ਹੋਈ ਹੀ, ਰੂਹਾਨੀ ਸ਼ਾਂਤੀ ਦਾ ਧੁਰਾ ਮੰਨੇ ਜਾਂਦੇ ਦਰਬਾਰ ਸਾਹਿਬ ਦੀ ਪਾਵਨ ਧਰਤੀ ਵੀ ਲਹੂ-ਲੁਹਾਣ ਹੋਈ।

ਕਿਤਾਬ ਦਾ ਤਕਰੀਬਨ ਹਰ ਅਧਿਆਇ ਕਿਸੇ ਨਾ ਕਿਸੇ ਨਵੀਂ ਜਾਣਕਾਰੀ ਨਾਲ ਲੈਸ ਹੈ। ਬੜੇ ਸਨਸਨੀਖੇਜ਼ ਪ੍ਰਗਟਾਵੇ ਹਨ ਇਸ 'ਚ। ਇਨ੍ਹਾਂ 'ਚੋਂ ਕੁਝ ਇਕ ਦਾ ਜ਼ਿਕਰ ਮਿਸਾਲ ਦੇ ਤੌਰ 'ਤੇ ਕਰਨਾ ਇੱਥੇ ਵਾਜਬ ਜਾਪਦਾ ਹੈ:

*ਥਲ ਸੈਨਾ ਮੁਖੀ ਜਨਰਲ ਏ.ਐੱਸ. ਵੈਦਿਆ ਨੇ ਦਰਬਾਰ ਸਾਹਿਬ ਵਿਚ ਫੌਜ ਭੇਜਣ ਸਬੰਧੀ ਝਿਜਕ ਦਿਖਾਈ ਸੀ। ਲਿਹਾਜ਼ਾ, ਉਸ ਨੂੰ ਅਪਰੇਸ਼ਨ ਬਲੂ ਸਟਾਰ ਵਾਸਤੇ ਤਿਆਰੀਆਂ ਤੋਂ ਦੂਰ ਰੱਖਿਆ ਗਿਆ। ਇੰਦਰਾ ਗਾਂਧੀ ਨੇ ਥਲ ਸੈਨਾ ਦੀ ਪੱਛਮੀ ਕਮਾਂਡ ਦੇ ਮੁਖੀ ਜਨਰਲ ਕ੍ਰਿਸ਼ਨਾਸਵਾਮੀ ਸੁੰਦਰਜੀ ਨੂੰ ਇਸ ਅਪਰੇਸ਼ਨ ਦੀ ਕਮਾਨ ਸੌਂਪੀ। ਸੁੰਦਰਜੀ ਨੇ ਭਰੋਸਾ ਦਿੱਤਾ ਕਿ ਉਹ ਚੰਦ ਘੰਟਿਆਂ ਅੰਦਰ ਅਪਰੇਸ਼ਨ ਮੁਕਾ ਦੇਵੇਗਾ ਅਤੇ ਦਰਬਾਰ ਸਾਹਿਬ ਕੰਪਲੈਕਸ ਨੂੰ ਜ਼ਿਆਦਾ ਨੁਕਸਾਨ ਨਹੀਂ ਹੋਣ ਦੇਵੇਗਾ। ਹੋਇਆ ਇਸ ਤੋਂ ਉਲਟ। ਸੁੰਦਰਜੀ ਵੱਲੋਂ ਜਨਰਲ ਵੈਦਿਆ ਨੂੰ ਭਰੋਸੇ ਵਿਚ ਲਏ ਬਿਨਾਂ ਫੌਜੀ ਕਾਰਵਾਈ ਲਈ ਰਾਜ਼ੀ ਹੋਣਾ, ਸੈਨਿਕ ਕਮਾਂਡ-ਢਾਂਚੇ ਦੀ ਅਵੱਗਿਆ ਸੀ। ਕੋਈ ਜਿਗਰੇ ਵਾਲਾ ਥਲ ਸੈਨਾ ਮੁਖੀ ਹੁੰਦਾ ਤਾਂ ਉਹ ਸਰਕਾਰ ਨੂੰ ਵੀ ਕਰੜੇ ਹੱਥੀਂ ਲੈਂਦਾ ਅਤੇ ਸੁੰਦਰਜੀ ਨੂੰ ਵੀ। ਵੈਦਿਆ ਦਾ ਜਿਗਰਾ ਅਜਿਹਾ ਨਹੀਂ ਸੀ। ਅਪਰੇਸ਼ਨ ਬਲੂ ਸਟਾਰ ਕਾਰਨ ਜਿੱਥੇ ਸਰਕਾਰ ਅਤੇ ਭਾਰਤਵਰਸ਼ ਦੇ ਅਕਸ ਨੂੰ ਢਾਹ ਲੱਗੀ, ਉੱਥੇ ਫੌਜ ਵੀ ਦਾਗਦਾਰ ਹੋਈ। ਇਸ ਦੇ ਬਾਵਜੂਦ ਸੁੰਦਰਜੀ ਨੂੰ 1986 ਵਿਚ ਥਲ ਸੈਨਾ ਮੁਖੀ ਬਣਾਇਆ ਗਿਆ। ਲੇਖਕ ਅਨੁਸਾਰ ਇਹ ਦੂਜੀ ਵਾਰ ਸੀ ਜਦੋਂ ਸਿਆਸੀ ਲੀਡਰਸ਼ਿਪ ਨੇ ਕਮਾਂਡ-ਢਾਂਚੇ ਦੀ ਅਵੱਗਿਆ ਕੀਤੀ। ਪਹਿਲੀ ਵਾਰ 1962 ਦੀ ਹਿੰਦ-ਚੀਨ ਜੰਗ ਵੇਲੇ ਅਜਿਹਾ ਹੋਇਆ ਸੀ ਜਦੋਂ ਨਹਿਰੂ ਨੇ ਤੱਤਕਾਲੀ ਥਲ ਸੈਨਾ ਮੁਖੀ ਜਨਰਲ ਪ੍ਰਾਣ ਨਾਥ ਥਾਪਰ ਨੂੰ ਨਜ਼ਰਅੰਦਾਜ਼ ਕਰ ਕੇ ਲੈਫਟੀਨੈਂਟ ਜਨਰਲ ਬੀ.ਐੱਮ. ਕੌਲ 'ਤੇ ਸਾਰੀ ਟੇਕ ਰੱਖੀ ਸੀ (ਉਦੋਂ ਜਨਰਲ ਥਾਪਰ ਅਸਤੀਫਾ ਦੇ ਗਿਆ ਸੀ)। ਦੂਜੀ ਵਾਰ ਇੰਦਰਾ ਨੇ ਅਜਿਹਾ ਕੀਤਾ। ਦੋਵੇਂ ਵਾਰ ਨਤੀਜੇ ਤਬਾਹਕੁਨ ਰਹੇ।



***ਕਿਤਾਬ ਦੇ ਲੇਖਕ ਰਮੇਸ਼ ਇੰਦਰ ਸਿੰਘ।***

*ਖਾੜਕੂਆਂ ਦੇ ਕਮਾਂਡਰ ਸ਼ਬੇਗ ਸਿੰਘ ਅਤੇ ਅਪਰੇਸ਼ਨ ਕਮਾਂਡਰ ਮੇਜਰ ਜਨਰਲ ਕੇ.ਐੱਸ. ਬਰਾੜ ਦਰਮਿਆਨ 1971 ਦੇ ਬੰਗਲਾਦੇਸ਼ ਯੁੱਧ ਸਮੇਂ ਦੀ ਚੰਗੀ ਸਾਂਝ ਸੀ। ਉਸ ਤੋਂ ਪਹਿਲਾਂ ਦੇਹਰਾਦੂਨ ਦੀ ਆਈ.ਐਮ.ਏ. ਵਿਚ ਜਦੋਂ ਸ਼ਬੇਗ ਇੰਸਟ੍ਰਕਟਰ ਸੀ ਤਾਂ ਬਰਾੜ ਕੈਡੇਟ ਸੀ। ਰਾਬਤੇ ਦਾ ਅਜਿਹਾ ਆਧਾਰ ਹੋਣ ਦੇ ਬਾਵਜੂਦ ਦੋਵਾਂ ਦੀ ਸਿੱਧੀ ਵਾਰਤਾਲਾਪ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਗਈ। ਸ਼ਾਇਦ ਬਰਾੜ ਆਪਣੇ ਨੰਬਰ ਬਣਾਉਣ ਲਈ ਉਤਾਵਲਾ ਸੀ; ਜਾਂ ਸ਼ਾਇਦ ਅਪਰੇਸ਼ਨ ਛੇਤੀ ਤੋਂ ਛੇਤੀ ਮੁਕਾਉਣ ਲਈ ਜਨਰਲ ਸੁੰਦਰਜੀ ਦਾ ਦਬਾਅ ਹੀ ਕੁਝ ਐਸਾ ਸੀ ਕਿ ਸਿੱਧੀ ਵਾਰਤਾਲਾਪ ਵਾਲਾ ਬਦਲ ਅਜ਼ਮਾਇਆ ਨਹੀਂ ਗਿਆ। ਲੇਖਕ ਅਨੁਸਾਰ ਜੇਕਰ ਇਹ ਬਦਲ ਅਜ਼ਮਾ ਲਿਆ ਜਾਂਦਾ ਤਾਂ ਸ਼ਾਇਦ ਫੌਜੀ ਕਾਰਵਾਈ ਦੀ ਲੋੜ ਹੀ ਨਾ ਪੈਂਦੀ।

*5 ਜੂਨ, 1984 ਦੀ ਰਾਤ ਨੂੰ ਅਕਾਲ ਤਖਤ ਉੱਤੇ ਸਿੱਧੇ ਹਮਲੇ ਦੌਰਾਨ 26ਵੀਂ ਮਦਰਾਸ ਰੈਜੀਮੈਂਟ ਦਾ ਭਾਰੀ ਜਾਨੀ ਨੁਕਸਾਨ ਹੋਣ ਅਤੇ ਇਸ ਦੇ ਦਸਤੇ ਦੀ ਪ੍ਰਗਤੀ ਰੁਕ ਜਾਣ ਮਗਰੋਂ ਕੁਮਕ ਵਜੋਂ 15ਵੀਂ ਕੁਮਾਊਂ ਰੈਜੀਮੈਂਟ ਤਲਬ ਕੀਤੀ ਗਈ। ਇਸ ਦਾ ਡਿਵੀਜ਼ਨਲ ਮੁਖੀ ਮੇਜਰ ਜਨਰਲ ਦੀਵਾਨ ਸੀ ਜੋ 1965 ਦੀ ਲੌਂਗੇਵਾਲਾ ਦੀ ਲੜਾਈ ਦੇ ਨਾਇਕਾਂ ਵਿਚੋਂ ਇਕ ਸੀ। 6 ਜੂਨ ਦੀ ਸਵੇਰ ਨੂੰ ਉਸ ਦੀ ਮੇਜਰ ਜਨਰਲ ਬਰਾੜ ਨਾਲ ਤਲਖੀ ਹੋ ਗਈ। ਬਰਾੜ ਨੇ ਕੁਮਾਊਂ ਦਸਤੇ ਦੀ ਸੁਸਤ ਪੇਸ਼ਕਦਮੀ 'ਤੇ ਨਾਖੁਸ਼ੀ ਪ੍ਰਗਟਾਈ। ਇਸ 'ਤੇ ਜਨਰਲ ਦੀਵਾਨ ਨੇ ਤਲਖ ਲਹਿਜੇ ਨਾਲ ਜਵਾਬ ਦਿੱਤਾ: "ਆਪ ਆ ਕੇ ਦੇਖ ਲੈ, ਅਸਲੀਅਤ ਪਤਾ ਲੱਗ ਜਾਏਗੀ।" ਦੀਵਾਨ ਨੇ ਬਾਅਦ ਵਿਚ ਜਨਰਲ ਸੁੰਦਰਜੀ ਦੀ ਇਕ ਮੰਗ ਵੀ ਹਲੀਮੀ ਪਰ ਦ੍ਰਿੜ੍ਹਤਾ ਨਾਲ ਰੱਦ ਕਰਨ ਦੀ ਦਲੇਰੀ ਦਿਖਾਈ।

*ਅਕਾਲ ਤਖਤ ਦੀ ਇਮਾਰਤ ਨੂੰ 5-6 ਜੂਨ ਦੀ ਦਰਮਿਆਨੀ ਰਾਤ ਨੂੰ ਹੋਏ ਭਾਰੀ ਨੁਕਸਾਨ ਦੇ ਬਾਵਜੂਦ ਭਿੰਡਰਾਂਵਾਲਾ ਅਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਮੁਖੀ ਭਾਈ ਅਮਰੀਕ ਸਿੰਘ 6 ਜੂਨ ਸਵੇਰੇ 6.30 ਵਜੇ ਤਕ ਜ਼ਿੰਦਾ ਸਨ। ਉਨ੍ਹਾਂ ਨੇ ਅਕਾਲ ਤਖਤ ਦੇ ਹੈੱਡ ਗ੍ਰੰਥੀ ਗਿਆਨੀ ਪ੍ਰੀਤਮ ਤੇ ਉਸ ਦੇ ਸਹਿਯੋਗੀਆਂ ਨੂੰ ਤਖਤ ਵਿਚੋਂ ਬਚ ਨਿਕਲਣ ਲਈ ਕਿਹਾ ਪਰ ਉਨ੍ਹਾਂ ਨੇ ਆਪ ਬਚ ਨਿਕਲਣ ਦਾ ਕੋਈ ਯਤਨ ਨਹੀਂ ਕੀਤਾ। ਲੇਖਕ ਅਨੁਸਾਰ ਜੇਕਰ ਅਜਿਹਾ ਯਤਨ ਕੀਤਾ ਵੀ ਜਾਂਦਾ ਤਾਂ ਦੋਵਾਂ ਨੇ ਫੜੇ ਜਾਣਾ ਸੀ। ਬਾਹਰ ਸੁਰੱਖਿਆ ਬਲਾਂ ਦੀ ਘੇਰਾਬੰਦੀ ਹੀ ਕੁਝ ਅਜਿਹੀ ਸੀ।

*ਸੰਤ ਹਰਚੰਦ ਸਿੰਘ ਲੌਂਗੋਵਾਲ ਨੇ 5-6 ਜੂਨ ਦੀ ਰਾਤ ਨੂੰ ਸ਼੍ਰੋਮਣੀ ਕਮੇਟੀ ਦੇ ਮੁੱਖ ਦਫਤਰ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਕਮਰੇ ਵਿਚ ਸ਼ਰਨ ਲਈ ਹੋਈ ਸੀ। 6 ਜੂਨ ਨੂੰ ਸਵੇਰੇ 10 ਵਜੇ ਲੈਫਟੀ. ਕਰਨਲ ਆਦਰਸ਼ ਸ਼ਰਮਾ ਦੀ ਅਗਵਾਈ ਹੇਠਲੇ ਦਸਤੇ ਵੱਲੋਂ ਉਸ ਕਮਰੇ 'ਚੋਂ ਲੌਂਗੋਵਾਲ, ਟੌਹੜਾ ਤੇ ਹੋਰਨਾਂ ਨੂੰ ਬਾਹਰ ਕੱਢ ਕੇ ਬਸ ਤੱਕ ਪਹੁੰਚਾਇਆ ਗਿਆ। ਜਦੋਂ ਉਹ ਬਾਹਰ ਜਾ ਰਹੇ ਸਨ ਤਾਂ ਲੌਂਗੋਵਾਲ ਨੇ ਇਕ ਮੰਜੀ 'ਤੇ ਬਿਠਾਏ ਗਏ ਕੁਝ ਨੌਜਵਾਨਾਂ ਵੱਲ ਇਸ਼ਾਰਾ ਕੀਤਾ ਅਤੇ ਕਰਨਲ ਆਦਰਸ਼ ਨੂੰ ਦੱਸਿਆ ਕਿ ਇਹ ਉਹ ਮੁੰਡੇ ਹਨ ਜਿਨ੍ਹਾਂ ਨੇ ਰਾਤ ਵੇਲੇ ਉਨ੍ਹਾਂ ਦੀ ਜਾਨ ਲੈਣ ਦੀ ਕੋਸ਼ਿਸ਼ ਕੀਤੀ। ਕਿਤਾਬ ਅਨੁਸਾਰ ਉਨ੍ਹਾਂ ਮੁੰਡਿਆਂ ਵਿਚ ਭਾਈ ਅਮਰੀਕ ਸਿੰਘ ਦਾ ਭਰਾ ਵੀ ਸ਼ਾਮਲ ਸੀ। ਲੇਖਕ ਨੇ ਪੰਨਾ 148-49 'ਤੇ ਇਹ ਜਾਣਕਾਰੀ ਦਰਜ ਕਰਦਿਆਂ ਉਸ ਦਾ ਨਾਂਅ ਨਹੀਂ ਲਿਖਿਆ।


ਕਿਤਾਬ ਦੀ ਭੂਮਿਕਾ ਵਿਚ ਰਮੇਸ਼ ਇੰਦਰ ਸਿੰਘ ਲਿਖਦੇ ਹਨ: "ਮੈਂ ਉਹੀ ਬਿਰਤਾਂਤ ਪੇਸ਼ ਕੀਤਾ ਹੈ ਜੋ ਮੈਂ ਜਾਣਦਾ ਹਾਂ। ... ਮੇਰੇ ਅਲਫਾਜ਼ ਕੁਝ ਲੋਕਾਂ ਨੂੰ ਨਾਖੁਸ਼ ਕਰ ਸਕਦੇ ਹਨ ਪਰ ਮੇਰਾ ਇਰਾਦਾ ਕਿਸੇ ਦੇ ਜਜ਼ਬਾਤ ਨੂੰ ਠੇਸ ਪਹੁੰਚਾਉਣ ਜਾਂ ਕਿਸੇ ਉੱਤੇ ਦੋਸ਼ ਮੜ੍ਹਨ ਦਾ ਨਹੀਂ।... ਇਹ ਬਲਕਿ ਸੰਵਾਦ ਸ਼ੁਰੂ ਕਰਵਾਉਣ, ਆਤਮ ਚਿੰਤਨ ਦੇ ਦਰ ਖੋਲ੍ਹਣ ਅਤੇ ਇਸ ਤੋਂ ਵੀ ਅਹਿਮ ਗੱਲ, ਸੁਲ੍ਹਾ ਸਫਾਈ ਵੱਲ ਵਧਣ ਤੇ ਤ੍ਰਾਸਦਿਕ ਅਤੀਤ ਦੇ ਦਰ ਬੰਦ ਕਰਨ ਦਾ ਹੈ।" ਕਿਤਾਬ ਇਸ ਅਕੀਦੇ ਉੱਤੇ ਖਰੀ ਉਤਰਦੀ ਹੈ।

# ਪੰਜਾਬ ਦੀ ਤਲਾਸ਼ ਕਰਦਿਆਂ...

***ਉੱਘੇ ਇਤਿਹਾਸਕਾਰ ਜੇ.ਐੱਸ. ਗਰੇਵਾਲ ਦਾ ਇਹ ਲੇਖ ਪੰਜਾਬ ਅਤੇ ਪੰਜਾਬੀਅਤ ਦੀ ਕਹਾਣੀ ਬਿਆਨ ਦਾ ਹੈ। ਵੱਖ-ਵੱਖ ਇਤਿਹਾਸਕਾਰ ਇਸ ਵਿਸ਼ੇ 'ਤੇ ਬਹਿਸ ਕਰਦੇ ਰਹੇ ਹਨ ਕਿ ਪੰਜਾਬ ਅਤੇ ਪੰਜਾਬੀਅਤ ਨੇ ਇਤਿਹਾਸ ਵਿਚ ਆਪਣਾ ਸਥਾਨ ਅਤੇ ਆਪਣੀ ਪਛਾਣ ਕਿਵੇਂ ਬਣਾਈ। ਸਮਾਜ ਸ਼ਾਸਤਰੀ ਜੇ.ਪੀ.ਐੱਸ. ਓਬਰਾਏ ਨੇ ਆਖਿਆ ਸੀ ਕਿ ਪੰਜਾਬ, ਵਿਚਾਰ ਦਾ ਨਾਂ ਹੈ। ਇਸ ਪ੍ਰਸੰਗ ਵਿਚ ਪੰਜਾਬ ਅਤੇ ਪੰਜਾਬੀਅਤ ਦੀ ਬਣਤ ਬਹੁਤ ਅਹਿਮੀਅਤ ਰੱਖਦੀ ਹੈ।***

ਇਹ ਅਨੋਖਾ ਦੇਸ਼ ਹੈ। ਹੋਰ ਦੇਸ਼ਾਂ ਦੇ ਮੁਕਾਬਲੇ ਇੱਥੋਂ ਦੀ ਦੁਨੀਆ ਨਿਰਾਲੀ ਹੈ। ਇੱਥੋਂ ਦੇ ਪਹਾੜ, ਦਰਿਆ, ਜੰਗਲ ਤੇ ਮਾਰੂਥਲ, ਇੱਥੋਂ ਦੇ ਸ਼ਹਿਰ, ਲਹਿਲਹਾਉਂਦੇ ਖੇਤ, ਇੱਥੋਂ ਦੇ ਪਸ਼ੂ-ਪੰਛੀ ਤੇ ਰੁੱਖ, ਇੱਥੋਂ ਦੇ ਲੋਕ ਤੇ ਉਨ੍ਹਾਂ ਦੀਆਂ ਭਾਸ਼ਾਵਾਂ, ਇੱਥੋਂ ਦੀਆਂ ਬਾਰਿਸ਼ਾਂ ਤੇ ਹਵਾਵਾਂ ਬਿਲਕੁਲ ਵੱਖਰੀਆਂ ਹਨ।

ਇਹ ਗੱਲ ਬਾਬਰ ਨੇ ਭਾਰਤ ਬਾਰੇ 16ਵੀਂ ਸਦੀ ਦੇ ਸ਼ੁਰੂ ਵਿਚ ਆਖੀ ਸੀ। ਕਾਬੁਲ ਤੋਂ ਆਉਂਦਿਆਂ ਉਸ ਨੂੰ ਵੱਖਰਾਪਣ ਨਜ਼ਰ ਆਉਣ ਲੱਗਿਆ ਸੀ ਪਰ ਸਿੰਧ ਦਰਿਆ ਪਾਰ ਕਰਨ ਤੋਂ ਬਾਅਦ ਉਸ ਦੇ ਮਨ ਵਿਚ ਕਿਸੇ ਕਿਸਮ ਦੇ ਸ਼ੱਕ ਦੀ ਗੁੰਜਾਇਸ਼ ਨਹੀਂ ਸੀ ਰਹਿ ਗਈ: 'ਸਿੰਧ ਦਰਿਆ ਪਾਰ ਕਰਦਿਆਂ ਹੀ ਹਰ ਚੀਜ਼ ਹਿੰਦੁਸਤਾਨ ਦੇ ਰੰਗ ਵਿਚ ਰੰਗੀ ਦਿਖਾਈ ਦਿੰਦੀ ਹੈ- ਧਰਤੀ, ਪਾਣੀ, ਪਹਾੜ, ਲੋਕ ਤੇ ਜਾਨਵਰਾਂ ਦੇ ਝੁੰਡ, ਰਸਮਾਂ ਤੇ ਰੀਤਾਂ,



**ਡਾ. ਜੇ.ਐੱਸ. ਗਰੇਵਾਲ**

ਸਾਰਾ ਕੁਝ।' ਭਾਰਤ ਵਿਚ ਆ ਕੇ ਉਸ ਨੇ ਕਈ ਅੰਦਰੂਨੀ ਵਖਰੇਵੇਂ ਵੀ ਮਹਿਸੂਸ ਕੀਤੇ। ਗੰਗਾ ਅਤੇ ਸਿੰਧ ਨਾਲ ਸਬੰਧ ਰੱਖਣ ਵਾਲੇ ਦਰਿਆਵਾਂ ਦੇ ਦੋ ਵੱਖੋ-ਵੱਖਰੇ ਖਿੱਤੇ ਸਨ। ਸਿੰਧ ਦੇ ਉਪਰ ਵਾਲੇ ਖਿੱਤੇ ਵਿਚ ਰਾਜਨੀਤਕ ਅਤੇ ਪ੍ਰਸ਼ਾਸਨਿਕ ਦ੍ਰਿਸ਼ਟੀ ਤੋਂ ਕਈ ਵੱਖੋ-ਵੱਖਰੀਆਂ ਇਕਾਈਆਂ ਦੀ ਹੋਂਦ ਸੀ; ਜਿਵੇਂ ਭੇਰਾ, ਸਿਆਲਕੋਟ, ਲਾਹੌਰ ਤੇ ਦੀਪਾਲਪੁਰ ਪਰ ਉੱਥੇ ਪੰਜਾਬ ਦਾ ਕੋਈ ਨਾਮ ਨਿਸ਼ਾਨ ਨਹੀਂ ਸੀ। ਇਸ ਸ਼ਬਦ ਦਾ 'ਤੁਜ਼ਕ-ਏ-ਬਾਬਰੀ' ਵਿਚ ਕੋਈ ਹਵਾਲਾ ਨਹੀਂ ਮਿਲਦਾ।

ਫਿਰ ਵੀ 16ਵੀਂ ਸਦੀ ਦੇ ਅਖੀਰ ਤੱਕ ਇਹ ਸ਼ਬਦ (ਪੰਜਾਬ) ਜ਼ਰੂਰ ਪ੍ਰਚੱਲਤ ਹੋ ਗਿਆ ਸੀ। ਮਿਸਾਲ ਵਜੋਂ 'ਅਕਬਰਨਾਮਾ' ਵਿਚ ਪੰਜਾਬ ਬਾਰੇ ਕਈ ਹਵਾਲੇ ਮਿਲਦੇ ਹਨ। ਇਹ ਇਸ ਕਰਕੇ ਸੀ ਕਿ ਅਕਬਰ ਨੇ ਲਾਹੌਰ ਦੇ ਸੂਬੇ ਨੂੰ ਪੁਨਰ-ਸੰਗਠਿਤ ਕਰ ਦਿੱਤਾ ਸੀ ਅਤੇ ਸਤਲੁਜ ਅਤੇ ਸਿੰਧ ਵਿਚਕਾਰਲੇ ਪੰਜ ਦੋਆਬਾਂ ਦੇ ਨਾਂ ਵੀ ਧਰ ਦਿੱਤੇ ਸਨ। ਉਸ ਦੀ ਸਲਤਨਤ ਵਿਚ ਇਹ ਇਕੱਲਾ ਸੂਬਾ ਸੀ ਜਿਸ ਵਿਚ ਪੰਜ ਦੋਆਬ ਸਨ। ਇਹ ਗੱਲ ਇਸ ਦੇ ਨਾਲ ਲੱਗਦੇ ਸੂਬੇ ਮੁਲਤਾਨ ਉੱਤੇ ਵੀ ਲਾਗੂ ਨਹੀਂ ਹੁੰਦੀ ਸੀ। ਪੰਜ-ਦੋਆਬ ਸ਼ਬਦ ਵਿਚੋਂ 'ਦਾਲ' ਅਤੇ 'ਵਾਉ' (ਦੋ) ਨੂੰ ਹਟਾਉਣ ਨਾਲ ਇਸ ਸੂਬੇ ਦਾ ਨਾਂ ਪੰਜਆਬ ਰੱਖਿਆ ਜਾ ਸਕਦਾ ਸੀ। ਅਕਬਰ ਅਤੇ ਉਸ ਦੇ ਸਮਕਾਲੀਆਂ ਨੂੰ ਇਹ ਗੱਲ ਕਾਫੀ ਸਾਰਥਕ ਲੱਗਦੀ ਹੋਵੇਗੀ। ਜੇ ਅਸੀਂ ਅੱਖਰੀ ਅਰਥਾਂ ਵਿਚ ਇਸ ਨੂੰ 'ਪੰਜ ਦਰਿਆਵਾਂ ਦੀ ਧਰਤੀ' ਮੰਨ ਲਈਏ, ਜਿਵੇਂ ਬਹੁਤ ਸਾਰੇ ਲੇਖਕਾਂ ਨੇ ਕੀਤਾ ਹੈ ਤਾਂ ਸਾਨੂੰ ਇਹ ਸਮਝਾਉਣਾ ਔਖਾ ਹੋ ਜਾਂਦਾ ਹੈ ਕਿ ਕਿਹੜੇ ਪੰਜ ਦਰਿਆ ਅਤੇ ਕਿਉਂ। ਹਰ ਹਾਲਤ ਵਿਚ ਮੁਗਲ ਕਾਲ ਦੇ ਸਮੁੱਚੇ ਸਮੇਂ ਦੌਰਾਨ ਪੰਜਾਬ ਲਾਹੌਰ ਦੇ ਸੂਬੇ ਦਾ ਹੀ ਸਮਾਨਾਰਥਕ ਰਿਹਾ ਸੀ। ਗਣੇਸ਼ ਦਾਸ ਦੀ ਪੁਸਤਕ 'ਚਾਰਬਾਗਿ-ਪੰਜਾਬ' ਜਿਸ ਦੀ ਰਚਨਾ 19ਵੀਂ ਸਦੀ ਦੇ ਅੱਧ ਵਿਚ ਲਾਹੌਰ ਦਰਬਾਰ ਉੱਤੇ ਅੰਗਰੇਜ਼ਾਂ ਦੇ ਕਬਜ਼ੇ ਤੋਂ ਬਾਅਦ ਹੋਈ, ਵਿਚ ਵੀ ਪੰਜਾਬ ਨੂੰ ਮੁਗਲ ਰਾਜ ਦੇ ਲਾਹੌਰ ਸੂਬੇ ਨਾਲ ਇਕਮਿਕ ਕਰਕੇ ਪ੍ਰਗਟਾਇਆ ਗਿਆ ਹੈ।

ਇੱਥੇ ਇਕ ਹੋਰ ਗੱਲ ਵੱਲ ਸੰਕੇਤ ਕਰਨਾ ਵੀ ਜ਼ਰੂਰੀ ਹੈ ਕਿ ਗਣੇਸ਼ ਦਾਸ ਆਪਣੀ ਪੁਸਤਕ ਵਿਚ ਕਈ ਥਾਵਾਂ ਉੱਤੇ ਰਣਜੀਤ ਸਿੰਘ ਦੇ ਅਧੀਨ ਇਲਾਕਿਆਂ ਨੂੰ 'ਸਲਤਨਤ-ਏ-ਪੰਜਾਬ' ਦਾ ਨਾਮ ਦਿੰਦਾ ਹੈ; ਇਸ ਸ਼ਬਦ ਨੂੰ ਬਾਅਦ ਦੇ ਕਈ ਲੇਖਕਾਂ ਨੇ ਵੀ ਪ੍ਰਵਾਨ ਕਰ ਲਿਆ। ਅੰਗਰੇਜ਼ਾਂ ਨੇ ਜਦੋਂ ਲਾਹੌਰ ਦੇ ਰਾਜ ਨੂੰ ਆਪਣੇ ਅਧਿਕਾਰ ਵਿਚ ਲੈ ਲਿਆ ਤਾਂ ਉਨ੍ਹਾਂ ਨੇ ਨਵਾਂ ਸੂਬਾ ਬਣਾ ਕੇ ਉਸ ਦਾ ਪੰਜਾਬ ਨਾਮ ਰੱਖ ਦਿੱਤਾ। ਉਹ ਇਸ ਦੇ ਅਤੀਤ ਵਿਚ ਏਨੀ ਦਿਲਚਸਪੀ ਨਹੀਂ ਸਨ ਰੱਖਦੇ ਜਿੰਨੀ ਇਸ ਦੇ ਵਰਤਮਾਨ ਵਿਚ। ਇਸ ਲਈ ਸੁਭਾਵਿਕ ਹੀ ਉਨ੍ਹਾਂ ਨੇ 'ਪੰਜਾਬ' ਬਾਰੇ ਪੁਸਤਕਾਂ ਲਿਖੀਆਂ, ਜਿਵੇਂ 'ਕਾਸਟਸ ਐਂਡ ਦਿ ਟ੍ਰਾਈਬਜ਼ ਆਫ ਦਿ ਪੰਜਾਬ', 'ਦਿ ਲੀਜੰਡਸ ਆਫ ਦਿ ਪੰਜਾਬ', 'ਦਿ ਪੰਜਾਬ ਇਨ ਪੀਸ ਐਂਡ ਵਾਰ', 'ਦਿ ਪੇਜ਼ੰਟਰੀ ਇਨ ਪ੍ਰਾਸਪੈਰਟੀ ਐਂਡ ਡੈਟ'। ਇਸੇ ਕਿਸਮ ਦਾ ਇਸਤੇਮਾਲ ਕਈ ਅਜੋਕੀਆਂ ਲਿਖਤਾਂ ਵਿਚ ਮਿਲ ਸਕਦਾ ਹੈ- ਜਿਵੇਂ ਰਿਚਰਡ ਫਾਕਸ ਦੀ ਪੁਸਤਕ 'ਲਾਇਨਜ਼ ਆਫ ਦਿ ਪੰਜਾਬ'। ਕੁਝ ਲੇਖਕਾਂ ਨੇ ਆਪਣੀਆਂ ਪੁਸਤਕਾਂ ਦੇ ਸਿਰਲੇਖਾਂ ਵਿਚ 'ਪੰਜ ਦਰਿਆਵਾਂ ਦੀ ਧਰਤੀ' (ਦਿ ਲੈਂਡ ਆਫ ਦਿ ਫਾਈਵ ਰਿਵਰਜ਼) ਦੀ ਵਰਤੋਂ ਵੀ ਕੀਤੀ ਹੈ, ਜਿਵੇਂ ਡੇਵਿਡ ਰੱਸ ਦੀ ਪੁਸਤਕ 'ਲੈਂਡ ਆਫ ਦਿ ਫਾਈਵ ਰਿਵਰਜ਼ ਐਂਡ ਸਿੰਧ' ਅਤੇ ਐਚ.ਕੇ. ਤ੍ਰੇਵਸਕੀ ਦੀ ਪੁਸਤਕ 'ਦਿ ਲੈਂਡ ਆਫ ਦਿ ਫਾਈਵ ਰਿਵਰਜ਼: ਐਨ ਇਕਨਾਮਿਕ ਹਿਸਟਰੀ ਆਫ ਦਿ ਪੰਜਾਬ' ਵਿਚ। ਉਨ੍ਹਾਂ ਲਈ ਪੰਜ ਦਰਿਆਵਾਂ ਦੀ ਧਰਤੀ ਦਾ ਅਰਥ ਸੀ ਬ੍ਰਿਟਿਸ਼ ਪੰਜਾਬ। ਵਿਰੋਧਾਭਾਸ ਇਹ ਹੈ ਕਿ ਇਸ ਸ਼ਬਦ ਦੀ ਅੱਖਰੀ ਵਰਤੋਂ ਰੂਪਕ ਬਣ ਗਈ। ਇਸ ਨੇ ਕਈ ਉਲਝਣਾਂ ਵੀ ਪੈਦਾ ਕਰ ਦਿੱਤੀਆਂ।




ਇਤਿਹਾਸਕਾਰਾਂ ਨੇ ਵੀ ਆਪਣੀਆਂ ਲਿਖਤਾਂ ਵਿਚ ਪੰਜਾਬ ਦੇ ਬਰਤਾਨਵੀ ਸੰਕਲਪ ਨੂੰ ਹੀ ਪ੍ਰਵਾਨ ਕਰ ਲਿਆ। ਇਸ ਦੀ ਸ਼ਾਇਦ ਸਭ ਤੋਂ ਉੱਘੜਵੀਂ ਮਿਸਾਲ ਬੀ.ਐੱਸ. ਨਿੱਝਰ ਦੀ ਪੁਸਤਕ 'ਦਿ ਪੰਜਾਬ ਅੰਡਰ ਬ੍ਰਿਟਿਸ਼' ਵਿਚ ਦੇਖੀ ਜਾ ਸਕਦੀ ਹੈ। ਇਸ ਤੋਂ ਵੀ ਮਹੱਤਵਪੂਰਨ ਗੱਲ ਇਹ ਹੈ ਕਿ ਉਸ ਨੇ ਅੰਗਰੇਜ਼ੀ ਰਾਜ ਤੋਂ ਪੂਰਬਲੇ ਪੰਜਾਬ ਨੂੰ ਵੀ ਇਸੇ ਸੰਕਲਪ ਨਾਲ ਜੋੜਿਆ ਹੈ: 'ਦਿ ਪੰਜਾਬ ਅੰਡਰ ਦਿ ਲੇਟਰ ਮੁਗਲਜ਼', 'ਦਿ ਪੰਜਾਬ ਅੰਡਰ ਦਿ ਗ੍ਰੇਟ ਮੁਗ਼ਲ' ਅਤੇ 'ਦਿ ਪੰਜਾਬ ਅੰਡਰ ਦਿ ਸੁਲਤਾਨਜ਼' ਵਿਚ। ਹੋਰਨਾਂ ਕਈ ਇਤਿਹਾਸਕਾਰਾਂ ਨੇ ਪੰਜਾਬ ਸ਼ਬਦ ਦੀ ਵਰਤੋਂ ਮਹਾਰਾਜਾ ਰਣਜੀਤ ਸਿੰਘ ਅਤੇ ਉਸ ਦੇ ਉਤਰਾਧਿਕਾਰੀਆਂ ਦੇ ਅਧੀਨ ਇਲਾਕਿਆਂ ਲਈ ਕੀਤੀ ਹੈ। ਇਸ ਕਿਸਮ ਦੇ ਇਸਤੇਮਾਲ ਦੀਆਂ ਕੁਝ ਮਿਸਾਲਾਂ ਹਨ- ਐਲ. ਚੋਪੜਾ ਦੀ ਪੁਸਤਕ 'ਪੰਜਾਬ ਐਜ਼ ਏ ਸਾਵਰਿਨ' ਅਤੇ ਬੀ.ਆਰ. ਚੋਪੜਾ ਦੀ ਪੁਸਤਕ 'ਕਿੰਗਡਮ ਆਫ ਦਿ ਪੰਜਾਬ 1839-45'। ਹਰੀ ਰਾਮ ਗੁਪਤਾ ਵੀ ਆਪਣੀ ਪੁਸਤਕ 'ਪੰਜਾਬ ਆਨ ਦਿ ਈਵ ਆਫ ਫਸਟ ਸਿੱਖ ਵਾਰ' ਵਿਚ ਇਸ ਸ਼ਬਦ ਦੀ ਵਰਤੋਂ ਇਨ੍ਹਾਂ ਅਰਥਾਂ ਵਿਚ ਹੀ ਕਰਦਾ ਹੈ। ਇਸ ਪੁਸਤਕ ਵਿਚ ਦਿੱਤਾ ਹੋਇਆ ਪੰਜਾਬ ਦਾ ਨਕਸ਼ਾ ਅਚੇਤ ਹੀ ਬ੍ਰਿਟਿਸ਼ ਪੰਜਾਬ ਨੂੰ ਦਿਖਾਉਂਦਾ ਹੈ।

ਪੰਜਾਬ ਦੀ ਤਲਾਸ਼ ਵਿਚ ਹੁਣ ਅਸੀਂ ਕੁਝ ਭੂਗੋਲ ਸ਼ਾਸਤਰੀਆਂ ਵੱਲ ਮੁੜਦੇ ਹਾਂ। ਓ.ਐਚ.ਕੇ. ਸਪੇਟ ਗੰਗਾ-ਸਿੰਧ ਦੇ ਮੈਦਾਨਾਂ ਨੂੰ ਉਪ ਮਹਾਂਦੀਪ ਦੇ ਚਾਰ ਮੁੱਖ ਭਾਗਾਂ ਵਿਚੋਂ ਇਕ ਮੰਨਦਾ ਹੈ। ਇਸ ਨੂੰ ਅਗਾਂਹ ਖਿੱਤਿਆਂ ਅਤੇ ਉਪ ਖਿੱਤਿਆਂ ਵਿਚ ਵੰਡਿਆ ਜਾਂਦਾ ਹੈ। ਗੰਗਾ-ਸਿੰਧ ਦੇ ਮੈਦਾਨਾਂ ਵਿਚਲੇ ਇਕ ਖਿੱਤੇ ਵਜੋਂ ਸਪੇਟ ਦੇ 'ਪੰਜਾਬ' ਵਿਚ 'ਬਿਸਤ ਜਲੰਧਰ ਦੋ-ਆਬ' ਨੂੰ ਸ਼ਾਮਿਲ ਨਹੀਂ ਕੀਤਾ ਗਿਆ ਅਤੇ ਨਾ ਹੀ ਇਸ ਵਿਚ ਪੋਠੋਹਾਰ ਤੇ ਸਾਲਟ ਰੇਂਜ ਦਾ ਇਲਾਕਾ ਆਉਂਦਾ ਹੈ। ਇਸ ਤੋਂ ਇਲਾਵਾ ਉਸ ਦੇ ਪੰਜਾਬ ਵਿਚ ਸਿੰਧ ਅਤੇ ਸਤਲੁਜ ਦੇ ਦਰਿਆਵਾਂ ਤੋਂ ਬਾਹਰਲਾ ਇਲਾਕਾ ਵੀ ਰੱਖਿਆ ਗਿਆ ਹੈ: ਡੇਰਾ ਇਸਮਾਈਲ ਖਾਂ ਅਤੇ ਡੇਰਾ ਗਾਜ਼ੀ ਖਾਂ ਦੇ ਮੈਦਾਨੀ ਇਲਾਕੇ ਅਤੇ ਬਹਾਵਲਪੁਰ ਦਾ ਕਾਫੀ ਵੱਡਾ ਇਲਾਕਾ। ਸਪੇਟ ਅਨੁਸਾਰ ਗੰਗਾ-ਸਿੰਧ ਦੇ ਮੈਦਾਨਾਂ ਵਿਚਲਾ ਇਕ ਹੋਰ ਖਿੱਤਾ ਵੀ ਸਾਡੇ ਮੰਤਵ ਅਨੁਸਾਰ ਮਹੱਤਵਪੂਰਨ ਹੈ: ਗੰਗਾ-ਸਿੰਧ ਨੂੰ ਵੰਡਣ ਵਾਲਾ ਉਹ ਇਲਾਕਾ ਜਿਹੜਾ ਪੂਰੇ ਬਿਸਤ ਜਲੰਧਰ ਦੋਆਬ ਉੱਤੇ ਆਧਾਰਿਤ ਹੈ, ਸਤਲੁਜ ਤੋਂ ਲੈ ਕੇ ਜਮੁਨਾ ਤੱਕ ਦੀ ਪੱਟੀ ਅਤੇ ਦਿੱਲੀ ਦੇ ਨੇੜੇ ਅਰਾਵਲੀ ਪਰਬਤ ਤੱਕ ਦੇ ਮੈਦਾਨ ਅਤੇ ਥਾਰ ਰੇਗਿਸਤਾਨ ਤੋਂ ਉਪਰ ਵਾਲਾ ਘੱਗਰ ਨਦੀ ਦੇ ਸੁੱਕੇ ਥਲ ਵਾਲਾ ਇਲਾਕਾ। ਗੰਗਾ-ਸਿੰਧ ਮੈਦਾਨ ਨੂੰ ਵੰਡਣ ਵਾਲੀ ਇਹ ਪੱਟੀ ਪੰਜਾਬ ਅਤੇ ਉਪਰਲੇ ਮੈਦਾਨਾਂ ਦੇ ਵਿਚਕਾਰਲਾ ਇਲਾਕਾ ਹੈ ਜਿਸ ਦਾ ਅਰਥ ਇਹ ਨਿਕਲਦਾ ਹੈ ਕਿ ਸਤਲੁਜ ਅਤੇ ਘੱਗਰ ਨਦੀ ਦੇ ਵਿਚਕਾਰਲਾ ਇਲਾਕਾ ਭੌਤਿਕ ਤੌਰ 'ਤੇ ਹੀ ਨਹੀਂ ਸਗੋਂ ਸਭਿਆਚਾਰਕ ਤੌਰ 'ਤੇ ਵੀ ਪੰਜਾਬ ਦੇ ਨੇੜੇ ਹੈ, ਉਵੇਂ ਹੀ ਘੱਗਰ ਅਤੇ ਜਮੁਨਾ ਨਦੀ ਦੇ ਵਿਚਕਾਰਲਾ ਇਲਾਕਾ ਉਪਰਲੇ ਗੰਗਾ ਦੇ ਮੈਦਾਨਾਂ ਦੇ ਨੇੜੇ ਹੈ।

ਪ੍ਰੋ. ਆਰ.ਐਲ. ਸਿੰਘ ਦੀ ਸੰਪਾਦਿਤ ਪੁਸਤਕ 'ਇੰਡੀਆ ਏ ਰੀਜਨਲ ਜਿਓਗ੍ਰਾਫੀ' ਨੂੰ ਵੀ ਭਾਰਤ ਦੇ ਇਲਾਕਾਈ ਭੂਗੋਲ ਦੀ ਇਕ ਹੋਰ ਮਿਸਾਲ ਵਜੋਂ ਲਿਆ ਜਾਵੇ ਤਾਂ ਗੰਗਾ ਅਤੇ ਸਿੰਧ ਦੇ ਮੈਦਾਨਾਂ ਨੂੰ ਭਾਰਤ ਦਾ ਇਕੱਲਾ ਵਿਰਾਟ ਖੰਡ ਮੰਨਿਆ ਜਾ ਸਕਦਾ ਹੈ। ਇਹ ਪੁਸਤਕ ਸਿਰਫ ਭਾਰਤ ਨਾਲ ਹੀ ਸਬੰਧ ਰੱਖਦੀ ਹੈ। ਇਸ ਵਿਚੋਂ ਪਾਕਿਸਤਾਨ ਦੇ ਮੈਦਾਨਾਂ ਨੂੰ ਬਾਹਰ ਰੱਖਿਆ ਗਿਆ ਹੈ। ਫਿਰ ਵੀ ਇਸ ਪੁਸਤਕ ਵਿਚ ਪੰਜਾਬ ਦੇ ਮੈਦਾਨਾਂ ਦਾ ਜ਼ਿਕਰ ਹੈ। ਇਨ੍ਹਾਂ ਮੈਦਾਨਾਂ ਵਿਚ ਪੰਜਾਬ ਅਤੇ ਹਰਿਆਣਾ ਦੇ ਇਲਾਕੇ ਅਤੇ ਦਿੱਲੀ ਅਤੇ ਚੰਡੀਗੜ੍ਹ ਦੇ ਕੇਂਦਰ ਪ੍ਰਸ਼ਾਸਿਤ ਇਲਾਕੇ ਸ਼ਾਮਿਲ ਹਨ। ਇਸ ਪੁਸਤਕ ਵਿਚਲੇ ਪੰਜਾਬ ਦੇ ਮੈਦਾਨ ਓ.ਐਚ.ਕੇ. ਸਪੇਟ ਅਨੁਸਾਰ ਗੰਗਾ-ਸਿੰਧ ਨੂੰ ਵੰਡਣ ਵਾਲੀ ਪੱਟੀ ਨਾਲ ਮੇਲ ਖਾਂਦੇ ਹਨ। ਇਸ ਇਲਾਕਾਈ ਭੂਗੋਲ ਦੇ ਲੇਖਕ ਆਪਣੀਆਂ ਭੂਗੋਲਿਕ ਕਸਵੱਟੀਆਂ ਨੂੰ ਰਾਜਨੀਤਕ ਯਥਾਰਥ ਅਨੁਸਾਰ ਤਬਦੀਲ ਕਰਨ ਦੀ ਪ੍ਰਵਿਰਤੀ ਰੱਖਦੇ ਹਨ। ਉਹ ਵਿਕਾਸ ਦੇ ਪ੍ਰੋਗਰਾਮਾਂ ਦੀ ਦ੍ਰਿਸ਼ਟੀ ਤੋਂ ਮਹੱਤਵ ਰੱਖਣ ਵਾਲੇ ਮਨੁੱਖੀ ਤੱਤਾਂ ਨੂੰ ਵਧੇਰੇ ਮਹੱਤਵ ਦਿੰਦੇ ਹਨ।

ਜੇ ਨਿਰੋਲ ਭੂਗੋਲਿਕ ਕਸਵੱਟੀ ਉੱਤੇ ਪਰਖ ਕੇ ਦੇਖਿਆ ਜਾਵੇ ਤਾਂ ਪੰਜਾਬ ਉੱਤਰ ਵਿਚ ਹਿਮਾਲਿਆ ਪਰਬਤ ਲੜੀ, ਦੱਖਣ ਵਿਚ ਅਰਾਵਲੀ ਪਰਬਤ ਲੜੀ ਅਤੇ ਥਾਰ ਰੇਗਿਸਤਾਨ, ਪੱਛਮ ਅਤੇ ਪੂਰਬ ਦੇ ਪਾਸੇ ਸਿੰਧ ਅਤੇ ਜਮੁਨਾ ਨਦੀਆਂ ਨਾਲ ਘਿਰਿਆ ਇਲਾਕਾ ਹੋ ਨਿਬੜਦਾ ਹੈ। ਕੁਝ ਇਕ ਇਤਿਹਾਸਕਾਰਾਂ ਨੇ ਹੀ ਇਲਾਕਾਈ ਇਤਿਹਾਸ ਲਿਖਣਦੇ ਮਨੋਰਥ ਨਾਲ ਸੁਚੇਤ ਤੌਰ 'ਤੇ ਪੰਜਾਬ ਨੂੰ ਪਰਿਭਾਸ਼ਿਤ ਕਰਨ ਦੀ ਸਮੱਸਿਆ ਨਾਲ ਜੂਝਣ ਦਾ ਯਤਨ ਕੀਤਾ ਹੈ। 1976 ਵਿਚ ਹੋਈ 'ਪੰਜਾਬ ਇਤਿਹਾਸ ਕਾਨਫਰੰਸ' ਮੌਕੇ ਰੋਮਿਲਾ ਥਾਪਰ ਨੇ ਆਖਿਆ ਸੀ ਕਿ 'ਇਕ ਅਰਥ ਵਿਚ ਪੰਜਾਬ ਨੂੰ ਪਰਿਭਾਸ਼ਿਤ ਕਰਨਾ ਸੌਖਾ ਹੈ, ਇਹ ਪੰਜ ਦਰਿਆਵਾਂ ਦੀ ਧਰਤੀ ਹੈ ਅਤੇ ਦੋ-ਆਬਾਂ ਦੇ ਵਿਚਕਾਰਲੇ ਖਿੱਤੇ ਇਸ ਵਿਚ ਆਉਂਦੇ ਹਨ।' ਇੱਥੇ ਪੰਜਾਬ ਨੂੰ ਅੱਖਰੀ ਅਰਥਾਂ ਵਿਚ ਪੰਜਾਂ ਦਰਿਆਵਾਂ ਦੀ ਧਰਤੀ ਦਾ ਸੂਚਕ ਮੰਨਿਆ ਗਿਆ ਹੈ ਪਰ ਪੰਜਾਂ ਦਰਿਆਵਾਂ ਦੇ ਤਾਂ ਚਾਰ ਦੋਆਬ ਹੀ ਬਣਦੇ ਹਨ। ਇਸ ਲਈ ਪੰਜਾਂ ਦਰਿਆਵਾਂ ਦੀ ਧਰਤੀ ਇਕੋ ਵੇਲੇ ਪੰਜ-ਦੋਆਬਾਂ ਦੀ ਧਰਤੀ ਨਹੀਂ ਹੋ ਸਕਦੀ। ਰੋਮਿਲਾ ਥਾਪਰ ਨੇ ਅੱਗੇ ਜਾ ਕੇ ਆਖਿਆ ਹੈ ਕਿ 'ਇਸ ਭੂਗੋਲਿਕ ਪਰਿਭਾਸ਼ਾ ਨਾਲ ਰਾਜਨੀਤਕ ਅਤੇ ਸਭਿਆਚਾਰਕ ਤੱਤਾਂ ਨੂੰ ਜੋੜਨ ਦੀ ਪ੍ਰਵਿਰਤੀ ਤਾਂ ਇਸ ਦੇ ਸਮੁੱਚੇ ਇਤਿਹਾਸ ਵਿਚ ਕੇਵਲ ਥੋੜ੍ਹੇ ਸਮੇਂ ਲਈ ਹੀ ਉਭਰੀ ਹੈ।' ਅਸਲ ਵਿਚ ਇਹ ਕਥਨ ਇਸ ਇਲਾਕੇ ਦੇ ਇਤਿਹਾਸ ਨਾਲ ਸਬੰਧਿਤ ਕਿਸੇ ਵੀ ਕਾਲ ਉੱਤੇ ਨਹੀਂ ਢੁੱਕਦਾ ਪਰ ਇੱਥੇ ਇਲਾਕਾਈ ਇਤਿਹਾਸ ਬਾਰੇ ਅਹਿਮ ਮੁੱਦਾ ਉਠਾਇਆ ਹੈ। ਇਤਿਹਾਸਕਾਰ ਲਈ ਕਿਸੇ ਇਲਾਕੇ ਨੂੰ ਪਰਿਭਾਸ਼ਿਤ ਕਰਨ ਲਈ ਸਿਰਫ ਭੂਗੋਲਿਕ ਪਰਿਭਾਸ਼ਾ ਹੀ ਨਹੀਂ, ਸਿਆਸੀ ਅਤੇ ਸਭਿਆਚਾਰਕ ਤੱਤ ਵੀ ਅਹਿਮ ਹਨ। ਰੋਮਿਲਾ ਥਾਪਰ ਨੇ ਇਹ ਸੱਚ ਹੀ ਆਖਿਆ ਹੈ ਕਿ ਪੰਜਾਬ ਦੇ ਇਤਿਹਾਸ ਦਾ ਵਡੇਰਾ ਭਾਗ ਇਸ ਦੇ ਉਪ ਖਿੱਤਿਆਂ ਵਿਚਲੇ ਰਿਸ਼ਤੇ ਅਤੇ ਅੰਤਰ-ਕਿਰਿਆ ਦਾ ਅਧਿਐਨ ਕਰਨ ਨਾਲ ਸਬੰਧ ਰੱਖਦਾ ਹੈ।

ਇੱਥੇ ਇਕ ਹੋਰ ਤੱਥ ਵੱਲ ਧਿਆਨ ਦਿਵਾਉਣਾ ਵੀ ਦਿਲਚਸਪ ਹੋਵੇਗਾ ਕਿ ਬੁੱਧ ਪ੍ਰਕਾਸ਼ ਨੇ ਆਪਣੀ ਪੁਸਤਕ 'ਪੁਲੀਟੀਕਲ ਐਂਡ ਸੋਸ਼ਲ ਮੂਵਮੈਂਟਸ ਇਨ ਏਂਸ਼ੀਐਂਟ ਪੰਜਾਬ' ਵਿਚ ਸਮਾਜਿਕ, ਸਭਿਆਚਾਰਕ ਵਿਕਾਸ ਦੀਆਂ ਗਤੀਵਿਧੀਆਂ ਦੇ ਮਹੱਤਵ ਨੂੰ ਪਛਾਣਨ ਉੱਤੇ ਜ਼ੋਰ ਦਿੱਤਾ ਹੈ। ਉਸ ਨੇ ਸ਼ੁਰੂ ਵਿਚ ਹੀ ਸਪਸ਼ਟ ਕਰ ਦਿੱਤਾ ਕਿ ਉਸ ਦਾ ਪੰਜਾਬ ਨਾ ਤਾਂ ਸਮਕਾਲੀ ਪੰਜਾਬ ਹੈ ਅਤੇ ਨਾ ਹੀ ਬਰਤਾਨਵੀ ਰਾਜ ਵਾਲਾ ਪੰਜਾਬ। ਉਹ ਕਹਿੰਦਾ ਹੈ ਕਿ ਉਸ ਦੇ ਅਧਿਐਨ ਵਾਲੇ ਪੰਜਾਬ ਵਿਚ ਅਫਗਾਨਿਸਤਾਨ ਅਤੇ ਸਿੰਧ ਦੇ ਕੁਝ ਹਿੱਸੇ ਵੀ ਸ਼ਾਮਿਲ ਸਨ। ਇਸ ਤਰ੍ਹਾਂ ਉਸ ਦੀ ਮੂਲ ਕਸਵੱਟੀ ਨਾ ਤਾਂ ਭੂਗੋਲਿਕ ਹੈ ਅਤੇ ਨਾ ਰਾਜਨੀਤਕ ਸਗੋਂ ਸਮਾਜਿਕ-ਸਭਿਆਚਾਰਕ ਹੈ। ਇਸੇ ਲਈ ਉਹ ਕਹਿ ਸਕਦਾ ਹੈ ਕਿ ਇਸ ਖਿੱਤੇ ਦਾ ਸਮਾਜਿਕ-ਸਭਿਆਚਾਰਕ ਵਿਕਾਸ ਭੂਗੋਲਿਕ ਅਤੇ ਰਾਜਨੀਤਕ ਹੱਦਬੰਦੀਆਂ ਤੋਂ ਪਾਰ ਜਾਂਦਾ ਹੈ। ਇਤਫਾਕ ਨਾਲ ਇਸ ਪੁਸਤਕ ਦੇ ਸਿਰਲੇਖ ਨੂੰ ਨਿਰਧਾਰਤ ਕਰਨ ਵਾਲੇ ਤੱਤ ਪੰਜਾਬ ਦੀ ਪਰਿਭਾਸ਼ਾ ਕਰਨ ਵੇਲੇ ਸੋਧ ਲਏ ਗਏ ਹਨ।



*ਮਹਾਰਾਜਾ ਰਣਜੀਤ ਸਿੰਘ*

ਬੁੱਧ ਪ੍ਰਕਾਸ਼ ਦਾ ਪੰਜਾਬ ਮਹੱਤਵਪੂਰਨ ਸਮਾਜਿਕ-ਸਭਿਆਚਾਰਕ ਗਤੀਵਿਧੀਆਂ ਦਾ ਲਖਾਇਕ ਸੀ। ਇਸ ਪੁਸਤਕ ਵਿਚ ਪੇਸ਼ ਹੋਈ ਮੂਲ ਸਥਾਪਨਾ ਇਹ ਹੈ ਕਿ ਸਪਤ ਸਿੰਧੂ ਆਖੀ ਜਾਣ ਵਾਲੀ ਧਰਤੀ ਉੱਤੇ ਵਸਦੀ ਸਿੰਧ ਘਾਟੀ ਦੀ ਸਭਿਅਤਾ ਅਤੇ ਆਰੀਆ ਦੇ ਵਿਚਕਾਰ ਜੋ ਸਭਿਆਚਾਰਕ ਸਮਨਵੈ ਹੋਇਆ ਸੀ, ਉਸ ਨੇ ਅਜਿਹੇ ਹੀ ਇਕ ਹੋਰ ਸਮਨਵੈ ਨੂੰ ਵੀ ਜਨਮ ਦਿੱਤਾ ਸੀ ਜੋ ਬਿਲਕੁਲ ਵਿਲੱਖਣ ਸੀ ਅਤੇ ਕਿਤੇ ਵਡੇਰੇ ਇਲਾਕੇ ਤੱਕ ਫੈਲਿਆ ਹੋਇਆ ਸੀ। ਸਪਤ ਸਿੰਧੂ ਦੇ ਸਭਿਆਚਾਰ ਬਾਰੇ ਵੇਦਾਂ ਵਿਚ ਵੀ ਸੰਕੇਤ ਮਿਲਦੇ ਹਨ ਜਿਵੇਂ ਵਰਣ-ਆਸ਼ਰਮ ਧਰਮ ਨਾਲ ਸਬੰਧ ਰੱਖਣ ਵਾਲੇ ਸਮਾਜਿਕ ਆਦਰਸ਼ਾਂ, ਹੋਮ ਯੱਗ ਨਾਲ ਸਬੰਧਿਤ ਕਰਮ-ਕਾਂਡਾਂ, ਰਿਸ਼ੀਆਂ ਦੇ ਜੰਗਲ ਵਿਚ ਨਿਵਾਸ ਕਰਨ, ਨੈਤਿਕ ਕਦਰਾਂ-ਕੀਮਤਾਂ ਅਤੇ ਰਹੁ-ਰੀਤਾਂ ਦੀ ਸਮੁੱਚੀ ਸਮਾਨਤਾ ਅਤੇ ਸੰਸਕ੍ਰਿਤ ਭਾਸ਼ਾ ਦੇ ਸਾਂਝੇ ਮਾਧਿਅਮ ਵਿਚ। ਉਸ ਯੁੱਗ ਦੇ ਲੋਕ ਆਪਣੀ ਮਾਤ-ਭੂਮੀ ਉਪਰ ਫਖਰ ਕਰਦੇ ਸਨ। ਪ੍ਰੋਫੈਸਰ ਬੁੱਧ ਪ੍ਰਕਾਸ਼ ਨੇ ਸਮਾਜਿਕ-ਸਭਿਆਚਾਰਕ ਇਕਸੁਰਤਾ ਅਤੇ ਏਕਤਾ ਬਾਰੇ ਜੋ ਗੱਲ ਆਖੀ ਹੈ, ਉਹ ਕਿਸੇ ਹੱਦ ਤੱਕ ਭਾਵੇਂ ਅਤਿਕਥਨੀ ਹੀ ਹੋਵੇ ਪਰ ਉਸ ਨੇ ਸਮਾਜਿਕ-ਸਭਿਆਚਾਰਕ ਪੱਖ ਦੇ ਮਹੱਤਵ ਉੱਤੇ ਹੱਕੀ ਤੌਰ 'ਤੇ ਜ਼ੋਰ ਦਿੱਤਾ ਹੈ।

ਇਕ ਹਜ਼ਾਰ ਈਸਾ ਪੂਰਬਲੇ ਸਮੇਂ ਦੇ ਪਹਿਲੇ ਅੱਧ ਵਿਚ ਸਪਤ ਸਿੰਧੂ ਦੇ ਇਲਾਕੇ ਵਿਚ ਕੁਝ ਨਵੀਆਂ ਜਾਤੀਆਂ ਨੇ ਪ੍ਰਵੇਸ਼ ਕੀਤਾ ਜਿਨ੍ਹਾਂ ਨੇ ਹੌਲੀ-ਹੌਲੀ ਵੈਦਿਕ ਸਭਿਅਤਾ ਦੇ ਅਨੁਯਾਈਆਂ ਨੂੰ ਪੂਰਬ ਵੱਲ ਧੱਕ ਦਿੱਤਾ ਜੋ ਪਹਿਲਾਂ ਕੁਰੂਕਸ਼ੇਤਰ ਦੇ ਇਲਾਕੇ ਵਿਚ ਆਏ ਅਤੇ ਫੇਰ ਗੰਗਾ-ਜਮਨਾ ਦੋਆਬ ਤੇ ਗੰਗਾ ਦੇ ਉਪਰ ਵਾਲੇ ਪਾਸੇ ਦੇ ਮੈਦਾਨਾਂ ਵਿਚ ਫੈਲ ਗਏ। ਆਪਣੇ ਨਵੇਂ ਨਿਵਾਸ ਸਥਾਨ ਵਿਚ ਆ ਕੇ ਉਨ੍ਹਾਂ ਨੇ ਆਪਣੀਆਂ ਸ਼ੁੱਧਤਾਵਾਦੀ ਕਦਰਾਂ-ਕੀਮਤਾਂ ਨੂੰ ਸੁਰੱਖਿਅਤ ਕਰਦਿਆਂ ਪੰਜਾਬ ਦੇ ਵਸਨੀਕਾਂ ਨੂੰ ਆਪਣੇ ਸੱਭਿਆਚਾਰ ਦੇ ਦਾਇਰੇ ਤੋਂ ਬਾਹਰ ਮੰਨਣਾ ਸ਼ੁਰੂ ਕਰ ਦਿੱਤਾ। ਪੰਜਾਬੀ ਉਦੋਂ ਉੱਨ ਅਤੇ ਘੋੜਿਆਂ ਦਾ ਵਪਾਰ ਕਰਦੇ ਸਨ। ਉਹ ਸਮੁੰਦਰੀ ਸਫਰ ਵੀ ਕਰਦੇ ਸਨ। ਉਨ੍ਹਾਂ ਨੂੰ ਯੁੱਧ ਕਰਨ ਦਾ ਸ਼ੌਕ ਸੀ। ਉਹ ਲਸਣ ਅਤੇ ਪਿਆਜ਼ ਖਾਂਦੇ ਸਨ ਅਤੇ ਵੱਖ-ਵੱਖ ਤਰ੍ਹਾਂ ਦੇ ਪਸ਼ੂ-ਪੰਛੀਆਂ ਦਾ ਮਾਸ ਵੀ ਖਾਂਦੇ ਸਨ ਜਿਵੇਂ ਮੁਰਗੇ, ਭੇਡਾਂ, ਖੋਤੇ, ਸੂਰ, ਊਠ ਆਦਿ ਦਾ ਮਾਸ। ਸਮਾਜਿਕ ਪਰਿਵਰਤਨ ਦੀ ਧਾਰਾ ਵਿਚ ਯੂਨਾਨੀਆਂ, ਪਾਰਥੀਆਂ, ਸ਼ੱਕਾਂ ਅਤੇ ਕੁਸ਼ਾਣਾਂ ਦੇ ਆਉਣ ਨਾਲ ਹੋਰ ਵੀ ਤੇਜ਼ੀ ਆ ਗਈ। ਅਸਲ ਵਿਚ ਕੁਸ਼ਾਣ ਸਾਮਰਾਜ ਇਰਾਨੀ, ਚੀਨੀ, ਰੋਮਨ ਅਤੇ ਭਾਰਤੀ ਸਭਿਆਚਾਰਾਂ ਦਾ ਮਿਲਣ ਬਿੰਦੂ ਸੀ ਅਤੇ ਇਸ ਦੇ ਸਿੱਟੇ ਵਜੋਂ ਜੀਵਨ ਅਤੇ ਸਭਿਆਚਾਰ ਦੇ ਤਕਰੀਬਨ ਸਾਰੇ ਪੱਖਾਂ ਵਿਚ ਇਨਕਲਾਬੀ ਤਬਦੀਲੀ ਆ ਗਈ। ਮਹਾਂਯਾਨੀ ਬੁੱਧਮਤ ਦੇ ਫਲਸਫੇ ਨੂੰ ਹੁਣ ਸੰਸਕ੍ਰਿਤੀ ਨਾਲੋਂ ਵੱਖਰੀਆਂ ਜ਼ਬਾਨਾਂ ਵਿਚ ਸਮਝਾਇਆ ਜਾਣ ਲੱਗਿਆ। ਇਉਂ ਏਸ਼ੀਆ ਦੇ ਭਿੰਨ-ਭਿੰਨ ਸਭਿਆਚਾਰਾਂ ਦੇ ਸੁਮੇਲ ਰਾਹੀਂ ਇਸ ਖੇਤਰ ਦੇ ਲੋਕਾਂ ਦੀ ਮਾਨਸਿਕਤਾ ਅਤੇ ਦ੍ਰਿਸ਼ਟੀ ਵਿਚ ਉਦਾਰਤਾ ਆ ਗਈ।

000

ਸਾਡਾ ਸਰੋਕਾਰ ਬੁੱਧ ਪ੍ਰਕਾਸ਼ ਦੀ ਇਤਿਹਾਸ ਦ੍ਰਿਸ਼ਟੀ ਵਿਚਲੇ ਤੱਥਾਂ ਦੀ ਪ੍ਰਮਾਣਿਕਤਾ ਨਾਲ ਇੰਨਾ ਨਹੀਂ ਜਿੰਨਾ ਉਸ ਦੀ ਇਸ ਖਿੱਤੇ ਬਾਰੇ ਕੀਤੀ ਗਈ ਮਹੱਤਵਪੂਰਨ ਵਿਆਖਿਆ ਨਾਲ ਹੈ। ਕੀ ਅਸੀਂ ਬਾਦਸ਼ਾਹ ਅਕਬਰ, ਮਹਾਰਾਜਾ ਰਣਜੀਤ ਸਿੰਘ ਅਤੇ ਬ੍ਰਿਟਿਸ਼ ਕਾਲ ਵਿਚ ਪੰਜਾਬ ਵਜੋਂ ਜਾਣੇ ਜਾਣ ਵਾਲੇ ਇਸ ਇਲਾਕੇ ਵਿਚ ਮਹੱਤਵਪੂਰਨ ਸਮਾਜਿਕ-ਸਭਿਆਚਾਰਕ ਗਤੀਵਿਧੀਆਂ ਦੀ ਜਾਣਕਾਰੀ ਹਾਸਿਲ ਕਰ ਸਕਦੇ ਹਾਂ। ਅਸੀਂ ਇਸ ਪ੍ਰਸ਼ਨ ਦਾ ਸੰਖੇਪ ਵਿਚ ਉੱਤਰ ਦੇਣ ਦੀ ਕੋਸ਼ਿਸ਼ ਕਰਾਂਗੇ ਤਾਂ ਜੋ ਇਹ ਦੇਖਿਆ ਜਾਵੇ ਕਿ ਪੰਜਾਬ ਦੇ ਸੰਕਲਪ ਨੂੰ ਉਸਾਰਨ ਅਤੇ ਵਿਕਸਤ ਕਰਨ ਵਿਚ ਸਮਾਜਿਕ-ਸਭਿਆਚਾਰਕ ਤੱਤਾਂ ਦਾ ਕੋਈ ਪ੍ਰਭਾਵ ਸੀ ਵੀ ਜਾਂ ਨਹੀਂ। 16ਵੀਂ ਸਦੀ ਦੇ ਅਖੀਰ 'ਤੇ ਪਹੁੰਚ ਕੇ ਇਸ ਇਲਾਕੇ ਦੀ ਜਨਸੰਖਿਆ ਦੇ ਆਧਾਰ ਤੇ ਰੂਪ-ਰੇਖਾ ਬਦਲ ਗਈ ਸੀ। ਕਨਿਸ਼ਕ ਦੇ ਸਮੇਂ ਤੋਂ ਲੈ ਕੇ ਰਾਜਨੀਤਕ ਤਬਦੀਲੀਆਂ ਕਾਰਨ ਤੇ ਅਮਨ-ਅਮਾਨ ਵਾਲੇ ਪਰਵਾਸ ਦੀ ਲਹਿਰ ਕਾਰਨ ਭੂਮੀ ਉੱਤੇ ਪੱਕਾ ਟਿਕਾਣਾ ਬਣਾ ਕੇ ਬੈਠੇ ਲੋਕ ਦੋਆਬਾ ਦੇ ਉਪਰਲੇ ਪਾਸੇ ਅਤੇ ਦਰਿਆਈ ਘਾਟੀਆਂ ਵੱਲ ਜਾਣੇ ਸ਼ੁਰੂ ਹੋ ਗਏ। ਇਹ ਸਾਰਾ ਕੁਝ ਇਸ ਲਈ ਸੰਭਵ ਹੋ ਸਕਿਆ ਕਿ ਉਹ ਇਰਾਨੀ ਢੰਗ ਦੇ ਖੂਹਾਂ ਦੀ ਸਿੰਜਾਈ ਨੂੰ ਅਪਣਾ ਚੁੱਕੇ ਸਨ। ਇਸ ਇਲਾਕੇ ਦੀ ਇਸ ਵਿਸ਼ੇਸ਼ਤਾ ਤੋਂ ਬਾਬਰ ਵੀ ਬਹੁਤ ਪ੍ਰਭਾਵਿਤ ਸੀ। ਅਬੁਲ ਫਜ਼ਲ ਨੇ ਪੰਜਾਬ ਦੀ ਸੰਘਣੀ ਵਸੋਂ ਅਤੇ ਖੁਸ਼ਹਾਲੀ ਬਾਰੇ ਟਿੱਪਣੀਆਂ ਕੀਤੀਆਂ ਹਨ।

***(ਬਾਕੀ ਅਗਲੇ ਸਫੇ 'ਤੇ)***

ਸ਼ਹਿਰੀ ਕੇਂਦਰਾਂ ਦੀ ਗਿਣਤੀ ਅਤੇ ਆਕਾਰ ਵਿਚ ਵਾਧਾ ਹੋਣ ਲੱਗਾ ਸੀ ਜੋ ਵਧਦੇ ਵਪਾਰ ਦੀ ਨਿਸ਼ਾਨੀ ਸੀ। ਇਸ ਤੋਂ ਇਹ ਅੰਦਾਜ਼ਾ ਵੀ ਲੱਗਦਾ ਹੈ ਕਿ ਉਸ ਵੇਲੇ ਵਪਾਰੀ ਸ਼੍ਰੇਣੀ ਕਿੰਨੀ ਅਮੀਰ ਹੋਵੇਗੀ।

ਧਰਮ ਦੇ ਖੇਤਰ ਵਿਚ ਬੁੱਧਮਤ ਦੀ ਥਾਂ ਵੈਸ਼ਨਵ ਅਤੇ ਸ਼ੈਵ ਮਤ ਪ੍ਰਚਲਿਤ ਹੋ ਗਏ ਸਨ ਤੇ ਇਨ੍ਹਾਂ ਦੋਹਾਂ ਹੀ ਮਤਾਂ ਵਿਚ ਬ੍ਰਾਹਮਣ ਦੀ ਸਰਦਾਰੀ ਨਿਸ਼ਚਿਤ ਸੀ। ਸ਼ੈਵਮਤ ਵਿਚੋਂ ਹੀ ਗੋਰਖਨਾਥ ਨੂੰ ਮੰਨਣ ਵਾਲੇ ਯੋਗੀਆਂ ਦੀ ਲਹਿਰ ਪੈਦਾ ਹੋਈ ਜੋ ਮੁਕਾਬਲਤਨ ਵਧੇਰੇ ਉਦਾਰ ਗੁਣਾਂ ਵਾਲੀ ਸੀ। ਵੈਸ਼ਨਵ ਭਗਤੀ ਦੀ ਲਹਿਰ ਵੀ ਉਭਰਨੀ ਸ਼ੁਰੂ ਹੋ ਗਈ ਸੀ। ਪੰਜਾਬ ਵਿਚ ਇਸਲਾਮ ਨੂੰ ਮੰਨਣ ਵਾਲੇ ਦੇਸੀ ਅਤੇ ਵਿਦੇਸ਼ੀ ਦੋਵੇਂ ਸਨ। ਪਿੰਡਾਂ ਅਤੇ ਸ਼ਹਿਰਾਂ ਵਿਚ ਅਨੇਕਾਂ ਮਸਜਿਦਾਂ ਅਤੇ ਖਾਨਗਾਹਾਂ ਬਣ ਗਈਆਂ ਸਨ। ਇਉਂ ਅੱਧ-ਪਚੱਧੇ ਧਰਮ ਗ੍ਰੰਥਾਂ ਦੇ ਰੂਪ ਵਿਚ ਮਿਲਦੇ ਪੁਰਾਣਾਂ ਅਤੇ ਮਹਾਂਕਾਵਾਂ ਦੇ ਨਾਲਇਕ ਪੈਗੰਬਰੀ ਧਰਮ ਪੁਸਤਕ ਵੀ ਆ ਕੇ ਸ਼ਾਮਿਲ ਹੋ ਗਈ। ਸੰਸਕ੍ਰਿਤ ਦੇ ਨਾਲ-ਨਾਲ ਕੁਲੀਨ ਵਰਗ ਦੀ ਇਕ ਹੋਰ ਭਾਸ਼ਾ ਅਰਬੀ ਵੀ ਆ ਗਈ ਜਦੋਂਕਿ ਸੂਫੀ ਫਕੀਰ ਅਜਿਹੇ ਧਰਮ ਦੀ ਸਿੱਖਿਆ ਦੇ ਰਹੇ ਸਨ ਜੋ ਆਮ ਲੋਕਾਂ ਵਿਚ ਮਕਬੂਲ ਹੋ ਰਿਹਾ ਸੀ। ਗੁਰੂ ਨਾਨਕ ਦੇਵ ਜੀ ਦੀ ਚਲਾਈ ਲਹਿਰ ਨੂੰ ਉਨ੍ਹਾਂ ਦੇ ਉਤਰਾਧਿਕਾਰੀਆਂ ਨੇ 16ਵੀਂ ਸਦੀ ਵਿਚ ਹੋਰ ਵੀ ਮਕਬੂਲ ਕਰ ਦਿੱਤਾ ਸੀ।

ਫਾਰਸੀ ਦੇ ਰੂਪ ਵਿਚ ਨਵੀਂ ਭਾਸ਼ਾ ਆ ਗਈ ਸੀ ਜਿਸ ਦਾ ਇਸਤੇਮਾਲ ਸਮਾਜ ਦੇ ਉੱਚੇ ਵਰਗਾਂ ਅਤੇ ਜਾਤੀਆਂ ਵੱਲੋਂ ਪ੍ਰਸ਼ਾਸਨ, ਸਿੱਖਿਆ, ਸਾਹਿਤ ਅਤੇ ਇਤਿਹਾਸਕਾਰੀ ਲਈ ਕੀਤਾ ਜਾਂਦਾ ਸੀ। ਆਮ ਲੋਕਾਂ ਦੀਆਂ ਪ੍ਰਚਲਿਤ ਉਪ ਭਾਸ਼ਾਵਾਂ ਜਿਨ੍ਹਾਂ ਵਿਚ ਵਾਰਾਂ ਅਤੇ ਕਿੱਸਿਆਂ ਦੀ ਮੌਖਿਕ ਪਰੰਪਰਾ ਮੌਜੂਦ ਸੀ, ਹੁਣ ਸਾਹਿਤਕ ਭਾਸ਼ਾ ਦਾ ਦਰਜਾ ਗ੍ਰਹਿਣ ਕਰ ਰਹੀਆਂ ਸਨ। ਅਮੀਰ ਖੁਸਰੋ ਜਿਸ ਵੇਲੇ ਆਮ ਲੋਕਾਂ ਦੀ ਬੋਲੀ ਜਾਣ ਵਾਲੀ ਭਾਸ਼ਾ ਲਾਹੌਰੀ ਬਾਰੇ ਸੋਚ ਰਿਹਾ ਸੀ, ਉਸ ਤੋਂ ਢੇਰ ਸਮਾਂ ਪਹਿਲਾਂ ਪਾਕਪਟਨ ਵਿਚ ਸ਼ੇਖ ਫਰੀਦ ਮੁਲਤਾਨ ਦੇ ਖਿੱਤੇ ਨਾਲ ਸਬੰਧਿਤ ਆਮ ਲੋਕਾਂ ਦੀ ਬੋਲੀ ਵਿਚ ਧਾਰਮਿਕ ਕਵਿਤਾ ਜਾਂ ਬਾਣੀ ਰਚ ਰਹੇ ਸਨ। ਆਮ ਲੋਕਾਂ ਦੀ ਬੋਲੀ ਵਿਚ ਉਨ੍ਹਾਂ ਨੂੰ ਸੰਬੋਧਨ ਕਰਨ ਵਾਲੇ ਸੂਫੀ ਫਕੀਰਾਂ ਵਿਚੋਂ ਉਹ ਇਕੱਲੇ ਨਹੀਂ ਸਨ। ਗੁਰੂ ਨਾਨਕ ਦੇਵ ਜੀ ਦੇ ਪੰਜਾਬ ਦੇ ਆਮ ਲੋਕਾਂ ਦੀ ਭਾਸ਼ਾ ਨੂੰ ਜ਼ੋਰ-ਸ਼ੋਰ ਨਾਲ ਇਸਤੇਮਾਲ ਕਰਨ ਤੋਂ ਬਾਅਦ ਸ਼ਾਹ ਹੁਸੈਨ ਵੀ ਇਸ ਭਾਸ਼ਾ ਵਿਚ ਕਾਫੀ ਰਚਨਾ ਕਰ ਰਹੇ ਸਨ। ਗੁਰੂ ਨਾਨਕ ਦੇਵ ਜੀ ਦੇ ਉਤਰਾਧਿਕਾਰੀਆਂ ਨੇ ਵੀ ਉਨ੍ਹਾਂ ਦੀ ਹੀ ਲੀਹ 'ਤੇ ਤੁਰਨ ਦਾ ਯਤਨ ਕੀਤਾ। ਇਸ ਤਰ੍ਹਾਂ ਵੀਰ ਰਸ ਅਤੇ ਸ਼ਿੰਗਾਰ ਰਸ ਨਾਲ ਸਬੰਧਿਤ ਲੋਕ ਸਾਹਿਤ ਤੇ ਧਾਰਮਿਕ ਕਵਿਤਾ ਦੇ ਰੂਪ ਵਿਚ ਨਵੀਂ ਸਾਹਿਤਕ ਪਰੰਪਰਾ ਬਣ ਕੇ ਉੱਭਰ ਰਹੀ ਸੀ। ਧਰਮ ਨਿਰਪੇਖ ਕਵਿਤਾ ਦੀ ਪਹਿਲੀ ਪੰਜਾਬੀ ਰਚਨਾ ਅਕਬਰ ਦੇ ਸਮਕਾਲੀ ਸ਼ਾਇਰ ਨੇ ਕੀਤੀ ਸੀ। ਇਹ ਰਚਨਾ ਸੀ ਦਮੋਦਰ ਗੁਲਾਟੀ ਦਾ ਲਿਖਿਆ ਹੋਇਆ ਕਿੱਸਾ ਹੀਰ ਰਾਂਝਾ।

ਮੋੜਵੀਂ ਝਾਤ ਪਾਉਂਦਿਆਂ ਅਸੀਂ ਦੇਖ ਸਕਦੇ ਹਾਂ ਕਿ ਬਾਦਸ਼ਾਹ ਅਕਬਰ ਨੇ ਰਾਜਨੀਤਕ ਅਤੇ ਪ੍ਰਸ਼ਾਸਨਿਕ ਨੁਕਤੇ ਤੋਂ ਜਿਸ ਇਲਾਕੇ ਨੂੰ ਪਛਾਣ ਦਿੱਤੀ ਸੀ, ਉਸ ਨੇ ਇਸ ਪਛਾਣ ਨੂੰ ਸਮਾਂ ਪਾ ਕੇ ਲੋਕਾਂ ਨਾਲ ਸਬੰਧਿਤ ਕਰਨ ਦੀ ਸੰਭਾਵਨਾ ਪੈਦਾ ਕਰ ਦਿੱਤੀ। ਇਹ ਗੱਲ ਵੀ ਦਿਲਚਸਪ ਹੋਵੇਗੀ ਕਿ ਸ਼ਾਹਜਹਾਂ ਦਾ ਪ੍ਰਸਿੱਧ ਵਜ਼ੀਰ ਸਾ-ਦੁੱਲਾਖਾਂ ਪੰਜਾਬੀ ਦੇ ਤੌਰ 'ਤੇ ਜਾਣਿਆ ਜਾਂਦਾ ਸੀ। ਇਹ ਵੀ ਸੰਭਵ ਹੈ ਕਿ ਮੁਗਲਾਂ ਦੀ ਹਾਕਮ ਜਮਾਤ ਦੇ ਲੋਕ ਇਸ ਖਿੱਤੇ ਨਾਲ ਆਪਣੀ ਲੰਮੀ ਸਾਂਝ ਕਾਰਨ ਆਪਣੇ ਆਪ ਨੂੰ ਇਸ ਨਾਲ ਮੇਲ ਕੇ ਦੇਖਣ ਲੱਗ ਗਏ ਸਨ ਅਤੇ ਇਉਂ ਉਹ ਵੀ 'ਪੰਜਾਬੀ' ਬਣ ਗਏ ਸਨ। ਉਸੇ ਤਾਕਤ ਦੇ ਆਧਾਰ 'ਤੇ ਇਸ ਇਲਾਕੇ ਦੇ ਬਹੁਤੇ ਲੋਕਾਂ ਵੱਲੋਂ ਬੋਲੀ ਅਤੇ ਲਿਖੀ ਜਾਂਦੀ ਭਾਸ਼ਾ ਵੀ ਹੁਣ ਪੰਜਾਬੀ ਅਖਵਾਉਣ ਲੱਗੀ ਸੀ। ਇਹ ਭਾਸ਼ਾ ਹੁਣ ਲਾਹੌਰ ਦੇ ਸੂਬੇ ਤੋਂ ਬਾਹਰ ਵੀ ਬੋਲੀ ਜਾਂਦੀ ਸੀ, ਇਸ ਲਈ ਪੰਜਾਬ ਦੀਆਂ ਹੱਦਾਂ ਦੇ ਵੀ ਦੂਰ-ਦੂਰ ਤੱਕ ਫੈਲਣ ਦੀਆਂ ਸੰਭਾਵਨਾਵਾਂ ਬਣ ਗਈਆਂ।

17ਵੀਂ ਸਦੀ ਤੋਂ ਲੈ ਕੇ 19ਵੀ ਸਦੀ ਦੇ ਮੁੱਢਲੇ ਸਮੇਂ ਤੱਕ ਪੰਜਾਬੀ ਸਾਹਿਤ ਦੇ ਵਿਕਾਸ ਨੇ ਵੱਧ ਤੋਂ ਵੱਧ ਲੋਕਾਂ ਨੂੰ ਉਨ੍ਹਾਂ ਦੇ ਸਾਂਝੇ ਰਿਸ਼ਤੇ ਬਾਰੇ ਚੇਤੰਨ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ। ਜਨਮ ਸਾਖੀਆਂ ਦੇ ਸੰਕਲਨ ਨਾਲ 17ਵੀਂ ਸਦੀ ਵਿਚ ਪੰਜਾਬੀ ਵਾਰਤਕ ਵੱਡੇ ਪੈਮਾਨੇ 'ਤੇ ਪ੍ਰਚਲਿਤ ਹੋ ਗਈ। ਦਮੋਦਰ ਨੇ ਬਿਰਤਾਂਤਕ ਕਵਿਤਾ ਦੇ ਜਿਸ ਰੂਪਾਕਾਰ ਨੂੰ ਲੋਕਾਂ ਵਿਚ ਹਰਮਨ ਪਿਆਰਾ ਬਣਾਇਆ ਸੀ ਉਸ ਵਿਚ 18ਵੀਂ ਸਦੀ ਦੇ ਅੰਤਲੇ ਦਹਾਕਿਆਂ ਅਤੇ 19ਵੀਂ ਸਦੀ ਦੇ ਸ਼ੁਰੂ ਦੇ ਦਹਾਕਿਆਂ ਵਿਚ ਪਿਆਰ ਦੇ ਕਿੱਸਿਆਂ ਵਿਚ ਬਹਾਦਰੀ ਦੀ ਥੀਮ ਵੀ ਸ਼ਾਮਲ ਹੋ ਗਈ ਸੀ। ਇਉਂ ਧਰਮ ਨਿਰਲੇਪ ਸਾਹਿਤ ਦੇ ਉਭਾਰ ਨੇ ਸਿਰਜਨਾਤਮਕ ਲੇਖਕਾਂ ਵਿਚ ਸਾਰੇ ਪੰਜਾਬੀਆਂ ਨੂੰ ਸੰਬੋਧਿਤ ਹੋ ਕੇ ਰਚਨਾ ਕਰਨ ਦੀ ਪ੍ਰਵਿਰਤੀ ਵਿਚ ਵਾਧਾ ਕਰ ਦਿੱਤਾ ਸੀ। ਇਹ ਲੇਖਕ ਭਾਵੇਂ ਕਿਸੇ ਵੀ ਜਾਤੀ ਜਾਂ ਧਰਮ ਨਾਲ ਸਬੰਧ ਰੱਖਦੇ ਸਨ। ਸਿਰਜਨਾਤਮਕ ਲੇਖਕਾਂ ਵੱਲੋਂ ਪੰਜਾਬੀ ਭਾਸ਼ਾ ਵਿਚ ਖਾਸ ਕਿਸਮ ਦੇ ਮਾਣ ਦਾ ਪ੍ਰਗਟਾਵਾ ਵੀ ਕੀਤਾ ਜਾਣ ਲੱਗਿਆ। ਇਸ ਮਾਣ ਦੀ ਭਾਵਨਾ ਸਮੁੱਚੇ ਖਿੱਤੇ ਨਾਲ ਸਬੰਧਿਤ ਹੁੰਦੀ ਹੋਈ ਮਗਰੋਂ ਜਾ ਕੇ ਪੰਜਾਬੀਅਤ ਦੀ ਪਛਾਣ ਨਾਲ ਵੀ ਜੁੜ ਗਈ। ਮਿਸਾਲ ਵਜੋਂ ਵਾਰਿਸ ਸ਼ਾਹ ਪੰਜਾਬ ਦੀ ਤੁਲਨਾ ਅਜਿਹੇ ਗਹਿਣੇ ਨਾਲ ਕਰਦਾ ਹੋ ਜੋ ਹਿੰਦ ਦੇ ਮੱਥੇ ਉੱਤੇ ਚਮਕ ਰਿਹਾ ਹੈ। ਅਹਿਮਦ ਯਾਰ ਤਾਂ ਪੰਜਾਬੀਅਤ ਅਤੇ ਪੰਜਾਬ ਉੱਤੇ ਸਿੱਧੇ ਤੌਰ 'ਤੇ ਮਾਣ ਦਾ ਪ੍ਰਗਟਵਾ ਕਰਦਾ ਹੈ।



ਵਿਕਾਸ ਦੀ ਇਸ ਪ੍ਰਕਿਰਿਆ ਨਾਲ ਨਿਰੋਲ ਭਾਸ਼ਾ ਅਤੇ ਸਾਹਿਤ ਹੀ ਨਹੀਂ ਸਗੋਂ ਸਮੇਂ ਦੀ ਰਾਜਨੀਤੀ ਵੀ ਸਬੰਧ ਰੱਖਦੀ ਸੀ। ਸਿੱਖ ਲਹਿਰ ਤਾਂ ਪੰਜਾਬ ਵਿਚ ਉੱਠੀਆਂ ਉਨ੍ਹਾਂ ਸਾਰੀਆਂ ਧਾਰਮਿਕ ਲਹਿਰਾਂ ਨਾਲੋਂ ਵਧੇਰੇ ਮਹੱਤਵਪੂਰਨ ਸਿੱਧ ਹੋਈ ਜਿਨ੍ਹਾਂ ਨੇ ਇਸ ਖਿੱਤੇ ਦੇ ਇਤਿਹਾਸ ਉੱਤੇ ਡੂੰਘਾ ਪ੍ਰਭਾਵ ਪਾਇਆ। ਗੁਰੂ ਗੋਬਿੰਦ ਸਿੰਘ ਜੀ ਦੇ ਅਨੁਯਾਈਆਂ ਨੇ ਮੁਗਲ ਰਾਜ ਦੇ ਸਮੁੱਚੇ ਇਲਾਕੇ ਉੱਤੇ ਹੀ ਨਹੀਂ ਸਗੋਂ ਇਸ ਨਾਲੋਂ ਵੀ ਵਧੇਰੇ ਇਲਾਕੇ ਉੱਤੇ ਆਪਣੀ ਹਕੂਮਤ ਸਥਾਪਤ ਕਰ ਲਈ। ਇਹ ਨਾ ਸਿਰਫ ਦੇਸੀ ਹਕੂਮਤ ਸੀ ਸਗੋਂ ਇਹ ਤਾਂ ਉਨ੍ਹਾਂ ਸਾਧਾਰਨ ਲੋਕਾਂ ਦੀ ਹਕੂਮਤ ਸੀ ਜਿਨ੍ਹਾਂ ਉੱਤੇ ਮੁਗਲ ਹਾਕਮ ਸ਼੍ਰੇਣੀ ਦੇ ਲੋਕਾਂ ਨਾਲੋਂ 'ਪੰਜਾਬੀ' ਵਿਸ਼ੇਸ਼ਣ ਵਧੇਰੇ ਢੁੱਕਦਾ ਸੀ। ਇਹ ਗੱਲ ਬਹੁਤ ਸਾਰੇ ਗੈਰ-ਸਿੱਖ ਹਾਕਮਾਂ ਉੱਤੇ ਵੀ ਢੁੱਕਦੀ ਸੀ। ਆਪਣੇ ਰਾਜ ਦੇ ਮੁੱਢਲੇ ਸਮੇਂ ਵਿਚ ਹੀ ਉਨ੍ਹਾਂ ਨੇ ਸਾਰੇ ਪੰਜਾਬੀਆਂ ਨੂੰ ਸਰਪ੍ਰਸਤੀ ਦੇ ਕੇ ਪ੍ਰਸ਼ਾਸਨ ਵਿਚ ਹਿੱਸੇਦਾਰ ਬਣਾਇਆ। 19ਵੀਂ ਸਦੀ ਦੇ ਸ਼ੁਰੂ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੌਰਾਨ ਹਾਕਮ ਸ਼੍ਰੇਣੀ ਦੀ ਬਣਤਰ ਅਤੇ ਸਰਪ੍ਰਸਤੀ ਦੇ ਪੈਟਰਨ ਨੂੰ ਦੇਖਿਆਂ ਪਤਾ ਚਲਦਾ ਹੈ ਕਿ ਉਸ ਦੇ ਰਾਜ ਵਿਚ ਤਕਰੀਬਨ ਸਾਰੀਆਂ ਜਾਤਾਂ ਅਤੇ ਕੌਮਾਂ ਦੇ ਲੋਕ ਸ਼ਾਮਲ ਸਨ। ਇਸ ਨੇ ਰਾਜਨੀਤੀ ਨੂੰ ਖਾਸ ਹੱਦ ਤੱਕ ਧਰਮ ਨਿਰਪੱਖ ਬਣਾਉਣ ਦਾ ਉਪਰਾਲਾ ਕੀਤਾ।

ਅਸਲ ਵਿਚ ਪੰਜਾਬੀ ਸਾਹਿਤ ਦਾ ਧਰਮ ਨਿਰਪੱਖਤਾ ਵੱਲ ਝੁਕਾਅ 18ਵੀਂ ਸਦੀ ਦੇ ਅੱਧ ਤੋਂ ਲੈ ਕੇ 19ਵੀਂ ਸਦੀ ਦੇ ਅੱਧ ਤੱਕ ਹੋਏ ਵਿਕਾਸ ਦਾ ਸਭਿਆਚਾਰਕ ਬਦਲ ਹੀ ਪ੍ਰਤੀਤ ਹੁੰਦਾ ਹੈ। ਇਨ੍ਹਾਂ ਦੋਹਾਂ ਤੱਤਾਂ ਨੇ ਮਿਲ ਕੇ ਇਲਾਕਾਈ ਪਛਾਣ ਨੂੰ ਮਜ਼ਬੂਤ ਕੀਤਾ। ਇਸੇ ਪਿਛੋਕੜ ਵਿਚ ਹੀ ਸ਼ਾਇਦ ਸ਼ਾਹ ਮੁਹੰਮਦ ਨੇ ਈਸਟ ਇੰਡੀਆ ਕੰਪਨੀ ਅਤੇ ਲਾਹੌਰ ਦੀ ਹਕੂਮਤ ਦਰਮਿਆਨ ਹੋਏ ਯੁੱਧ ਨੂੰ ਹਿੰਦ ਅਤੇ ਪੰਜਾਬ ਵਿਚਾਲੇ ਯੁੱਧ ਆਖਿਆ ਹੈ। ਪੰਜਾਬੀਅਤ ਦੀ ਪਛਾਣ ਨੇ ਸਭਿਆਚਾਰਕ ਵਖਰੇਵਿਆਂ ਨੂੰ ਆਪਣੇ ਅੰਦਰ ਸਮੋ ਲਿਆ ਸੀ। ਸ਼ਾਇਦ ਇਹੀ ਕਾਰਨ ਹੈ ਕਿ ਪੰਜਾਬ ਦੇ ਸੰਕਲਪ ਨੇ ਆਮ ਲੋਕਾਂ ਦੀ ਕਲਪਨਾ ਨੂੰ ਡੂੰਘੀ ਤਰ੍ਹਾਂ ਪ੍ਰਭਾਵਿਤ ਕੀਤਾ ਸੀ। ਇਹ ਗੱਲ ਤਾਂ ਸਪਸ਼ਟ ਹੈ ਕਿ ਅੰਗਰੇਜ਼ਾਂ ਦੇ ਰਾਜ ਦੌਰਾਨ ਪੰਜਾਬੀ ਪ੍ਰਭੂਸੱਤਾਧਾਰੀ ਲੋਕ ਨਹੀਂ ਸਨ ਪਰ ਨਵੇਂ ਪੰਜਾਬ ਨੇ ਬਹੁਤ ਸਾਰੇ ਹੋਰ ਪੰਜਾਬੀਆਂ ਨੂੰ ਇਕੱਠਿਆਂ ਕਰ ਦਿੱਤਾ ਸੀ। ਪੱਛਮ ਦੇ ਧਰਮ ਨਿਰਪੱਖ ਅਤੇ ਮਾਨਵਵਾਦੀ ਸਾਹਿਤ ਦੇ ਪ੍ਰਭਾਵ ਨੇ ਹੋਰਨਾਂ ਗੱਲਾਂ ਦੇ ਨਾਲ-ਨਾਲ ਪੰਜਾਬੀ ਸਾਹਿਤ ਨੂੰ ਪ੍ਰਫੁਲਿਤ ਕਰਨ ਵਿਚ ਵੀ ਸਹਾਇਤਾ ਕੀਤੀ ਜਿਸ ਵਿਚ ਪੈਦਾ ਹੋ ਰਹੇ ਨਵੇਂ ਰੂਪਾਕਾਰ ਸਮਾਂ ਬੀਤਣ ਨਾਲ ਵਧੇਰੇ ਧਰਮ ਨਿਰਪੱਖ ਹੋ ਰਹੇ ਸਨ ਅਤੇ ਜਿਨ੍ਹਾਂ ਦੀ ਸਿਰਜਣਾ ਵਿਚ ਸਮੂਹ ਧਰਮ ਸੰਪਰਦਾਵਾਂ ਦੇ ਲੋਕ ਹਿੱਸਾ ਪਾ ਰਹੇ ਸਨ। ਪੰਜਾਬੀਅਤ ਦੀ ਪਛਾਣ ਅਤੇ ਪੰਜਾਬੀ ਚੇਤਨਾ ਮਹਿਫੂਜ਼ ਅਤੇ ਪ੍ਰਫੁਲਿਤ ਹੋਈ। 1940 ਦੇ ਦਹਾਕੇ ਵਿਚ ਵੀ ਇਕ ਮੁਸਲਮਾਨ ਸ਼ਾਇਰ ਪੰਜਾਬ ਅਤੇ ਇਸ ਦੀ ਭਾਸ਼ਾ ਵਿਚ ਆਪਣੇ ਮਾਣ ਦੇ ਸੋਹਲੇ ਗਾਉਂਦਾ ਨਜ਼ਰ ਆਉਂਦਾ ਹੈ। ਸਰ ਸਿਕੰਦਰ ਹਯਾਤ ਖਾਂ ਵਰਗਾ ਵਿਅਕਤੀ ਵਿਧਾਨ ਸਭਾ ਵਿਚ ਪੰਜਾਬੀ ਭਾਵਨਾਵਾਂ ਨੂੰ ਟੁੰਬਣ ਲਈ ਇਸ ਕਿਸਮ ਦੀ ਅਪੀਲ ਕਰ ਸਕਦਾ ਸੀ ਕਿ ਪੰਜਾਬ ਦਾ ਅਹਿੱਤ ਸੋਚਣ ਵਾਲੇ ਸਾਰੇ ਬਾਹਰਲੇ ਬੰਦੇ ਇਸ ਤੋਂ ਦੂਰ ਰਹਿਣ। ਸਮੁੱਚੇ ਦੇਸ਼ ਲਈ ਸਾਂਝੀ ਵਫਾਦਾਰੀ ਦੀ ਭਾਵਨਾ ਨੇ ਇਸ ਇਲਾਕਾਈ ਜਜ਼ਬੇ ਨੂੰ ਕਮਜ਼ੋਰ ਨਹੀਂ ਸੀ ਕੀਤਾ। ਅਸਲ ਵਿਚ ਦੋਵੇਂ ਵਫਾਦਾਰੀਆਂ ਪਰਸਪਰ ਵਿਰੋਧੀ ਦਿਖਾਈ ਨਹੀਂ ਦਿੰਦੀਆਂ ਸਨ।

ਇਹ ਬਸਤੀਵਾਦੀ ਹਕੂਮਤ ਦਾ ਪੂਰਾ ਸੱਚ ਨਹੀਂ ਸੀ। ਨਵੇਂ ਹਾਕਮਾਂ ਵੱਲੋਂ ਕੀਤੇ ਰਾਜਨੀਤਕ-ਪ੍ਰਸ਼ਾਸਨਿਕ ਪ੍ਰਬੰਧਾਂ ਅਤੇ ਉਨ੍ਹਾਂ ਦੀਆਂ ਨੀਤੀਆਂ ਤੇ ਉਪਰਾਲਿਆਂ ਰਾਹੀਂ ਕੀਤੀਆਂ ਆਰਥਿਕ ਤਬਦੀਲੀਆਂ ਨੇ ਨਵੀਂ ਮੱਧ ਸ਼੍ਰੇਣੀ ਨੂੰ ਜਨਮ ਦਿੱਤਾ ਜਿਹੜੀ ਇਸ ਖਿੱਤੇ ਦੇ ਇਤਿਹਾਸ ਵਿਚ ਹੁਣ ਤੱਕ ਸਭ ਤੋਂ ਅਮੀਰ, ਬਹੁਗਿਣਤੀ ਵਾਲੀ, ਅਸਰਦਾਰ ਅਤੇ ਆਪਣੇ ਹਿੱਤਾਂ ਦੀ ਰਾਖੀ ਲਈ ਵਧੇਰੇ ਚੇਤੰਨ ਸੀ। ਬਸਤੀਵਾਦੀ ਹਾਕਮ ਆਪਣੀ ਐਲਾਨੀਆ ਧਰਮ ਨਿਰਪੱਖਤਾ ਦੀ ਨੀਤੀ ਦੇ ਬਾਵਜੂਦ ਧਾਰਮਿਕ ਸੰਪਰਦਾਵਾਂ ਦੇ ਵਿਚਾਰ ਨਾਲ ਬੱਝੇ ਹੋਏ ਸਨ। ਇਉਂ ਉਹ ਆਪਣੇ ਮਾਤਹਿਤ ਲੋਕਾਂ ਨੂੰ ਵੀ ਧਾਰਮਿਕ ਸੰਪਰਦਾਇ ਦੇ ਮੈਂਬਰ ਆਗੂ ਵਜੋਂ ਸੋਚਣ ਲਈ ਪ੍ਰੇਰਦੇ ਸਨ। ਜੇ ਇਸਾਈ ਮਿਸ਼ਨਰੀ ਨਾ ਹੁੰਦੇ ਤਾਂ ਸ਼ਾਇਦ ਇਸ ਦੀ ਹਲਕੀ ਜਿਹੀ ਪ੍ਰਤੀਕਿਰਿਆ ਹੀ ਹੋਣੀ ਸੀ ਪਰ ਮਿਸ਼ਨਰੀਆਂ ਦੀਆਂ ਸਾਰੀਆਂ ਗਤੀਵਿਧੀਆਂ ਤਾਂ ਧਰਮ ਪਰਿਵਰਤਨ ਦੀ ਯੋਜਨਾ ਨਾਲ ਜੁੜੀਆਂ ਸਨ ਅਤੇ ਇੱਥੋਂ ਦੀਆਂ ਪਰੰਪਰਾਵਾਂ ਉੱਤੇ ਸਿੱਧਾ ਹਮਲਾ ਸਨ। ਉਸ ਦਾ ਪ੍ਰਤੀਉੱਤਰ ਧਾਰਮਿਕ ਪੱਧਰ 'ਤੇ ਸਾਹਮਣੇ ਆਇਆ।

ਧਰਮ ਸੁਧਾਰ ਅਤੇ ਪੁਨਰ ਸੁਰਜੀਤੀ ਦੀਆਂ ਲਹਿਰਾਂ ਸਾਰੇ ਦੇਸ਼ ਵਿਚ ਉੱਠ ਖੜ੍ਹੀਆਂ ਹੋਈਆਂ ਜਿਨ੍ਹਾਂ ਦੀ ਅਗਵਾਈ ਨਵੀਂ ਮੱਧ ਸ਼੍ਰੇਣੀ ਦੇ ਹੱਥ ਵਿਚ ਸੀ। ਇਨ੍ਹਾਂ ਲਹਿਰਾਂ ਦਾ ਅਸਰ ਪੰਜਾਬ ਉੱਤੇ ਵੀ ਪਿਆ ਜਿਸ ਦੀਆਂ ਆਪਣੀਆਂ ਦੇਸੀ ਲਹਿਰਾਂ ਵੀ ਸਨ। ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ, ਸਾਰਿਆਂ ਨੇ ਹੀ ਆਪੋ-ਆਪਣੀਆਂ ਧਾਰਮਿਕ ਵਿਚਾਰਧਾਰਾਵਾਂ ਵਿਕਸਿਤ ਕੀਤੀਆਂ ਜਿਸ ਨੇ ਵੱਧ ਤੋਂ ਵੱਧ ਲੋਕਾਂ ਨੂੰ ਪ੍ਰਭਾਵਿਤ ਕਰਨਾ ਸ਼ੁਰੂ ਕਰ ਦਿੱਤਾ। ਭਾਸ਼ਾਵਾਂ ਅਤੇ ਲਿਪੀਆਂ ਦਾ ਮਸਲਾ ਵੀ ਉਠਾਇਆ ਗਿਆ ਜਿਸ ਦੇ ਆਲੇ-ਦੁਆਲੇ ਤਿੱਖੇ ਮਤਭੇਦ ਸਨ। ਪੰਜਾਬੀ ਭਾਸ਼ਾ ਜਿਸ ਨੇ ਘੱਟੋ-ਘੱਟ ਕੁਝ ਸਦੀਆਂ ਤੱਕ ਲੋਕਾਂ ਨੂੰ ਸਰਬ-ਸਾਂਝ ਵਿਚ ਬੰਨ੍ਹਿਆ ਸੀ, ਨੂੰ ਫਾਰਸੀ ਲਿਪੀ ਵਿਚ ਉਰਦੂ ਭਾਸ਼ਾ ਦੇ ਸਮਰਥਕਾਂ ਅਤੇ ਦੇਵਨਾਗਰੀ ਲਿਪੀ ਵਿਚ ਹਿੰਦੀ ਭਾਸ਼ਾ ਦੇ ਸਮਰਥਕਾਂ ਨੇ ਦੂਜੇ ਦਰਜੇ 'ਤੇ ਪਹੁੰਚਾਉਣ ਦੀ ਕੋਸ਼ਿਸ਼ ਕੀਤੀ। ਜਿਹੜੇ ਪੰਜਾਬੀ ਦੀ ਹਮਾਇਤ ਕਰਦੇ ਸਨ, ਉਹ ਇਸ ਨਾਲ ਗੁਰਮੁਖੀ ਲਿਪੀ ਨੂੰ ਜੋੜਨ ਲੱਗ ਪਏ ਤੇ ਉਹ ਵੀ ਸਾਰੇ ਧਾਰਮਿਕ ਅਤੇ ਧਰਮ ਨਿਰਪੱਖ ਮਨੋਰਥਾਂ ਲਈ। ਇਸ ਤੋਂ ਇਲਾਵਾ ਫਿਰਕਿਆਂ ਅਤੇ ਉਨ੍ਹਾਂ ਨਾਲ ਜੁੜੇ ਸਭਿਆਚਾਰਕ ਹਿੱਤਾਂ ਬਾਰੇ ਸਾਹਮਣੇ ਆਇਆ ਨਵਾਂ-ਨਵਾਂ ਤਿੱਖਾ ਪ੍ਰਗਟਾਵਾ, ਹੌਲੀ-ਹੌਲੀ ਰਾਜਨੀਤਕ ਪ੍ਰਗਟਾਵੇ ਦੀ ਬੁਨਿਆਦ ਬਣ ਗਿਆ। ਆਪੋ-ਆਪਣੇ ਫਿਰਕੇ ਦੇ ਹਿੱਤਾਂ ਦੀ ਵਧੇਰੇ ਚਿੰਤਾ ਕਰਨ ਦੀ ਪ੍ਰਵਿਰਤੀ ਨੇ ਸਾਂਝੀ ਪੰਜਾਬੀ ਪਛਾਣ ਨੂੰ ਕਮਜ਼ੋਰ ਕਰ ਦਿੱਤਾ।

> ***ਅਸੀਂ ਆਖ ਸਕਦੇ ਹਾਂ ਕਿ ਪੰਜਾਬ ਦਾ ਵਿਸ਼ੇਸ਼ਣ ਸ਼ੁਰੂ-ਸ਼ੁਰੂ ਵਿਚ ਅਜਿਹੀ ਰਾਜਨੀਤਕ ਪ੍ਰਸ਼ਾਸਨਿਕ ਇਕਾਈ ਲਈ ਵਰਤਿਆ ਜਾਂਦਾ ਸੀ ਜਿਸ ਦੇ ਕੁਝ ਵਿਸ਼ੇਸ਼ ਭੂਗੋਲਿਕ ਲੱਛਣ ਤਾਂ ਸਨ ਪਰ ਸਮੁੱਚੇ ਤੌਰ 'ਤੇ ਉਹ ਭੂਗੋਲਿਕ ਖਿੱਤਾ ਨਹੀਂ ਸੀ। ਇਹ ਪਛਾਣ ਇਸ ਨੂੰ ਉਦੋਂ ਪ੍ਰਾਪਤ ਹੋਈ ਜਦੋਂ ਕੁਝ ਮਹੱਤਵਪੂਰਨ ਸਮਾਜਿਕ-ਸਭਿਆਚਾਰਕ ਗਤੀਵਿਧੀਆਂ ਹੋ ਰਹੀਆਂ ਸਨ।***

ਜਦੋਂ ਦੇਸ਼ ਦੀ ਵੰਡ ਪ੍ਰਤੱਖ ਤੌਰ 'ਤੇ ਕੇਵਲ ਇਕ ਧਾਰਮਿਕ ਫਿਰਕੇ ਦੇ ਹਿੱਤਾਂ ਨੂੰ ਹੀ ਮੁੱਖ ਰੱਖ ਕੇ ਕੀਤੀ ਜਾਣ ਲੱਗੀ ਤਾਂ ਦੂਸਰੇ ਧਾਰਮਿਕ ਫਿਰਕਿਆਂ ਨੇ ਵੀ ਸੂਬੇ ਨੂੰ ਵੰਡਣ ਦੇ ਇਸ ਸੁਝਾਅ ਨੂੰ ਪ੍ਰਵਾਨ ਕਰਨ ਵਿਚ ਅੱਧੀ ਤੋਂ ਵੱਧ ਤਤਪਰਤਾ ਦਿਖਾਈ ਅਤੇ ਇਹੀ ਸਿਧਾਂਤ ਬੰਗਾਲ ਉੱਤੇ ਵੀ ਲਾਗੂ ਕੀਤਾ ਗਿਆ। ਭਾਸ਼ਾ ਦੇ ਆਧਾਰ ਉੱਤੇ ਫਿਰ ਪੰਜਾਬ ਰਾਜ ਦਾ 1956 ਵਿਚ ਪੁਨਰਗਠਨ ਕੀਤਾ ਗਿਆ ਅਤੇ ਮੌਜੂਦਾ ਪੰਜਾਬ 1966 ਵਿਚ ਕਾਇਮ ਕੀਤਾ ਗਿਆ। ਹਜ਼ਾਰਾਂ ਲੋਕ ਜਿਨ੍ਹਾਂ ਦੀ ਮਾਤ ਭਾਸ਼ਾ ਪੰਜਾਬੀ ਹੈ, ਅਜੇ ਵੀ ਪੰਜਾਬ ਤੋਂ ਬਾਹਰ ਹਨ। ਪੰਜਾਬ ਵਿਚ ਰਹਿਣ ਵਾਲੇ ਕੁਝ ਪੰਜਾਬੀ ਵੀ ਜੋ ਵੱਧ ਨਹੀਂ ਤਾਂ ਇੰਨੀ ਹੀ ਗਿਣਤੀ ਵਿਚ ਆਪਣੀ ਭਾਸ਼ਾ ਨੂੰ ਮੰਨਣ ਤੋਂ ਇਨਕਾਰੀ ਹਨ। ਇਉਂ ਇਲਾਕੇ ਦੇ ਘਟਣ ਨਾਲ ਵੀ ਸਮਾਜਿਕ ਸਭਿਆਚਾਰਕ ਇਕਸੁਰਤਾ ਸਥਾਪਤ ਨਹੀਂ ਹੋ ਸਕੀ। ਮੌਜੂਦਾ ਪੰਜਾਬ ਅਜਿਹੀ ਰਾਜਨੀਤਕ ਪ੍ਰਸ਼ਾਸਨਿਕ ਇਕਾਈ ਨਜ਼ਰ ਆਉਂਦਾ ਹੈ ਜੋ ਅੰਦਰੋਂ ਵੰਡਿਆ ਹੋਇਆ ਹੈ।

000

ਪੰਜਾਬ ਦੇ ਇਤਿਹਾਸ ਅਤੇ ਇਸ ਦੀ ਇਤਿਹਾਸਕਾਰੀ ਨਾਲ ਸਬੰਧਤ ਇਕ ਪੱਖ ਹੋਰ ਵੀ ਹੈ ਜਿਹੜਾ ਖਾਸ ਤੌਰ 'ਤੇ ਇਸ ਇਲਾਕੇ ਦੀ ਵਿਸ਼ੇਸ਼ਤਾ ਹੈ। ਅਸੀਂ ਪਹਿਲੋਂ ਹੀ ਇਸ ਦੇ ਇਤਿਹਾਸ ਵਿਚ ਸਿੱਖ ਲਹਿਰ ਦੀ ਭੂਮਿਕਾ ਦੇ ਮਹੱਤਵ ਦਾ ਜ਼ਿਕਰ ਕਰ ਚੁੱਕੇ ਹਾਂ। ਇਹੀ ਕਾਰਨ ਹੈ ਕਿ ਪੰਜਾਬ ਦੀ ਇਤਿਹਾਸਕਾਰੀ ਦੇ ਖੇਤਰ ਦਾ ਮੁੱਢ ਬੱਝਣ ਵੇਲੇ ਸਿੱਖਾਂ ਬਾਰੇ ਇਤਿਹਾਸਕ ਲਿਖਤਾਂ ਦਾ ਵਿਕਾਸ ਹੋ ਚੁੱਕਿਆ ਸੀ। ਈਸਟ ਇੰਡੀਆ ਕੰਪਨੀ ਦੇ ਰਾਜਨੀਤਕ ਹਿੱਤਾਂ ਨੇ ਇਸ ਦੇ ਪ੍ਰਸ਼ਾਸਕਾਂ ਅਤੇ ਨੀਤੀਵਾਨਾਂ ਨੂੰ ਸਿੱਖਾਂ ਵੱਲ ਧਿਆਨ ਆਕਰਸ਼ਿਤ ਕਰਨ ਦੀ ਪ੍ਰੇਰਨਾ ਜਗਾ ਦਿੱਤੀ ਸੀ ਜਿਹੜੇ 19ਵੀਂ ਸਦੀ ਦੇ ਅਖੀਰ ਵਿਚ ਰਾਜਨੀਤਕ ਸ਼ਕਤੀ ਵਜੋਂ ਉਭਰੇ ਸਨ। ਮਹਾਰਾਜਾ ਰਣਜੀਤ ਸਿੰਘ ਦੇ ਉਭਾਰ ਅਤੇ ਈਸਟ ਇੰਡੀਆ ਕੰਪਨੀ ਨਾਲ ਕੀਤੇ ਗਏ ਉਸ ਦੇ ਸਮਝੌਤਿਆਂ ਨੇ ਸਾਰੇ ਸਿੱਖਾਂ ਨੂੰ ਅੰਗਰੇਜ਼ਾਂ ਦੀਆਂ ਨਜ਼ਰਾਂ ਵਿਚ ਵਧੇਰੇ ਮਹੱਤਵਪੂਰਨ ਬਣਾ ਦਿੱਤਾ ਸੀ। ਇਨ੍ਹਾਂ ਹਾਲਾਤ ਵਿਚ ਸਿੱਖਾਂ ਬਾਰੇ ਵੱਡੀ ਗਿਣਤੀ ਵਿਚ ਇਤਿਹਾਸਕ ਲਿਖਤਾਂ ਸਾਹਮਣੇ ਆਈਆਂ ਜਿਸ ਦਾ ਸਿਖਰ 1949 ਵਿਚ ਲਿਖੀ ਗਈ ਜੇ.ਡੀ. ਕਨਿੰਘਮ ਦੀ ਰਚਨਾ 'ਹਿਸਟਰੀ ਆਫ ਦਿ ਸਿਖਸ' ਸੀ। ਇਹ ਉਹ ਵਰ੍ਹਾ ਸੀ ਜਦੋਂ ਲਾਹੌਰ ਦੇ ਰਾਜ ਨੂੰ ਬਰਤਾਨਵੀ ਸਾਮਰਾਜ ਵਿਚ ਮਿਲਾ ਦਿੱਤਾ ਗਿਆ। ਪੰਜਾਬ ਉਪਰ ਕਬਜ਼ੇ ਤੋਂ ਬਾਅਦ ਅੰਗਰੇਜ਼ ਸਿੱਖਾਂ ਦੇ ਅਤੀਤ ਬਾਰੇ ਬਹੁਤੀ ਗੰਭੀਰ ਦਿਲਚਸਪੀ ਨਹੀਂ ਰੱਖਦੇ ਸਨ। ਉਹ ਤਾਂ ਪੰਜਾਬ ਦੇ ਅਤੀਤ ਪ੍ਰਤੀ ਵੀ ਬਹੁਤੀ ਦਿਲਚਸਪੀ ਨਹੀਂ ਰੱਖਦੇ ਸਨ।

ਭਾਰਤੀ ਇਤਿਹਾਸਕਾਰਾਂ ਨੇ ਸਿੱਖਾਂ ਬਾਰੇ ਇਤਿਹਾਸ ਲੇਖਣ ਦੀ ਪਰੰਪਰਾ ਨੂੰ ਪ੍ਰਪੱਕ ਕੀਤਾ। ਇਸ ਸਬੰਧ ਵਿਚ ਦਿਲਚਸਪ ਤੱਥ ਇਹ ਹੈ ਕਿ ਇਸ ਵਿਸ਼ੇ ਨਾਲ ਸਬੰਧ ਰੱਖਣ ਵਾਲੀਆਂ ਮੁੱਢਲੀਆਂ ਪ੍ਰਕਾਸ਼ਨਾਵਾਂ ਵਿਚੋਂ ਦੋ ਲਿਖਤਾਂ ਗੈਰ ਸਿੱਖ ਪੰਜਾਬੀਆਂ ਦੇ ਡਾਕਟਰੇਟ ਪੱਧਰ ਦੇ ਖੋਜ ਪ੍ਰਬੰਧਾਂ ਉਪਰ ਆਧਾਰਿਤ ਸਨ। ਇਹ ਸਨ ਜੀ.ਸੀ. ਨਾਰੰਗ ਦੀ ਪੁਸਤਕ 'ਟਰਾਂਸਫਰਮੇਸ਼ਨ ਆਫ ਸਿੱਖਿਜ਼ਮ' ਅਤੇ ਜੀ.ਐਲ. ਚੋਪੜਾ ਦੀ ਪੁਸਤਕ 'ਪੰਜਾਬ ਐਜ਼ ਏ ਸੌਵਰੇਨ ਸਟੇਟ'। ਗੈਰ-ਪੰਜਾਬੀ 'ਰਾਸ਼ਟਰਵਾਦੀ' ਇਤਿਹਾਸਕਾਰਾਂ ਨੇ ਵੀ ਸਿੱਖਾਂ ਬਾਰੇ ਲਿਖਿਆ, ਜਿਵੇਂ ਇੰਦੂ ਭੂਸ਼ਨ ਬੈਨਰਜੀ ਨੇ ਆਪਣੀ ਪੁਸਤਕ 'ਐਵੋਲੂਸ਼ਨ ਆਫ ਦਿ ਖਾਲਸਾ' ਅਤੇ ਐਨ.ਕੇ. ਸਿਨਹਾ ਨੇ ਆਪਣੀਆਂ ਪੁਸਤਕਾਂ 'ਰਾਈਜ਼ ਆਫ ਦਿ ਸਿੱਖ ਪਾਵਰ' ਤੇ 'ਰਣਜੀਤ ਸਿੰਘ' ਵਿਚ ਕੀਤਾ। ਇਸ ਤੋਂ ਇਲਾਵਾ ਸਿੰਘ ਸਭਾ ਲਹਿਰ ਬਰਤਾਨਵੀ ਰਾਜ ਸਮੇਂ ਉਭਰਨ ਵਾਲੀ ਧਾਰਮਿਕ ਜਾਗ੍ਰਿਤੀ ਦੀ ਲਹਿਰ ਸੀ ਅਤੇ ਸਿੱਖ ਇਤਿਹਾਸ ਵਿਚ ਇਸ ਲਹਿਰ ਦੀ ਦਿਲਚਸਪੀ ਤਾਂ ਇਸ ਦਾ ਜ਼ਰੂਰੀ ਅੰਗ ਸੀ। ਇਸ ਦਾ ਚਿਰ ਸਥਾਈ ਪ੍ਰਭਾਵ ਡਾ. ਗੰਡਾ ਸਿੰਘ ਅਤੇ ਪ੍ਰੋ. ਹਰਬੰਸ ਸਿੰਘ ਦੀ ਸਿੱਖ ਇਤਿਹਾਸ ਨਾਲ ਜੀਵਨ ਭਰ ਦੀ ਪ੍ਰਤੀਬੱਧਤਾ ਵਿਚ ਦੇਖਿਆ ਜਾ ਸਕਦਾ ਹੈ। ਇਉਂ ਪੰਜਾਬ ਅਤੇ ਦੇਸ਼ ਦੇ ਇਤਿਹਾਸ ਵਿਚ ਸਿੱਖਾਂ ਦੀ ਅਹਿਮੀਅਤ ਨੇ ਸਿੱਖ ਅਤੇ ਗੈਰ-ਸਿੱਖ, ਦੋਹਾਂ ਤਰ੍ਹਾਂ ਦੇ ਇਤਿਹਾਸਕਾਰਾਂ ਦਾ ਧਿਆਨ ਆਕਰਸ਼ਿਤ ਕੀਤਾ। ਸਿੱਖ ਇਤਿਹਾਸ ਅਕਾਦਮਿਕ ਖੋਜ ਦਾ ਵਿਸ਼ਾ ਬਣ ਗਿਆ ਜਿਸ ਦਾ ਸਬੂਤ ਮਿਸਾਲ ਦੇ ਤੌਰ 'ਤੇ ਹਰੀ ਰਾਮ ਗੁਪਤਾ ਦੇ ਵੱਡ ਅਕਾਰੀ ਖੋਜ ਕਾਰਜ ਤੋਂ ਵੀ ਮਿਲ ਸਕਦਾ ਹੈ, ਉਹ ਭਾਵੇਂ 'ਸਿੱਖ' ਇਤਿਹਾਸਕਾਰ ਨਹੀਂ ਹੈ। ਇਸ ਤੋਂ ਇਕ ਗੱਲ ਤਾਂ ਸਿੱਧ ਹੁੰਦੀ ਹੀ ਹੈ ਕਿ ਸਿੱਖਾਂ ਬਾਰੇ ਇਤਿਹਾਸ ਲਿਖਣ ਦੀ ਪਰੰਪਰਾ ਪੰਜਾਬ ਬਾਰੇ ਇਤਿਹਾਸ ਲੇਖਣ ਨਾਲੋਂ ਲੰਮੀ ਵੀ ਹੈ ਅਤੇ ਤਕੜੀ ਵੀ।

ਨਤੀਜੇ ਵਜੋਂ ਕਈ ਲੋਕ ਸਿੱਖ ਇਤਿਹਾਸ ਨੂੰ ਪੰਜਾਬ ਦੇ ਇਤਿਹਾਸ ਨਾਲ ਇਕਮਿਕ ਕਰਕੇ ਦੇਖਦੇ ਹਨ ਅਤੇ ਅਜਿਹਾ ਕੇਵਲ ਸਿੱਖ ਪਰੰਪਰਾ ਵਿਚ ਸ਼ਰਧਾ ਰੱਖਣ ਵਾਲੇ ਹੀ ਨਹੀਂ ਸਗੋਂ ਹੋਰ ਲੋਕ ਵੀ ਕਰਦੇ ਹਨ। ਫਿਰ ਵੀ ਕਿਸੇ ਇਕ ਅੰਗ ਦੇ ਇਤਿਹਾਸ ਨੂੰ ਸਮੁੱਚੇ ਖਿੱਤੇ ਦੇ ਇਤਿਹਾਸ ਨਾਲ ਰਲਗੱਡ ਨਹੀਂ ਕੀਤਾ ਜਾ ਸਕਦਾ। ਇਲਾਕਾਈ ਇਤਿਹਾਸਕਾਰ ਦੇ ਸਾਹਮਣੇ ਸਮੱਸਿਆ ਇਹ ਹੈ ਕਿ ਉਹ ਸਿੱਖ ਇਤਿਹਾਸ ਨੂੰ ਪੰਜਾਬ ਦੇ ਇਤਿਹਾਸ ਨਾਲ ਅਜਿਹੇ ਕਿਹੜੇ ਢੰਗ ਨਾਲ ਸੁਮੇਲ ਕੇ ਪੇਸ਼ ਕਰੇ ਕਿ ਦੋਹਾਂ ਵਿਚੋਂ ਕਿਸੇ ਵੀ ਮਹੱਤਵ ਨਾਲ ਬੇਇਨਸਾਫੀ ਨਾ ਹੋਵੇ।

ਮੋੜਵੀਂ ਝਾਤ ਪਾਉਂਦਿਆਂ ਅਸੀਂ ਆਖ ਸਕਦੇ ਹਾਂ ਕਿ ਪੰਜਾਬ ਦਾ ਵਿਸ਼ੇਸ਼ਣ ਸ਼ੁਰੂ-ਸ਼ੁਰੂ ਵਿਚ ਅਜਿਹੀ ਰਾਜਨੀਤਕ ਪ੍ਰਸ਼ਾਸਨਿਕ ਇਕਾਈ ਲਈ ਵਰਤਿਆ ਜਾਂਦਾ ਸੀ ਜਿਸ ਦੇ ਕੁਝ ਵਿਸ਼ੇਸ਼ ਭੂਗੋਲਿਕ ਲੱਛਣ ਤਾਂ ਸਨ ਪਰ ਸਮੁੱਚੇ ਤੌਰ 'ਤੇ ਉਹ ਭੂਗੋਲਿਕ ਖਿੱਤਾ ਨਹੀਂ ਸੀ। ਇਹ ਪਛਾਣ ਇਸ ਨੂੰ ਉਦੋਂ ਪ੍ਰਾਪਤ ਹੋਈ ਜਦੋਂ ਕੁਝ ਮਹੱਤਵਪੂਰਨ ਸਮਾਜਿਕ-ਸਭਿਆਚਾਰਕ ਗਤੀਵਿਧੀਆਂ ਹੋ ਰਹੀਆਂ ਸਨ। ਆਮ ਲੋਕਾਂ ਵੱਲੋਂ ਬੋਲੀ ਜਾਣ ਵਾਲੀ ਭਾਸ਼ਾ ਨੇ ਇਨ੍ਹਾਂ ਗਤੀਵਿਧੀਆਂ ਵਿਚ ਅਹਿਮ ਭੂਮਿਕਾ ਨਿਭਾਈ, ਖਾਸ ਤੌਰ 'ਤੇ ਉਸ ਮਗਰੋਂ ਜਦੋਂ ਇਹ ਭਾਸ਼ਾ ਸਾਹਿਤਕ ਭਾਸ਼ਾ ਬਣਨੀ ਸ਼ੁਰੂ ਹੋਈ। ਇਸ ਇਲਾਕੇ ਨੂੰ ਮਿਲੀ ਪਛਾਣ ਨੇ ਇੱਥੋਂ ਦੀ ਭਾਸ਼ਾ ਅਤੇ ਇੱਥੋਂ ਦੇ ਲੋਕਾਂ ਨੂੰ ਵੀ ਪਛਾਣ ਦੇ ਦਿੱਤੀ। ਭਾਸ਼ਾ ਦੀਆਂ ਫੈਲੀਆਂ ਹੋਈਆਂ ਸਰਹੱਦਾਂ ਨੇ 'ਪੰਜਾਬੀ' ਖਿੱਤੇ ਦੇ ਫੈਲਾਉ ਦੀ ਸੰਭਾਵਨਾ ਵੀ ਪੈਦਾ ਕਰ ਦਿੱਤੀ। ਆਮ ਲੋਕਾਂ ਦੇ ਹੱਥ ਹਕੂਮਤ ਆ ਜਾਣ ਨਾਲ ਅਤੇ ਉਸ ਹਕੂਮਤ ਦੇ ਰਾਜਨੀਤਕ ਸੁਭਾਅ ਨੇ 'ਪੰਜਾਬੀ' ਖਿੱਤੇ ਦੇ ਫੈਲਾਉ ਦੀ ਸਥਿਤੀ ਨੂੰ ਨਵਾਂ ਪਾਸਾਰ ਦਿੱਤਾ। ਇਨ੍ਹਾਂ ਸਮੁੱਚੀਆਂ ਗਤੀਵਿਧੀਆਂ ਨੇ ਵੱਧ ਤੋਂ ਵੱਧ ਲੋਕਾਂ ਨੂੰ ਆਪਣੀ ਇਲਾਕਾਈ ਪਛਾਣ ਬਾਰੇ ਸੁਚੇਤ ਕਰ ਦਿੱਤਾ ਸੀ। ਬਰਤਾਨਵੀ ਪੰਜਾਬ ਦੇ ਹੋਂਦ ਵਿਚ ਆਉਣ ਨਾਲ ਇਸ ਦੀ ਪਰਿਭਾਸ਼ਾ ਅਤੇ ਇਸ ਦੇ ਖੇਤਰ ਦਾ ਹੋਰ ਵਿਸਥਾਰ ਹੋਇਆ। ਪੰਜਾਬ ਹੁਣ ਕਿਸੇ ਹੱਦ ਤੱਕ ਇਕ ਭੂਗੋਲਿਕ ਖਿੱਤੇ ਦਾ ਸਮਾਨਅਰਥਕ ਬਣ ਗਿਆ ਜਿਸ ਵਿਚਲਾ ਇਲਾਕਾ ਹਿਮਾਲਿਆ ਅਤੇ ਥਾਰ ਮਾਰੂਥਲ ਅਤੇ ਸਿੰਧ ਤੇ ਜਮਨਾ ਵਿਚਕਾਰ ਪੈਂਦਾ ਸੀ। ਸਮਾਜਿਕ ਸਭਿਆਚਾਰਕ ਤੌਰ 'ਤੇ ਇਹ ਇਕਸਾਰਤਾ ਵਾਲਾ ਖਿੱਤਾ ਨਹੀਂ ਸੀ। ਪੰਜਾਬ ਦੀ ਬਹੁਗਿਣਤੀ ਵਸੋਂ ਸਾਂਝੀ ਪਛਾਣ ਨੂੰ ਪ੍ਰਵਾਨ ਕਰਦੀ ਸੀ। ਪੰਜਾਬ ਅਜਿਹਾ ਸੰਕਲਪ ਬਣ ਗਿਆ ਸੀ ਜੋ ਇਤਿਹਾਸਕਾਰਾਂ ਦੀ ਇਸ ਖਿੱਤੇ ਦੇ ਪ੍ਰਾਚੀਨਤਮ ਕਾਲ ਦਾ ਇਤਿਹਾਸ ਲਿਖਣ ਵਿਚ ਵੀ ਮਦਦ ਕਰਦਾ ਸੀ।

ਪੰਜਾਬ ਜਿਹੜਾ ਸੁਨਿਸ਼ਚਿਤ ਭੂਗੋਲਿਕ ਖਿੱਤੇ ਨਾਲ ਸਮਾਨਤਾ ਰੱਖਦਾ ਸੀ, ਹੁਣ ਪੰਜਾਬ ਤੇ ਹਰਿਆਣਾ, ਕੇਂਦਰ ਪ੍ਰਸ਼ਾਸਿਤ ਚੰਡੀਗੜ੍ਹ, ਹਿਮਾਚਲ ਪ੍ਰਦੇਸ਼ ਦੇ ਹਿੱਸਿਆਂ ਅਤੇ ਪਾਕਿਸਤਾਨੀ ਪੰਜਾਬ ਵਿਚ ਵੰਡਿਆ ਗਿਆ ਹੈ। ਇਸੇ ਕਾਰਨ ਇਸ ਨੂੰ ਅਧਿਐਨ ਦੀ ਇਕਾਈ ਵਜੋਂ, ਖਾਸ ਤੌਰ 'ਤੇ ਸਮਕਾਲੀ ਇਤਿਹਾਸ ਦੇ ਪ੍ਰਸੰਗ ਵਿਚ ਰੱਖ ਕੇ ਵਾਚਣ ਦੀ ਪ੍ਰਮਾਣਿਕਤਾ ਅਤੇ ਉਪਯੋਗਤਾ ਬਾਰੇ ਸ਼ੰਕੇ ਪੈਦਾ ਹੋਣੇ ਸੁਭਾਵਕ ਹਨ। ਫਿਰ ਵੀ ਇਤਿਹਾਸਕਾਰ ਲਈ ਕੋਈ ਖਿੱਤਾ ਅਪਰਿਵਰਤਨਸ਼ੀਲ ਤੇ ਸਮਰੂਪ ਹਕੀਕਤ ਨਹੀਂ ਹੁੰਦਾ। ਇਹ ਤਾਂ ਘੜਿਆ ਹੋਇਆ ਸੰਕਲਪ ਹੁੰਦਾ ਹੈ ਜੋ ਵਿਹਾਰਕ ਜੀਵਨ ਦੀਆਂ ਹਕੀਕਤਾਂ ਦਾ ਸ਼ੀਸ਼ਾ ਨਹੀਂ ਹੁੰਦਾ, ਭਾਵੇਂ ਇਹ ਉਨ੍ਹਾਂ ਹਕੀਕਤਾਂ ਨਾਲੋਂ ਵਿਛੁੰਨਿਆ ਹੋਇਆ ਵੀ ਨਹੀਂ ਹੁੰਦਾ। ਇਸੇ ਲਈ 'ਪੰਜਾਬ' ਇਲਾਕਾਈ ਇਤਿਹਾਸ ਦੇ ਅਧਿਐਨ ਲਈ ਲਾਹੇਵੰਦਾ ਸੰਕਲਪ ਬਣ ਸਕਦਾ ਹੈ, ਖਾਸ ਤੌਰ 'ਤੇ ਜੇ ਅਸੀਂ ਇਸ ਦੀਆਂ ਰਾਜਨੀਤਕ ਤੇ ਸਮਾਜਿਕ ਸਭਿਆਚਾਰਕ ਗਤੀਵਿਧੀਆਂ ਦਾ ਵਡੇਰੇ ਭੂਗੋਲਿਕ ਦ੍ਰਿਸ਼ ਵਿਚ ਰੱਖ ਕੇ ਅਧਿਐਨ ਕਰਨਾ ਚਾਹੁੰਦੇ ਹਾਂ ਅਤੇ ਇਸ ਦੇ ਉਪ-ਖਿੱਤਿਆਂ ਅਤੇ ਇਸ ਦੀ ਆਲੇ-ਦੁਆਲੇ ਦੇ ਸੰਸਾਰ ਨਾਲ ਅੰਤਰ-ਕਿਰਿਆ ਵੱਲ ਵੀ ਉਤਨਾ ਹੀ ਧਿਆਨ ਦੇਣਾ ਚਾਹੀਦਾ ਹੈ।

# ਮਾਰਕਸਵਾਦ, ਰਾਸ਼ਟਰਵਾਦ ਅਤੇ ਇਨਕਲਾਬ

***ਅੱਜ ਪੂੰਜੀਵਾਦ ਸੰਸਾਰ ਭਰ ਵਿਚ ਹਰ ਪਾਸੇ ਮਾਰ ਕਰ ਰਿਹਾ ਹੈ। ਇਸ ਰਾਹੀਂ ਜਿਹੜਾ ਵਿਕਾਸ ਮਾਡਲ ਸਾਹਮਣੇ ਆਇਆ ਹੈ, ਉਸ ਨੇ ਕੁਦਰਤ ਦੀ ਬੇਅੰਤ ਤਬਾਹੀ ਕੀਤੀ ਹੈ। ਪੂੰਜੀਵਾਦ ਨੂੰ ਵੱਡੀ ਵੰਗਾਰ ਪਾਉਣ ਵਾਲਾ ਮਾਰਕਸਵਾਦ ਅੱਜ ਭਾਵੇਂ ਹਾਸ਼ੀਏ ਉਤੇ ਪੁੱਜਿਆ ਭਾਸਦਾ ਹੈ ਪਰ ਇਸ ਦੀਆਂ ਬੁਨਿਆਦੀ ਧਾਰਨਾਵਾਂ ਮਨੁੱਖਤਾ ਦੇ ਵਿਕਾਸ ਲਈ ਅੱਜ ਵੀ ਓਨੀਆਂ ਪ੍ਰਸੰਗਿਕ ਹਨ। ਨੌਜਵਾਨ ਵਿਦਵਾਨ ਹਰਵਿੰਦਰ ਭੰਡਾਲ ਦੀ ਕਿਤਾਬ 'ਮਾਰਕਸਵਾਦ, ਰਾਸ਼ਟਰਵਾਦ ਤੇ ਇਨਕਲਾਬ' ਬਾਰੇ ਸ. ਗੁਰਬਚਨ ਸਿੰਘ ਦੀ ਇਹ ਟਿੱਪਣੀ ਮਾਰਕਸਵਾਦ ਦੀ ਇਸੇ ਪ੍ਰਸੰਗਿਕਤਾ ਨੂੰ ਬਿਆਨ ਕਰਦੀ ਹੈ।***



**ਗੁਰਬਚਨ ਸਿੰਘ**
**ਫੋਨ: +91-98156-98451**

ਹਰਵਿੰਦਰ ਭੰਡਾਲ ਦੀ ਕਿਤਾਬ 'ਮਾਰਕਸਵਾਦ, ਰਾਸ਼ਟਰਵਾਦ ਤੇ ਇਨਕਲਾਬ' ਰਵਾਇਤੀ ਕਮਿਊਨਿਸਟ ਸੋਚ ਨਾਲੋਂ ਕੁਝ ਹਟਵੀਂ ਹੋਣ ਕਰ ਕੇ ਧਿਆਨ ਦੀ ਮੰਗ ਕਰਦੀ ਹੈ। ਭੰਡਾਲ ਦੇ ਕਥਨ ਅਨੁਸਾਰ:

"ਦੋ ਸਦੀਆਂ ਦੌਰਾਨ ਕਈ ਤਰ੍ਹਾਂ ਦੇ ਮਾਰਕਸਵਾਦ ਹੋਂਦ ਵਿਚ ਆ ਗਏ ਹਨ। ਇਸੇ ਲਈ ਅੱਜ ਮਾਰਕਸਵਾਦ ਨੂੰ ਪਰਖਣ ਦਾ ਸਾਡਾ ਪੈਮਾਨਾ ਉਹ ਬੁਨਿਆਦੀ ਦ੍ਰਿਸ਼ਟੀ ਹੋਣੀ ਚਾਹੀਦੀ ਹੈ ਜੋ ਮਾਰਕਸ-ਏਂਗਲਜ਼ ਨੇ ਅਗਲੀਆਂ ਨਸਲਾਂ ਲਈ ਲੱਭੀ ਸੀ। ਸਿਰਫ਼ ਦ੍ਰਿਸ਼ਟੀ, ਨਾ ਕਿ ਪਰਚਮ ਵਾਂਗ ਲਹਿਰਾਉਂਦੀਆਂ ਪ੍ਰਸੰਗ ਨਾਲੋਂ ਟੁੱਟੀਆਂ ਟੂਕਾਂ।"

"ਅਜੋਕੇ ਵਿਤੀ ਸਰਮਾਏ ਦੇ ਯੁਗ ਵਿਚ ਜਿਥੇ ਬੰਦੇ ਦੀ ਮਨੋ-ਚੇਤਨਾ ਉਤੇ ਵੀ ਸਰਮਾਏਦਾਰੀ ਸਭਿਆਚਾਰ ਦੀ ਸਰਦਾਰੀ ਕਾਇਮ ਹੋ ਰਹੀ ਹੈ, ਇਸ ਭਰਮ ਨੂੰ ਹੀ ਸਰਵ-ਉਚ ਸਚ ਵਜੋਂ ਪੇਸ਼ ਕਰ ਦਿਤਾ ਗਿਆ ਹੈ, ਕਿ ਸਰਮਾਏਦਾਰਾਨਾ ਵਿਵਸਥਾ ਹੀ ਇਕੋ-ਇਕ ਸੰਭਵ ਦੁਨੀਆ ਹੈ। ਇਸ ਭਰਮ ਦੇ ਸੱਚ ਜਾਪਣ ਲਈ ਇਕੱਲਾ ਸਟੇਟ ਦਾ ਵਿਚਾਰਧਾਰਕ ਤਾਣਾ-ਬਾਣਾ ਹੀ ਜ਼ਿੰਮੇਵਾਰ ਨਹੀਂ, ਮਾਰਕਸਵਾਦੀਆਂ ਵੱਲੋਂ ਮਾਰਕਸਵਾਦ ਦੇ ਨਾਂ ਹੇਠ ਘੜ ਲਏ ਗਏ ਕਈ ਤਰ੍ਹਾਂ ਦੇ ਮਾਰਕਸਵਾਦ ਵੀ ਜ਼ਿੰਮੇਵਾਰ ਹਨ। ਇਸੇ ਲਈ ਮਾਰਕਸਵਾਦ ਜ਼ਿੰਦਾਬਾਦ ਆਖਣ ਲਈ ਦੋ ਤਰ੍ਹਾਂ ਦੇ ਸਿਧਾਂਤਕ ਪੈਂਤੜਿਆਂ ਦੀ ਜ਼ਰੂਰਤ ਹੈ।

... ਪਹਿਲਾ, ਮਾਰਕਸਵਾਦ ਉਤੇ ਕੀਤੇ ਜਾ ਰਹੇ ਹਮਲਿਆਂ ਦਾ ਹਕੀਕਤ ਤੇ ਤਰਕ ਆਧਾਰਿਤ ਜਵਾਬ। ਦੂਸਰਾ, ਪਰ ਓਨਾ ਹੀ ਜ਼ਰੂਰੀ, ਮਾਰਕਸ ਕੋਲ ਪਰਤ ਕੇ ਉਸ ਅਸਲ ਮਾਰਕਸਵਾਦ ਦੀ ਤਲਾਸ਼ ਜੋ ਅੱਜ ਵੀ ਓਨਾ ਹੀ ਪ੍ਰਸੰਗਕ ਹੈ, ਜਿੰਨਾ ਉਸ ਦੇ ਆਪਣੇ ਸਮੇਂ ਵਿਚ ਸੀ।"

ਸਾਰੀ ਕਿਤਾਬ ਨਿਠ ਕੇ ਪੜ੍ਹਨ ਦੇ ਬਾਅਦ ਸਪਸ਼ਟ ਹੁੰਦਾ ਹੈ ਕਿ ਹਰਵਿੰਦਰ ਆਪਣੇ ਵਾਇਦੇ ਮੁਤਾਬਿਕ ਮਾਰਕਸ-ਏਂਗਲਜ ਦੀ ਵਿਕਸਿਤ ਕੀਤੀ ਮੌਲਿਕ ਭੌਤਿਕਵਾਦੀ ਫਿਲਾਸਫੀ ਵਲ ਮੋੜਾ ਨਹੀਂ ਕਟ ਸਕਿਆ। ਇਸ ਦੇ ਕਾਰਨ ਉਸ ਦੀਆਂ ਲਿਖਤਾਂ ਵਿਚੋਂ ਹੀ ਸਪਸ਼ਟ ਹੋ ਜਾਂਦੇ ਹਨ। ਉਹ ਰਵਾਇਤੀ ਕਮਿਊਨਿਸਟਾਂ ਦੇ ਮਨਾਂ ਵਿਚ ਬਣੀਆ ਦੋ ਗਲਤ ਧਾਰਨਾਵਾਂ ਤੋਂ ਤੋੜ-ਵਿਛੋੜਾ ਨਹੀਂ ਕਰ ਸਕਿਆ।

ਪਹਿਲੀ ਧਾਰਨਾ ਕਿ 'ਕੈਪੀਟਲ' ਮਾਰਕਸ ਦੀ ਸ਼ਾਹਕਾਰ ਲਿਖਤ ਹੈ ਅਤੇ ਦੂਜੀ ਧਾਰਨਾ ਕਿ "ਜਿਵੇਂ ਨਿਊਟਨ ਨੇ ਲੋਕਾਂ ਨੂੰ ਗੁਰੂਤਾ ਬਲ ਦੀ ਹੋਂਦ ਬਾਰੇ ਦਸਿਆ, ਫਰਾਇਡ ਨੇ ਅਚੇਤ ਮਨ ਦੇ ਵਰਤਾਰੇ ਨੂੰ ਉਜਾਗਰ ਕੀਤਾ, ਉਸੇ ਤਰ੍ਹਾਂ ਲੋਕਾਂ ਨੂੰ ਮਾਰਕਸ ਰਾਹੀਂ ਸਰਮਾਏਦਾਰੀ ਪੈਦਾਵਾਰੀ ਢੰਗ ਦੀਆਂ ਵਖਰੀਆਂ ਖਸਲਤਾਂ ਦਾ ਗਿਆਨ ਹੋਇਆ।"

ਪਹਿਲੀ ਧਾਰਨਾ ਮਾਰਕਸ ਦੀ 'ਕੈਪੀਟਲ' ਤੋਂ ਕੀਤੀ ਪਹਿਲੀ ਮੌਲਿਕ ਖੋਜ ਨੂੰ ਦੋਮ ਦਰਜੇ ਉਤੇ ਲੈ ਜਾਂਦੀ ਹੈ ਅਤੇ ਜਿਸ ਫਿਲਾਸਫੀ ਦੇ ਆਧਾਰ ਉਤੇ ਮਾਰਕਸ ਨੇ ਆਪਣੀ ਇਹ ਕਿਰਤ ਰਚੀ, ਉਸ ਨੂੰ ਅਣਗੌਲਿਆ ਕਰਨ ਦਾ ਕਾਰਨ ਬਣਦੀ ਹੈ। ਇੰਝ ਆਲਮੀ ਕਮਿਊਨਿਸਟ ਲਹਿਰ ਅਛੋਪਲੇ ਹੀ ਮਾਰਕਸ ਦੀ ਵਿਕਸਿਤ ਕੀਤੀ ਭੌਤਿਕਵਾਦੀ ਫਿਲਾਸਫੀ ਨੂੰ ਪਿਛੋਕੜ ਵਿਚ ਧਕਣ ਲਈ ਸਰਾਪੀ ਜਾਂਦੀ ਹੈ। ਰੂਸੀ ਇਨਕਲਾਬ ਵੇਲੇ ਪਲੈਖਾਨੋਵ ਲੈਨਿਨ ਉਤੇ ਭੌਤਿਕਵਾਦੀ ਫਿਲਾਸਫੀ ਨੂੰ ਅਣਗੌਲਿਆ ਕਰਨ ਦਾ ਦੋਸ਼ ਲਾਉਂਦਾ ਹੈ ਪਰ ਸਟਾਲਿਨ ਆਪਣੇ ਸੁਭਾਅ ਅਨੁਸਾਰ ਇਸ ਦੋਸ਼ ਦਾ ਅਧੂਰਾ ਜੁਆਬ ਦੇ ਕੇ ਪਲੈਖਾਨੋਵ ਦੇ ਹਮਾਇਤੀਆਂ ਨੂੰ ਚੁਪ ਕਰਵਾ ਦਿੰਦਾ ਹੈ। ਦਰਅਸਲ ਮਾਰਕਸ ਦਾ ਸ਼ਾਹਕਾਰ 'ਕੈਪੀਟਲ' ਨਹੀਂ ਬਲਕਿ ਉਸ ਦੀ ਹੀਗਲ ਅਤੇ ਫਿਉਰਬਾਖ ਦੀ ਫਿਲਾਸਫੀ ਦੇ ਖੇਤਰ ਵਿਚ ਕੀਤੀ ਗਈ ਖੋਜ ਤੋਂ ਅਗੇ ਜਾ ਕੇ ਵਿਕਸਿਤ ਕੀਤੀ ਭੌਤਿਕਵਾਦੀ ਫਿਲਾਸਫੀ ਹੈ ਜਿਸ ਦੇ ਆਧਾਰ ਉਤੇ ਉਸ ਨੇ 'ਕੈਪੀਟਲ' ਦੀ ਰਚਨਾ ਕੀਤੀ।

ਦੂਜੀ ਧਾਰਨਾ ਜਿਥੇ ਨਿਊਟਨ ਦੀ ਕੁਦਰਤੀ ਸਾਇੰਸ ਦੀ ਕੀਤੀ ਖੋਜ ਨੂੰ ਸਾਰੀਆਂ 'ਸਾਇੰਸਾਂ ਦੀ ਸਾਇੰਸ' ਮਾਰਕਸ ਦੀ ਵਿਕਸਿਤ ਕੀਤੀ ਭੌਤਿਕਵਾਦੀ ਫਿਲਾਸਫੀ ਦੇ ਬਰਾਬਰ ਰਖਦੀ ਹੈ, ਉਥੇ ਨਾਲ ਹੀ ਮਨੋਵਿਗਿਆਨ ਦੇ ਨਾਂ ਉਤੇ ਹੁਣ ਤਕ ਮਨੁਖ ਜਾਤੀ ਨਾਲ ਕੀਤੇ ਗਏ ਸਭ ਤੋਂ ਵਡੇ ਫਰਾਡ 'ਫਰਾਇਡ ਦੇ ਅਚੇਤ ਮਨ ਦੇ ਵਰਤਾਰੇ' ਨੂੰ ਮਾਰਕਸ ਬਰਾਬਰ ਮਾਨਤਾ ਦੇਣ ਦਾ ਕਾਰਨ ਬਣ ਜਾਂਦੀ ਹੈ ਜਦੋਂ ਕਿ ਆਧੁਨਿਕ ਮਨੋਵਿਗਿਆਨ ਦਾ ਅਸਲੀ ਜਨਮ ਦਾਤਾ ਖੁਦ ਮਾਰਕਸ ਹੈ। ਦਰਅਸਲ ਮਾਰਕਸ ਨੇ ਹੀ ਹੀਗਲ ਦੀ ਵਿਕਸਿਤ ਕੀਤੀ 'ਮਨ ਦੇ ਵਰਤਾਰੇ ਦੀ ਸਾਇੰਸ' ਨੂੰ ਪੂਰਨ ਰੂਪ ਵਿਚ ਸਪਸ਼ਟ ਕੀਤਾ ਹੈ। ਫਰਾਇਡ ਦੇ ਆਪਣੇ ਕਥਨ ਅਨੁਸਾਰ ਉਹ ਯੂਰਪ ਦੇ ਬਿਮਾਰ ਮਨ ਦਾ ਵਿਆਖਿਆਕਾਰ ਹੈ।

ਪਛਮੀ ਫਿਲਾਸਫੀ ਦੇ ਖੇਤਰ 'ਚ ਪਹਿਲੀ ਵਾਰ ਇਹ ਗੱਲ ਹੀਗਲ ਨੇ ਜ਼ੋਰ ਦੇ ਕੇ ਕਹੀ ਕਿ ਹੋਰ ਕੋਈ ਰੱਬੀ ਹੋਂਦ ਨਹੀਂ, ਮਨੁਖੀ ਮਨ ਹੀ 'ਰਬ' ਹੈ। ਸਾਰੇ ਮਨੁਖੀ ਗਿਆਨ ਦਾ ਕੇਂਦਰ ਮਨੁਖੀ ਮਨ ਹੀ ਹੈ। ਮਾਰਕਸ ਨੇ ਹੀਗਲ ਦੀ ਇਸ ਧਾਰਨਾ ਨੂੰ ਦਰੁਸਤ ਕੀਤਾ ਕਿ ਮਨੁਖੀ ਮਨ ਰਬੀ ਹੋਂਦ ਬਲਕਿ ਸਰਬ ਸ਼ਕਤੀਮਾਨ ਕੁਦਰਤ ਰਬੀ ਹੋਂਦ ਹੈ ਅਤੇ ਮਨੁਖੀ ਮਨ ਇਸ ਕੁਦਰਤ ਦੀ ਸਿਰਮੌਰ ਸਿਰਜਣਾ ਹੈ। ਚਿੰਤਨਸ਼ੀਲ, ਤਰਕਸੰਗਤ, ਜਗਿਆਸੂ ਮਨ ਹੀ ਕਿਸੇ ਮਨੁਖ ਦੀ ਅਸਲੀ ਹੋਂਦ ਹੈ ਪਰ ਮਨੁਖੀ ਮਨ ਆਪਣਾ ਸਾਰਾ ਗਿਆਨ ਕੁਦਰਤ ਨਾਲ ਕੀਤੀ ਅੰਤਰ-ਕਿਰਿਆ ਤੋਂ ਹਾਸਲ ਕਰਦਾ ਹੈ। ਕੁਦਰਤ ਨਾਲ ਕੀਤੀ ਇਹ ਅੰਤਰ-ਕਿਰਿਆ ਹੀ ਮਨੁਖੀ ਮਨ ਦੇ ਅਨੁਭਵੀ ਗਿਆਨ ਦਾ ਸੋਮਾ ਹੈ। ਇਸੇ ਤਰ੍ਹਾਂ ਫਿਉਰਬਾਖ ਨੇ ਆਪਣੀ ਸਭ ਤੋਂ ਅਹਿਮ ਕਿਰਤ 'ਇਸਾਈਅਤ ਦੇ ਤਤ' ਵਿਚ ਇਸਾਈ ਧਰਮ ਅਤੇ ਕੁਦਰਤ ਦਾ ਰਿਸ਼ਤਾ ਸਪਸ਼ਟ ਕੀਤਾ ਜਿਸ ਬਾਰੇ ਮਾਰਕਸ ਦੀ ਟਿਪਣੀ ਹੈ ਕਿ ਫਿਉਰਬਾਖ ਕੁਦਰਤ ਬਾਰੇ ਚਰਚਾ ਬਹੁਤ ਕਰਦਾ ਹੈ ਪਰ ਆਪਣੀ ਫਿਲਾਸਫੀ ਨੂੰ ਰਾਜਨੀਤੀ ਨਾਲ ਨਹੀਂ ਜੋੜਦਾ।

ਭੌਤਿਕਵਾਦੀ ਫਿਲਾਸਫੀ ਨੂੰ ਅਣਗੌਲਿਆ ਕਰਨ ਕਰ ਕੇ ਹੀ ਕਮਿਊਨਿਸਟ ਲਹਿਰ 'ਕੈਪੀਟਲ' ਦੀ ਤੀਜੀ ਜਿਲਦ ਦੇ ਆਖਰੀ ਪੰਨਿਆਂ (ਸਫਾ 820) 'ਤੇ ਲਿਖੀ ਇਸ ਧਾਰਨਾ ਦੀ ਥਾਹ ਨਹੀਂ ਪਾ ਸਕੀ ਕਿ "ਮਨੁਖੀ ਆਜ਼ਾਦੀ ਉਦੋਂ ਹੀ ਹਕੀਕੀ ਅਰਥ ਗ੍ਰਹਿਣ ਕਰਦੀ ਹੈ ਜਦੋਂ ਮਨੁਖੀ ਕਿਰਤ ਦਾ ਫੈਸਲਾ ਮਨੁਖੀ ਲੋੜਾਂ ਤੇ ਦੁਨਿਆਵੀ ਥੁੜ੍ਹਾਂ ਨਹੀਂ ਕਰਦੀਆਂ, ਇਉਂ ਸਾਰੀਆਂ ਵਸਤੂਆਂ ਦਾ ਖਾਸਾ ਜਿਣਸੀ (ਵਿਕਾਊ) ਪੈਦਾਵਾਰ ਦੇ ਘੇਰੇ 'ਚੋਂ ਬਾਹਰ ਨਿਕਲ ਜਾਂਦਾ ਹੈ। ਜਿਵੇਂ ਬਾਕੀ ਪਸ਼ੂ ਤੇ ਜੀਵ ਜਗਤ ਆਪਣੀਆਂ ਲੋੜਾਂ ਦੀ ਪੂਰਤੀ ਲਈ ਸਿਧਾ ਕੁਦਰਤ ਉਤੇ ਨਿਰਭਰ ਕਰਦੇ ਹਨ, ਇਸੇ ਤਰ੍ਹਾਂ ਹੀ ਸਭਿਅਕ ਮਨੁਖ ਸਗਲ ਸਮਾਜੀ ਤਾਣੇ ਬਾਣੇ ਤੇ ਪੈਦਾਵਾਰ ਦੇ ਸਾਰੇ ਸੰਭਵ ਢੰਗਾਂ ਸਮੇਤ ਸਿਧਾ ਕੁਦਰਤੀ ਨਿਯਮਾਂ ਦੇ ਅਧੀਨ ਵਿਚਰਦਾ ਹੈ।"

ਮਨੁਖੀ ਆਜ਼ਾਦੀ ਬਾਰੇ ਏਂਗਲਜ਼ ਨੇ ਹੀਗਲ ਦੇ ਹਵਾਲੇ ਨਾਲ ਲਿਖਿਆ ਹੈ, "ਆਜ਼ਾਦੀ ਆਪਣੀਆਂ (ਕੁਦਰਤੀ-ਮਨੁਖੀ) ਲੋੜਾਂ ਦੀ ਸੁਚੇਤ ਪਛਾਣ ਹੈ। ... ਆਜ਼ਾਦੀ ਕੁਦਰਤੀ ਨੇਮਾਂ ਤੋਂ ਕਲਪਿਤ ਮੁਕਤੀ ਨਹੀਂ ਬਲਕਿ ਕੁਦਰਤੀ ਨੇਮਾਂ ਦਾ ਗਿਆਨ ਤੇ ਇਸ ਗਿਆਨ ਦੀ ਸੋਝੀ ਨਾਲ ਜੀਵਨ ਜਿਉਣ ਦੀ ਕਲਾ ਹੈ। ਇਹ ਨਿਯਮ ਬਾਹਰੀ ਕੁਦਰਤ ਤੇ ਖੁਦ ਮਨੁਖ ਦੀ ਸਰੀਰਕ ਤੇ ਮਾਨਸਿਕ ਬਣਤਰ ਨੂੰ ਚਲਾਉਣ ਵਾਲੇ ਦੋਵੇਂ ਤਰ੍ਹਾਂ ਦੇ ਨੇਮਾਂ ਉਤੇ ਲਾਗੂ ਹੁੰਦਾ ਹੈ। ਨੇਮਾਂ ਦੇ ਇਹਨਾਂ ਦੋਹਾਂ ਵਰਗਾਂ ਨੂੰ ਅਸੀਂ ਇਕ-ਦੂਜੇ ਤੋਂ ਵਖ ਨਹੀਂ ਕਰ ਸਕਦੇ। ... ਇਛਾਵਾਂ ਦੀ ਆਜ਼ਾਦੀ ਦਾ ਅਰਥ ਹੋਰ ਕੁਝ ਨਹੀਂ ਬਲਕਿ ਕੁਦਰਤੀ ਲੋੜਾਂ ਦੇ ਗਿਆਨ ਨਾਲ ਇਹਨਾਂ ਇਛਾਵਾਂ ਨੂੰ ਸਮਝਣ ਦੀ ਸਮਰਥਾ ਤੇ ਜੁਗਤ ਹੈ। ਇਸ ਲਈ ਮਨੁਖੀ ਆਜ਼ਾਦੀ ਦਾ ਅਰਥ ਆਪਣੀਆਂ ਕੁਦਰਤੀ ਲੋੜਾਂ ਦੇ ਗਿਆਨ ਨਾਲ ਸਵੈ ਉਤੇ ਖੁਦ ਅਤੇ ਬਾਹਰੀ ਕੁਦਰਤ ਉਤੇ (ਸਾਮੂਹਿਕ) ਕਾਬੂ ਪਾਉਣਾ ਹੈ।"

ਇਥੇ ਸਪਸ਼ਟ ਹੋਣਾ ਚਾਹੀਦਾ ਹੈ ਕਿ ਕੁਦਰਤ ਉਤੇ ਕਾਬੂ ਪਾਉਣ ਦਾ ਮਤਲਬ ਕੁਦਰਤ ਉਤੇ ਜਿਤਾਂ ਪ੍ਰਾਪਤ ਕਰਨਾ ਨਹੀਂ ਤੇ ਨਾ ਹੀ ਉਸ ਦਾ ਬੇਲਿਹਾਜ ਉਜਾੜਾ ਕਰਨਾ ਹੈ ਸਗੋਂ ਸਮੁਚੀ ਮਨੁਖ ਜਾਤੀ ਦੀਆਂ ਕੁਦਰਤੀ-ਮਨੁਖੀ ਲੋੜਾਂ ਦੀ ਪੂਰਤੀ ਕਰਨ ਲਈ ਆਪਣੇ ਚੌਗਿਰਦੇ ਦੀਆਂ ਹਾਲਤਾਂ ਨਾਲ ਇਕਸੁਰ ਰਹਿ ਕੇ ਵਿਚਰਨਾ ਅਤੇ ਕੁਦਰਤੀ ਨਿਯਮਾਂ ਅਧੀਨ ਰਹਿ ਕੇ ਕੁਦਰਤੀ ਆਫਤਾਂ ਦਾ ਸਾਮੂਹਿਕ ਰੂਪ ਵਿਚ ਹੱਲ ਲਭਣਾ ਹੈ।

ਇਸ ਬਾਰੇ ਏਂਗਲਜ ਦਾ ਕਥਨ ਹੈ, "ਕੁਦਰਤ 'ਤੇ ਜਿੱਤਾਂ ਪ੍ਰਾਪਤ ਕਰਨ ਦੀਆਂ ਗਿਣਤੀਆਂ ਮਿਣਤੀਆਂ ਨਾਲ ਸਾਨੂੰ ਜ਼ਿਆਦਾ ਖੁਸ਼ਫਹਿਮੀ ਦਾ ਸ਼ਿਕਾਰ ਨਹੀਂ ਹੋਣਾ ਚਾਹੀਦਾ। ਅਜਿਹੀ ਹਰ ਜਿੱਤ ਦਾ ਕੁਦਰਤ ਸਾਡੇ ਕੋਲੋਂ ਬਦਲਾ ਲੈਂਦੀ ਹੈ।... ਅਸੀਂ ਕੁਦਰਤ ਤੋਂ ਬਾਹਰ ਖੜ੍ਹੇ ਕਿਸੇ ਅਜਨਬੀ ਵਾਂਗ ਕੁਦਰਤ 'ਤੇ ਰਾਜ ਨਹੀਂ ਕਰ ਸਕਦੇ ਕਿਉਂਕਿ ਅਸੀਂ ਖੁਦ ਹਡ-ਮਾਸ-ਦਿਮਾਗ ਸਮੇਤ ਕੁਦਰਤ ਦਾ ਹੀ ਅਟੁਟ ਅੰਗ ਹਾਂ ਅਤੇ ਉਸ ਦੇ ਅੰਦਰ ਹੀ ਆਪਣੀ ਹੋਂਦ ਰਖਦੇ ਹਾਂ। ਸਾਡੀ ਸਾਰੀ ਸਿਆਣਪ ਤੇ ਮੁਹਾਰਿਤ ਇਸ ਹਕੀਕਤ ਵਿਚ ਮੌਜੂਦ ਹੈ ਕਿ ਅਸੀਂ ਕੁਦਰਤੀ ਨੇਮਾਂ ਨੂੰ ਜਾਣਨ ਅਤੇ ਉਹਨਾਂ ਨੂੰ ਆਪਣੇ ਭਲੇ ਲਈ ਠੀਕ ਤਰ੍ਹਾਂ ਲਾਗੂ ਕਰਨ ਦੇ ਯੋਗ ਹਾਂ।"

ਪੂੰਜੀ ਤੇ ਪੂੰਜੀਵਾਦ ਬਾਰੇ ਕਾਰਲ ਮਾਰਕਸ ਨੇ ਲਿਖਿਆ ਹੈ: "ਪੂੰਜੀ ਇਕੱਠੀ ਹੋਈ (ਮੁਰਦਾ) ਕਿਰਤ ਹੈ। ਪੂੰਜੀ ਮਨੁਖੀ ਕਿਰਤ ਅਤੇ ਉਸ ਦੀ ਪੈਦਾਵਾਰ ਨੂੰ ਕਾਬੂ ਕਰਨ ਦੀ ਸ਼ਕਤੀ ਹੈ। ਪੂੰਜੀਪਤੀ ਦੀ ਇਹ ਸ਼ਕਤੀ ਉਸ ਦੇ ਮਨੁਖੀ ਗੁਣਾਂ ਕਰਕੇ ਨਹੀਂ ਸਗੋਂ ਪੂੰਜੀ ਦੀ ਮਾਲਕੀ ਹੋਣ ਕਰਕੇ ਹੈ। ਪੂੰਜੀ ਦੀ ਖਰੀਦ ਸ਼ਕਤੀ ਹੀ ਉਸ ਦੀ ਤਾਕਤ ਹੈ। ਉਸ ਦੀ ਇਸ ਤਾਕਤ ਨੂੰ ਕਾਨੂੰਨੀ ਪ੍ਰਵਾਨਗੀ ਹਾਸਲ ਹੈ। ਪੂੰਜੀਵਾਦ ਦਾ ਮੂਲ ਆਧਾਰ ਨਿਜੀ ਜਾਇਦਾਦ ਦੇ ਰੂਪ ਵਿਚ ਕਿਰਤੀਆਂ ਦੀ ਸਮੁਚੀ ਪੈਦਾਵਾਰ ਉਤੇ ਪੂੰਜੀਪਤੀਆਂ ਕੋਲ ਮਾਲਕੀ ਦਾ ਹਕ ਹੈ। ਪੂੰਜੀਪਤੀ ਪੂੰਜੀ ਦੇ ਇਸ ਹਥਿਆਰ ਨਾਲ ਆਪਣੀ ਹੁਕਮੀਆ ਸ਼ਕਤੀ ਦੀ ਵਰਤੋਂ ਪਹਿਲਾਂ ਕਿਰਤੀਆਂ ਉਤੇ ਕਰਦਾ ਹੈ ਪਰ ਬਾਅਦ ਵਿਚ ਪੂੰਜੀ ਦੀ ਇਹੀ ਹੁਕਮੀਆ ਸ਼ਕਤੀ ਖੁਦ ਪੂੰਜੀ ਮਾਲਕ ਦੀ ਮਾਨਸਿਕਤਾ ਨੂੰ ਵੀ ਜਕੜ ਲੈਂਦੀ ਹੈ। ਪੂੰਜੀਪਤੀ ਖੁਦ ਵੀ ਮੁਰਦਾ ਪੂੰਜੀ ਦਾ ਮਾਨਸਿਕ ਗੁਲਾਮ ਬਣ ਜਾਂਦਾ ਹੈ। ਪੂੰਜੀ ਦੀ ਮੰਗ ਅਨੁਸਾਰ ਮੁਨਾਫਾ ਅਤੇ ਹੋਰ ਮੁਨਾਫਾ ਕਮਾਉਣਾ ਉਸਦੀ ਸੋਚ ਨੂੰ ਜਕੜ ਲੈਂਦਾ ਹੈ। ਇੰਝ ਮੁਰਦਾ ਪੂੰਜੀ ਪੂੰਜੀਪਤੀਆਂ ਰਾਹੀਂ ਸਮੁਚੇ ਸਮਾਜ ਉਤੇ ਰਾਜ ਕਰਦੀ ਹੈ।"

"ਪੂੰਜੀਵਾਦੀ ਰਾਜਸੀ ਅਰਥਚਾਰਾ ਵਪਾਰ ਦੇ ਫੈਲਣ ਦੇ ਸੁਭਾਵਿਕ ਸਿਟੇ ਵਜੋਂ ਹੋਂਦ ਵਿਚ ਆਇਆ ਹੈ। ਇਸ ਦੇ ਮੁਢਲੇ ਰੂਪ ਵਜੋਂ ਤਰਕਹੀਣ ਛਾਬੜੀ ਵਾਲਿਆਂ ਦੀ ਥਾਂ ਅਮੀਰੀ ਦੀ ਸਮੁਚੀ ਸਾਇੰਸ (ਕਾਨੂੰਨੀ ਫਰਾਡ) ਦੇ ਵਿਕਸਿਤ ਹੋਏ ਤਾਣੇ-ਬਾਣੇ ਨੇ ਲੈ ਲਈ ਹੈ। ਅਮੀਰ ਬਣਨ ਦੀ ਸਾਇੰਸ ਦਾ ਜਨਮ ਵਪਾਰੀਆਂ ਦੀ ਆਪਸੀ ਈਰਖਾ ਅਤੇ ਲਾਲਚੀ ਮਾਨਸਿਕਤਾ ਵਿਚੋਂ ਹੋਇਆ ਹੈ। ਇਸ ਦੇ ਵਜੂਦ ਵਿਚ ਘੋਰ ਕਮੀਨਗੀ ਅਤੇ ਸੁਆਰਥ ਲੁਕਿਆ ਹੋਇਆ ਹੈ। ਲੋਕ ਅਜੇ ਵੀ ਇਸ ਮੂਰਖਾਨਾ ਸੋਚ ਦਾ ਸ਼ਿਕਾਰ ਹਨ ਕਿ ਸੋਨਾ ਚਾਂਦੀ ਦੌਲਤ ਹਨ। ਇਸ ਲਈ ਸਭ ਤੋਂ ਫੌਰੀ ਕੰਮ ਇਸ 'ਕੀਮਤੀ' ਧਾਤ ਦੀ ਬਰਾਮਦ ਨੂੰ ਕਾਬੂ ਵਿਚ ਕਰਨ ਦਾ ਕੀਤਾ ਗਿਆ ਹੈ। ਕੌਮਾਂ ਇਕ-ਦੂਜੇ ਨਾਲ ਕਮੀਨਿਆਂ ਵਾਂਗ ਵਿਹਾਰ ਕਰਦੀਆਂ ਹਨ। ਇਕ-ਦੂਜੇ ਨੂੰ ਭਰਮਾਉਣ ਦਾ ਹਰ ਸੰਭਵ ਢੰਗ ਵਰਤਿਆ ਜਾਂਦਾ ਹੈ ਤਾਂ ਕਿ ਵੱਧ ਤੋਂ ਵੱਧ ਨਗਦ ਵਪਾਰ ਨੂੰ ਸੰਭਵ ਬਣਾਇਆ ਜਾ ਸਕੇ। ਭ੍ਰਿਸ਼ਟਾਚਾਰ ਪੂੰਜੀਵਾਦ ਦੇ ਵਜੂਦ ਸਮੋਈ ਅਲਾਮਤ ਹੈ। ਸਮੁਚੇ ਸਮਾਜੀ ਤੇ ਰਾਜਸੀ ਤਾਣੇਬਾਣੇ ਨੂੰ ਕਾਇਮ ਰਖਣ ਲਈ ਜਿਹੜਾ ਰੋਲ ਪਹਿਲਾ ਸਰੀਰਕ ਬਲ ਅਤੇ ਫੌਜੀ ਤਾਕਤ ਨਿਭਾਉਂਦੀ ਸੀ, ਓਹੀ ਰੋਲ ਹੁਣ ਭ੍ਰਿਸ਼ਟਾਚਾਰ ਅਤੇ ਸਮਾਜੀ ਤੇ ਰਾਜਸੀ ਰੁਤਬਾ ਨਿਭਾਉਂਦਾ ਹੈ।" (ਏਂਗਲਜ)


"ਪੂੰਜੀਵਾਦੀ ਦੌਰ ਵਿਚ ਪੈਸਾ ਮਨੁਖ ਦਾ 'ਰਬ' ਬਣ ਗਿਆ ਹੈ। ਪੈਸੇ ਨੇ ਮਨੁਖੀ ਮਨ ਵਿਚ ਰਬੀ ਹਸਤੀ ਦੇ ਬਣੇ ਸਾਰੇ ਸੰਕਲਪਾਂ ਨੂੰ ਬੌਣੇ ਕਰ ਦਿਤਾ ਹੈ ਅਤੇ 'ਰਬ' ਨੂੰ ਵਿਕਾਊ ਜਿਣਸ ਵਿਚ ਬਦਲ ਦਿਤਾ ਹੈ। ਸਾਰੇ ਮਨੁਖੀ ਰਿਸ਼ਤਿਆਂ ਦਾ ਆਧਾਰ ਬਣੇ ਪੈਸੇ ਨੇ ਸੰਸਾਰ ਭਰ ਦੇ ਮਨੁਖੀ ਮਨਾਂ ਨੂੰ ਕਾਬੂ ਕਰ ਲਿਆ ਹੈ। ਮਨੁਖ ਤੇ ਸਰਬ ਸ਼ਕਤੀਮਾਨ ਕੁਦਰਤ ਦੋਹਾਂ ਤੋਂ ਉਸ ਦਾ ਅਸਲੀ ਤਤ ਖੋਹ ਲਿਆ ਹੈ। ਨਿਜੀ ਜਾਇਦਾਦ ਤੇ ਪੈਸੇ ਦੇ ਗਲਬੇ ਅਧੀਨ ਸਰਬ ਸ਼ਕਤੀਮਾਨ ਕੁਦਰਤ ਬਾਰੇ ਬਣਿਆ ਮਨੁਖੀ ਦ੍ਰਿਸ਼ਟੀਕੋਣ, ਸਰਬ ਸ਼ਕਤੀਮਾਨ ਕੁਦਰਤ ਪ੍ਰਤੀ ਨਫਰਤ ਅਤੇ ਅਮਲ ਵਿਚ ਇਸ ਪ੍ਰਤੀ ਜਹਾਲਤ ਪੈਦਾ ਕਰਦਾ ਹੈ। ਮਨੁਖੀ ਅਤੇ ਪਰਿਵਾਰਕ ਰਿਸ਼ਤਿਆਂ ਵਿਚੋਂ ਮਨੁਖੀ ਜਜ਼ਬਿਆਂ ਨੂੰ ਖਤਮ ਕਰਕੇ ਪੂੰਜੀਵਾਦ ਨੇ ਇਹਨਾਂ ਨੂੰ ਸਿਰਫ ਅਤੇ ਸਿਰਫ ਪੈਸੇ ਦੇ ਰਿਸ਼ਤਿਆਂ ਤਕ ਸੀਮਤ ਕਰ ਦਿਤਾ ਹੈ।" (ਮਾਰਕਸ)

'ਕਮਿਊਨਿਸਟ ਮੈਨੀਫੈਸਟੋ' ਵਿਚ ਦਰਜ ਹੈ, "ਪੂੰਜੀਵਾਦੀ ਰਿਸ਼ਤਿਆਂ ਅਧੀਨ ਅਜੋਕੇ ਬੁਰਜਵਾ ਸਮਾਜ ਨੇ ਪੈਦਾਵਾਰ ਅਤੇ ਵਟਾਂਦਰੇ ਦੇ ਧੜਵੈਲ ਸਾਧਨ ਪੈਦਾ ਕਰ ਲਏ ਹਨ। ਪੂੰਜੀਵਾਦੀ ਰਿਸ਼ਤਿਆਂ ਕਾਰਨ ਇਹ ਉਸ ਜਾਦੂਗਰ ਵਾਂਗ ਹੈ, ਜਿਹੜਾ ਆਪਣੀਆਂ ਹੀ ਜਗਾਈਆਂ ਜਾਦੂਗਰੀ ਸ਼ਕਤੀਆਂ ਨੂੰ ਆਪਣੇ ਕਾਬੂ ਵਿਚ ਰਖਣ ਦੇ ਅਸਮਰਥ ਹੈ। ਕੁਝ ਕੁ ਨਿਸ਼ਚਿਤ ਸਮੇਂ ਬਾਅਦ ਮੁੜ-ਮੁੜ ਪ੍ਰਗਟ ਹੁੰਦੇ ਵਾਪਾਰਿਕ ਸੰਕਟ ਹਰ ਵਾਰ ਸਮੁਚੇ ਬੁਰਜੂਆ ਸਮਾਜ ਦੀ ਹੋਂਦ ਨੂੰ ਪਹਿਲਾਂ ਨਾਲੋਂ ਵੀ ਵਡਾ ਖਤਰਾ ਖੜਾ ਕਰ ਦੇਂਦੇ ਹਨ। ਇਨ੍ਹਾਂ ਸੰਕਟਾਂ ਵਿਚ ਨਾ ਸਿਰਫ ਮੌਜੂਦਾ ਪੈਦਾਵਾਰ ਸਗੋਂ ਪਹਿਲਾਂ ਸਿਰਜੇ ਪੈਦਾਵਾਰੀ ਸਾਧਨ ਵੀ ਤਬਾਹ ਕਰ ਦਿਤੇ ਜਾਂਦੇ ਹਨ। ਅਚਨਚੇਤ ਸਾਰਾ ਸਮਾਜ ਕੁਝ ਚਿਰ ਲਈ ਖੁਦ ਨੂੰ ਵਹਿਸ਼ੀ ਹਾਲਤ ਵਿਚ ਪਹੁੰਚਿਆ ਮਹਿਸੂਸ ਕਰਦਾ ਹੈ। ਜਿਵੇਂ ਕਿਸੇ ਸਰਬਵਿਆਪੀ ਤਬਾਹੀ ਨੇ ਮਨੁਖੀ ਹੋਂਦ ਲਈ ਲੋੜੀਂਦੇ ਸਨਅਤ ਅਤੇ ਵਪਾਰ ਨੂੰ ਬੰਨ ਮਾਰ ਦਿਤਾ ਹੋਵੇ। ਪੂੰਜੀਵਾਦੀ ਸਮਾਜ ਦੀਆਂ ਵਲਗਣਾਂ ਏਨੀਆਂ ਤੰਗ ਹੋ ਜਾਂਦੀਆਂ ਹਨ ਕਿ ਉਹ ਆਪਣੀ ਹੀ ਪੈਦਾ ਕੀਤੀ ਦੌਲਤ ਨੂੰ ਆਪਣੇ ਵਿਚ ਨਹੀਂ ਸਮੋਅ ਸਕਦੀਆਂ ਅਤੇ ਪੂੰਜੀਵਾਦ ਇਸ ਸੰਕਟ ਦਾ ਹੱਲ ਕਿਵੇਂ ਕਰਦਾ ਹੈ, ਇਕ ਪਾਸੇ ਪੈਦਾਵਾਰੀ ਸ਼ਕਤੀਆਂ ਦੀ ਭਾਰੀ ਤਬਾਹੀ ਕਰਕੇ ਅਤੇ ਦੂਜੇ ਪਾਸੇ ਨਵੀਆਂ ਮੰਡੀਆਂ ਕਾਬੂ ਕਰਕੇ ਅਤੇ ਪੁਰਾਣੀਆਂ ਮੰਡੀਆਂ ਦੀ ਹੋਰ ਵਧੇਰੇ ਲੁਟ ਕਰਕੇ।"

ਬਿਲਕੁਲ ਇਹੀ ਹਾਲਤ ਅਸੀਂ ਸਾਰੇ ਮੁਲਕਾਂ ਦੀ ਦੇਖ ਰਹੇ ਹਾਂ। ਇਹੀ ਸਿਰ-ਵਢ ਮੁਕਾਬਲਾ ਹੁਣ ਅਮਰੀਕਾ, ਚੀਨ, ਯੂਰਪ, ਬਰਤਾਨੀਆ ਤੇ ਭਾਰਤ ਸਮੇਤ ਸਾਰੇ ਮੁਲਕਾਂ ਵਿਚਕਾਰ ਚੱਲ ਰਿਹਾ ਹੈ। ਲੈਨਿਨ ਨੇ 'ਸਾਮਰਾਜ ਪੂੰਜੀਵਾਦ ਦੀ ਅਜੋਕੀ ਅਵਸਥਾ' ਵਿਚ ਲਿਖਿਆ ਹੈ ਕਿ ਸਾਮਰਾਜੀ ਦੌਰ ਵਿਚ ਆ ਕੇ ਪੂੰਜੀਵਾਦ ਦੇ ਇਹ ਲਛਣ ਅਤੇ ਆਪਸੀ ਮੁਕਾਬਲਾ ਹੋਰ ਵੀ ਵਹਿਸ਼ੀ ਰੂਪ ਧਾਰਨ ਕਰ ਗਿਆ ਹੈ। ਇਕ-ਦੂਜੇ ਕੋਲੋਂ ਮੰਡੀਆਂ ਖੋਹਣ ਦੀ ਦੌੜ ਚਾਰੇ ਪਾਸੇ ਚਲ ਰਹੀ ਹੈ। ਇਹੀ ਦੌੜ ਇਹਨਾਂ ਸਾਮਰਾਜੀਆਂ ਨੂੰ ਕਰੋੜਾਂ ਲੋਕਾਂ ਦੀ ਕੀਮਤ ਉਤੇ ਅਰਬਾਂ-ਖਰਬਾਂ ਰੁਪਏ ਪਰਮਾਣੂ ਜੰਗ ਦੀ ਤਿਆਰੀ ਵਾਸਤੇ ਖਰਚਣ ਲਈ ਮਜਬੂਰ ਕਰ ਰਹੀ ਹੈ। ਇਸੇ ਲੋੜ ਵਿਚੋਂ ਮੋਦੀ ਸਰਕਾਰ ਕਰੋੜਾਂ ਗਰੀਬ ਲੋਕਾਂ ਦੇ ਹਥਾਂ ਵਿਚੋ ਰੋਟੀ ਖੋਹ ਕੇ ਅਰਬਾਂ ਰੁਪਏ ਦੇ ਹਥਿਆਰ ਖਰੀਦ ਰਹੀ ਹੈ।

ਕਮਿਊਨਿਸਟ ਮੈਨੀਫੈਸਟੋ ਵਿਚ ਹੀ ਮਾਰਕਸ ਨੇ ਲਿਖਿਆ ਹੈ ਕਿ ਪੂੰਜੀਵਾਦ ਕੁਦਰਤ ਤੇ ਮਨੁਖ ਦੀ ਕੁਦਰਤੀ ਫਿਤਰਤ ਤੋਂ ਟੁਟਿਆ ਹੋਇਆ ਆਪਣਾ ਹੀ ਕਲਪਿਆ ਸਮਾਜ ਸਿਰਜ ਲੈਂਦਾ ਹੈ। ਅਜੋਕਾ ਸਾਮਰਾਜੀ ਸੰਸਾਰ ਪ੍ਰਬੰਧ ਪੂੰਜੀਵਾਦ ਦਾ ਕਲਪਿਆ ਅਜਿਹਾ ਹੀ ਸੰਸਾਰ ਹੈ, ਜਿਹੜਾ ਮਹਿਜ਼ ਵਹਿਸ਼ੀ ਲੁਟ ਦਾ ਸੰਦ ਹੈ। ਇਹ ਹਥੀਂ ਕਿਰਤ ਤੋਂ ਟੁਟੇ ਵਿਹਲੜ ਸਭਿਆਚਾਰ ਦਾ ਜਨਕ ਹੈ। ਇਸ ਨੇ ਪਰਾਈ ਕਿਰਤ ਉਤੇ ਪਲਣ ਵਾਲੇ ਪਰਜੀਵੀ, ਨਸ਼ੇੜੀ, ਜੂਏਬਾਜ਼ ਬੁਧੀਜੀਵੀ ਤੇ ਨੌਕਰਸ਼ਾਹ ਪੈਦਾ ਕੀਤੇ ਹਨ। ਇਹ ਵੇਸਵਾਗਿਰੀ ਨੂੰ ਹੁਲਾਰਾ ਦਿੰਦਾ ਹੈ। ਮਨੁਖੀ ਪਰਿਵਾਰਕ ਤੇ ਸਮਾਜੀ ਰਿਸ਼ਤੇ ਤੋੜਦਾ ਹੈ। ਇਸ ਨੇ ਔਰਤ ਵੇਸਵਾਗਿਰੀ ਦੇ ਨਾਲ-ਨਾਲ ਮਰਦ ਵੇਸਵਾਗਿਰੀ ਤੇ ਸਮਲਿੰਗੀ ਰਿਸ਼ਤਿਆਂ ਨੂੰ ਵੀ ਉਤਸ਼ਾਹਿਤ ਕੀਤਾ ਹੈ।

ਇਹ ਸਾਰੀਆਂ ਪੂੰਜੀਵਾਦੀ ਆਰਥਿਕ ਰਿਸ਼ਤਿਆਂ ਦੇ ਆਉਣ ਨਾਲ ਹੋ ਰਹੀਆਂ ਸੁਭਾਵਿਕ ਤਬਦੀਲੀਆਂ ਦਾ ਸਿਟਾ ਨਹੀਂ ਬਲਕਿ ਸਾਮਰਾਜੀ-ਪੂੰਜੀਵਾਦੀ ਵਿਕਾਸ ਦੀਆਂ ਅਲਾਮਤਾਂ ਹਨ। ਦੁਨੀਆ ਭਰ ਵਿਚ ਵਡੀ ਪਧਰ ਉਤੇ ਹੋ ਰਿਹਾ ਪਰਵਾਸ ਅਤੇ ਆਵਾਸ ਸਹਿਜ ਮਨੁਖੀ ਜ਼ਿੰਦਗੀ ਦੀ ਰਵਾਨਗੀ ਦਾ ਸਿਟਾ ਨਹੀਂ ਬਲਕਿ ਅੰਨ੍ਹੀ ਸਾਮਰਾਜੀ ਅਨਾਰਕੀ ਦੀ ਦੇਣ ਹੈ। ਸੰਸਾਰ ਭਰ ਵਿਚ ਜ਼ਰਖੇਜ਼ ਜ਼ਮੀਨ ਦਾ ਜ਼ਹਿਰੀ ਹੋਣਾ, ਪਾਣੀ ਦਾ ਪੀਣਯੋਗ ਨਾ ਰਹਿਣਾ, ਚੌਗਿਰਦੇ ਦਾ ਪਲੀਤ ਹੋਣਾ, ਦਿਲ ਦੀਆਂ ਬਿਮਾਰੀਆਂ ਤੇ ਸ਼ੂਗਰ ਕੈਂਸਰ ਵਰਗੇ ਸਾਰੇ ਰੋਗ ਇਸੇ ਸਾਮਰਾਜੀ ਵਿਨਾਸ਼ ਦੀ ਦੇਣ ਹਨ। ਸਿਟੇ ਵਜੋਂ ਮਨੁਖ ਜਾਤੀ ਦਿਨੋ-ਦਿਨ ਵਧੇਰੇ ਮਾਨਸਿਕ ਤਣਾਅ ਦਾ ਸ਼ਿਕਾਰ ਹੋ ਰਹੀ ਹੈ। ਇਸ ਨੇ ਦੋ ਸੰਸਾਰ ਸਾਮਰਾਜੀ ਜੰਗਾਂ ਪਹਿਲਾ ਲੜੀਆਂ ਹਨ ਅਤੇ ਤੀਜੀ ਸੰਸਾਰ ਸਾਮਰਾਜੀ ਜੰਗ ਯੂਕਰੇਨ ਵਿਚ ਲੜੀ ਜਾ ਰਹੀ ਹੈ ਜਿਸ ਦੇ ਇਕ ਪਾਸੇ ਅਮਰੀਕਾ ਦੀ ਅਗਵਾਈ ਵਿਚ ਨਾਟੋ ਮੁਲਕ ਹਨ ਅਤੇ ਦੂਜੇ ਪਾਸੇ ਰੂਸ ਅਤੇ ਚੀਨ ਹਨ। ਆਪਣੀ ਮਨੂਵਾਦੀ ਫਿਤਰਤ ਅਨੁਸਾਰ ਮੋਦੀਕੇ ਇਸ ਸਾਮਰਾਜੀ ਜੰਗ ਵਿਚੋਂ ਮੁਨਾਫਾ ਖਟਣ ਲਈ ਦੋਵੇਂ ਪਾਸੇ ਟਪੂਸੀਆਂ ਮਾਰ ਰਹੇ ਹਨ। ਇਸ ਹੋ ਰਹੀ ਭਿਆਨਕ ਮਨੁਖੀ ਬਰਬਾਦੀ ਦੇ ਪ੍ਰਸੰਗ ਵਿਚ ਕਮਿਊਨਿਸਟ ਇਨਕਲਾਬ ਮਨੁਖ ਜਾਤੀ ਦੀ ਅਟਲ ਲੋੜ ਹੈ ਪਰ ਇਸ ਵਾਸਤੇ ਮਾਰਕਸ ਦੀ ਭੌਤਿਕਵਾਦੀ ਫਿਲਾਸਫੀ ਨੂੰ ਪ੍ਰਨਾਈ ਕਮਿਊਨਿਸਟ ਇਨਕਲਾਬੀ ਪਾਰਟੀ ਦੀ ਲੋੜ ਹੈ ਜਿਹੜੀ ਕੁਦਰਤ ਤੇ ਮਨੁਖ ਦੇ ਅਟੁਟ ਅਤੇ ਜੀਵੰਤ ਰਿਸ਼ਤੇ ਦਾ ਅਹਿਸਾਸ ਕਰ ਸਕਦੀ ਹੋਵੇ।




*ਕਿਤਾਬ ਦਾ ਮੁਖੜਾ*


***ਅਮਰੀਕਾ, ਚੀਨ, ਯੂਰਪ, ਬਰਤਾਨੀਆ ਤੇ ਭਾਰਤ ਸਮੇਤ ਸਾਰੇ ਮੁਲਕਾਂ ਵਿਚ ਹੁਣ ਸਿਰ-ਵਢ ਮੁਕਾਬਲਾ ਚੱਲ ਰਿਹਾ ਹੈ। ਲੈਨਿਨ ਨੇ 'ਸਾਮਰਾਜ ਪੂੰਜੀਵਾਦ ਦੀ ਅਜੋਕੀ ਅਵਸਥਾ' ਵਿਚ ਲਿਖਿਆ ਕਿ ਸਾਮਰਾਜੀ ਦੌਰ 'ਚ ਆ ਕੇ ਪੂੰਜੀਵਾਦ ਦੇ ਇਹ ਲੱਛਣ ਅਤੇ ਆਪਸੀ ਮੁਕਾਬਲਾ ਹੋਰ ਵਹਿਸ਼ੀ ਰੂਪ ਧਾਰਨ ਕਰ ਗਿਆ ਹੈ। ਇਕ-ਦੂਜੇ ਕੋਲੋਂ ਮੰਡੀਆਂ ਖੋਹਣ ਦੀ ਦੌੜ ਹੈ। ਇਹੀ ਦੌੜ ਇਹਨਾਂ ਸਾਮਰਾਜੀਆਂ ਨੂੰ ਲੋਕਾਂ ਦੀ ਕੀਮਤ ਉਤੇ ਅਰਬਾਂ-ਖਰਬਾਂ ਰੁਪਏ ਪਰਮਾਣੂ ਜੰਗ ਦੀ ਤਿਆਰੀ ਵਾਸਤੇ ਖਰਚਣ ਲਈ ਮਜਬੂਰ ਕਰ ਰਹੀ ਹੈ। ਇਸੇ ਲੋੜ ਵਿਚੋਂ ਮੋਦੀ ਸਰਕਾਰ ਕਰੋੜਾਂ ਗਰੀਬਾਂ ਦੇ ਹਥਾਂ 'ਚੋਂ ਰੋਟੀ ਖੋਹ ਕੇ ਅਰਬਾਂ ਰੁਪਏ ਦੇ ਹਥਿਆਰ ਖਰੀਦ ਰਹੀ ਹੈ।***



*ਹਰਵਿੰਦਰ ਭੰਡਾਲ*

# ਭਾਰਤ ਦੀ ਸਮਾਜਿਕ ਅਸਥਿਰਤਾ ਅਤੇ ਸਿਆਸੀ ਧਿਰਾਂ

ਇਸ ਗੱਲ ਤੋਂ ਕੌਣ ਇਨਕਾਰ ਕਰ ਸਕਦਾ ਹੈ ਕਿ ਨਰਿੰਦਰ ਮੋਦੀ ਦੀ ਅਗਵਾਈ 'ਚ ਭਾਰਤੀ ਜਨਤਾ ਪਾਰਟੀ ਨੇ ਭਾਰਤੀ ਲੋਕਤੰਤਰ ਨੂੰ ਟਿਕਾਊ ਰਾਜਨੀਤਕ ਸਥਿਰਤਾ ਮੁਹੱਈਆ ਕਰਵਾਈ ਹੈ ਪਰ ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਹ ਰਾਜਨੀਤਕ ਸਥਿਰਤਾ ਲਗਾਤਾਰ ਜਾਰੀ ਸਮਾਜਿਕ ਅਸਥਿਰਤਾ ਦੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ। ਵਧਾ-ਚੜ੍ਹਾ ਕੇ ਗੱਲ ਕਰਨ ਦਾ ਖਤਰਾ ਉਠਾ ਕੇ ਇਹ ਵੀ ਕਿਹਾ ਜਾ ਸਕਦਾ ਹੈ ਕਿ ਇਹ ਰਾਜਨੀਤਕ ਸਥਿਰਤਾ ਦਰਅਸਲ ਸਮਾਜਿਕ ਅਸਥਿਰਤਾ ਨਾਲ ਗ੍ਰਸਤ ਹੈ। ਖਾਸ ਗੱਲ ਇਹ ਹੈ ਕਿ ਜੋ ਸਮਾਜਿਕ ਬੇਚੈਨੀਆਂ ਲਗਾਤਾਰ ਦੇਖੀਆਂ ਜਾ ਰਹੀਆਂ ਹਨ, ਉਨ੍ਹਾਂ ਦਾ ਕਿਰਦਾਰ ਜਾਤ-ਯੁੱਧ ਜਾਂ ਵਰਨ-ਯੁੱਧ ਦਾ ਨਹੀਂ



ਅਭੈ ਕੁਮਾਰ ਦੂਬੇ

ਹੈ; ਭਾਵ, ਉਹ ਪਰੰਪਰਾ ਦੀ ਦੇਣ ਨਹੀਂ। ਉਹ ਆਧੁਨਿਕਤਾ ਦੀ ਹੀ ਨਹੀਂ ਸਗੋਂ ਵਿਸ਼ਵੀਕਰਨ ਆਧਾਰਿਤ ਆਧੁਨਿਕਤਾ ਦੀ ਦੇਣ ਹਨ। ਉਨ੍ਹਾਂ ਦਾ ਜਨਮ ਵਿਸ਼ਵੀਕਰਨ ਦੇ ਗਰਭ 'ਚੋਂ ਉਪਜੀਆਂ ਆਰਥਿਕ ਨੀਤੀਆਂ ਦੀ ਅਸਫਲਤਾ ਨਾਲ ਹੋਇਆ ਹੈ। ਇਹ ਨਾਕਾਮੀਆਂ ਇਕ-ਦੋ ਸਾਲ 'ਚ ਨਹੀਂ ਵਾਪਰੀਆਂ। ਇਹ ਲੰਮੇ ਸਮੇਂ ਤੋਂ ਹਨ।

ਮੋਦੀ ਸਰਕਾਰ ਤੋਂ ਪਹਿਲਾਂ ਮਨਮੋਹਨ ਸਿੰਘ ਦੀ ਸਰਕਾਰ ਦੇ ਆਖਰੀ ਪੰਜ ਸਾਲਾਂ ਦਾ ਵੀ ਇਸ 'ਚ ਯੋਗਦਾਨ ਹੈ ਅਤੇ ਇਸ ਵਿਚ ਉਸ ਤੋਂ ਪਹਿਲਾਂ ਛੇ ਸਾਲ ਤੱਕ ਚੱਲੀ ਅਟਲ ਬਿਹਾਰੀ ਵਾਜਪਾਈ ਸਰਕਾਰ ਦੀ ਭੂਮਿਕਾ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ। ਰਾਜਨੀਤਕ ਸਥਿਰਤਾ ਅਤੇ ਸਮਾਜਿਕ ਅਸਥਿਰਤਾ ਦੇ ਸਮੀਕਰਨ ਵਿਚੋਂ ਨਿਕਲੇ ਮਾੜੇ ਪ੍ਰਭਾਵਾਂ ਦਾ ਆਲਮ ਇਹ ਹੈ ਕਿ ਚੰਗੀ ਹਾਲਤ 'ਚ ਚੰਗੇ ਇਰਾਦੇ ਨਾਲ ਬਣਾਈਆਂ ਗਈਆਂ ਯੋਜਨਾਵਾਂ ਵੀ ਹਿੰਸਕ ਅਤੇ ਮਾਰੂ ਸਮਾਜਿਕ ਅਸ਼ਾਂਤੀ ਫੈਲਾਅ ਰਹੀਆਂ ਹਨ। ਸੈਨਾ ਦੇ ਆਧੁਨਿਕੀਕਰਨ ਲਈ ਐਲਾਨੀ ਗਈ ਅਗਨੀਪਥ ਯੋਜਨਾ ਦੀ ਪ੍ਰਤੀਕਿਰਿਆ 'ਚ ਚੱਲ ਰਹੀ ਹਿੰਸਾ ਅਤੇ ਸਾੜ-ਫੂਕ ਇਸ ਦਾ ਨਤੀਜਾ ਹੈ।

ਪਿਛਲੇ ਵੀਹ ਦਿਨ ਦਾ ਜਾਇਜ਼ਾ ਲੈਂਦਿਆਂ ਹੀ ਇਸ ਵਿਸ਼ਲੇਸ਼ਣ ਦੀ ਤਸਦੀਕ ਹੋ ਜਾਂਦੀ ਹੈ। ਇਸ ਮਹੀਨੇ ਦੀ ਸ਼ੁਰੂਆਤ ਨੂਪੁਰ-ਨਵੀਨ ਮਾਮਲੇ ਤੋਂ ਹੋਈ ਸੀ। ਪੰਜ ਜੂਨ ਨੂੰ ਜਿਵੇਂ ਹੀ ਭਾਜਪਾ ਹਾਈਕਮਾਨ ਨੇ ਆਪਣੀ ਕੌਮੀ ਤਰਜਮਾਨ ਅਤੇ ਦਿੱਲੀ ਦੇ ਮੀਡੀਆ-ਇੰਚਾਰਜ ਨਵੀਨ ਜਿੰਦਲ ਨੂੰ ਸੰਗਠਨਾਤਮਿਕ ਤੌਰ 'ਤੇ ਸਜ਼ਾ ਦਿੱਤੀ, ਉਵੇਂ ਹੀ ਆਸਮਾਨ ਟੁੱਟ ਪਿਆ। ਆਮ ਜੀਵਨ 'ਚ ਹੋਣ ਵਾਲੀਆਂ ਬਹਿਸਾਂ ਹੋਰ ਤਿੱਖੀਆਂ ਹੁੰਦੀਆਂ ਗਈਆਂ। ਘੱਟ ਗਿਣਤੀਆਂ ਨੇ ਹਮਲਾਵਰ ਅਤੇ ਹਿੰਸਕ ਪ੍ਰਦਰਸ਼ਨ ਕਰਨੇ ਸ਼ੁਰੂ ਕਰ ਦਿੱਤੇ। ਪ੍ਰਤੀਕਿਰਿਆਤਮਿਕ ਰੂਪ 'ਚ ਸੋਸ਼ਲ ਮੀਡੀਆ 'ਤੇ ਤਿੰਨ ਤਰ੍ਹਾਂ ਦੇ ਨਜ਼ਰੀਏ ਉੱਭਰੇ ਹਨ। ਇਕ ਨਜ਼ਰੀਆ ਨੂਪੁਰ-ਨਵੀਨ ਦੇ ਕੰਮ ਦੇ ਸਮਰਥਨ 'ਚ ਖੜ੍ਹਾ ਸੀ, ਦੂਜਾ ਇਸਲਾਮ ਅਤੇ ਉਸ ਦੇ ਪੈਗੰਬਰ ਦੇ ਨਾਲ ਸੀ ਅਤੇ ਤੀਜਾ ਨਜ਼ਰੀਆ ਇਸ ਮਾਮਲੇ ਤੋਂ ਪੈਦਾ ਹੋਣ ਵਾਲੀਆਂ ਫਿਰਕੂ ਭਾਵਨਾਵਾਂ ਦੇ ਪ੍ਰਤੀ ਚਿੰਤਤ ਲੱਗ ਰਿਹਾ ਸੀ। ਉੱਤਰ ਪ੍ਰਦੇਸ਼ 'ਚ ਘੱਟ ਗਿਣਤੀ ਨਾਲ ਸੰਬੰਧਿਤ ਪ੍ਰਦਰਸ਼ਨਕਾਰੀਆਂ ਦੇ ਘਰਾਂ 'ਤੇ ਬੁਲਡੋਜ਼ਰ ਚੱਲਣ ਲੱਗੇ। ਇਹ ਮਾਮਲਾ ਬਹਿਸਾਂ ਤੋਂ ਹੁੰਦਾ ਹੋਇਆ ਅਦਾਲਤ ਤੱਕ ਜਾ ਪੁੱਜਾ।

ਅਜੇ ਇਸ ਮਾਮਲੇ ਦਾ ਕੋਈ ਹੱਲ ਵੀ ਨਹੀਂ ਸੀ ਨਿਕਲਿਆ ਕਿ ਰਾਹੁਲ ਗਾਂਧੀ ਨੂੰ ਨੈਸ਼ਨਲ ਹੇਰਾਲਡ ਮਾਮਲੇ 'ਤੇ ਇੰਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਤਲਬ ਕਰ ਲਿਆ। ਨਵਾਂ ਵਿਵਾਦ ਸ਼ੁਰੂ ਹੋ ਗਿਆ। ਕਾਂਗਰਸ ਦੇ ਨੇਤਾ ਅਤੇ ਵਰਕਰ ਪੂਰੀ ਤਾਕਤ ਨਾਲ ਸੜਕਾਂ 'ਤੇ ਉਤਰ ਆਏ। ਸਵਾਲ ਹੈ: ਕੀ ਕਾਂਗਰਸੀਆਂ ਨੂੰ ਸਮਾਜਿਕ ਬੇਚੈਨੀਆਂ ਦਾ ਪ੍ਰਗਟਾਵਾ ਕਰਨ ਵਾਲੀ ਪਾਰਟੀ ਕਿਹਾ ਜਾ ਸਕਦਾ ਹੈ? ਬਿਲਕੁਲ ਨਹੀਂ। ਇਹ ਸਿਰਫ ਰਾਜਨੀਤਕ ਮਾਮਲਾ ਸੀ ਪਰ ਇਸ ਤੋਂ ਇਹ ਗੱਲ ਨਿਕਲ ਰਹੀ ਸੀ ਕਿ ਪਿਛਲੇ ਅੱਠ ਸਾਲਾਂ ਤੋਂ ਦੇਸ਼ ਦੀ ਸਭ ਤੋਂ ਪੁਰਾਣੀ ਅਤੇ ਵਿਰੋਧੀ ਧਿਰ ਦੀ ਸਭ ਤੋਂ ਪ੍ਰਮੁੱਖ ਪਾਰਟੀ ਕਾਂਗਰਸ ਸਮਾਜਿਕ ਸਮੱਸਿਆਵਾਂ 'ਤੇ ਏਨੀ ਸ਼ਿੱਦਤ ਨਾਲ ਅੰਦੋਲਨ ਕਰਨ 'ਚ ਸਮਰੱਥ ਨਹੀਂ ਹੋ ਸਕੀ। ਕਹਿਣ ਨੂੰ ਤਾਂ ਕਾਂਗਰਸ ਕੋਲ ਸਰਕਾਰ




ਖਿਲਾਫ ਲੋਕਾਂ ਨੂੰ ਲਾਮਬੰਦ ਕਰਨ ਲਈ ਤਿੰਨ ਮੁੱਦੇ ਹਨ। ਉਹ ਚਾਹੇ ਤਾਂ ਮਹਿੰਗਾਈ-ਬੇਰੁਜ਼ਗਾਰੀ ਦੇ ਮੁੱਦੇ 'ਤੇ ਵੱਡਾ ਅੰਦੋਲਨ ਖੜ੍ਹਾ ਕਰ ਸਕਦੀ ਸੀ। ਉਹ ਚਾਹੁੰਦੀ ਤਾਂ ਘੱਟ ਗਿਣਤੀਆਂ ਅਤੇ ਗਰੀਬਾਂ ਦੇ ਉੱਪਰ ਚੱਲ ਰਹੇ ਬੁਲਡੋਜ਼ਰਾਂ ਖਿਲਾਫ ਡਟ ਸਕਦੀ ਸੀ ਪਰ ਉਸ ਨੇ ਆਪਣੀ ਤਾਕਤ ਦਾ ਪ੍ਰਗਟਾਵਾ ਆਪਣੇ ਨੇਤਾ ਨੂੰ ਬਚਾਉਣ ਲਈ ਅੰਦੋਲਨ ਕਰਨ ਰਾਹੀਂ ਕਰਨਾ ਹੀ ਠੀਕ ਸਮਝਿਆ।

ਇਸ ਦਾ ਮਤਲਬ ਇਹ ਨਹੀਂ ਹੈ ਕਿ ਕਾਂਗਰਸ ਸਮਾਜਿਕ ਮੁੱਦਿਆਂ 'ਤੇ ਕੁਝ ਨਹੀਂ ਕਰਦੀ; ਉਹ ਵਿਰੋਧ ਜਤਾਉਣ ਲਈ ਖਾਨਾਪੂਰਤੀ ਕਰਨ ਵਾਲੇ ਬਿਆਨ ਦਿੰਦੀ ਹੈ, ਕਦੇ-ਕਦੇ ਸੜਕਾਂ 'ਤੇ ਵੀ ਆਉਂਦੀ ਹੈ ਪਰ ਉਨ੍ਹਾਂ ਕਾਰਵਾਈਆਂ 'ਚ ਉਹ ਸ਼ਿੱਦਤ ਨਹੀਂ ਹੁੰਦੀ ਜੋ ਰਾਹੁਲ ਗਾਂਧੀ ਨੂੰ ਬਚਾਉਣ ਲਈ ਇਸ ਮਾਮਲੇ 'ਚ ਦਿਖਾਈ ਗਈ ਹੈ। ਕਾਂਗਰਸ ਦੇ ਇਸ ਰਵੱਈਏ ਦਾ ਰਾਜਨੀਤਕ ਖੋਖਲਾਪਨ ਉਸ ਸਮੇਂ ਸਪਸ਼ਟ ਹੋ ਗਿਆ, ਜਦੋਂ 14 ਤਰੀਕ ਨੂੰ ਅਗਨੀਪਥ ਯੋਜਨਾ ਦਾ ਐਲਾਨ ਹੁੰਦਿਆਂ ਹੀ ਬੇਰੁਜ਼ਗਾਰਾਂ ਦਾ ਗੁੱਸਾ ਸੜਕਾਂ 'ਤੇ ਟੁੱਟ ਪਿਆ।

ਵਰਨਣਯੋਗ ਹੈ ਕਿ ਜਿਸ ਸਮੇਂ ਰੱਖਿਆ ਮੰਤਰੀ ਟੀ.ਵੀ. 'ਤੇ ਇਸ ਯੋਜਨਾ ਦਾ ਐਲਾਨ ਕਰ ਰਹੇ ਸਨ, ਉਸ ਸਮੇਂ ਵੀ ਕਾਂਗਰਸ ਰਾਹੁਲ ਦੇ ਬਚਾਅ 'ਚ ਸੜਕਾਂ 'ਤੇ ਸ਼ਕਤੀ ਪ੍ਰਦਰਸ਼ਨ ਕਰ ਰਹੀ ਸੀ। ਸਵਾਲ ਪੁੱਛਿਆ ਜਾ ਸਕਦਾ ਹੈ ਕਿ, ਕੀ ਅਗਨੀਪਥ ਯੋਜਨਾ ਖਿਲਾਫ ਬੇਰੁਜ਼ਗਾਰ ਨੌਜਵਾਨਾਂ-ਵਿਦਿਆਰਥੀਆਂ ਦਾ ਗੁੱਸਾ ਜਾਇਜ਼ ਹੈ? ਜ਼ਾਹਿਰ ਹੈ ਕਿ ਕਿਸੇ ਵੀ ਤਰ੍ਹਾਂ ਦੀ ਹਿੰਸਕ ਕਾਰਵਾਈ ਨੂੰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ ਪਰ ਇਹ ਵੀ ਦੇਖਣਾ ਪਵੇਗਾ ਕਿ ਨੌਜਵਾਨਾਂ-ਵਿਦਿਆਰਥੀਆਂ ਨੂੰ ਇਹ ਕਦਮ ਕਿਉਂ ਚੁੱਕਣਾ ਪਿਆ? ਅੰਦੋਲਨਕਾਰੀ ਨੌਜਵਾਨਾਂ ਦਾ ਹਿੰਸਾ ਅਤੇ ਸਾੜ-ਫੂਕ ਦਾ ਕੋਈ ਇਤਿਹਾਸ ਨਹੀਂ ਹੈ। ਉਹ ਤਾਂ ਪਿਛਲੇ ਕਈ ਸਾਲਾਂ ਤੋਂ ਫੌਜ 'ਚ ਭਰਤੀ ਹੋਣ ਦਾ ਸੁਪਨਾ ਦੇਖ ਰਹੇ ਸਨ।

ਅਚਾਨਕ ਉਨ੍ਹਾਂ 'ਚੋਂ ਕਈਆਂ ਨੂੰ ਪਤਾ ਲੱਗਿਆ ਕਿ ਨਵੀਂ ਯੋਜਨਾ ਦੇ ਹਿਸਾਬ ਨਾਲ ਉਹ ਭਰਤੀ ਦੀ ਉਮਰ ਹੱਦ ਪਾਰ ਕਰ ਚੁੱਕੇ ਹਨ। ਸਭ ਤੋਂ ਵੱਡੀ ਗੱਲ ਇਹ ਸੀ ਕਿ ਸਤਾਰਾਂ ਸਾਲ ਦਾ ਨੌਜਵਾਨ ਇਹ ਕਲਪਨਾ ਕਰਨ ਲਈ ਮਜਬੂਰ ਹੋ ਗਿਆ ਕਿ ਉਹ ਇੱਕੀ ਸਾਲ ਦੀ ਉਮਰ 'ਚ ਸੇਵਾਮੁਕਤ ਹੋ ਜਾਵੇਗਾ। ਅੱਜ ਕੱਲ੍ਹ ਫੌਜ ਦਾ ਜਵਾਨ ਸਤਾਰਾਂ ਸਾਲ ਕੰਮ ਕਰਕੇ ਸੇਵਾਮੁਕਤ ਹੁੰਦਾ ਹੈ ਪਰ ਉਸ ਨੂੰ ਸਾਰੀ ਜ਼ਿੰਦਗੀ ਪੈਨਸ਼ਨ ਮਿਲਦੀ ਹੈ। ਪੈਨਸ਼ਨ ਦੇ ਦਮ 'ਤੇ ਉਹ ਮੁਸ਼ਕਿਲ ਆਰਥਿਕ ਹਾਲਾਤ 'ਚੋਂ ਵੀ ਲੰਘ ਜਾਂਦਾ ਹੈ।

ਜਿਨ੍ਹਾਂ ਨੂੰ ਅਗਨੀਵੀਰ ਕਿਹਾ ਜਾ ਰਿਹਾ ਹੈ, ਉਨ੍ਹਾਂ ਜਵਾਨਾਂ ਨੂੰ ਸੇਵਾ-ਮੁਕਤੀ ਤੋਂ ਬਾਅਦ ਉੱਕਾ-ਪੁੱਕਾ ਲਗਭਗ 11 ਲੱਖ ਰੁਪਏ ਦੀ ਰਕਮ ਮਿਲੇਗੀ ਅਤੇ ਇਸ ਤੋਂ ਬਾਅਦ ਉਹ ਸੜਕ 'ਤੇ ਆ ਜਾਣਗੇ। ਸੋਚਣ ਵਾਲੀ ਗੱਲ ਹੈ ਕਿ ਹਥਿਆਰ ਚਲਾਉਣ 'ਚ, ਮੋਰਚਾਬੰਦੀ ਕਰਨ 'ਚ, ਅਨੁਸ਼ਾਸਿਤ ਤਰੀਕੇ ਨਾਲ ਕੋਈ ਵੀ ਕੰਮ ਕਰਨ 'ਚ ਇਕ ਹੱਦ ਤੱਕ ਸਿਖਲਾਈ ਹਾਸਲ ਕਰਨ ਤੋਂ ਬਾਅਦ ਸਿਰਫ 21-22 ਸਾਲ 'ਚ ਸੇਵਾਮੁਕਤ ਹੋਇਆ ਨੌਜਵਾਨ ਜਦੋਂ ਬੇਰੁਜ਼ਗਾਰਾਂ ਦੀ ਕਤਾਰ 'ਚ ਖੜ੍ਹਾ ਹੋਵੇਗਾ ਤਾਂ ਉਸ ਦੇ ਕੀ ਨਤੀਜੇ ਨਿਕਲਣਗੇ?

ਇਸ ਦਾ ਅੰਦਾਜ਼ਾ ਲਗਾਉਣ 'ਚ ਸਰਕਾਰ ਦੇ ਸਮਰਥਕ ਵੀ ਨਾਕਾਮ ਹਨ ਅਤੇ ਆਲੋਚਕ ਵੀ। ਜੇਕਰ ਅਜਿਹਾ ਨੌਜਵਾਨ ਰਾਜਨੀਤਕ ਅੰਦੋਲਨ 'ਚ ਕੁੱਦਿਆ ਅਤੇ ਉਸ ਦੀ ਪੁਲਿਸ ਨਾਲ ਟੱਕਰ ਹੋਈ ਤਾਂ ਉਸ ਦਾ ਨਤੀਜਾ ਕੀ ਹੋਵੇਗਾ? ਸੁਰੱਖਿਆ ਮਾਹਿਰ ਕਰਨਲ ਦਾਨਵੀਰ ਸਿੰਘ ਦੇ ਸ਼ਬਦਾਂ 'ਚ ਕਹੀਏ ਤਾਂ ਇਹ ਨੌਜਵਾਨ ਪੁਲਿਸ ਨੂੰ ਚਪੇੜਾਂ ਮਾਰ-ਮਾਰ ਕੇ ਉਨ੍ਹਾਂ ਦੀਆਂ ਰਾਈਫਲਾਂ ਖੋਹ ਲੈਣਗੇ। ਕਰਨਲ ਦਾਨਵੀਰ ਅੱਗੇ ਕਹਿੰਦੇ ਹਨ ਕਿ ਜੋ ਪੁਲਿਸ ਵਾਲੇ ਪੱਥਰਬਾਜ਼ਾਂ ਨੂੰ ਕਾਬੂ 'ਚ ਨਹੀਂ ਕਰ ਸਕਦੇ, ਉਹ ਇਨ੍ਹਾਂ ਸਿਖਲਾਈ ਪ੍ਰਾਪਤ ਨੌਜਵਾਨਾਂ ਨਾਲ ਕਿਵੇਂ ਨਜਿੱਠਣਗੇ?

ਅਗਨੀਪਥ ਯੋਜਨਾ ਖਿਲਾਫ ਸੜਕਾਂ 'ਤੇ ਗੁੱਸੇ ਨਾਲ ਭਰੇ ਨੌਜਵਾਨਾਂ 'ਤੇ ਨਾ ਜਾਤੀਵਾਦ ਦਾ ਅਸਰ ਹੈ, ਨਾ ਹੀ ਫਿਰਕਾਪ੍ਰਸਤੀ ਜਾਂ ਧਾਰਮਿਕ ਪਛਾਣ ਦਾ। ਉਨ੍ਹਾਂ ਦੀ ਤਾਂ ਰੁਜ਼ਗਾਰ ਦੀ ਉਮੀਦ ਹੀ ਟੁੱਟ ਗਈ ਹੈ। ਉਹ ਇਹ ਸੁਣਨ ਲਈ ਤਿਆਰ ਨਹੀਂ ਹਨ ਕਿ ਸੈਨਾ ਨੂੰ ਆਧੁਨਿਕੀਕਰਨ ਦੀ ਜ਼ਰੂਰਤ ਹੈ ਅਤੇ ਇਸ ਲਈ ਉਹ ਪੈਨਸ਼ਨ 'ਤੇ ਕੀਤੇ ਜਾਣ ਵਾਲੇ ਖਰਚੇ ਘੱਟ ਕਰਨਾ ਚਾਹੁੰਦੀ ਹੈ। ਅਗਨੀਪਥ ਯੋਜਨਾ ਇਸ ਲਈ ਤਿਆਰ ਕੀਤੀ ਗਈ ਹੈ ਕਿ 'ਪੈਨਸ਼ਨਪਥ' ਨੂੰ ਖਤਮ ਜਾਂ ਬਹੁਤ ਘੱਟ ਕੀਤਾ ਜਾ ਸਕੇ। ਇਸ ਨਾਲ ਜੋ ਪੈਸਾ ਬਚੇਗਾ, ਉਹ ਨਵੀਂ ਪ੍ਰਤੀਰੱਖਿਆ ਤਕਨਾਲੋਜੀ 'ਚ ਲਗਾਇਆ ਜਾਵੇਗਾ ਪਰ ਸਰਕਾਰ ਅਜਿਹਾ ਕਰਨ ਲਈ ਬਹੁਤ ਪਹਿਲਾਂ ਇਕ ਤਕਨਾਲੋਜੀ ਫੰਡ ਵੀ ਤਾਂ ਬਣਾ ਸਕਦੀ ਸੀ?

ਕੀ ਰਾਹੁਲ ਗਾਂਧੀ ਨੂੰ ਸਰਕਾਰੀ ਏਜੰਸੀਆਂ ਤੋਂ ਬਚਾਉਣ ਲਈ ਹਮਲਾਵਰ ਅੰਦੋਲਨ ਕਰਨ ਵਾਲੀ ਕਾਂਗਰਸ ਅਗਨੀਪਥ ਯੋਜਨਾ ਨਾਲ ਨਾਰਾਜ਼ ਨੌਜਵਾਨਾਂ ਦੇ ਅੰਦੋਲਨ ਨੂੰ ਰਾਜਨੀਤਕ ਦਿਸ਼ਾ ਦੇਣ ਲਈ ਤਿਆਰ ਹੈ? ਕੀ ਉਸ ਦੇ ਕੋਲ ਅਜਿਹਾ ਰਣਨੀਤਕ ਅਤੇ ਸੰਗਠਿਤ ਹੌਸਲਾ ਹੈ? ਇਨ੍ਹਾਂ ਸਵਾਲਾਂ ਦੇ ਜਵਾਬ ਕਾਂਗਰਸ ਦੇ ਬੁਲਾਰਿਆਂ ਨੂੰ ਦੇਣੇ ਚਾਹੀਦੇ ਹਨ।

# ਮਹਿੰਗੇ ਜ਼ਮੀਨੀ ਠੇਕੇ ਕਿਸਾਨੀ ਦੀਆਂ ਜੜ੍ਹਾਂ 'ਚ ਬੈਠੇ

ਪਿਛਲੇ ਸਮੇਂ ਵਿਚ ਵਾਤਾਵਰਨ ਅਤੇ ਪਾਣੀ ਦੀ ਸਾਂਭ ਸੰਭਾਲ ਦੇ ਹਵਾਲੇ ਨਾਲ ਪੰਜਾਬ ਵਿਚ ਕਿਸਾਨੀ ਸੰਕਟ ਉਤੇ ਚਰਚਾ ਹੋਣੀ ਸ਼ੁਰੂ ਹੋਈ ਹੈ। ਕੁਝ ਕਿਸਾਨ ਜਥੇਬੰਦੀਆਂ ਨੇ ਆਪਣੇ ਬਦਲਵੇਂ ਖੇਤੀ ਮਾਡਲ ਪੇਸ਼ ਕੀਤੇ ਹਨ। ਇਸ ਚਰਚਾ ਵਿਚ ਜ਼ਮੀਨੀ ਠੇਕਿਆਂ ਦੇ ਅਸਮਾਨੀ ਚੜ੍ਹੇ ਰੇਟਾਂ ਦਾ ਮੁੱਦਾ ਚਰਚਾ ਦਾ ਵਿਸ਼ਾ ਨਹੀਂ ਬਣਿਆ। ਕਿਸਾਨੀ ਸੰਕਟ ਲਈ ਜ਼ਿੰਮੇਵਾਰ ਮੁੱਖ ਕਾਰਨਾਂ ਵਿਚੋਂ ਇਕ ਮਹਿੰਗਾ ਠੇਕਾ ਵੀ ਹੈ।

ਮਾਝੇ ਅਤੇ ਦੁਆਬੇ ਨਾਲੋਂ ਮਾਲਵੇ ਵਿਚ

ਅਮਰਜੀਤ ਬਾਜੇਕੇ
ਫੋਨ: +91-98157-27360

ਜ਼ਮੀਨੀ ਠੇਕੇ 20 ਤੋਂ 30 ਫੀਸਦ ਮਹਿੰਗੇ ਹਨ। ਮਾਲਵੇ ਵਿਚ ਇਹ ਠੇਕਾ 55 ਤੋਂ 70 ਹਜ਼ਾਰ ਫੀ ਏਕੜ ਤੱਕ ਪਹੁੰਚ ਗਿਆ ਹੈ। ਮਾਲਵਾ ਪੰਜਾਬ ਦਾ 60 ਫੀਸਦੀ ਖੇਤਰਫਲ ਵਾਲਾ ਇਲਾਕਾ ਹੈ। ਪੰਜਾਬ ਦੇ 22 ਜ਼ਿਲ੍ਹਿਆਂ ਵਿਚੋਂ 14 ਮਾਲਵੇ ਵਿਚ ਹਨ। ਪੰਜਾਬ ਦੀਆਂ 117 ਵਿਧਾਨ ਸਭਾ ਸੀਟਾਂ ਵਿਚੋਂ 70 ਮਾਲਵੇ ਵਿਚ ਹਨ। ਇਹ ਇਲਾਕਾ 1960 ਤੱਕ ਜਗੀਰੂ ਸੱਤਾ (ਪੈਪਸੂ ਰਾਜ) ਅਧੀਨ ਰਿਹਾ ਹੈ। ਇਸ ਕਰਕੇ ਇਸ ਖੇਤਰ ਵਿਚ ਅੱਜ ਵੀ ਸੈਂਕੜੇ ਏਕੜ ਦੀਆਂ ਢੇਰੀਆਂ ਵਾਲੇ ਮੌਜੂਦ ਹਨ। ਜਗੀਰੂ ਸੱਤਾ ਦਾ ਜ਼ਮੀਨੀ ਠੇਕੇ ਨਾਲ ਕੀ ਸਬੰਧ ਹੈ? ਇਹ ਜਾਣਨ ਲਈ ਪੰਜਾਬ ਵਿਚ ਜ਼ਮੀਨੀ ਠੇਕੇ ਦੇ ਇਤਿਹਾਸ 'ਤੇ ਕੁਝ ਨਜ਼ਰ ਮਾਰਦੇ ਹਾਂ।

ਅਕਬਰ ਵੇਲੇ ਜ਼ਮੀਨ ਦਾ ਠੇਕਾ ਜ਼ਮੀਨ ਦੀ ਕੁੱਲ ਉਪਜ ਦਾ ਤੀਜਾ ਹਿੱਸਾ ਸੀ। ਮਾੜੀਆਂ ਜ਼ਮੀਨਾਂ ਲਈ ਕਈ ਥਾਈਂ ਚੌਥਾ ਹਿੱਸਾ, ਭਾਵ 25% ਫੀਸਦ ਸੀ। ਔਰੰਗਜ਼ੇਬ ਸਮੇਂ 25, 33 ਅਤੇ 50 ਫੀਸਦੀ ਤੱਕ ਵੀ ਲਿਆ ਜਾਂਦਾ ਸੀ। ਔਰੰਗਜ਼ੇਬ ਦੀ ਜਗੀਰਦਾਰਾਂ ਨੂੰ ਹਦਾਇਤ ਸੀ ਕਿ ਸ਼ਰੀਅਤ ਦੇ ਹਿਸਾਬ ਨਾਲ ਤੁਸੀਂ 50 ਫੀਸਦੀ ਤੋਂ ਵੱਧ ਠੇਕਾ ਨਹੀਂ ਲੈ ਸਕਦੇ। ਮਹਾਰਾਜਾ ਰਣਜੀਤ ਸਿੰਘ ਨੇ ਵੀ ਮੁਗਲ ਸਲਤਨਤ ਵਾਂਗ ਟੈਕਸ ਪ੍ਰਣਾਲੀ ਲਾਗੂ ਕੀਤੀ। ਉਨ੍ਹਾਂ ਦੇ ਸਮੇਂ ਵੀ ਜ਼ਮੀਨ ਦੀ ਉਪਜਾਊ ਸ਼ਕਤੀ ਦੇ ਹਿਸਾਬ ਨਾਲ ਉਪਜ ਦਾ 25, 33 ਅਤੇ ਕਿਤੇ 50 ਫੀਸਦ ਲਿਆ ਜਾਂਦਾ ਸੀ। 1947 ਤੋਂ ਬਾਅਦ ਪੈਪਸੂ ਟੈਨੈਂਟ ਐਕਟ-1955 ਵਿਚ ਠੇਕਾ ਉਪਜ ਦਾ 33 ਫੀਸਦ ਹਿੱਸਾ ਤੈਅ ਕੀਤਾ ਗਿਆ।

ਜਗੀਰੂ ਰਾਜ ਨਾਲੋਂ ਅੱਜ ਬੁਨਿਆਦੀ ਵਖਰੇਵਾਂ ਇਹ ਹੈ ਕਿ ਅੱਜ ਵਿਅਕਤੀਗਤ ਮਾਲਕੀ ਦਾ ਦੌਰ ਹੈ ਅਤੇ ਜ਼ਮੀਨ ਵੇਚਣ ਖਰੀਦਣ ਦੀ ਵਸਤੂ ਹੈ। ਇਸ ਖਰੀਦੋ-ਫਰੋਖਤ ਨੂੰ ਅੰਗਰੇਜ਼ਾਂ ਨੇ 1793 ਦੇ ਚਾਰਟਰ ਐਕਟ ਵਿਚ ਇਜਾਜ਼ਤ ਦਿੱਤੀ ਸੀ। ਅੰਗਰੇਜ਼ਾਂ ਨੇ ਇਕ ਪਾਸੇ ਜਗੀਰੂ ਟੈਕਸ ਢਾਂਚੇ (ਰਈਅਤਵਾੜੀ, ਮਹਿਲਵਾੜੀ ਤੇ ਜ਼ਿਮੀਦਾਰੀ) ਦੀ ਫਿਰ ਉਸਾਰੀ ਕੀਤੀ; ਦੂਜੇ ਪਾਸੇ ਜ਼ਮੀਨ ਨੂੰ ਵੇਚਣ ਵਾਲੀ ਵਸਤੂ ਵਜੋਂ ਛੋਟ ਦੇ ਕੇ ਜ਼ਮੀਨ ਦੀ ਜਗੀਰੂ ਮਾਲਕੀ ਨੂੰ ਅਰਧ ਜਗੀਰੂ ਵਿਵਸਥਾ ਵਿਚ ਤਬਦੀਲ ਕਰ ਦਿੱਤਾ। ਉਸ ਸਮੇਂ ਵੀ ਜ਼ਮੀਨ ਦਾ ਲਗਾਨ ਜਗੀਰਦਾਰ ਅਤੇ ਰਾਜੇ ਤੈਅ ਕਰਦੇ ਸਨ। ਅੱਜ ਵੀ ਵੱਡੀ ਜ਼ਮੀਨ ਮਾਲਕ ਕਿਸਾਨੀ ਠੇਕੇ ਦਾ ਰੇਟ ਤੈਅ ਕਰਦੀ ਹੈ।

ਪੰਜਾਬ ਵਿਚ ਜ਼ਿਆਦਾਤਰ ਜ਼ਮੀਨ ਗੈਰਹਾਜ਼ਰ ਜ਼ਮੀਨ ਮਾਲਕ ਅਤੇ ਵੱਡੇ ਚੌਧਰੀ ਠੇਕੇ 'ਤੇ ਦਿੰਦੇ ਹਨ; ਗੈਰਹਾਜ਼ਰ, ਭਾਵ ਨੌਕਰੀ ਪੇਸ਼ਾ, ਆੜ੍ਹਤੀ, ਦੁਕਾਨਦਾਰ ਆਦਿ; ਇਕ ਹਿੱਸਾ ਚੰਗੀ ਖਾਸੀ ਜ਼ਮੀਨ ਦਾ ਮਾਲਕ ਹੋਣ ਕਰਕੇ ਠੇਕੇ ਦੇ ਸਿਰ ਸ਼ਹਿਰਾਂ ਅਤੇ ਵਿਦੇਸ਼ਾਂ ਵਿਚ ਵਸੇ ਲੋਕ ਹਨ। ਕਿਸਾਨੀ ਵਿਚੋਂ ਇਨ੍ਹਾਂ ਜਮਾਤਾਂ ਕੋਲ ਜ਼ਮੀਨ ਆਪਣੇ ਗੁਜ਼ਾਰੇ ਅਤੇ ਐਸ਼-ਅਰਾਮ ਤੋਂ ਵੱਧ ਹੈ। ਇਨ੍ਹਾਂ ਜਮਾਤਾਂ ਵਿਚ ਪੂੰਜੀਵਾਦੀ ਵਿਕਾਸ ਕਰਨ ਦੀ ਮਾਨਸਿਕਤਾ ਦਾ ਭਾਰੂ ਰੁਝਾਨ ਨਹੀਂ। ਇਨ੍ਹਾਂ ਦੀ ਚੇਤਨਾ, ਕੰਮ ਢੰਗ ਅਤੇ ਰਹਿਣ ਸਹਿਣ ਜਗੀਰੂ ਹੈ।

ਹੈਰਾਨੀ ਵਾਲਾ ਤੱਥ ਇਹ ਹੈ ਕਿ ਅੱਜ ਠੇਕਾ ਜਗੀਰੂ ਲਗਾਨ ਤੋਂ ਵੀ ਵੱਧ ਹੈ। ਮਾਲਵੇ ਵਿਚ ਅੱਜ ਪ੍ਰਤੀ ਏਕੜ ਔਸਤ ਠੇਕਾ ਕਰੀਬ 60 ਹਜ਼ਾਰ ਹੈ। ਜ਼ਮੀਨ ਦੀ ਪ੍ਰਤੀ ਏਕੜ ਔਸਤ ਪੈਦਾਵਾਰ 90 ਹਜ਼ਾਰ ਤੋਂ ਵੱਧ ਨਹੀਂ। ਜੇ ਠੇਕੇ ਵਿਚ ਪਹਿਲਾਂ ਦਿੱਤੇ ਪੰਜਾਹ ਫੀਸਦ ਭਾਵ 30 ਹਜ਼ਾਰ ਦਾ 1.5 ਫੀਸਦੀ ਵਿਆਜ ਜੋੜ ਦਿੱਤਾ ਜਾਵੇ ਤਾਂ ਕਰੀਬ 3 ਹਜ਼ਾਰ ਇਹ ਬਣ ਜਾਂਦਾ ਹੈ। ਇਸ ਨਾਲ ਜ਼ਮੀਨ ਦੀ ਪੈਦਾਵਾਰ ਦਾ 70 ਫੀਸਦੀ ਠੇਕੇ ਵਿਚ ਚਲਾ ਜਾਂਦਾ ਹੈ। ਦੋਹਾਂ ਫਸਲਾਂ ਦਾ ਕਰੀਬ 20 ਹਜ਼ਾਰ ਦਾ ਖਰਚ ਅਤੇ ਠੇਕਾ ਮਿਲਾ ਕੇ ਜ਼ਮੀਨ ਦੀ ਪੈਦਾਵਾਰ ਦੇ ਬਰਾਬਰ ਬਣ ਜਾਂਦਾ ਹੈ। ਜੇ ਜ਼ਮੀਨ ਦਾ ਝਾੜ ਔਸਤ ਤੋਂ ਘੱਟ ਨਿਕਲੇ, ਕੁਦਰਤੀ ਆਫਤ ਨਾਲ ਜ਼ਮੀਨ ਦਾ ਨੁਕਸਾਨ ਹੋਵੇ, ਜਾਂ ਸਪਰੇਅ ਰੇਹ ਮਾੜੇ ਨਿਕਲਣ ਤਾਂ ਕਿਸਾਨ ਕਰਜ਼ੇ ਹੇਠ ਹੋ ਜਾਂਦਾ ਹੈ। ਠੇਕੇ 'ਤੇ ਜ਼ਮੀਨ ਲੈਣ ਵਾਲੇ ਆਮ ਤੌਰ ਦਰਮਿਆਨੇ ਕਿਸਾਨ ਹਨ ਜਿਨ੍ਹਾਂ ਕੋਲ ਆਪਣੇ ਵਾਹੀ ਯੋਗ ਸੰਦ ਹਨ। ਉਹ ਆਪਣੀ ਜ਼ਮੀਨ ਨਾਲ ਕੁਝ ਜ਼ਮੀਨ ਠੇਕੇ 'ਤੇ ਲੈ ਕੇ ਗੁਜ਼ਾਰਾ ਕਰਦੇ ਹਨ। ਹਰ ਪਿੰਡ ਵਿਚ ਕੁਝ ਅਜਿਹੇ ਕਿਸਾਨ ਵੀ ਹਨ ਜਿਨ੍ਹਾਂ ਕੋਲ ਆਪਣੀ ਜ਼ਮੀਨ ਨਾ-ਮਾਤਰ ਹੈ ਪਰ ਉਹ ਜ਼ਮੀਨ ਠੇਕੇ ਲੈ ਕੇ ਖੇਤੀ ਕਰਦੇ ਹਨ। ਇਸ ਹਿੱਸੇ ਕੋਲ ਵੀ ਆਪਣੇ ਸੰਦ ਵਗੈਰਾ ਹਨ।

ਠੇਕੇ ਵਿਚ ਵੱਡਾ ਵਾਧਾ ਹੋਣ ਦੇ ਕੁਝ ਕਾਰਨ ਪਿਛਲੇ ਇਕ ਡੇਢ ਦਹਾਕੇ ਵਿਚ ਪੈਦਾ ਹੋਏ ਹਨ। ਪੰਜਾਬ ਵਿਚ ਬਾਸਮਤੀ ਅਤੇ ਮੁੱਛਲ ਝੋਨੇ ਦੀ ਖੇਤੀ 2005 ਤੋਂ ਬਾਅਦ ਆਮ ਹੋਈ ਹੈ। ਪਹਿਲਾਂ ਇਸ ਦੇ ਰੇਟ ਵੀ ਵੱਧ ਸਨ ਅਤੇ ਝਾੜ ਵੀ ਚੰਗਾ ਸੀ। ਦੂਜਾ, ਸਬਜ਼ੀਆਂ ਅਤੇ ਨਕਦੀ ਵਾਲੀਆਂ ਹੋਰ ਫਸਲਾਂ ਦੀ ਖੇਤੀ ਵਾਲੀਆਂ ਜ਼ਮੀਨਾਂ ਦੇ ਠੇਕੇ ਬਹੁਤ ਮਹਿੰਗੇ ਹਨ। ਤੀਜਾ, ਪਿੰਡਾਂ ਤੇ ਸ਼ਹਿਰਾਂ ਲਾਗੇ ਹਰਾ ਚਾਰਾ ਬੀਜਣ ਵਾਲੀਆਂ ਜ਼ਮੀਨਾਂ ਦੇ ਠੇਕੇ ਵੱਧ ਹਨ। ਕਈ ਸਾਲਾਂ ਤੋਂ ਬਾਸਮਤੀ/ਮੁੱਛਲ ਝੋਨੇ ਦੇ ਭਾਅ ਅਤੇ ਝਾੜ ਘਟ ਗਏ ਹਨ ਤੇ ਲਾਗਤਾਂ ਵਹੁਤ ਵਧ ਗਈਆਂ ਹਨ। ਹਰ ਫਸਲ ਉਤੇ ਕਾਰਪੋਰੇਟ ਮੰਡੀ ਨੇ ਆਪਣੀ ਪਕੜ ਪਹਿਲਾਂ ਤੋਂ ਮਜ਼ਬੂਤ ਕਰ ਲਈ ਹੈ। ਫਸਲ ਆਉਂਦੀ ਹੈ, ਉਸ ਸਮੇਂ ਭਾਅ ਨਹੀਂ ਮਿਲਦਾ। ਕਿਸਾਨੀ ਲਿਮਟ ਘੁਮਾਉਣ ਅਤੇ ਆੜ੍ਹਤ ਵਾਲਾ ਕਰਜ਼ਾ ਦੇਣ ਲਈ ਫਸਲ ਤੁਰੰਤ ਵੇਚਣ ਲਈ ਮਜਬੂਰ ਹੈ; ਮਸਲਨ, ਇਸ ਸਾਲ ਆਲੂ ਲਹਿੰਦੇ ਸਾਰ 700-800 ਰੁਪਏ ਕੁਇੰਟਲ ਸਨ, ਹੁਣ 2000 ਨੂੰ ਹੋ ਗਏ ਹਨ। ਸਰ੍ਹੋਂ ਲਹਿੰਦੇ ਸਾਰ 5500 ਨੂੰ ਕੁਇੰਟਲ ਸੀ, ਹੁਣ 8000 ਨੂੰ ਹੋ ਗਈ ਹੈ। ਰੱਜੀ ਪੁੱਜੀ ਕਿਸਾਨੀ ਕੁਝ ਸਮਾਂ ਫਸਲ ਸਟੋਰ ਕਰਕੇ ਪੂਰਾ ਮੁਨਾਫਾ ਲੈ ਰਹੀ ਹੈ ਪਰ ਸੰਕਟ ਵਿਚ ਘਿਰੀ ਕਿਸਾਨੀ ਇਸ ਜਮ੍ਹਾਂਖੋਰੀ ਦੀ ਮਾਰ ਝੱਲ ਰਹੀ ਹੈ। ਇਸ ਜਮ੍ਹਾਂਖੋਰੀ ਦੀ ਮਾਰ ਸ਼ਹਿਰੀ ਮੱਧਵਰਗ, ਮਜ਼ਦੂਰ ਅਤੇ ਸਾਰੀਆਂ ਮਿਹਨਤਕਸ਼ ਜਮਾਤਾਂ ਝੱਲ ਰਹੀਆਂ ਹਨ।

ਇਸ ਸਾਲ ਅਪਰੈਲ ਮਹੀਨੇ ਪੰਜਾਬ ਵਿਚ ਹੋਈਆਂ 14 ਕਿਸਾਨ ਖੁਦਕੁਸ਼ੀਆਂ ਵਿਚੋਂ 11 ਮਾਲਵੇ ਵਿਚ ਹਨ। 1998 ਤੋਂ ਬਾਅਦ ਹੋਈਆਂ ਕੁੱਲ ਕਿਸਾਨ ਖੁਦਕੁਸ਼ੀਆਂ ਵਿਚੋਂ 97 ਫੀਸਦ ਮਾਲਵੇ ਵਿਚੋਂ ਹਨ। ਖੁਦਕੁਸ਼ੀ ਕਰਨ ਵਾਲੇ ਜ਼ਿਆਦਾਤਰ ਕਿਸਾਨ 1 ਤੋਂ 5 ਏਕੜ ਦੇ ਮਾਲਕ ਸਨ। ਕਿਸਾਨ ਖੁਦਕੁਸ਼ੀਆਂ ਵਿਚ ਮਹਿੰਗਾ ਠੇਕਾ ਮੁੱਖ ਕਾਰਨਾਂ ਵਿਚੋਂ ਇਕ ਹੈ। ਇਸ ਲਈ ਠੇਕਾ ਘੱਟ ਕਰਨ ਲਈ ਮਜ਼ਦੂਰਾਂ ਅਤੇ ਮਿਹਨਤਕਸ਼ ਕਿਸਾਨਾਂ ਨੂੰ ਇਕਜੁੱਟ ਹੋਣਾ ਚਾਹੀਦਾ ਹੈ, ਤੇ ਠੇਕਾ ਨਿਰਧਾਰਤ ਕਾਨੂੰਨ ਲਿਆਉਣ ਲਈ ਸੰਘਰਸ਼ ਕਰਨਾ ਚਾਹੀਦਾ ਹੈ। ਪਿੰਡਾਂ ਵਿਚ ਦਲਿਤ ਭਾਈਚਾਰੇ ਵੱਲੋਂ ਪੰਚਾਇਤੀ ਜ਼ਮੀਨ ਦੇ ਸੰਘਰਸ਼ ਵਿਚ ਬਾਕੀ ਜ਼ਮੀਨਾਂ ਦੇ ਸਸਤੇ ਠੇਕੇ ਦੀ ਮੰਗ ਵੀ ਕਰਨੀ ਬਣਦੀ ਹੈ।

ਪੰਜਾਬ ਦੀ ਕਿਸਾਨ ਲਹਿਰ ਵਿਚ ਜਮਾਤੀ ਪੱਖ ਵਿਸਾਰਨ ਨਾਲ ਮਿਹਨਤਕਸ਼ ਕਿਸਾਨੀ ਧਨੀ ਅਤੇ ਜਗੀਰੂ ਜਮਾਤ ਤੋਂ ਨਿਖੇੜਾ ਨਹੀਂ ਕਰ ਸਕੀ ਸਗੋਂ ਇਹ ਰੱਜੇ ਪੁੱਜੇ ਲੋਕ ਆਪਣੇ ਆਰਥਿਕ, ਸਮਾਜਿਕ ਅਤੇ ਸਿਆਸੀ ਹਿੱਤਾਂ ਲਈ ਮਿਹਨਤਕਸ਼ ਕਿਸਾਨੀ ਨੂੰ ਖੇਤ ਮਜ਼ਦੂਰ ਦਲਿਤਾਂ ਖਿਲਾਫ ਵਰਤ ਰਹੇ ਹਨ। ਪਿਛਲੇ ਕੁਝ ਸਾਲਾਂ ਤੋਂ ਖੇਤ ਮਜ਼ਦੂਰਾਂ ਦੇ ਸੰਘਰਸ਼ ਵਧ-ਫੁੱਲ ਰਹੇ ਹਨ। ਬੱਝਵੀਂ ਦਿਹਾੜੀ ਦੀ ਮੰਗ ਹੋਣ ਲੱਗੀ ਹੈ। ਜ਼ਮੀਨਾਂ ਦੀ ਦੁਬਾਰਾ ਵੰਡ ਲਈ ਪ੍ਰਚਾਰ ਮਜ਼ਦੂਰ ਚੇਤਨਾ ਦਾ ਹਿੱਸਾ ਬਣ ਰਿਹਾ ਹੈ। ਇਸ ਲਹਿਰ ਨੂੰ ਹੋਰ ਵਸੀਹ ਕਰਨ ਲਈ ਖਾਸ ਧਿਆਨ ਦੇਣ ਦੀ ਲੋੜ ਹੈ। ਜ਼ਮੀਨ ਠੇਕੇ ਘੱਟ ਕਰਨ ਦੀ ਮੰਗ ਬੇਜ਼ਮੀਨੇ ਮਜ਼ਦੂਰਾਂ ਅਤੇ ਮਿਹਨਤਕਸ਼ ਕਿਸਾਨੀ ਦੀ ਸਾਂਝੀ ਮੰਗ ਹੈ। ਇਹ ਮੰਗ ਤੇ ਸੰਘਰਸ਼ ਲੋਟੂ ਜਮਾਤਾਂ ਤੋਂ ਨਿਖੇੜਾ ਵੀ ਕਰਨਗੇ ਅਤੇ ਮਜ਼ਦੂਰ ਕਿਸਾਨ ਏਕਤਾ ਲਈ ਪੁਲ ਵੀ ਉਸਾਰਨਗੇ।

ਕਹਾਣੀ

# ਮਣੀਆ

***ਕਰਮ ਸਿੰਘ ਮਾਨ ਦੀ ਕਹਾਣੀ 'ਮਣੀਆ' ਮਨੁੱਖੀ ਮਨ ਦੀ ਪ੍ਰਵਾਹ ਅਤੇ ਪਰਵਾਸ ਦੀ ਅਨੰਤ ਕਥਾ ਹੈ। ਬਹੁਤ ਸਾਰੇ ਕਾਰਨਾਂ ਕਰਕੇ ਇਕ ਤੋਂ ਦੂਜੀ ਥਾਂ ਜਾ ਰਿਹਾ ਬੰਦਾ ਆਪਣੀਆਂ ਜੜ੍ਹਾਂ ਵੱਲ ਝਾਕਦਾ ਰਹਿੰਦਾ ਹੈ ਅਤੇ ਇਨ੍ਹਾਂ ਨਾਲ ਜੁੜਿਆ ਰਹਿਣਾ ਚਾਹੁੰਦਾ ਹੈ। ਉਂਝ, ਕਈ ਵਾਰ ਹਾਲਾਤ ਇੰਨੇ ਮੂੰਹ-ਜ਼ੋਰ ਹੁੰਦੇ ਹਨ ਕਿ ਅੱਖ ਝਪਕਦਿਆਂ ਹੀ ਵਕਤ ਬੰਦੇ ਨੂੰ ਕਿਤੇ ਦਾ ਕਿਤੇ ਲੈ ਜਾਂਦਾ ਹੈ। ਇਸ ਕਹਾਣੀ ਦੇ ਪਾਤਰ ਇਹ ਸਾਰਾ ਕੁਝ ਆਪਣੇ ਤਨ ਅਤੇ ਮਨ ਉਤੇ ਹੰਢਾਉਂਦੇ ਹਨ।***

ਰਾਤ ਅੱਧੀ ਤੋਂ ਉਪਰ ਬੀਤ ਚੁੱਕੀ ਹੈ। ਮੇਰਾ ਮਨ ਅਸ਼ਾਂਤ ਹੈ। ਮੈਂ ਆਪਣੇ ਕਮਰੇ 'ਚ ਬੂਹੇ ਬਾਰੀਆਂ ਬੰਦ ਕਰ ਕੇ ਪਿਆ ਹਾਂ। ਮੈਂ ਬਿਸਤਰੇ 'ਤੇ ਪਿਆ ਉੱਸਲਵਟੇ ਲੈ ਰਿਹਾ ਹਾਂ। ਕਦੇ ਸਿੱਧਾ ਪੈਂਦਾ ਹਾਂ। ਕਦੇ ਵੱਖੀਂ ਪਰਨੇ। ਕਿਤੇ ਮੇਰਾ ਸਿਰ ਪੈਂਦ ਵੱਲ ਚਲਿਆ ਜਾਂਦਾ ਹੈ, ਕਦੇ ਸਰਾਹਣੇ ਵੱਲ।

ਪਿਛਲੇ ਦਿਨ ਦੀ ਅਖ਼ਬਾਰ ਦੀ ਖ਼ਬਰ ਮੈਨੂੰ ਕਿੰਨਾ ਬੇਜ਼ਾਰ ਕਰ ਗਈ ਹੈ। ਅੱਜ ਦੀ ਖ਼ਬਰ ਨੇ ਕਿਥੋਂ ਕਮਬਖ਼ਤ ਮਣੀਆ ਮੇਰੇ ਮਨ ਦੀ ਸਕਰੀਨ 'ਤੇ ਲਿਆ ਦਿੱਤਾ ਹੈ। ਇਹ ਕਮਬਖ਼ਤ ਕਿੱਥੋਂ ਯਾਦ ਆ ਗਿਆ ਹੈ, ਪੰਦਰਾਂ-ਵੀਹ ਸਾਲ ਬਾਅਦ। ਗਦਾ, ਸਮੇਂ ਦੀ ਚੱਕਰੀ ਪੁੱਠ ਘੁੰਮ ਗਈ ਹੋਵੇ। ਖੂਹ ਦੀ ਲੱਠ ਪਿੱਛੇ ਮੁੜ ਰਹੀ ਹੋਵੇ। ਖਾਲੀ ਟਿੰਡਾਂ, ਖਾਲੀ ਪਾੜਛਾ। ਖੜਕਾ। ਬੇਚੈਨੀ।

**ਕਰਮ ਸਿੰਘ ਮਾਨ**
**ਫੋਨ: 559-261-5024**

ਮਣੀਆ ਪੱਚੀ ਸਾਲ ਪਹਿਲਾਂ ਮਈ ਦੇ ਦੂਜੇ ਹਫ਼ਤੇ ਮਿਲਿਆ ਸੀ। ਤੱਤੀ ਲੂਅ ਪਿੰਡਾ ਸਾੜਦੀ ਸੀ। ਸਾਰੀ ਧਰਤੀ ਸੁੱਕ ਕੇ ਖੰਘਰ ਬਣੀ ਪਈ ਸੀ। ਬੱਦਲਵਾਈ ਨੇੜ-ਤੇੜ ਨਹੀਂ ਸੀ। ਝੋਨੇ ਦੀ ਪਨੀਰੀ ਬੀਜੀ ਨੂੰ ਵੀਹ ਦਿਨ ਹੋ ਚੱਲੇ ਸਨ। ਸੁੱਕੀ ਜ਼ਮੀਨ ਭਿਉਂ ਕੇ ਵਾਹੀ ਯੋਗ ਬਣਾਉਣੀ ਸੀ। ਕੱਸੀ ਦਾ ਪਾਣੀ ਮਿਲਿਆ ਸੀ। ਵਿਚੇ ਈ ਮੋਟਰ ਦਾ ਪਾਣੀ ਛੱਡ ਲਿਆ। ਇਹ ਸੋਚ ਕੇ, ਇਕੱਠਾ ਪਾਣੀ ਦੁਗਣੀ-ਤਿਗਣੀ ਮਾਰ ਕਰਦਾ ਹੈ।

ਪਿਆਸੀ ਧਰਤੀ ਪਾਣੀ ਪੀਈ ਜਾਂਦੀ। ਇੰਜ ਲਗਦਾ ਸੀ, ਧਰਤੀ ਜਨਮਾਤਰਾਂ ਦੀ ਪਿਆਸੀ ਹੋਵੇ। ਫਿਰ ਵੀ ਇਕੱਠਾ ਹੋਇਆ ਪਾਣੀ ਖਾਲ਼ ਦੀਆਂ ਵੱਟਾਂ ਤੋਂ ਉਛਲਦਾ, ਚੂਹਿਆਂ ਦੀ ਖੱਡਾਂ ਵਿਚ ਰਿਸਦਾ, ਗਿੱਲੇ ਨੱਕਿਆਂ ਨੂੰ ਖੋਰਦਾ, ਸਾਰੇ ਖੇਤ ਵਿਚ ਖਿੰਡਦਾ ਜਾ ਰਿਹਾ ਸੀ। ਮੇਰਾ ਸੀਰੀ ਬਚਨਾ, ਉਸ ਦਾ ਭਰਾ ਤੇਜਾ ਅਤੇ ਬਚਨੇ ਦਾ ਮੁੰਡਾ ਸੁਰਤੂ-ਤਿੰਨੇ ਹੰਭੇ ਖੜ੍ਹੇ ਸਨ। ਉਹ ਧਰਤੀ 'ਚੋਂ ਮਿੱਟੀ ਪੁੱਟਣ ਲਈ ਟੱਕ ਮਾਰਦੇ, ਕਹੀ ਧਰਤੀ ਵਿਚ ਖੁੱਭਣ ਦੀ ਬਜਾਇ ਉੱਪਰ ਦੀ ਬੁੜ੍ਹਕਦੀ ਕੰਗਰੋੜ 'ਤੇ ਵੱਜਣ ਨੂੰ ਪੈਂਦੀ। ਚੇਪੇ ਨਾਲ ਪਾਈਆ ਮਿੱਟੀ ਚੁੱਕ ਕੇ ਅੱਥਰਾ ਪਾਣੀ ਕਦੋਂ ਕੰਟਰੋਲ ਵਿਚ ਆਉਂਦਾ ਸੀ?

"ਟਾਹਲੀ ਥੱਲੇ ਖੜ੍ਹੇ ਤੋਂ ਨੀ ਸਰਨਾ। ਗੱਜਣ ਕਿਆਂ ਤੋਂ ਬੰਦਾ ਮੰਗ ਲਿਆ। ਪਾਣੀ ਖਿੰਡਦਾ ਜਾਂਦੈ। ਨਹੀਂ ਤਾਂ ਪਾਣੀ ਖਰਾਬ ਹੋਜੂ।" ਬਚਨੇ ਨੇ ਕਿਹਾ। ਮੈਂ ਗੁਆਂਢੀ ਗੱਜਣ ਕਿਆਂ ਤੋਂ ਸੀਰੀ ਮੰਗਣ ਚਲਿਆ ਗਿਆ। ਗੱਜਣ ਦਾ ਸੀਰੀ ਤਾਂ ਬਿਮਾਰ ਸੀ। ਉਸ ਨੇ ਮੇਰੇ ਨਾਲ ਆਪਣਾ ਸੀਰੀ ਭੇਜ ਦਿੱਤਾ।

"ਇਹ ਕੀ ਕਰੂ? ਬਚਨੇ ਹੋਰਾਂ ਤੋਂ ਤਾਂ ਪਾਣੀ ਕਾਬੂ ਵਿਚ ਨਹੀਂ ਆਉਂਦਾ।" ਮੈਂ ਸੋਚਦਾ ਆਇਆ।

ਮੇਰੇ ਨਾਲ ਮਣੀਏ ਨੂੰ ਆਉਂਦਾ ਦੇਖ ਕੇ ਬਚਨਾ ਦੂਰੋਂ ਈ ਬੁੜ੍ਹਕਿਆ, "ਹੱਕ ਲਿਆਇਆ ਗਿੱਠ-ਮੁਠੀਆ। ਤਿੰਨ ਮੁਠੀ ਜਾਤ।" ਬਚਨਾ ਮਣੀਏ ਨੂੰ ਦੇਖ ਕੇ ਇਉਂ ਝਾਕਿਆ ਜਿਵੇਂ ਉਹ ਉਸ ਨੂੰ ਚੱਬ ਜਾਣਾ ਹੋਵੇ।

ਕੱਦ ਦਾ ਮਧਰਾ ਮਣੀਆ। ਜਿੰਨਾ ਲੰਬਾ ਓਨਾ ਚੌੜਾ। ਗੋਲ-ਮਟੋਲ ਫੁੱਟਬਾਲ ਵਰਗਾ। ਚਪਟਾ ਨੱਕ। ਮੂੰਹ 'ਤੇ ਮਾਤਾ ਦੇ ਦਾਗ। ਟੱਕ ਮਾਰਦਾ। ਕਹੀ ਪੀਨ ਤੱਕ ਖੋਭ ਦਿੰਦਾ। ਇੱਕ ਦੋ ਚੇਪਿਆਂ ਵਿਚ ਹੀ ਖੁਰੇ ਨੱਕੇ ਬੰਦ ਕਰ ਦਿੰਦਾ। ਉਛਲਦੇ ਖਾਲ 'ਤੇ ਮਿੱਟੀ ਪਾਈ ਜਾਂਦਾ। ਚੂਹਿਆਂ ਦੀਆਂ ਖੁੱਡਾਂ ਲੱਭ ਕੇ ਬੰਦ ਕਰ ਦਿੰਦਾ। ਛੇਤੀ ਹੀ ਬੇਲਗਾਮਿਆ ਪਾਣੀ ਲਗਾਮਿਆ ਗਿਆ।

ਬਚਨਾ, ਮਣੀਆ ਕੜਕਦੀ ਧੁੱਪ ਨੰਗੇ ਪਿੰਡੇ ਝੱਲਦੇ ਰਹੇ। ਸਾਰਾ ਕੰਮ ਜ਼ੋਰ ਦਾ। ਮੁੜ੍ਹਕੇ ਨਾਲ ਨੁਚੜਦੇ ਚਾਹ-ਪਾਣੀ ਬਦਲ ਬਦਲ ਕੇ ਪੀਂਦੇ। ਮੋਟਰ ਤੇ ਕੱਸੀ ਦਾ ਇਕੱਠਾ ਹੋਇਆ ਪਾਣੀ ਘੰਟੇ ਵਿਚ ਇੱਕ ਹੈਕਟੇਅਰ ਭਰਦਾ ਪੰਜਾਂ ਘੰਟਿਆਂ ਬਾਰਾਂ ਏਕੜ ਵਿਚ ਫਿਰ ਗਿਆ ਸੀ।

ਮੇਰਾ ਜੀਅ ਕੀਤਾ ਮਣੀਏ ਨੂੰ ਪੰਜ-ਦਸ ਰੁਪਏ ਇਨਾਮ ਦੇਵਾਂ। ਪਰ ਉਹ ਤਾਂ ਗੱਜਣ ਸਿੰਘ ਦਾ ਭਈਆ ਸੀ। ਉਸ ਦੀ ਨਰਾਜਗੀ ਕਿਵੇਂ ਮੁੱਲ ਲੈਂਦਾ। ਉਸਨੇ ਕਹਿਣਾ ਸੀ ਚੰਗਾ ਬੰਦਾ। ਭਈਏ ਵਿਗਾੜਨ ਲੱਗਿਆ?" ਫਿਰ ਬਚਨੇ ਹੋਰੀਂ ਵੀ ਤਾਂ ਭਈਏ ਹੋਰਾਂ ਤੇ ਦੰਦ ਪੀਂਹਦੇ ਸਨ। ਉਸਨੂੰ ਫੋਕੀ ਸ਼ਾਬਾਸ਼ ਦੇ ਸਕਿਆ। ਉਹ ਬਹੁਤ ਖੁਸ਼ ਹੋਇਆ, ਉਵੇਂ ਜਿਵੇਂ ਕਲਾਕਾਰ, ਕਵੀ, ਗੀਤਕਾਰ ਤੇ ਸੰਗੀਤਕਾਰ ਦਾਦ ਮਿਲਣ 'ਤੇ ਹੁੰਦਾ ਹੈ।

ਮੈਨੂੰ ਮਣੀਆ ਚੰਗਾ ਲੱਗਿਆ। ਮੈਂ ਮਣੀਏ ਦੇ ਚੰਮ ਤੋਂ ਕੀ ਲੈਣਾ ਸੀ? ਮੈਨੂੰ ਉਸ ਦਾ ਕੰਮ ਚੰਗਾ ਲੱਗਿਆ। ਮੁੱਲ ਵੀ ਸਸਤਾ। ਕੰਮ ਵੀ ਵਧੀਆ। ਦੇਸੀ ਲੇਬਰ ਨਾਲ ਤਾਂ ਪੀੜ੍ਹੀਆਂ ਦੀ ਸਾਂਝ। ਕੋਈ ਬਾਬਾ, ਕੋਈ ਚਾਚਾ, ਕੋਈ ਤਾਇਆ ਆਦਿ। ਉਹ ਵੀ ਹਰ ਇੱਕ ਦੇ ਪੋਤੜਿਆਂ ਦੇ ਜਾਣੂ ਪਰ ਭਈਏ ਤਾਂ ਹੋਏ ਭਈਏ। ਇਨ੍ਹਾਂ ਦਾ ਨਾਉਂ ਵੀ ਕਿਹੜਾ ਲੈਂਦਾ। ਬੱਸ 'ਉਹ ਭਈਆ' ਕਹਿ ਕੇ ਹੀ ਸਰ ਜਾਂਦਾ। ਕਈ ਤਾਂ 'ਉਇ ਭਈਆ' ਦੇ ਨਾਲ ਕੋਈ ਗਾਲ਼ ਵਰਗਾ ਵਿਸ਼ੇਸ਼ਣ ਲਾ ਦਿੰਦੇ।

ਜਦ ਵੀ ਮੈਨੂੰ ਲੋੜ ਪੈਂਦੀ, ਮੈ ਮਣੀਏ ਨੂੰ ਦਿਹਾੜੀ 'ਤੇ ਲੈ ਆਉਂਦਾ। ਉਹ ਤੇ ਨੌਂ ਹੋਰ ਭਈਏ ਗੱਜਣ ਦੀ ਮੋਟਰ 'ਤੇ ਕੰਧ ਨਾਲ ਪਾਏ ਛਤੜੇ ਵਿਚ ਰਹਿੰਦੇ ਸਨ। ਇਨ੍ਹਾਂ ਦਾ ਨੰਬਰਦਾਰ ਸੀ ਸਲੀਮ- ਲੰਬਾ, ਚੌੜਾ, ਕੋਚਰੀ, ਤਿੱਖੀਆਂ ਅੱਖਾਂ ਵਾਲਾ। ਉਹ ਇਨ੍ਹਾਂ ਲਈ ਕੰਮ ਲੱਭਦਾ। ਉਹ ਆਪ ਕੰਮ ਨਹੀਂ ਸੀ ਕਰਦਾ। ਉਸ ਦਾ ਕੰਮ ਸੀ ਕੰਮ ਲੱਭ ਕੇ ਉਸ ਦੀ ਉਜਰਤ ਵਸੂਲ ਕਰਨੀ। ਉਹ ਖਰਚਾ ਕੱਟ ਕੇ ਜੋ ਪੈਸੇ ਬਚਦੇ, ਦਸ ਹਿੱਸਿਆਂ ਵਿਚ ਵੰਡ ਲੈਂਦੇ। ਮਣੀਏ ਨੂੰ ਜਿੰਨੇ ਪੈਸੇ ਬਚਦੇ, ਉਹ ਮੈਨੂੰ ਫੜਾ ਜਾਂਦਾ। ਜਦ ਪੰਜ ਸੱਤ ਸੌ ਇਕੱਠਾ ਹੁੰਦਾ, ਉਹ ਆਪਣੇ ਪਿੰਡ ਭੇਜ ਦਿੰਦਾ। ਇੱਕ ਸਾਲ ਵਿਚ ਉਹ ਮੇਰੇ ਬਹੁਤ ਨੇੜੇ ਆ ਗਿਆ।

ਅਗਲੇ ਸਾਲ ਮਣੀਆ ਮੇਰੇ ਨਾਲ ਸਾਲ ਭਰ ਲਈ ਰਲ ਗਿਆ। ਮਣੀਏ ਦੇ ਨਾ ਰੰਨ ਨਾ ਕੰਨ। ਦਿਨ ਰਾਤ ਦੀ ਡਿਊਟੀ। ਬਿਜਲੀ ਦਿਨੇ ਤਾਂ ਲੰਡੇ ਡੰਗ ਆਉਂਦੀ। ਰਾਤ ਨੂੰ ਵੀ ਅੱਖ ਮਟੱਕਾ ਮਾਰਦੀ ਰਹਿੰਦੀ। ਉਹ ਰਾਤ ਕਈ ਵਾਰ ਉੱਠ ਕੇ ਮੋਟਰ ਛਡਦਾ। ਦਿਨੇ ਹਿੱਕ ਡਾਹ ਕੇ ਕੰਮ ਕਰਦਾ। ਬਚਨਾ ਤਾਂ ਉਦੋਂ ਹੀ ਰਾਤ ਨੂੰ ਜਾਂਦਾ ਸੀ ਜਦੋਂ ਕੱਸੀ ਦੀ ਵਾਰੀ ਆਉਂਦੀ ਜਾਂ ਕੋਈ ਹੋਰ ਜ਼ਰੂਰੀ ਕੰਮ ਹੁੰਦਾ। ਮਣੀਏ ਦੀ ਖੇਤ ਦੀ ਅਪਣਤ ਉਸ ਦੀ ਮਾਲਕ ਤੋਂ ਵੀ ਵੱਧ। ਮਜ਼ਾਲ ਏ, ਕੋਈ ਖੇਤ ਵਿਚ ਦੀ ਲੰਘ ਜਾਵੇ। ਸਾਗ-ਸੱਪੇ ਦੀ ਚੀਰਨੀ ਤੋੜਨ ਵਾਲਿਆਂ ਨੂੰ ਵੀ ਲਲਕਾਰ ਦਿੰਦਾ।

ਭਾਦੋਂ ਦਾ ਮਹੀਨਾ ਸੀ। ਪੂਰੀ ਹੁੰਮਸ। ਕੜਕਦੀ ਧੁੱਪ। ਇਸ ਧੁੱਪ ਤੇ ਸਾਹ ਘੁੱਟਣ ਦੇ ਮਾਰੇ ਕਿੰਨੇ ਲੋਕ ਸਾਧ ਬਣ ਜਾਂਦੇ। ਉਸ ਸਾਲ ਝੋਨੇ ਨੂੰ ਹਿਸਪਾ ਹਰੇ ਪੱਤੇ ਤਣੇ ਤੱਕ ਖਾਈ ਜਾਂਦਾ। ਝੋਨਾ ਸੁੱਕ-ਸੁੱਕ ਦੱਗੀਆਂ ਪਈ ਜਾਂਦੀਆਂ। ਹੌਲ਼ੀ-ਹੌਲ਼ੀ ਸਾਰੀ ਫਸਲ ਸੁੱਕ ਜਾਂਦੀ। ਸਮੇਂ ਸਿਰ ਕੀੜੇਮਾਰ ਦਵਾਈਆਂ ਛਿੜਕ ਕੇ ਥੋੜ੍ਹਾ-ਬਹੁਤ ਕੰਟਰੋਲ ਹੁੰਦਾ। ਬਹੁਤਿਆਂ ਨੂੰ ਦਵਾਈ ਚੜ੍ਹ ਜਾਂਦੀ। ਕਈ ਮਰ ਜਾਂਦੇ। ਕਈ ਉਮਰ ਭਰ ਲਈ ਰੋਗੀ ਹੋ ਜਾਂਦੇ।

"ਮਣੀਏ, ਦਵਾਈ ਮਹਿੰਗੀ ਆ। ਉੱਤੋਂ ਗਰਮੀ ਤੇ ਹੁੰਮਸ ਆ। ਹਵਾ ਦਾ ਰੁਖ ਵੇਖ ਕੇ ਸਪਰੇਅ ਕਰੀਂ। ਦਸ ਵਜੇ ਤੋਂ ਪਹਿਲਾਂ-ਪਹਿਲਾਂ। ਇਕ ਏਕੜ ਤੋਂ ਵੱਧ ਸਪਰੇਅ ਨਹੀਂ ਕਰਨੀ। ਫਿਰ ਸਾਰਾ ਦਿਨ ਨਾਹ ਧੋ ਕੇ ਅਰਾਮ ਕਰਨਾ। ਪਸ਼ੂਆਂ ਲਈ ਪੱਠੇ ਵੀ ਦਿਨ ਛੁਪਣ ਤੋਂ ਦੋ ਘੰਟੇ ਪਹਿਲਾਂ ਹੀ ਵੱਢਣੇ ਆ। ਮੈਂ ਮਣੀਏ ਨੂੰ ਹਦਾਇਤ ਕੀਤੀ।

ਮੈਂ ਮਣੀਏ ਨੂੰ ਇਸ ਲਈ ਨਹੀਂ ਕਿਹਾ ਕਿ ਮਣੀਆ ਮੈਨੂੰ ਕੰਮ ਤੋਂ ਵਧ ਪਿਆਰਾ ਸੀ, ਅਸਲ 'ਚ ਮੈਨੂੰ ਕੰਮ ਦਾ ਈ ਫਿਕਰ ਸੀ। ਜੇ ਉਹ ਬਿਮਾਰ ਹੋ ਗਿਆ, ਗੱਡੀ ਕਿਵੇਂ ਰੁੜ੍ਹੂਗੀ? ਪਾਣੀ ਕੌਣ ਲਾਊ? ਪੱਠੇ ਕੌਣ ਵੱਢੂ? ਕੌਣ ਕੁਤਰੂ? ਰਾਤ ਨੂੰ ਮੋਟਰ ਕੌਣ ਛੱਡੂ? ਬਚਨਾ ਤਾਂ ਤੇਈਏ ਤਾਪ ਦਾ (ਮਲੇਰੀਏ) ਦਾ ਝੰਬਿਆ ਅਜੇ ਉੱਠਿਆ ਨਹੀਂ ਸੀ।

"ਲੈ ਤੇਰੀ ਕੀ ਜਾਂਦੀ, ਮੇਰਾ ਚੋਨਾ ਮਰਜੂ।" ਉਸ ਦਾ ਉੱਤਰ ਸੁਣ ਕੇ ਮੈਨੂੰ ਹੈਰਾਨੀ ਵੀ ਹੋਈ ਤੇ ਖ਼ੁਸ਼ੀ ਵੀ। ਮਣੀਏ ਨੂੰ ਆਪਣੇ ਨਾਲੋਂ ਫਸਲ ਪਿਆਰੀ ਸੀ। ਉਹ ਫਸਲ ਦਾ ਆਸ਼ਕ ਸੀ। ਫਸਲ ਉਸਦੀ ਮਸ਼ੂਕ। ਉਹ ਦੋਵੇਂ ਇਕ ਦੂਜੇ ਦੇ ਸਾਹਾਂ ਦੇ ਦੀਵਾਨੇ। ਮਣੀਏ ਦਾ ਖ਼ੂਨ-ਪਸੀਨਾ ਤਾਂ ਹੀ ਸੀ ਜਿਹੜਾ ਫਸਲ ਦੀ ਰਗ ਰਗ ਵਿਚ ਦੌੜਦਾ ਸੀ। ਮੈਂ ਤਾਂ ਘੰਟਾ ਕੁ ਖੇਤ ਜਾਨਾਂ। ਟਾਹਲੀ ਥੱਲੇ ਬੈਠ ਕੇ ਆਹ ਕਰਨਾ, ਆਹ ਨੀ ਕਰਨਾ। ਹਦਾਇਤਾਂ ਨਾਲ ਲੱਦ ਦਿੰਨਾਂ। ਆਪ ਡੱਕਾ ਤੋੜ ਕੇ ਦੂਹਰਾ ਨਹੀਂ ਕਰਨਾ। ਅਸਲੀ ਮਾਲਕ ਮੈਂ ਹਾਂ ਜਾਂ ਮਣੀਆ। ਮੇਰੀ ਖ਼ੁਦਗਰਜੀ ਮੇਰੀ ਸੋਚ ਤੇ ਜ਼ਮੀਰ ਦਾ ਮੂੰਹ ਚਿੜਾਉਂਦੀ।

ਬਚਨਾ ਮੇਰਾ ਸੀਰੀ ਸੀ। ਉਸ ਨੂੰ ਸੱਤਵਾਂ ਹਿੱਸਾ ਮਿਲਦਾ ਸੀ। ਉਸ ਨੂੰ ਮਣੀਏ ਨਾਲੋਂ ਸੱਤ ਗੁਣਾ ਵੱਧ ਪੈਸੇ ਮਿਲਦੇ ਸਨ। ਮਣੀਏ ਨੂੰ ਸਾਲ ਭਰ ਦਾ ਉੱਕਾ-ਪੁੱਕਾ ਤਿੰਨ ਹਜ਼ਾਰ ਮਿਲਦੇ ਸਨ। ਉੱਤੋਂ ਮਣੀਏ ਉੱਪਰ ਬਚਨੇ ਦੀ ਸਰਦਾਰੀ। ਸੌਖਾ ਕੰਮ ਆਪ ਕਰਦਾ, ਰਾਤ ਦੀ ਮੋਟਰ ਛੱਡਣ ਦੀ ਡਿਊਟੀ ਵੀ ਮਣੀਏ ਦੀ। "ਭਈਏ ਨਿਰਦਈ ਹੁੰਦੇ ਆ। ਲਟੇਰੇ। ਬੰਦਾ ਮਾਰਨ ਲੱਗੇ ਦਰੇਗ ਨਹੀਂ ਕਰਦੇ।" ਇਹ ਇਕੱਲਾ ਬਚਨਾ ਹੀ ਨ੍ਹੀਂ ਸੀ ਕਹਿੰਦਾ, ਬਚਨੇ ਵਰਗੇ ਹੋਰ ਵੀ ਕਹਿੰਦੇ।



ਪਹਿਲਾਂ ਬਚਨਾ ਮਣੀਏ ਨੂੰ ਉਸ ਦਾ ਨਾਉਂ ਲੈ ਕੇ ਨਹੀਂ ਬਲਾਉਂਦਾ ਸੀ, 'ਉਇ ਭਈਏ' ਈ ਸਦਦਾ ਪਰ ਖੇਤੀ ਦਾ ਕੰਮ ਕਿਹੜਾ ਇਕੱਲੇ ਇਕਹਿਰੇ ਦਾ। ਇੱਕ ਜਿੰਦਰਾ ਦਬਦਾ ਦੂਜਾ ਖਿੱਚਦਾ। ਇੱਕ ਭਰੀ ਬੰਨ੍ਹ ਕੇ ਚੁਕਾਉਂਦਾ। ਇਕ ਰੁਗ ਲਾਉਂਦਾ, ਦੂਜਾ ਮਸ਼ੀਨ ਚਲਾਉਂਦਾ। ਇਕ ਟ੍ਰੈਕਟਰ ਚਲਾਉਂਦਾ। ਦੂਜਾ ਸੁਹਾਗੇ 'ਤੇ ਚੜ੍ਹਦਾ। ਸਾਰੇ ਕੰਮ ਤਾਲ-ਮੇਲ ਦੇ। ਦੁੱਖ-ਸੁੱਖ ਸਾਂਝਾ। ਹੌਲੀ-ਹੌਲੀ ਬਚਨਾ ਉਸ ਨੂੰ ਮਣੀਆ ਕਹਿਣ ਲੱਗ ਪਿਆ।

ਉਸ ਦਿਨ ਤੋਂ ਤਾਂ ਬਹੁਤ ਈ ਫਰਕ ਪੈ ਗਿਆ ਸੀ ਜਿਸ ਦਿਨ ਬਚਨੇ ਦੇ ਮੁੰਡੇ ਸੁਰਤੂ ਨੂੰ ਉਸ ਦੀ ਨੂੰਹ ਦੇ ਭਰਾ ਤੇ ਉਸ ਦੇ ਹੋਰ ਰਿਸ਼ਤੇਦਾਰ ਖੇਤ ਕੁੱਟਣ ਆ ਪਏ। ਬਚਨੇ ਦੇ ਮੁੰਡੇ ਨੇ ਘਰਵਾਲੀ ਕੁਟ ਕੇ ਘਰੋਂ ਕੱਢ ਦਿੱਤੀ ਸੀ। ਕਈ ਵਾਰ ਸਮਝੌਤੇ ਦੀ ਗੱਲ ਚੱਲੀ ਪਰ ਗੱਲ ਕਿਸੇ ਤਣ-ਪੱਤਣ ਨਾ ਲੱਗੀ।

ਇੱਕ ਦਿਨ ਬਚਨਾ, ਬਚਨੇ ਦਾ ਮੁੰਡਾ ਸੁਰਤੂ ਦਿਨ ਛੁਪਦੇ ਨਾਲ ਕੱਸੀ ਦਾ ਪਾਣੀ ਲਾ ਰਹੇ ਸਨ।

"ਮਣੀਆ ਮਾਰ'ਤੇ ਉਇ।" ਬਚਨੇ ਨੇ ਮਣੀਏ ਨੂੰ ਹਾਕ ਮਾਰੀ।

"ਖੜ੍ਹ ਜਾ ਤੇਰੀ ਭੈਨ ਦੀ।" ਮਣੀਏ ਨੇ ਉੱਚੀ ਲਲਕਾਰਾ ਮਾਰਿਆ। ਉਹ ਕਹੀ ਲੈ ਕੇ ਅੱਗੇ ਵਧਿਆ। ਉਸ ਨੇ ਕਹੀ ਨਾਲ ਇਕ ਦਾ ਗੰਡਾਸਾ ਵੱਢ ਦਿੱਤਾ। ਰੌਲਾ ਸੁਣ ਕੇ ਗੱਜਣ ਦੀ ਮੋਟਰ 'ਤੇ ਬੈਠੇ ਸਾਰੇ ਭਈਏ ਲਲਕਾਰੇ ਮਾਰਦੇ ਇੱਧਰ ਨੂੰ ਭੱਜ ਪਏ। ਉਨ੍ਹਾਂ ਦੇ ਲਲਕਾਰਿਆਂ ਨਾਲ ਅਸਮਾਨ ਗੂੰਜ ਉੱਠਿਆ। ਹਮਲਾਵਰ ਜਿਧਰ ਨੂੰ ਮੂੰਹ ਆਇਆ, ਉੱਧਰ ਨੂੰ ਭੱਜ ਗਏ।

ਇਸ ਦਿਨ ਪਿੱਛੋਂ ਬਚਨਾ ਉਸ ਨੂੰ 'ਸਾਡਾ ਮਣੀਆ' ਕਹਿਣ ਲੱਗ ਪਿਆ ਸੀ। ਹੁਣ ਕਈ ਵਾਰ ਮਣੀਆ ਬਚਨੇ ਦੇ ਘਰ ਜਾ ਆਉਂਦਾ। ਖੇਤ ਜੇ ਬਚਨੇ ਦੀ ਰੋਟੀ ਪਹਿਲਾਂ ਆ ਜਾਂਦੀ, ਦੋਵੇਂ ਵੰਡ ਕੇ ਖਾ ਲੈਂਦੇ। ਜੇ ਮਣੀਏ ਦੀ ਰੋਟੀ ਤੇ ਚਾਹ ਪਾਣੀ ਪਹਿਲਾਂ ਆ ਜਾਂਦਾ ਤਾਂ ਉਹ ਇਕੱਠੇ ਵੰਡ ਕੇ ਪੀ ਲੈਂਦੇ।

ਕਈ ਵਾਰ ਠੇਲਾ ਪੰਡਤ ਰਾਮ ਮੋਟਰ 'ਤੇ ਸਵੇਰ ਵੇਲੇ ਨਹਾਉਣ ਆ ਜਾਂਦਾ। "ਤਾਇਆ ਇਸ ਵਿਚ ਸਾਡਾ ਮਣੀਆ ਤੇ ਮੈਂ ਇਕੱਠੇ ਨ੍ਹਾਤੇ ਹਾਂ। ਚਲ੍ਹਾ ਸਾਫ ਕਰ ਦੇਈਏ, ਜੇ ਤੈਂ ਨਹਾਉਣਾ?"

"ਲੱਦ ਗਏ ਉਹ ਦਿਨ ਬਚਨਿਆ। ਪੱਤਰੀ ਦੇ ਨਾਲ ਗਿਆ ਸਭ ਕੁਝ। ਤਾਜੇ ਪਾਣੀ ਨਾਲ ਇਸ਼ਨਾਨ ਕਰਾ ਦਿਆ ਕਰ, ਇਹੀ ਵਾਧੂ ਹੈ।"

ਸ਼ਾਮ ਦੇ ਸੱਤ ਵਜੇ ਸਨ। ਡੁੱਬਦਾ ਸੂਰਜ ਧਰਤੀ ਦੇ ਹੋਠਾਂ ਦੀ ਚੁੰਮਣ ਭਰ ਕੇ ਇਸ ਨੂੰ ਅਲਵਿਦਾ ਕਹਿ ਕੇ ਵਿਦਾ ਹੋ ਰਿਹਾ ਸੀ। ਮੈਂ ਮੋਟਰ 'ਤੇ ਸੀ। ਸ਼ਾਮ ਵੇਲੇ ਫਸਲ ਦੁਗਣੀ ਸੋਹਣੀ ਲਗਦੀ ਸੀ। ਝੋਨਾ ਫਸਿਆ ਖੜ੍ਹਾ ਸੀ। ਮੱਠੀ ਹਵਾ ਦੇ ਰੁਮਕਣ ਨਾਲ ਨਚਾਰ ਵਾਂਗ ਝੂਮਦਾ ਝੋਨਾ ਕਿਸੇ ਔਰਤ ਦੇ ਗਰਭਵਤੀ ਹੋਣ ਦਾ ਅਹਿਸਾਸ ਦੇ ਰਿਹਾ ਸੀ। ਇਹ ਕੁਝ ਵੇਖ ਕੇ ਸਰੂਰ ਚੜ੍ਹ ਗਿਆ।

"ਹਵਾ ਵੇਖ ਕੇ ਪਾਣੀ ਲਾਇਆ ਕਰੋ। ਮਾੜੀ ਜਿਹੀ ਹਵਾ ਤੇਜ ਵਗਣ ਨਾਲ ਫਸਲ ਡਿੱਗ ਕੇ ਕੂੜਾ ਬਣ'ਜੂ। ਦਿਨੇ ਹਵਾ ਚੱਲਣ ਦਾ ਡਰ ਰਹਿੰਦਾ ਹੈ। ਹੁਣ ਹਵਾ ਬੰਦ ਹੈ। ਦੋ ਘੰਟੇ ਹੋਰ ਪਾਣੀ ਪੈ ਲੈਣ ਦਿਉ। ਬਚਨਿਆ, ਤੂੰ ਗੱਡਾ ਜੋੜ, ਪਸ਼ੂਆਂ ਨੂੰ ਪੱਠੇ ਪਾ ਕੇ ਮਣੀਏ ਦੀ ਰੋਟੀ ਫੜਾ ਜੀਂ।" ਬਚਨਾ ਗੱਡਾ ਜੋੜ ਕੇ ਚਲਿਆ ਗਿਆ।

"ਮਣੀਆ, ਲਿਆ ਬਈ ਪਾਣੀ?"

ਮਣੀਆ ਪਾਣੀ ਦਾ ਕੱਪ ਭਰ ਕੇ ਰੱਖ ਗਿਆ। ਤਿੰਨ-ਚਾਰ ਆਂਡੇ ਭੁੰਨ ਲਿਆਇਆ। ਰੂੜੀ ਮਾਰਕਾ ਚੱਕ ਲਿਆਇਆ। ਦੋ ਪੈਗ ਮੈਂ ਲਾਏ। ਦੋ ਪੈਗ ਨਾਂਹ-ਨੁਕਰ ਕਰਦੇ ਮਣੀਏ ਨੂੰ ਲੁਆ ਦਿੱਤੇ।

ਮਣੀਆ ਛੇਤੀ ਹੀ ਹਵਾ ਪਿਆਜੀ ਹੋ ਗਿਆ। ਉਸ ਦਾ ਮਾਤਾ ਖਾਧਾ ਚਿਹਰਾ ਛੇਤੀ ਹੀ ਗੰਭੀਰ ਹੋ ਗਿਆ। ਉਸ ਦੇ ਬੁੱਲ੍ਹ ਫਰਕੇ। ਮੈਨੂੰ ਲੱਗਿਆ, ਜਿਵੇਂ ਕੋਈ ਯਾਦ ਉਸ ਨੂੰ ਤੜਫਾ ਗਈ ਸੀ। ਕੋਈ ਯਾਦ, ਕੋਈ ਤੜਫ, ਕੋਈ ਅਧੂਰੀ ਰੀਝ ਉਸ ਨੂੰ ਬੇਚੈਨ ਕਰ ਗਈ ਸੀ। ਕੋਈ ਗੱਲ ਉਸ ਦੇ ਮਨ ਦਾ ਨਜ਼ਾਮ ਭੰਨ ਕੇ ਬਾਹਰ ਆਉਣ ਲਈ ਬਹਿਬਲ ਹੋ ਰਹੀ ਸੀ।

"ਮਣੀਏ, ਤੂੰ ਵਿਆਹਿਆਂ?" ਮੈਂ ਪੁੱਛਿਆ।

ਉਹ ਚੁੱਪ ਰਿਹਾ। ਮੈਨੂੰ ਲੱਗਿਆ, ਜਿਵੇਂ ਉਹ ਮੇਰੀ ਗੱਲ ਸਮਝਿਆ ਨਹੀਂ ਸੀ।

"ਤੇਰੀ ਸ਼ਾਦੀ ਹੁਈ ਆ?"

"ਹੂੰ।" ਉਸ ਨੇ ਧੀਮੀ ਆਵਾਜ਼ ਵਿਚ ਕਿਹਾ।

"ਕਿਤਨਾ ਸਮਾਂ ਹੂਆ।"

"ਦੋ ਬਰਸ।" ਉਸ ਨੇ ਡੂੰਘਾ ਸਾਹ ਲਿਆ। ਬੋਲਣ ਤੋਂ ਪਤਾ ਲੱਗਿਆ, ਉਸ ਨੂੰ ਚਾਰ ਸ਼ਬਦ ਹਿੰਦੀ ਦੇ ਬੋਲਣੇ ਆਉਂਦੇ ਹਨ। ਸ਼ਾਇਦ ਉਹ ਸਕੂਲ ਪੜ੍ਹਨ ਗਿਆ ਹੋਵੇ। ਸ਼ਾਇਦ ਉਹ ਹਿੰਦੀ ਦੇ ਗਾਣੇ ਸੁਣ ਕੇ ਸਿੱਖ ਗਿਆ ਹੋਵੇ।

"ਮਣੀਆ, ਕੋਈ ਬੱਚਾ-ਬੱਚੀ?"

"ਬੱਚਾ ਕੇਸੇ ਹੋਤੀ? ਸ਼ਾਂਤੀ ਸਾਲੀ ਅਪਨੀ ਮਾਂ ਕੇ ਪਾਸ।" ਮਣੀਆ ਬੋਲਿਆ।

ਰਾਤ ਦਾ ਪਸਰ ਰਿਹਾ ਹਨੇਰਾ ਹੋਰ ਵੀ ਗੂੜ੍ਹਾ ਹੋ ਗਿਆ ਸੀ।

"ਰੂਠ ਗਈ ਤੇਰੇ ਨਾਲ?"

"ਨਹੀਂ ਸਰਦਾਰ ਜੀ। ਜਬ ਪੀਸਾ ਦੇਗਾ, ਤਬੀ ਸਾਲਾ ਆਏਗੀ।"

"ਕੈਸਾ ਪੀਸਾ। ਕਿਤਨਾ ਪੀਸਾ?"

"ਤੀਸ ਸੌ ਸ਼ਾਦੀ ਕਾ। ਔਰ ਖਰਚੀ ਕਾ ਦੇਨਾ?

ਮਣੀਏ ਨੇ ਮੈਨੂੰ ਦੱਸਿਆ, ਉਸ ਨੂੰ ਤਿੰਨ ਹਜ਼ਾਰ ਸ਼ਾਦੀ ਦਾ ਅਤੇ ਪੰਜਾਹ ਰੁਪਏ ਮਹੀਨੇ ਖਰਚ ਦਾ ਆਪਣੇ ਸਹੁਰਿਆਂ ਨੂੰ ਦੇਣਾ ਪੈਣਾ ਸੀ। ਜਿੰਨਾ ਚਿਰ ਨੌਂ ਮਣ ਤੇਲ ਨਾ, ਹੂੰਦਾ ਰਾਧਾ ਕਿਵੇਂ ਨੱਚਦੀ। ਤਿੰਨ ਹਜ਼ਾਰ ਨਕਦ ਲੈ ਕੇ ਸ਼ਾਂਤੀ ਦੇ ਪਿਉ ਨੇ ਉਸ ਨੂੰ ਮਣੀਏ ਨਾਲ ਭੇਜਣਾ ਸੀ। ਜਿਹੜੇ ਥੋੜ੍ਹੇ-ਬਹੁਤੇ ਪੈਸੇ ਉਹ ਭੇਜਦਾ ਰਿਹਾ ਸੀ, ਉਸ ਨਾਲ ਉਸ ਦੇ ਬੁੱਢੇ ਬਾਪ ਤੇ ਬਿਮਾਰ ਮਾਂ ਦਾ ਮਸਾਂ ਹੀ ਡੰਗ ਟੱਪਦਾ ਸੀ।

ਮਣੀਏ ਦੀਆਂ ਅੱਖਾਂ ਵਿਚ ਹੰਝੂ ਸਨ। ਉਸ ਨੂੰ ਸ਼ਾਂਤੀ ਦੀ ਯਾਦ ਤੜਫਾ ਰਹੀ ਸੀ। ਉਸ ਨੂੰ ਬੁੱਢੇ ਮਾਂ-ਬਾਪ ਤੇ ਭੈਣ-ਭਰਾ ਯਾਦ ਆ ਰਹੇ ਸਨ। ਹੁਣ ਉਹ ਹੁਬਕ-ਹੁਬਕ ਰੋ ਰਿਹਾ ਸੀ। ਦੂਜੇ ਪਾਸੇ, ਉਸ ਦਾ ਯਾਰ ਇੰਜਣ ਹੁਬਕ-ਹੁਬਕ ਪਾਣੀ ਕੱਢਦਾ ਸੀ ਜਿਸ ਨੂੰ ਉਹ ਮੋਟਰ ਦੀ ਲਾਈਟ ਜਾਣ ਸਮੇਂ ਛੱਡ ਆਇਆ ਸੀ। ਪਤਾ ਨਹੀਂ ਇੰਜਣ ਆਪਣੇ ਯਾਰ ਮਣੀਏ ਦੇ ਗ਼ਮ ਵਿਚ ਸ਼ਰੀਕ ਹੋ ਰਿਹਾ ਸੀ।

ਉਹ ਰੋਈ ਗਿਆ। ਉਸ ਦੇ ਹੰਝੂਆਂ ਦਾ ਕੜ ਪਾਟ ਗਿਆ। ਹੰਝੂ ਉਸ ਦੇ ਚਿਹਰੇ ਦੇ ਮਾਤਾ ਦੇ ਦਾਗ ਵਿਚ ਪਈਆਂ ਨਾਲੀਆਂ ਵਿਚ ਦੀ ਬੇਮੁਹਾਰਾ ਵਗੀ ਗਏ। ਉਹ ਰੋਂਦਾ-ਰੋਂਦਾ ਨਿੱਕੇ ਬਾਲ ਵਾਂਗ ਡੁਸਕਣ ਲੱਗ ਪਿਆ।

"ਘਰ ਯਾਦ ਆਤਾ। ਪੀਂਡ ਯਾਦ ਆਤਾ। ਸ਼ਾਂਤੀ ਬਹੁਤ ਯਾਦ ਆਤੀ।" ਮੈਂ ਬਹੁਤ ਪਿਆਰ ਨਾਲ ਪੁੱਛਿਆ।

ਉਹ ਦੁਬਾਰਾ ਪੱਕੇ ਫੋੜੇ ਵਾਂਗ ਫਿੱਸ ਪਿਆ। ਹੌਲ਼ੀ-ਹੌਲ਼ੀ ਉਸ ਦੀ ਆਵਾਜ਼ ਭਾਰੀ ਹੁੰਦੀ ਗਈ। ਉਹ ਸੰਭਲਿਆ। ਉੱਚੀ-ਉੱਚੀ ਗਾਉਣ ਲੱਗ ਪਿਆ। ਉਸ ਦੇ ਬੋਲ ਹਨੇਰੇ ਦੀ ਹਿੱਕ ਨੂੰ ਚੀਰਦੇ ਸਾਰੀ ਫ਼ਿਜ਼ਾ ਵਿਚ ਮਿੱਠਾ ਦਰਦ ਘੋਲ ਰਹੇ ਸਨ। ਉਹ ਕਿੰਨਾ ਹੀ ਚਿਰ ਭਿੱਜ ਕੇ ਗਾਉਂਦਾ ਸੀ; ਜਿਵੇਂ ਸਾਰਾ ਬਿਰਹਾ ਉਸ ਦੇ ਬੋਲਾਂ 'ਚ ਉੱਤਰ ਆਇਆ ਹੋਵੇ।

ਇਸ ਤੋਂ ਦੋ ਮਹੀਨੇ ਪਿੱਛੋਂ ਮਣੀਏ ਦਾ ਭਣੋਈਆ ਮੁਣਸ਼ੀ ਉਸ ਨੂੰ ਮਿਲਣ ਆਇਆ ਸੀ। ਮਣੀਏ ਨੇ ਮੈਥੋਂ ਤੀਹ ਰੁਪਏ ਮੰਗੇ। ਉਹ ਸ਼ਰਾਬ ਦੀ ਬੋਤਲ ਲੈਣੀ ਚਾਹੁੰਦਾ ਸੀ। ਪਤਾ ਨਹੀਂ, ਮੇਰੇ ਮਨ ਵਿਚ ਇਹ ਕਿਉਂ ਆਈ, ਚਲੋ ਮਣੀਏ ਦਾ ਰਿਸ਼ਤੇਦਾਰ ਆਇਆ, ਉਸ ਦੀ ਇੱਜ਼ਤ ਕਰਨੀ ਬਣਦੀ ਹੈ। ਸ਼ਾਇਦ ਇਹ ਦੱਸਣ ਲਈ ਬਈ ਮਣੀਏ ਦੀ ਆਪਣੇ ਸਰਦਾਰ ਨਾਲ ਕਿੰਨੀ ਬਣਦੀ ਹੈ, ਸ਼ਾਇਦ ਇਸ ਕਰਕੇ ਮਣੀਏ ਦਾ ਸਰਦਾਰ ਬਹੁਤ ਹੀ ਚੰਗਾ ਹੈ, ਮੈਂ ਤੀਹ ਰੁਪਈਏ ਦੇਣ ਦੀ ਬਜਾਇ ਉਸ ਨੂੰ ਸ਼ਰਾਬ ਦੀ ਬੋਤਲ ਲਿਆ ਦਿੱਤੀ। ਮੇਰੇ ਪਤਨੀ ਨੇ ਵੀ ਵਿਸ਼ੇਸ਼ ਉਚੇਚ ਕੀਤੀ- ਖੀਰ, ਕੜਾਹ, ਦਾਲ, ਸਬਜ਼ੀ, ਚੌਲ ਤੇ ਚੰਗੀ ਰੋਟੀ ਬਣਾਈ। ਪਤਾ ਨਹੀਂ, ਮੁਣਸ਼ੀ ਛੇਤੀ ਸ਼ਰਾਬੀ ਹੋ ਗਿਆ ਜਾਂ ਸ਼ਰਾਬੀ ਹੋਣ ਦਾ ਨਾਟਕ ਕਰਨ ਲੱਗਿਆ, ਪਹਿਲਾਂ ਉਹ ਹੱਸ-ਹੱਸ ਗੱਲਾਂ ਕਰਦੇ ਰਹੇ, ਫਿਰ ਮੁਣਸ਼ੀ ਮਣੀਏ ਨੂੰ ਗਾਲਾਂ ਕੱਢਣ ਲੱਗ ਪਿਆ। ਮਣੀਆ ਉਸ ਨੂੰ ਪਲੋਸਦਾ ਅਤੇ ਮਿੰਨਤਾਂ ਕਰਦਾ ਰਿਹਾ। ਰੋਟੀ ਕਿਸ ਨੇ ਖਾਣੀ ਸੀ? ਮਣੀਆ ਉਸ ਨੂੰ ਨਾਲ ਲੈ ਕੇ ਮੋਟਰ ਲਈ ਚੱਲ ਪਿਆ।

ਪੱਤੀ ਦੀ ਸੱਥ ਵਿਚ ਦੋ ਤਖ਼ਤਪੋਸ਼ ਡਹੇ ਰਹਿੰਦੇ ਸਨ। ਦਿਨ ਵੇਲੇ ਉਸ 'ਤੇ ਤਾਇਆ ਭਾਨ ਸਿੰਘ ਤੇ ਹੋਰ ਬਜ਼ੁਰਗ ਬੈਠੇ ਰਹਿੰਦੇ। ਵੱਡੀ ਰਾਤ ਤੱਕ ਮੁੰਡੇ ਬੈਠੇ ਰਹਿੰਦੇ ਸਨ। ਕੰਮ-ਕਾਜ ਤੋਂ ਵਿਹਲੇ ਹੋ ਕੇ ਮੁੰਡੇ-ਖੁੰਡੇ ਤੇ ਚੋਬਰ ਰਾਤ ਨੂੰ ਆ ਬਹਿੰਦੇ। ਇਸ ਵੇਲੇ ਤੱਕ ਪੀਤੂ ਤੇ ਜੀਤਾ ਅਜੇ ਵੀ ਬੈਠੇ ਸਨ।

ਮਣੀਆ ਤੇ ਮੁਣਸ਼ੀ ਝੂਲਦੇ ਜਾ ਰਹੇ ਸਨ। ਉਨ੍ਹਾਂ ਦੇ ਪਿੱਛੇ ਕੁਝ ਫਾਸਲੇ 'ਤੇ ਮੈਂ ਜਾ ਰਿਹਾ ਸਾਂ।

"ਸਾਲੇ ਭਈਏ ਕਿਵੇਂ ਝੂਲਦੇ ਜਾਂਦੇ ਨੇ।" ਪੀਤੂ ਤੇ ਜੀਤਾ ਸੁਭਾਵਕ ਹੀ ਇਕੱਠੇ ਬੋਲੇ। ਇਹ ਸੁਣ ਕੇ ਬਹਿਕਿਆ ਮੁਣਸ਼ੀ ਹੋਰ ਵੀ ਬਹਿਕ ਗਿਆ। ਉਹ ਲੱਤਾਂ ਗੱਡ ਕੇ ਖੜ੍ਹ ਗਿਆ। ਉਸ ਨੇ ਲਲਕਾਰਾ ਮਾਰਿਆ। ਜਿਵੇਂ ਇਹ ਲਲਕਾਰਾ ਮਾਰ ਕੇ ਆਪਣੇ ਮਨ ਦੀ ਭੜਾਸ ਕੱਢ ਰਿਹਾ ਹੋਵੇ, ਜਿਵੇਂ ਸਾਰੇ ਪਿੰਡ ਨੂੰ ਲਲਕਾਰ ਰਿਹਾ ਹੋਵੇ।

"ਠਹਿਰ ਜਾ, ਲਾਹੁੰਦੇ ਆ ਤੇਰੀ ਸ਼ਰਾਬ।" ਪੀਤੂ ਅਤੇ ਜੀਤਾ ਉੱਠ ਕੇ ਉਸ ਨੂੰ ਕੁੱਟਣ ਈ ਲੱਗੇ ਸਨ, ਮੈਨੂੰ ਦੇਖ ਕੇ ਭਰੇ-ਭਰਾਏ ਚੁੱਪ ਹੋ ਗਏ। "ਚਾਚਾ, ਤੇਰੇ ਮੂੰਹ ਨੂੰ, ਨਹੀਂ ਤਾਂ ਇਹ ਜਾਤ?" ਮਣੀਏ ਨੇ ਮੁਣਸ਼ੀ ਦੇ ਮੂੰਹ 'ਤੇ ਹੱਥ ਰੱਖ ਕੇ ਢਲਕ ਬੋਚ ਲਈ। ਉਹ ਮੁਣਸ਼ੀ ਦੇ ਘਸੁੰਨ ਤੇ ਘਸੁੰਨ ਮਾਰ ਰਿਹਾ ਸੀ।

***(ਬਾਕੀ ਅਗਲੇ ਸਫੇ 'ਤੇ)***

# ਸਿਆਸੀ ਮੁਨਾਫਿਆਂ ਦਾ ਮੱਕੜਜਾਲ ਅਤੇ ਪੰਜਾਬ ਦੀ ਜਵਾਨੀ

ਸਾਡੇ ਨਿੱਕੇ ਹੁੰਦਿਆਂ ਆਜ਼ਾਦੀ ਤੋਂ ਤੁਰੰਤ ਮਗਰੋਂ ਵਾਲੇ ਸਾਲਾਂ ਵਿਚ ਸਿਆਸੀ ਬੰਦਿਆਂ ਅਤੇ ਲੋਕਤੰਤਰ ਪ੍ਰਣਾਲੀ ਰਾਹੀਂ ਸਾਜੇ ਲੀਡਰਾਂ ਨੂੰ ਵਜ਼ੀਰ ਕਿਹਾ ਜਾਂਦਾ ਸੀ। ਇਕ ਵਾਰੀ ਦੀ ਗੱਲ ਹੈ ਕਿ ਵਜ਼ੀਰ ਕਹਾਉਂਦੀਆਂ ਇਹ ਸ਼ਖਸੀਅਤਾਂ ਸਾਡੀ ਆਬਾਦੀ ਦੇ ਪਿਛਵਾੜੇ ਪੈਂਦੇ ਡਾਕ ਬੰਗਲੇ (ਰੈਸਟ ਹਾਊਸ) ਵਿਚ ਠਹਿਰਨ ਲਈ ਆਈਆਂ। ਅਸੀਂ ਬਨੇਰਿਆਂ ਵਾਲੀਆਂ ਛੱਤਾਂ 'ਤੇ ਚੜ੍ਹ ਕੇ ਇਹ ਦੇਖਣ ਲਈ ਅਹੁਲਦੇ ਰਹੇ ਕਿ 'ਵਜ਼ੀਰ' ਪਤਾ ਨਹੀਂ ਕਿਹੋ ਜਿਹੇ ਬੰਦੇ ਹੁੰਦੇ। ਕੋਈ ਸੁਪਰਮੈਨ ਜਾਂ ਅਜਿਹੇ ਬੰਦੇ ਜਿਨ੍ਹਾਂ ਨੂੰ ਸੁਰਖਾਬ ਦੇ ਪਰ ਲੱਗੇ ਹੋਣ। ਉਦੋਂ ਤੋਂ ਹੁਣ ਤੱਕ ਲੋਕਰਾਜ ਦੇ ਪੁਲਾਂ ਹੇਠੋਂ ਪਾਣੀ ਲੰਘਦੇ ਨੂੰ ਸੱਤ-ਅੱਠ ਦਹਾਕੇ ਬੀਤਣ ਨੂੰ ਆਏ ਹਨ, ਇਹ ਸਿਆਸੀ ਬੰਦੇ ਇਸ ਦੌਰਾਨ ਐੱਮ.ਪੀ., ਐੱਮ.ਐੱਲ.ਏ., ਮੰਤਰੀ, ਮੁੱਖ ਮੰਤਰੀ, ਪ੍ਰਧਾਨ ਮੰਤਰੀ ਆਦਿ ਕਈ ਅਹਿਮ ਪਦਾਂ 'ਤੇ ਬਿਰਾਜਮਾਨ ਹੁੰਦੇ ਰਹੇ। ਪਹਿਲਾਂ ਤਾਂ ਇਨ੍ਹਾਂ ਦਾ ਵਿਹਾਰ ਰੁਤਬਿਆਂ ਅਨੁਸਾਰ ਸਭਿਅਕ ਰਿਹਾ। ਫਿਰ ਹੌਲੀ-ਹੌਲੀ ਇਨ੍ਹਾਂ ਅੰਦਰ ਸ਼ੱਕੀ ਕਿਰਦਾਰ ਵੀ ਸ਼ਾਮਲ ਹੋ ਗਏ। ਇਹ ਸੰਸਦ ਵਿਚ ਇਜਲਾਸ ਸਮੇਂ ਖਰੂਦੀ ਹੋ ਕੇ ਖੱਪਖਾਨਾ ਕਰਨ ਲੱਗੇ। ਇਨ੍ਹਾਂ ਦੀ ਬੋਲੀ ਠਿੱਬੀਆਂ ਲਾਉਣ, ਲਾਹਨਤਾਂ ਪਾਉਣ, ਉਲਾਂਭੇ ਦੇਣ ਅਤੇ ਸ਼ਰੀਕੇਬਾਜ਼ੀ ਵਾਲੀ ਹੋ ਗਈ।



**ਕਮਲੇਸ਼ ਉੱਪਲ (ਪ੍ਰੋ.)**
ਫੋਨ: +91-98149-02564

ਆਜ਼ਾਦੀ ਮਿਲਣ ਮਗਰੋਂ ਸੱਤ-ਅੱਠ ਦਹਾਕਿਆਂ ਦਾ ਪਹਿਲਾ ਅੱਧ ਤਾਂ ਮੁਕਾਬਲਤਨ ਸ਼ਾਇਸਤਗੀ ਵਾਲਾ ਸੀ ਪਰ ਪਿਛਲੇ ਤਿੰਨ-ਚਾਰ ਦਹਾਕਿਆਂ ਵਿਚ ਸਿਆਸਤ ਵਿਚ ਨਿਘਾਰ ਆਉਣਾ ਸ਼ੁਰੂ ਹੋ ਗਿਆ। ਇਸ ਨਿਘਾਰ ਦੀਆਂ ਨਿਸ਼ਾਨੀਆਂ ਹੁਣ ਅਖਬਾਰਾਂ ਦੀਆਂ ਸੁਰਖੀਆਂ ਵਿਚ ਨੁਮਾਇਆਂ ਹੋ ਰਹੀਆਂ ਹਨ। ਉਦੋਂ ਵਜ਼ੀਰ ਕਹਾਉਂਦੇ ਸਿਆਸੀ ਸ਼ਖਸ ਜੋ ਕਿਸੇ ਸਮੇਂ ਸਾਡੇ ਲਈ ਅੱਲੋਕਾਰੇ ਸਨ, ਹੁਣ ਆਪਣੇ ਨਾਵਾਂ ਨਾਲ ਲੱਗੇ ਜੇਲ੍ਹਾਂ ਦੀਆਂ ਬੈਰਕਾਂ ਦੇ ਨੰਬਰਾਂ ਤੋਂ ਵੀ ਜਾਣੇ ਜਾਣ ਲੱਗੇ। ਇਨ੍ਹਾਂ ਨੂੰ ਜੇਲ੍ਹ ਦੀਆਂ ਬੈਰਕਾਂ ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ ਵਰਗੇ ਸ਼ਹੀਦਾਂ ਵਾਂਗ ਨਹੀਂ ਮਿਲੀਆਂ; ਇਹ ਆਮ ਅਪਰਾਧੀਆਂ ਵਾਂਗ ਕਤਲ, ਖੂਨ, ਤਸਕਰੀ ਜਿਹੇ ਜੁਰਮਾਂ ਨਾਲ ਜੁੜੇ ਹਨ। ਕਿਸੇ ਸ਼ਰੀਫ ਦਾ ਕਤਲ, ਕਿਸੇ ਨਿਹੱਥੇ ਦਾ ਖੂਨ ਅਤੇ ਨਸ਼ਾ ਤਸਕਰਾਂ ਦੀ ਸਰਪ੍ਰਸਤੀ (ਥਾਪੜਾ) ਵਰਗੇ ਅਪਰਾਧਾਂ ਦੀ ਸਜ਼ਾ ਪਾ ਕੇ ਇਹ ਹੁਣ ਲੋਕਾਂ ਦੇ ਰਾਜੇ ਲੋਕਰਾਜ ਅਤੇ ਆਪਣੇ ਹੀ ਚੋਣਕਾਰਾਂ ਨੂੰ ਸ਼ਰਮਸਾਰ ਕਰ ਰਹੇ ਹਨ। ਮੁੱਕਦੀ ਗੱਲ ਇਹ ਕਿ 75 ਸਾਲ ਦੀ ਆਜ਼ਾਦੀ ਹੁਣ ਇਨ੍ਹਾਂ ਹੱਥੋਂ ਸ਼ਰਮਸਾਰ ਹੈ। ਚੰਗਾ ਹੁੰਦਾ ਜੇ ਇਹ ਆਪ ਹੀ ਸ਼ਰਮਸਾਰ ਹੋ ਕੇ ਜਨਤਕ ਮੁਆਫੀਆਂ ਮੰਗਦੇ ਤੇ ਪਛਤਾਵੇ ਦੀ ਭਾਵਨਾ ਨਾਲ ਜਨ-ਸੇਵਾ ਜਿਹਾ ਕੁਝ ਕਰ ਦਿਖਾਉਂਦੇ। ਇੰਜ ਕਰਕੇ ਇਹ ਮਨੁੱਖੀ ਕਿਰਦਾਰ, ਸਮਾਜ ਅਤੇ ਇਨਸਾਨੀਅਤ ਦੀ ਅਜ਼ਮਤ ਕਾਇਮ ਰਹਿਣ ਦਿੰਦੇ। ਇਨ੍ਹਾਂ ਨੇ ਮਨੁੱਖੀ ਕਿਰਦਾਰ ਦੀਆਂ ਨੇਕੀਆਂ ਨੂੰ ਨਿਆਸਰਾ ਕਰਨ ਵਿਚ ਹੀ ਯੋਗਦਾਨ ਪਾਇਆ ਹੈ। ਬੰਦੇ ਦੀ ਬੰਦਗੀ ਦੇ ਵੱਕਾਰ ਨੂੰ ਠੇਸ ਪਹੁੰਚਾਈ ਹੈ।



ਸਿੱਧੂ ਮੂਸੇਵਾਲਾ

ਸਮਾਂ ਪਾ ਕੇ ਭਾਰਤੀ ਜਮਹੂਰੀਅਤ ਦੋ ਪੱਧਰਾਂ 'ਤੇ ਸਰਗਰਮ ਹੋਣ ਲੱਗੀ ਹੈ। ਇਕ ਪੱਧਰ ਆਮ ਜਨ-ਜੀਵਨ ਦਾ ਹੈ ਤੇ ਦੂਜਾ ਸਿਆਸੀ ਕੁਨਬਾਪ੍ਰਸਤੀ ਦਾ ਹੈ ਜੋ ਆਪਣੀਆਂ ਕੁਰਸੀਆਂ ਤੇ ਵੋਟਾਂ ਲਈ ਦੌੜਭੱਜ, ਮਿਲੀਭੁਗਤ, ਦਾਓਪੇਚ, ਝੂਠ-ਫਰੇਬ, ਦਲਬਦਲੀ ਅਤੇ ਪਾਰਟੀ ਮੈਂਬਰਾਂ ਦੀ ਖਰੀਦ-ਵੇਚ ਵਿਚ ਗੁਸਿਆ ਹੈ। ਹੁਣ ਜਮਹੂਰੀਅਤ ਵਿਚ ਇਹ ਪੱਧਰ ਹੀ ਭਾਰੂ ਹੈ। ਇਕ ਜ਼ੋਰਾਵਰ ਪਾਰਟੀ ਦੂਜੀ ਪਾਰਟੀ ਨੂੰ ਕਹਿ ਰਹੀ ਹੈ- 'ਸਿਰ ਤੋਂ ਪਾਣੀ ਨਹੀਂ ਲੰਘਣ ਦਿਆਂਗੇ।' ਦੂਜੀ ਪਾਰਟੀ ਤੀਜੀ ਨੂੰ ਕਹਿ ਰਹੀ ਹੈ- 'ਸਾਂਭ ਲਓ, ਹੂੰਝ ਲਓ, ਸਾਰਾ ਕੂੜਾ ਲੈ ਜਾਓ।' ਇਹ ਇਨ੍ਹਾਂ ਦੀ ਬੋਲਬਾਣੀ ਦੇ ਨਮੂਨੇ ਹਨ। ਵੋਟ ਪਾਉਣ ਦਾ ਹੱਕ ਹੁਣ ਚੜ੍ਹਦੀ ਜਵਾਨੀ ਵੇਲੇ ਹੀ ਮਿਲਣ ਲੱਗ ਪਿਆ ਹੈ ਪਰ ਨੌਜਵਾਨੀ ਦੇ ਇਹ ਸਿਆਸੀ ਰਾਹ-ਦਸੇਰੇ ਉਜਾੜਿਆਂ, ਲੁੱਟਮਾਰ, ਉਧਾਲਿਆਂ, ਚੋਰੀਆਂ, ਡਾਕਿਆਂ, ਹੱਤਿਆਵਾਂ, ਦੀ ਸਰਪ੍ਰਸਤੀ ਕਰਨ ਜੋਗੇ ਰਹਿ ਗਏ ਹਨ।

ਸਿੱਧੂ ਮੂਸੇਵਾਲਾ ਦਾ ਇਕ ਵੀ ਗੀਤ ਜਾਂ ਉਸ ਦਾ ਵਿਯੂਅਲ ਸੁਣਨ, ਦੇਖਣ ਦਾ ਮੌਕਾ ਨਹੀਂ ਸੀ ਮਿਲਿਆ। ਹੁਣ ਅਚਾਨਕ ਕਿਸੇ ਪੰਜਾਬੀ ਚੈਨਲ 'ਤੇ ਵੀਡੀਓ ਨਜ਼ਰੀਂ ਪਿਆ- 'ਦਿ ਲਾਸਟ ਰਾਈਡ'। ਦੇਖਣ ਸਮਝਣ ਦੀ ਕੋਸ਼ਿਸ਼ ਕੀਤੀ। ਪੰਦਰਾਂ ਵੀਹ ਸਕਿੰਟ ਦੇਖ ਕੇ ਇਹ ਤਾਂ ਸਮਝ ਆ ਗਿਆ ਕਿ ਬੰਦੂਕਾਂ ਰਿਵਾਲਵਰਾਂ ਨਾਲ ਲੈਸ ਇਹ ਨਾਇਕ ਨਾਇਕਾ(ਵਾਂ) ਸਿੱਧੂ ਮੂਸੇਵਾਲਾ ਦੇ ਗੀਤ ਵਿਚ ਗਤੀਸ਼ੀਲ ਹਨ ਪਰ ਇਹ ਕਹਿੰਦੇ ਕੀ ਹਨ, ਦਿਖਾਉਂਦੇ ਕੀ ਹਨ, ਕੁਝ ਪੱਲੇ ਨਹੀਂ ਸੀ ਪੈ ਰਿਹਾ। ਰਤਾ ਗਹੁ ਨਾਲ ਦੇਖਿਆਂ ਇੰਨਾ ਹੀ ਪੱਲੇ ਪਿਆ ਕਿ ਸੰਗੀਤ ਵਰਗੀ ਕਲਾ ਨਾਲ ਇਸ ਤੋਂ ਵੱਧ ਬੇਹੂਦਗੀ ਹੋਰ ਨਹੀਂ ਹੋ ਸਕਦੀ। ਮਨ ਖਰਾਬ ਹੋ ਗਿਆ, ਕਚਿਆਣ ਜਿਹੀ ਆਈ ਤੇ ਚੈਨਲ ਬਦਲ ਦਿੱਤਾ। ਤਾਂ ਇਹ ਹੈ ਮੂਸੇਵਾਲਾ ਦਾ ਸਟਾਈਲ! ਮੇਰਾ ਜ਼ਿਹਨ ਗੂੰਜਿਆ। ਕੀ ਇਹ ਉਹੀ ਰੋਲ਼ਾਰੱਪਾ ਜਾਂ ਖਰੂਦ ਹੈ ਜਿਸ ਨੂੰ 'ਮਿਲੀਅਨਜ਼' ਨੇ ਦੇਖਿਆ, ਸੁਣਿਆ ਤੇ ਜਿਸ ਤੇ ਕਾਂਗਰਸੀਆਂ ਨੇ ਸਿੱਧੂ ਨੂੰ ਚੋਣ ਲੜਨ ਲਈ ਟਿਕਟ ਦੇ ਕੇ ਸਿਆਸੀ ਮੁਹਰ ਲਗਾ ਦਿਤੀ? ਕੀ ਹੋ ਗਿਆ ਹੈ ਪੰਜਾਬੀ ਜਵਾਨੀਆਂ ਦੀ ਮਾਨਸਿਕਤਾ ਨੂੰ? ਜੇ ਹਿੰਸਾ, ਖਰੂਦ ਤੇ ਬੰਦੂਕਾਂ ਦੀ ਚਕਾਚੌਂਧ ਅਤੇ ਧੁੰਦ ਹੀ ਇਨ੍ਹਾਂ ਦਾ ਸਾਹਿਤ ਅਤੇ ਸੰਗੀਤ ਹੈ ਤਾਂ ਹੁਣ ਫਿਰ ਰੱਬ ਵੀ ਰਾਖਾ ਨਹੀਂ ਹੈ।

ਅਸਲ ਵਿਚ ਇਸ ਬਦਬਖਤ ਬੇਹੂਦਗੀ ਦੀਆਂ ਨੀਹਾਂ ਅਤੇ ਜੜ੍ਹਾਂ ਇਨ੍ਹਾਂ ਜਵਾਨੀਆਂ ਦੇ ਪਾਲਣ ਪੋਸ਼ਣ ਵਿਚ ਪਈਆਂ ਹਨ। ਪਰਿਵਾਰ ਵਿਚੋਂ ਮਾਪਿਆਂ ਤੋਂ ਮਿਲੀ ਸਿੱਖਿਆ ਲਾਡ ਪਿਆਰ ਅਤੇ ਹੱਲਾਸ਼ੇਰੀਆਂ ਤਕ ਸੀਮਤ ਰਹਿੰਦੀ ਹੈ। ਕਿਸੇ ਜ਼ਾਬਤੇ ਦੀ ਲਗਾਮ ਨਹੀਂ ਪਾਉਂਦੀ। ਨਤੀਜਾ: ਬੇਲਗਾਮ ਤਨ ਮਨ ਅਤੇ ਸੌਖ ਨਾਲ ਮਿਲਣ ਵਾਲਾ ਧਨ ਅਰਥਾਂ ਦੇ ਅਨਰਥ ਕਰਨ 'ਤੇ ਉਤਾਰੂ ਹੋ ਜਾਂਦੇ ਹਨ। ਕਈ ਵਿਵਾਦਾਂ ਨੂੰ ਸੱਦਾ ਦਿੰਦੇ ਗੀਤਾਂ ਦਾ ਗਾਇਕ ਸਿੱਧੂ ਮੂਸੇਵਾਲਾ ਸਮਾਜ ਦਾ ਉਹ ਖਿੱਚਪਾਊ ਨਾਂਹਪੱਖੀ ਜੁਜ਼ ਸੀ ਜਿਸ ਨੂੰ ਅਜੋਕੀ ਭਾਰਤੀ ਜਮਹੂਰੀਅਤ ਦੇ ਅਨਸਰ ਅਪਣਾਉਣ ਲਈ ਉਤਾਵਲੇ ਰਹਿੰਦੇ ਹਨ। ਏਕੇ ਸੰਤਾਲੀ ਰਾਈਫਲ 'ਚੋਂ ਗੋਲੀਆਂ ਚਲਾਉਂਦਾ ਨਜ਼ਰ ਆਉਣਾ ਉਸ ਦਾ ਖਾਸ ਬਿੰਬ ਸੀ। ਬੰਦੂਕ ਸਭਿਆਚਾਰ ਅਤੇ ਹਿੰਸਾ ਨੂੰ ਉਤਸ਼ਾਹਿਤ ਕਰਨ ਦੇ ਦੋਸ਼ ਹੇਠ ਕੇਸ ਦਰਜ ਹੋਇਆ (ਸੰਜੇ ਦੱਤ ਨੂੰ ਉਹ ਆਪਣਾ ਮੁਰੀਦ ਮੰਨਦਾ ਸੀ, ਪ੍ਰਸੰਗ ਗੀਤ 'ਸੰਜੂ'), ਹਥਿਆਰਾਂ ਤੇ ਹਿੰਸਾ ਦੀ ਕਲਚਰ ਦਾ ਵਾਹਕ।

ਬੰਦੂਕਾਂ ਵਾਲੇ ਗੀਤ ਸੁਣਨ ਵਾਲਿਆਂ ਦੀ ਗਿਣਤੀ ਵੱਧ ਹੋਣ ਦਾ ਕਾਰਨ ਇਹ ਹੈ ਕਿ ਆਮ ਬੰਦੇ ਅੰਦਰ ਬਦੀ ਵਾਸਤੇ ਬੜੀ ਕਸ਼ਿਸ਼ ਹੁੰਦੀ ਹੈ। ਜਦੋਂ ਕਿਹਾ ਜਾਂਦਾ ਹੈ ਕਿ ਫਲਾਂ ਕਲਾਕਾਰ ਨੇ ਤਾਂ ਲੋਕ ਸ਼ੈਦਾਈ (ਪਾਗਲ) ਕਰ ਦਿਤੇ ਤਾਂ ਇਸ ਲਈ ਠੋਕਵਾਂ ਪ੍ਰਤੀਉੱਤਰ ਇਹ ਹੈ ਕਿ ਸੱਚਾ ਕਲਾਕਾਰ ਕਿਸੇ ਨੂੰ ਪਾਗਲ ਕਿਉਂ ਕਰੇ? ਚੰਗਾ ਤਾਂ ਹੈ ਜੇ ਉਹ ਸ਼ੈਦਾਈ ਦੀ ਥਾਂ 'ਸਿਆਣੇ' ਕਰ ਦਿਖਾਵੇ ਪਰ ਜਿਵੇਂ ਪਹਿਲਾਂ ਬਿਆਨ ਕਰ ਚੁੱਕੇ ਹਾਂ; ਪਰਿਵਾਰ, ਸਮਾਜ ਜਾਂ ਸਿਆਸਤ ਵਿਚੋਂ ਜਵਾਨੀ ਨੂੰ ਸੇਧ ਜਾਂ ਬਣਦੀ ਸਰਪ੍ਰਸਤੀ ਨਹੀਂ ਮਿਲ ਰਹੀ। ਉਹ ਆਪਣੇ ਹੀ ਅਣਸਧੇ ਮਨ ਦੀਆਂ ਹਨੇਰੀਆਂ ਗੁਫਾਵਾਂ ਵਿਚੋਂ ਬੇਮੁਹਾਰੇ ਤਖ਼ੱਈਅਲ ਦੀ ਉਡਾਣ ਰਾਹੀਂ ਆਪਣੀ ਸਫਲਤਾ ਦੇ ਮਹਿਲ ਬਣਾਉਂਦੀ ਹੈ ਤੇ ਗਾਇਕ ਉਨ੍ਹਾਂ ਨੂੰ ਪਾਪੂਲਰ ਗਾਇਕੀ ਦੀਆਂ ਬੈਸਾਖੀਆਂ ਪੁਆ ਕੇ ਸਟੇਜ 'ਤੇ ਲੈ ਆਉਂਦਾ ਹੈ। ਸੁੰਦਰੀਆਂ ਤੇ ਬੰਦੂਕਾਂ ਦੀ ਓਟ ਵਿਚ ਇਸ ਕਥਿਤ ਸਿਰਜਣਾ ਵਿਚੋਂ ਠਾਹਰ, ਤਵੱਜੋ ਅਤੇ ਮਸ਼ਹੂਰੀ ਭਾਲਦਾ ਹੈ। ਉਹ ਇਹ ਵੀ ਜਾਣਦਾ ਹੈ ਕਿ ਇਹ ਦੁਰ-ਚੱਕਰ ਹੈ ਜਿਸ ਵਿਚੋਂ ਨਿਸਤਾਰਾ ਨਹੀਂ ਲੱਭਣਾ। ਇਸੇ ਲਈ 'ਦਿ ਲਾਸਟ ਰਾਈਡ' ਵਰਗੇ ਗੀਤਾਂ ਵਿਚ ਮੌਤ ਨੂੰ ਕਿਆਸਦਾ ਹੈ। ਅਸਲ ਵਿਚ ਉਹ ਆਪਣੀ ਹੋਣੀ ਆਪ ਉਲੀਕ ਰਿਹਾ ਸੀ ਤੇ ਕਿਸੇ ਦੇ ਹਥੋਂ ਜ਼ਿਬਾਹ ਹੋ ਜਾਣ ਨੂੰ ਬਿਹਬਲ ਸੀ। ਸਿਆਸੀ ਮੁਨਾਫਾਖੋਰਾਂ ਨੇ ਇਕ ਦੂਜੇ 'ਤੇ ਇਲਜ਼ਾਮਾਂ ਦੀ ਝੜੀ ਲਾ ਕੇ ਜਾਂ ਸਾਰਾ ਕੁਝ ਮੌਜੂਦਾ ਸਰਕਾਰ ਦੇ ਸਿਰ ਪਾ ਕੇ ਆਪਣਾ ਉੱਲੂ ਸਿੱਧਾ ਕਰ ਲੈਣਾ ਹੈ। ਆਪਣੀ ਭਾਵੀ ਆਪ ਹੀ ਲਿਖਣ ਵਾਲਾ ਟੁਰ ਗਿਆ ਹੈ ਤੇ ਪਿੱਛੇ ਛੱਡ ਗਿਆ ਹੈ ਮਨੋਵਿਗਿਆਨੀਆਂ ਲਈ ਆਪਣੇ ਸਿਰਜੇ 'ਅੱਧਾ ਤਿੱਤਰ ਅੱਧਾ ਬਟੇਰ' ਜਿਹੇ ਮਾਨਸਿਕ ਸੰਸਾਰਾਂ ਲਈ ਖੋਜ ਦਾ ਖੇਤਰ। ਸਿੱਧੂ ਮੂਸੇਵਾਲਾ ਦੀ ਤ੍ਰਾਸਦੀ ਵਿਚੋਂ ਨਾਦਿਰਾ ਜ਼ਹੀਰ ਬੱਬਰ ਦੇ ਲਿਖੇ ਤੇ ਨਿਰਦੇਸ਼ਿਤ ਕੀਤੇ ਨਾਟਕ 'ਦਇਆਸ਼ੰਕਰ ਕੀ ਡਾਇਰੀ' ਅਤੇ ਵਰਿਆਮ ਸੰਧੂ ਦੀਆਂ ਕਹਾਣੀਆਂ ਦੇ ਪਰਛਾਵੇਂ ਉਘੜਦੇ ਹਨ।

## ਗਜ਼ਲਾਂ

ਕਿਹਨੂੰ ਦੱਸੀਏ ਦੁੱਖੜੇ, ਦਰੱਖਤ ਸੀ ਕੱਲ੍ਹ ਕਹਿ ਰਿਹਾ
ਸਾਡਾ ਰਖਵਾਲਾ ਸੰਤਰੀ, ਸਾਨੂੰ ਹੀ ਲੁੱਟ ਕੇ ਲੈ ਗਿਆ।

ਸੁੱਖ ਵਿਲਾਸ ਦੇ ਸੁੱਖਾਂ ਦੀ, ਗੱਲ ਬਿਆਨੋ ਬਾਹਰ ਹੈ
ਆਪੇ ਕਨੂੰਨ ਬਣ ਗਿਆ, ਆਪੇ ਹੀ ਫਿਰ ਢਹਿ ਗਿਆ।

ਰੇਤਾ ਸੀ ਕਹਿੰਦੀ ਦਰਿਆ ਨੂੰ, ਏਹ ਕੌਣ ਨੇ ਏਹ ਕੌਣ ਨੇ
ਚੁੱਪ ਕਰ ਦਰਿਆ ਆਖਦਾ, ਮੰਤਰੀ ਦੇ ਕੰਨੀ ਪੈ ਗਿਆ।

ਕੱਲ੍ਹ ਮਾਂ ਸੀ ਪਾਉਂਦੀ ਕੀਰਨੇ, ਇਕਲੌਤੇ ਪੁੱਤ ਦੀ ਲਾਸ਼ 'ਤੇ
ਚਿੱਟੇ ਦੇ ਸੌਦਾਗਰਾ ਉਜਾੜ ਕੇ, ਕੀ ਤੇਰਾ ਘਰ ਪੈ ਗਿਆ।

ਏਹ ਕਹੀ ਅਜ਼ਾਦੀ ਹੈ ਦੋਸਤੋ, ਤਰੱਕੀਆਂ ਨੇ ਕਿਰਤੀਆਂ
ਸੇਵਾ ਦੇ ਮੌਕੇ ਭਾਲਦਾ, ਮਚਾ ਕੇ ਉਹ ਲੁੱਟਾਂ ਲਹਿ ਗਿਆ

ਗਿੱਠਾਂ ਨਾ ਧਰਤੀ ਨਾਪ ਕੇ, ਵਿਹਲੇ ਸਮੇਂ ਕਦੇ ਮਿਣਓ
ਜਾਂਦੇ ਵਾਰੀ ਤਾਂ ਦੋਸਤਾ, ਸਰੀਰ ਵੀ ਏਥੇ ਰਹਿ ਗਿਆ।

ਕਿਤੇ ਕਾਮ ਨੇ ਕਿਤੇ ਮੋਹ ਨੇ, ਕਿਤੇ ਲੋਭ ਨੇ ਤੇ ਕ੍ਰੋਧ ਨੇ
ਸੁੱਖਵਿੰਦਰਾ ਹੰਕਾਰ ਦੈਂਤ ਏਹ, ਹੈ ਜੜ੍ਹਾਂ 'ਚ ਬਹਿ ਗਿਆ।

*-ਸੁੱਖਵਿੰਦਰ ਬੋਦਲਾਂਵਾਲਾ ਵਾਸ਼ਿੰਗਟਨ*
*360 281 2624*

---

ਕਿਸੇ ਅਗੇ ਰਖੀਂ ਫਿਰ ਮੁਹੱਬਤ ਕਰਨ ਦੀ ਇੱਛਾ।
ਅਗਰ ਹੈ ਦਿਲ 'ਚ ਤੇਰੇ ਸਿਰ ਤਲੀ 'ਤੇ ਧਰਨ ਦੀ ਇੱਛਾ।

ਕਲੰਡਰ ਕੰਧ 'ਤੇ ਟੰਗੇ ਹਮੇਸ਼ਾਂ ਪੁਛਦੇ ਮੈਨੂੰ,
ਅਜੇ ਕਿੰਨੀ ਕੁ ਬਾਕੀ ਹੈ ਉਡੀਕਾਂ ਕਰਨ ਦੀ ਇੱਛਾ।

ਪਰਿੰਦਾ ਪਿੰਜਰੇ ਵਿਚ ਵੀ ਪਰਾਂ ਨੂੰ ਤੋਲਦਾ ਜਿਹਤਾ,
ਨਹੀਂ ਮੁੱਕੀ ਅਜੇ ਉਸ ਦੀ ਉਡਾਰੀ ਭਰਨ ਦੀ ਇੱਛਾ।

ਤਖੱਲਸ ਰਖ ਕੇ ਬਾਗੀ ਦੁਚਿੱਤੀ ਵਿਚ ਪਿਆ ਕਾਹਤੋਂ,
ਡਰੀਂ ਨਾ ਕਤਲਗਾਹਾਂ 'ਤੋਂ ਹੈ ਜੇਕਰ ਮਰਨ ਦੀ ਇੱਛਾ।

ਮੈਂ ਸਾਰੀ ਜ਼ਿੰਦਗੀ ਇਹ ਜ਼ਖਮ ਰਖੇ ਸੀ ਲੁਕੋ ਕੇ, ਪਰ,
ਤੇਰੇ ਮਨ ਵਿਚ ਕਿਉਂ ਜਾਗੀ ਇਨ੍ਹਾਂ ਨੂੰ ਭਰਨ ਦੀ ਇੱਛਾ।

ਗੁਰੂ ਜਦ ਦਕਸ਼ਣਾ ਮੰਗੀ, ਕਿਹਾ, ਬੇਬਾਕ ਫਿਰ ਉਸ ਨੇ,
'ਅਜੈ ਤਨਵੀਰ' ਦੀ ਕੋਈ ਨਹੀਂ ਹੈ ਹਰਨ ਦੀ ਇੱਛਾ।

***-ਅਜੈ ਤਨਵੀਰ***

ਝੀਲਾਂ ਤੀਕਰ ਪਹੁੰਚਦਿਆਂ ਤੇਹਾਂ ਦੇ ਅਰਥ ਗੁਆਚ ਗਏ।
ਆਲਣਿਆਂ ਨੂੰ ਪਰਤੇ ਤਾਂ ਰੁੱਖਾਂ ਦੇ ਅਰਥ ਗੁਆਚ ਗਏ।

ਏਥੇ ਤਾਂ ਹਰ ਚਿਹਰੇ ਦੀ ਤਹਿ ਹੇਠਾਂ ਇਕ ਕੁਲਛੇਤਰ ਹੈ,
ਕੀ ਜਿੱਤਾਂ ਕੀ ਹਾਰਾਂ ਹੁਣ ਦੋਹਾਂ ਦੇ ਅਰਥ ਗੁਆਚ ਗਏ।

ਕੱਚੇ ਪੱਕੇ ਰੰਗ ਆਪਸ ਵਿਚ ਝਗੜ ਰਹੇ ਸਨ ਐਵੇਂ ਹੀ,
ਐਸੀ ਬਾਰਸ਼ ਆਈ ਸਭ ਰੰਗਾਂ ਦੇ ਅਰਥ ਗੁਆਚ ਗਏ।

ਮੇਰੀਆਂ ਨਮ ਅੱਖਾਂ ਤੋਂ ਲੈ ਕੇ ਤੇਰੇ ਦਿਲ ਦੀ ਸਰਦਲ ਤਕ,
ਰੇਤ ਵਿਛੀ ਸੀ ਏਨੀ ਕਿ ਹੰਝੂਆਂ ਦੇ ਅਰਥ ਗੁਆਚ ਗਏ।

ਜੰਗਲ ਛੱਡ ਇਕ ਪੰਛੀ ਸੋਨੇ ਦੇ ਪਿੰਜਰੇ ਵਿਚ ਜਾ ਬੈਠਾ,
ਚੂਰੀ ਖਾਂਦੇ ਹੀ ਉਸਦੇ ਖੰਭਾਂ ਦੇ ਅਰਥ ਗੁਆਚ ਗਏ।

ਚੰਗਾ ਸੀ ਜੋ ਚੁੱਪ ਦੀ ਭਾਸ਼ਾ ਵਿਚ ਦਿਲ ਦੀ ਗੱਲ ਕਹਿ ਲੈਂਦਾ,
ਮੂੰਹੋਂ ਬੋਲਣ ਸਾਰ ਮੇਰੇ ਸ਼ਬਦਾਂ ਦੇ ਅਰਥ ਗੁਆਚ ਗਏ।

***-ਜਸਵਿੰਦਰ***

## ਮਣੀਆ

***(ਪਿਛਲੇ ਸਫੇ ਦੀ ਬਾਕੀ)***

ਮੁਣਸ਼ੀ ਅਬਾ-ਤਬਾ ਬੋਲਦਾ ਗਾਲ਼ ਤੇ ਗਾਲ਼ ਕੱਢੀ ਜਾ ਰਿਹਾ ਸੀ। ਪੀਤੂ ਦਾ ਗੁੱਸਾ ਅਜੇ ਠੰਢਾ ਨਹੀਂ ਸੀ ਹੋਇਆ।

"ਚਾਚਾ, ਬਸ ਤੇਰੇ ਮੂੰਹ ਨੂੰ ਚੁੱਪ ਕਰ ਗਏ।" ਗੱਲ ਇਸ ਤੋਂ ਵੀ ਵੱਧ ਸੀ ਕਿ ਜੇ ਭਈਏ ਆਉਣੋਂ ਹਟ ਗਏ ਤਾਂ ਗੱਡੀ ਕਿਵੇਂ ਰੁੜ੍ਹ? ਮੁਣਸ਼ੀ ਭਈਆ ਬੋਲੀ ਵਿਚ ਗਾਲ੍ਹਾਂ ਕੱਢਦਾ ਨਾਲ ਦੇ ਪਿੰਡ ਦੇ ਰਾਹ ਪੈ ਗਿਆ ਜਿੱਥੇ ਉਹ ਠਹਿਰਿਆ ਸੀ।

"ਮੁਣਸ਼ੀ ਕੀ ਬਕਦਾ ਸੀ?" ਮੈਂ ਮਣੀਏ ਤੋਂ ਪੁੱਛਿਆ।

ਮੇਰੇ ਵਾਰ-ਵਾਰ ਪੁੱਛਣ 'ਤੇ ਮਣੀਏ ਨੇ ਦੱਸਿਆ, "ਸਾਲੀ ਬੋਲਤਾ ਮੈਂ ਮੁਣਸ਼ੀ ਯਾਦਵ, ਮੇਰਾ ਵੀ ਕੋਈ ਨਾਂ ਹੈ। ਕੌਣ ਗਾਲੀ ਨਿਕਲੂ। ਚਲੋ ਮੇਰੇ ਦੇਸ਼। ਘੇਰਾਂਗੇ ਟਰੱਕਾਂ ਦੇ ਟਰੱਕ। ਲਾ ਦੇਂਗੇ ਅੱਗ।" ਮੁਣਸ਼ੀ ਕਿਉਂ ਬੁੜ੍ਹਕਿਆ? ਇਸ ਦੀ ਸਮਝ ਤਾਂ ਮੈਨੂੰ ਪਰਦੇਸ ਜਾ ਕੇ ਆਈ ਸੀ।

ਅਗਲੇ ਸਾਲ ਵੀ ਉਸ ਨੇ ਮੇਰੇ ਨਾਲ ਰਹਿਣਾ ਸੀ। ਮੈ ਅਗਲੇ ਸਾਲ ਦੇ ਪੈਸੇ ਵੀ ਇੱਕ ਸਾਲ ਪਹਿਲਾਂ ਉਸ ਨੂੰ ਦੇ ਦਿੱਤੇ। ਉਹ ਆਪਣੀ ਘਰਵਾਲੀ ਨੂੰ ਲੈ ਆਇਆ ਅਤੇ ਮੇਰੇ ਗੁਆਂਢ ਰਹਿਣ ਲੱਗ ਪਿਆ।

ਪੰਜਾਬ ਦੇ ਹਾਲਾਤ ਬਹੁਤ ਖਰਾਬ ਸਨ। ਉਹ ਵੇਲੇ-ਕੁਵੇਲੇ ਵੀ ਘਰ ਨਹੀਂ ਆ ਸਕਦਾ ਸੀ। ਉਪਰੋਂ ਸ਼ਾਂਤੀ ਗਰਭਵਤੀ ਹੋ ਗਈ। ਉਸ ਦੀ ਦੇਖ-ਭਾਲ ਲਈ ਕੋਈ ਔਰਤ ਵੀ ਤਾਂ ਚਾਹੀਦੀ ਸੀ। ਛੇ ਮਹੀਨੇ ਰਹਿ ਕੇ ਸ਼ਾਂਤੀ ਵਾਪਸ ਚਲੀ ਗਈ। ਮਣੀਆ ਫਿਰ ਮੋਟਰ 'ਤੇ ਰਹਿਣ ਲੱਗ ਪਿਆ। ਮੈਂ ਇਸ ਤੋਂ ਸਾਲ ਪਿੱਛੋਂ ਪਰਦੇਸ ਚਲਿਆ ਗਿਆ ਤੇ ਮੇਰਾ ਪੁੱਤ ਤੇ ਮਣੀਆ ਖੇਤੀ ਕਰਨ ਲੱਗਿਆ।

ਮੈਂ ਪੰਜ ਸਾਲ ਪਿੱਛੋਂ ਵਾਪਸ ਮੁੜਿਆ। ਰਾਤ ਦੇ ਦਸ ਵਜੇ ਏਅਰਪੋਰਟ 'ਤੇ ਉੱਤਰਿਆ। ਮੇਰਾ ਪੁੱਤਰ ਹਰਬੀਰ ਮੈਨੂੰ ਲੈਣ ਆਇਆ ਹੋਇਆ ਸੀ।

ਅਸੀਂ ਚਾਲੀ ਮੀਲ ਦਾ ਸਫ਼ਰ ਤੈਅ ਕਰਕੇ ਇੱਕ ਢਾਬੇ 'ਤੇ ਠਹਿਰੇ।

ਢਾਬੇ 'ਤੇ ਪੂਰੀ ਚਹਿਲ-ਪਹਿਲ ਸੀ। ਇਸ ਦੁਆਲੇ ਬਾਜ਼ਾਰ ਉਸਰਿਆ ਪਿਆ ਸੀ। ਮੁਸਾਫਰਾਂ ਦੀਆਂ, ਏਅਰਪੋਰਟ ਤੋਂ ਆਉਣ ਵਾਲੀਆਂ ਤੇ ਏਅਰਪੋਰਟ ਨੂੰ ਜਾਣ ਵਾਲੀਆਂ ਕਾਰਾਂ ਦਾ ਘੜਮੱਸ ਸੀ। ਇੱਥੇ ਢਾਬੇ ਵਿਚ ਕੰਮ ਕਰਨ ਵਾਲੇ ਸਾਰੇ ਭਈਏ ਸਨ- ਕੁੱਕ, ਵੇਟਰ, ਰਿੰਨ੍ਹਣ-ਪਕਾਉਣ ਤੇ ਵਰਤਾਉਣ ਵਾਲੇ, ਬਿਲ ਦੇ ਕੇ ਪੈਸੇ ਵਸੂਲ ਕਰਨ ਵਾਲੇ। ਢਾਬੇ ਦਾ ਮਾਲਕ ਇਕੱਲਾ ਹੀ ਪੰਜਾਬੀ ਸੀ। ਅੰਬਾਲੇ ਨੇੜੇ ਆ ਕੇ ਅਸੀਂ ਰੇਹੜੀ ਤੋਂ ਜੂਸ ਪੀਤਾ। ਜੂਸ ਕੱਢ ਕੇ ਦੇਣ ਵਾਲਾ ਵੀ ਭਈਆ ਸੀ। ਅੱਗੇ ਜਾ ਕੇ ਇੱਕ ਇਤਿਹਾਸਕ ਗੁਰਦੁਆਰੇ ਵਿਚ ਮੱਥਾ ਟੇਕਿਆ। ਲੰਗਰ ਪਕਾਉਂਦੇ ਦੋ ਭਈਏ ਸਿੰਘ ਸਜੇ ਦੇਖ ਕੇ ਹੈਰਾਨ ਰਹਿ ਗਿਆ। ਮੈਨੂੰ ਹੈਰਾਨ ਹੋਇਆ ਦੇਖ ਕੇ ਮੇਰਾ ਪੁੱਤਰ ਬੋਲਿਆ, "ਪਾਪਾ ਜੀ, ਇੱਥੇ ਸ਼ਰਧਾ ਵਾਲੀ ਕੋਈ ਗੱਲ ਨਹੀਂ- ਇਹ ਮੰਡੀ ਆ ਮੰਡੀ। ਬਿਜ਼ਨਸ ਆ ਬਿਜ਼ਨਸ। ਹਰ ਚੀਜ਼ ਸਸਤੀ ਦੌੜਦੀ ਆ। ਇੱਥੇ ਤਾਂ ਇਉਂ ਹੈ, ਬਾਹਰ ਦਾ ਬੋਨੂੰ ਪਤਾ ਹੋਊ?"

"ਇਹ ਨਹਿਰ ਵੀ ਉਸੇ ਦਰਿਆ ਵਿਚੋਂ ਨਿਕਲਦੀ ਆ ਜਿਹੜਾ ਉੱਥੇ ਸਮੁੰਦਰ ਵਿਚੋਂ ਨਿਕਲਦਾ ਹੈ।

"ਸਮੁੰਦਰ ਵਿਚੋਂ ਦਰਿਆ?

"ਹਾਂ, ਪੁੱਤਰਾ ਇੰਜ ਹੀ ਹੈ।"

ਮੈਂ ਘਰੇ ਪਹੁੰਚਿਆ, ਅੱਗੇ ਵਿਹੜੇ 'ਚ ਸ਼ਾਂਤੀ ਦੇਵੀ ਪੋਚਾ ਲਾ ਰਹੀ ਸੀ। ਮੈਂ ਭਈਆ ਬੋਲੀ ਵਿਚ ਉਸ ਦਾ ਹਾਲ-ਚਾਲ ਪੁੱਛਿਆ। ਉਸ ਨੇ ਸੋਹਣੀ ਪੰਜਾਬੀ ਵਿਚ ਮੈਨੂੰ 'ਸਤਿ ਸ੍ਰੀ ਅਕਾਲ' ਬੁਲਾਈ। ਮੈਨੂੰ ਉਸ ਨਾਲ ਭਈਆ ਬੋਲੀ ਵਿਚ ਗੱਲ ਕਰਕੇ ਬਹੁਤ ਹੀਣਤਾ ਮਹਿਸੂਸ ਹੋਈ। ਦੂਰ ਪਰੇ ਵਿਹੜੇ ਵਿਚ ਸ਼ਾਂਤੀ ਦੇ ਦੋਵੇਂ ਬੱਚੇ ਮੇਰੇ ਪੋਤੇ ਪੋਤੀ ਨਾਲ 'ਭੰਡਾ ਭੰਡਾਰੀਆ, ਕਿਨ੍ਹਾਂ ਕੁ ਭਾਰ' ਖੇਡਦੇ ਸਾਰੇ ਇਕੋ ਜਿਹੇ ਲੱਗੇ। ਉਸ ਨੇ ਮੁੰਡੇ ਦਾ ਨਾਂ ਮੇਜਰ ਅਤੇ ਕੁੜੀ ਦਾ ਨਾਂ ਸਿਮਰਨ ਰੱਖਿਆ ਸੀ, ਬਿਲਕੁਲ ਬਾਹਰ ਵਾਂਗ ਜਿੱਥੇ ਮਹਿੰਦਰ ਮੈਂਡੀ ਬਣ ਜਾਂਦਾ ਹੈ ਤੇ ਸੁਰਿੰਦਰ ਸੈਂਡੀ ਬਣ ਜਾਂਦੀ ਹੈ।

ਮੇਰੇ ਨਾਲ ਦਾ ਘਰ ਮੇਰੇ ਭਰਾ ਦਾ ਸੀ। ਵਿਹੜੇ ਵਿਚ ਬੈਠੀ ਭਰਜਾਈ ਗੋਡਿਆਂ ਦੇ ਦਰਦ ਦੀ ਸ਼ਿਕਾਇਤ ਕਰਦੀ ਨੇ, ਆਪਣੇ ਘਰੇ ਕੰਮ ਕਰਦੀ ਭਈਆ ਰਾਣੀ ਨੂੰ ਚਾਹ ਬਣਾਉਣ ਲਈ ਕਿਹਾ।

ਹੁਣ ਮਣੀਆ ਮੈਨੂੰ ਮਨੁੱਖ ਲਗਦਾ। ਮੇਰਾ ਆਪਣਾ। ਮੇਰੇ ਵਾਂਗ ਹੀ ਪੀੜਤ। ਮੈਂ ਵੀ ਮਸ਼ੀਨ ਦਾ ਪੁਰਜ਼ਾ ਤੇ ਮਣੀਆ ਵੀ। ਦੋਵੇਂ ਹੀ ਰੋਟੀ-ਰੋਜ਼ੀ ਦੀ ਭਾਲ ਵਿਚ ਦਰ-ਬਦਰ। ਇਕ ਅਪਰਾਧ ਕਰਦਾ, ਸਾਰੇ ਅਪਰਾਧੀ। ਮਣੀਆ ਵੀ ਤੇ ਮੈਂ ਵੀ। ਮੇਰਾ ਵੀ ਸਖਤ ਕੰਮ ਤੇ ਮਣੀਏ ਦਾ ਵੀ। ਉਹ ਭਈਆ ਤੇ ਮੈਂ ਕਾਲਾ, ਹਿੰਦੂ।

"ਸਰਦਾਰ ਜੀ ਪਰਦੇਸ ਗੋਰੀ ਗੋਰੀ ਮੇਮਾਂ, ਸੁਹਣੇ ਗਰ। ਲੋਕ ਬੋਲਤੀ, ਰਬੜ ਕੀ ਸੜਕਾਂ ਹੋਤਾ ਹੈ। ਮੁਝੇ ਵੀ ਲੇ ਚਲਾ ਜਾ। ਇਕ ਬਕਸਾ ਮੈਂ ਡਾਲ ਕੇ।"

"ਮਣੀਏ ਹਾਂ, ਸਭ ਹੈ ਪਰ ਸ਼ਾਂਤੀ ਨਹੀਂ ਮਿਲੇਗੀ।"

"ਸਰਦਾਰ ਜੀ, ਆਪ ਕੋ ਪਿੰਡ ਚੇਤੇ ਆਤੀ। ਚੋਨਾ ਚੇਤੇ ਆਤੀ, ਕਨਕ ਚੇਤੇ ਆਤੀ। ਗਰ ਚੇਤੇ ਆਤੀ।" ਉਸ ਨੇ ਪੁੱਛਿਆ। ਅਸਲ ਵਿਚ ਇਹ ਸ਼ਬਦ ਉਸ ਦੇ ਮਨ ਦੀ ਵੇਦਨਾ ਦਾ ਪ੍ਰਗਟਾਵਾ ਸਨ।

"ਹਾਂ ਮਣੀਏ ਸਭ ਕੁਝ ਯਾਦ ਆਉਂਦਾ; ਘਰ ਵੀ, ਪਿੰਡ ਵੀ। ਮਰੇ ਵੀ, ਜਿਉਂਦੇ ਵੀ, ਸਭ ਯਾਦ ਆਉਂਦੇ ਹਨ। ਸਭ ਦੇ ਸੁਪਨੇ ਆਉਂਦੇ ਹਨ। ਉਹੀ ਦੇਸ਼ ਬਣ ਜਾਂਦਾ ਜਿੱਥੇ ਕੋਈ ਰਹਿਣ ਲੱਗ ਜਾਂਦਾ ਹੈ।" ਮੈਂ ਮਣੀਏ ਨੂੰ ਕਹਿ ਰਿਹਾ ਸੀ ਪਰ ਆਪਣੇ ਮਨ ਦੀ ਵੇਦਨਾ ਨੂੰ ਜ਼ਬਾਨ ਦੇ ਰਿਹਾ ਸੀ। ਉਹ ਸਰਦਾਰ ਜੀ ਕਹਿ ਕੇ ਮੇਰੇ ਪੈਰੀਂ ਹੱਥ ਲਾਉਣ ਲੱਗਿਆ। ਮੈਂ ਉਸ ਨੂੰ ਬੁੱਕਲ ਵਿਚ ਲੈ ਕੇ ਕਿਹਾ, "ਮਣੀਏ, ਭਈਆ ਕੌਣ? ਸਰਦਾਰ ਕੌਣ? ਸਰਦਾਰ ਉਹੀ ਬਣੂ ਜਿਹੜਾ ਕੰਮ ਕਰੂ। ਵਿਹਲੜ ਸਰਦਾਰ ਨਹੀਂ ਬਣ ਸਕਦਾ।"

"ਅੱਛਾ ਭਈਆ, ਮੈਂ ਚਲਿਆਂ, ਆਪਣੇ ਦੇਸ਼।"

"ਆਪਣੇ ਦੇਸ਼! ਸਰਦਾਰ ਜੀ।" ਉਹ ਸੁਣ ਕੇ ਹੈਰਾਨ ਰਹਿ ਗਿਆ।

"ਹਾਂ! ਆਪਣੇ ਦੇਸ਼। ਉਹੀ ਦੇਸ਼ ਬਣ ਜਾਂਦਾ ਜਿੱਥੇ ਕੋਈ ਰਹਿਣ ਲੱਗ ਜਾਂਦਾ। ਬਸ ਇਕੋ ਰੀਝ ਰਹਿ ਜਾਂਦੀ ਹੈ। ਠੰਢੀ ਹਵਾ ਦੇ ਬੁਲ੍ਹੇ ਆਉਂਦੇ ਰਹਿਣ ਪੇਕਿਆਂ ਵੱਲੋਂ ਵੀ ਤੇ ਸਹੁਰਿਆਂ ਵੱਲੋਂ ਵੀ।"

"ਜੋ ਤੋ ਸਹੀ ਬਾਤ ਬਤਾਈ ਹੈ, ਸਰਦਾਰ ਜੀ।" "ਮਣੀਏ, ਐਵੇਂ, ਕੀ ਸਰਦਾਰ ਸਰਦਾਰ ਜੀ ਦੀ ਰੱਟ ਲਾਈਂ ਜਾਨੈਂ?" ਮੈਂ ਆਪਣੇ ਹੰਝੂ ਲੁਕਾਉਂਦੇ ਹੋਏ ਉਸ ਦੇ ਹੰਝੂ ਪੂੰਝੇ।

ਪਿੰਡੋਂ ਬਾਹਰ ਨਿਕਲਿਆ। ਭਈਆਂ ਦਾ ਟੋਲਾ ਬੱਸ 'ਤੋਂ ਉੱਤਰਿਆ। "ਭਈਏ ਆਤੇ ਹੈਂ ਭਈਏ ਜਾਤੇ ਹੈਂ। ਭਈਆ ਆਤਾ, ਭਈਆ ਜਾਤਾ ਰਹੇ?" ਮੈਂ ਭਈਆ ਬੋਲੀ ਬੋਲਦਾ ਬੋਝਲ ਮਨ ਤੇ ਭਾਰੇ ਕਦਮਾਂ ਨਾਲ ਪਿੰਡ ਦੀ ਜੂਹ ਨੂੰ ਅਲਵਿਦਾ ਕਹਿ ਆਉਂਦਾ ਹਾਂ।

# ਅਮਾਨਤ ਅਲੀ 'ਮੁਸਾਫ਼ਿਰ' ਦੀਆਂ ਨਜ਼ਮਾਂ ਪੜ੍ਹਦਿਆਂ:

ਲਾਹੌਰ ਕਾਲਜ ਦੇ ਪ੍ਰੋਫ਼ੈਸਰ ਅਮਾਨਤ ਅਲੀ ਦਾ ਨਾਂ ਸਾਡੇ ਅਮਰਦੀਪ ਕਾਲਜ ਮੁਕੰਦਪੁਰ ਦੇ ਪ੍ਰੋਫ਼ੈਸਰ ਸ਼ਮਸ਼ਾਦ ਅਲੀ ਨਾਲ ਮਿਲਦਾ-ਜੁਲਦਾ ਹੈ। ਅਮਾਨਤ ਅਲੀ ਲਾਹੌਰ ਵਿਚ ਪੰਜਾਬੀ ਪੜ੍ਹਾਉਂਦਾ ਹੈ, ਸ਼ਮਸ਼ਾਦ ਅਲੀ ਮੁਕੰਦਪੁਰ 'ਚ ਮਿਊਜ਼ਿਕ ਸਿਖਾਉਂਦਾ ਹੈ। ਅਮਾਨਤ ਦਾ ਪਿੰਡ ਪਹਿਲਵਾਨ ਕਿੱਕਰ ਸਿੰਘ ਵਾਲਾ ਘਣੀਏਕੇ ਹੈ ਤੇ ਸ਼ਮਸ਼ਾਦ ਦਾ ਰਾਮਪੁਰੀ ਸ਼ਾਇਰਾਂ ਵਾਲਾ ਰਾਮਪੁਰ। ਅਮਾਨਤ ਅਲੀ ਨਜ਼ਮਾਂ ਲਿਖਦਾ ਹੈ ਤੇ ਸ਼ਮਸ਼ਾਦ ਅਲੀ ਗੀਤ ਗਾਉਂਦਾ ਹੈ। ਦੋਵੇਂ ਜੁਆਨੀ ਦੀਆਂ ਦਹਿਲੀਜ਼ਾਂ ਟੱਪ ਕੇ ਹੁਣ 50ਵਿਆਂ ਵਿਚਕਾਰ ਹਨ। ਜਦੋਂ ਲਾਹੌਰ ਤੋਂ ਅਮਾਨਤ



**ਪ੍ਰਿੰ. ਸਰਵਣ ਸਿੰਘ**

ਅਲੀ ਦਾ ਪਹਿਲੀ ਵਾਰ ਫੋਨ ਆਇਆ ਤਾਂ ਮੈਂ ਮੁਕੰਦਪੁਰ ਤੋਂ ਸ਼ਮਸ਼ਾਦ ਅਲੀ ਦਾ ਸਮਝਿਆ ਸੀ। ਏਨੀ ਤਫ਼ਸੀਲ ਦੇਣ ਦਾ ਮਤਲਬ ਪੌਣੀ ਸਦੀ ਦੇ ਪਾੜੇ/ਵਿਛੋੜੇ ਬਾਅਦ ਵੀ ਚੜ੍ਹਦੇ ਤੇ ਲਹਿੰਦੇ ਪੰਜਾਬ ਦੀ ਆਪਸੀ ਸਾਂਝ ਦੱਸਣ ਤੋਂ ਹੈ। 1947 ਦੀ ਗ਼ੈਰ ਕੁਦਰਤੀ ਵੰਡ ਦੇ 75 ਸਾਲਾਂ ਬਾਅਦ ਵੀ ਪੰਜਾਬ ਅਜੇ ਪੂਰੀ ਤਰ੍ਹਾਂ ਵੰਡਿਆ ਨਹੀਂ ਜਾ ਸਕਿਆ। ਇਕੋ ਰਹਿਤਲ/ਸਭਿਆਚਾਰ ਵਾਲੇ ਲੋਕ ਕਿਸੇ ਧਰਮ/ਮਜ਼੍ਹਬ ਦੇ ਨਾਂ 'ਤੇ ਵੰਡੇ ਵੀ ਨਹੀਂ ਜਾ ਸਕਦੇ। ਤਦੇ ਦੁਫਾੜ ਹੋਏ ਪੰਜਾਬੀਆਂ ਦੀਆਂ ਪੀੜਾਂ ਸਾਂਝੀਆਂ ਹਨ।

ਸਾਡੇ ਵੱਡੇ ਭਾਈ ਗੁਲਜ਼ਾਰ ਸਿੰਘ ਸੰਧੂ ਨੇ ਅਮਾਨਤ ਅਲੀ ਨੂੰ ਨਿਹਾਲ ਸਿੰਘ ਗਿੱਲ ਦਾ ਪੜਪੋਤਾ ਕਹਿ ਕੇ ਭਾਰਤ-ਪਾਕਿ ਸੰਬੰਧਾਂ ਦੀ ਬਾਤ ਪਾਈ ਹੈ। ਗੁਲਜ਼ਾਰ ਸਿੰਘ ਤੇ ਮੈਂ ਅੱਸੀਆਂ ਤੋਂ ਟੱਪੇ ਹੋਏ ਹਾਂ ਅਤੇ ਅਮਾਨਤ ਅਲੀ ਪੰਜਾਹਾਂ ਤੋਂ ਟੱਪਿਆ ਹੋਇਐ। ਅਸੀਂ ਪੰਜਾਬ ਦਾ ਉਜਾੜਾ ਅੱਖੀਂ ਵੇਖਿਆ ਹੈ, ਉਹਦੇ ਬਾਪ ਦੇ ਹਾਣੀ ਜੁ ਹੋਏ। ਤਦੇ ਉਹ ਸਾਨੂੰ ਬਾਪੂ ਜੀ ਕਹਿ ਕੇ ਬੁਲਾਉਂਦਾ ਹੈ ਤੇ ਅਸੀਂ ਵੀ ਉਸ ਨੂੰ ਆਪਣਾ ਪੁੱਤਰ ਹੀ ਸਮਝਦੇ ਹਾਂ। ਉਹਦੀਆਂ ਨਜ਼ਮਾਂ ਵਿਚਲੀਆਂ ਪੀੜਾਂ ਸਿਰਫ਼ ਉਹਦੀਆਂ ਹੀ ਨਹੀਂ ਉਹ ਸਾਡੀਆਂ ਸਾਰੇ ਪੰਜਾਬੀਆਂ ਦੀਆਂ ਸਾਂਝੀਆਂ ਪੀੜਾਂ ਹਨ। ਜਦੋਂ ਮੈਂ 1969 ਵਿਚ ਗੁਰੂ ਨਾਨਕ ਦੇਵ ਜੀ ਦੇ 500ਵੇਂ ਪ੍ਰਕਾਸ਼ ਪੁਰਬ 'ਤੇ ਨਨਕਾਣਾ ਸਾਹਿਬ ਗਿਆ ਸਾਂ ਤਾਂ ਉਥੇ ਸਾਂਝੇ ਇੰਡੋ-ਪਾਕਿ ਪੰਜਾਬੀ ਕਵੀ ਦਰਬਾਰ ਵਿਚ ਉਸਤਾਦ ਦਾਮਨ ਜੀ ਦਾ ਕਲਾਮ ਸੁਣਿਆ ਸੀ:

ਇਸ ਮੁਲਕ ਦੀ ਵੰਡ ਕੋਲੋਂ ਯਾਰੋ
ਭਾਵੇਂ ਮੂੰਹੋਂ ਨਾ ਕਹੀਏ
ਪਰ ਵਿਚੋਂ ਵਿੱਚੀ,
ਖੋਏ ਤੁਸੀਂ ਵੀ ਓ, ਖੋਏ ਅਸੀਂ ਵੀ ਆਂ
ਇਨ੍ਹਾਂ ਆਜ਼ਾਦੀਆਂ ਹੱਥੋਂ ਬਰਬਾਦ ਹੋਣਾ,
ਹੋਏ ਤੁਸੀਂ ਵੀ ਓ, ਹੋਏ ਅਸੀਂ ਵੀ ਆਂ
ਕੁਝ ਉਮੀਦ ਏ ਜ਼ਿੰਦਗੀ ਮਿਲ ਜਾਏਗੀ,
ਮੋਏ ਤੁਸੀਂ ਵੀ ਓ, ਮੋਏ ਅਸੀਂ ਵੀ ਆਂ
ਜਿਉਂਦੀ ਜਾਨ ਈ ਮੌਤ ਦੇ ਮੂੰਹ ਅੰਦਰ,
ਢੋਏ ਤੁਸੀਂ ਵੀ ਓ, ਢੋਏ ਅਸੀਂ ਵੀ ਆਂ
ਜਾਗਣ ਵਾਲਿਆਂ ਰੱਜ ਕੇ ਲੁੱਟਿਆ ਏ,
ਸੋਏ ਤੁਸੀਂ ਵੀ ਓ, ਸੋਏ ਅਸੀਂ ਵੀ ਆਂ
ਲਾਲੀ ਅੱਖੀਆਂ ਦੀ ਪਈ ਦੱਸਦੀ ਏ,
ਰੋਏ ਤੁਸੀਂ ਵੀ ਓ, ਰੋਏ ਅਸੀਂ ਵੀ ਆਂ...

ਅਮਾਨਤ ਅਲੀ 'ਮੁਸਾਫ਼ਿਰ' ਇਸ ਕਿਤਾਬ ਵਿਚ ਲਿਖ ਰਿਹੈ:

ਹੋਈ ਵੰਡ ਪੰਜਾਬ ਦੀ ਵੱਖ ਹੋ ਗਏ,
ਇਕ ਦੂਜੇ ਤੋਂ ਭੈਣ ਭਰਾ ਮੀਆਂ
ਮਿਲ ਸਕੇ ਨਾ ਮੁੜ ਕੇ ਉਮਰ ਸਾਰੀ,
ਵਿਚੋ-ਵਿਚ ਵਿਛੋੜੇ ਗਏ ਖਾ ਮੀਆਂ
ਸੋਚਾਂ ਸੋਚੀਆਂ ਰਹਿ ਗਈਆਂ ਵਿਚ ਸੀਨੇ,
ਪੂਰੇ ਹੋਏ ਨਾ ਦਿਲਾਂ ਦੇ ਚਾਅ ਮੀਆਂ
ਨਹੀਂ ਭੁੱਲੇ ਮਜ਼ਾਰ ਨਾ ਧਰਮਸ਼ਾਲੇ,
ਜਿੱਥੇ ਖਾਂਦੇ ਸਾਂ ਬੈਠ ਕੜਾਹ ਮੀਆਂ
ਜਿਨ੍ਹਾਂ ਘਰਾਂ ਤੋਂ ਮੰਗਦੇ ਰਹੇ ਲੋਹੜੀ,
ਭੁੱਲ ਸਕੇ ਨਾ ਉਹ ਵਫ਼ਾ ਮੀਆਂ
ਆਨ-ਸ਼ਾਨ ਜ਼ਮਾਨੇ ਦੇ ਵਿਚ ਸਾਡੀ,
ਉੱਡ ਗਈ ਏ ਵਾਂਗ ਹਵਾ ਮੀਆਂ
ਹੋਲੀ ਖ਼ੂਨ ਦੀ ਵੇਖ ਜ਼ਮੀਨ ਕੰਬੀ,
ਅਰਸ਼ ਰੱਬ ਦਾ ਗਈ ਹਿਲਾ ਮੀਆਂ
ਸ਼ਾਲਾ ਜੱਗ 'ਤੇ ਕਿਸੇ ਵੀ ਦੇਸ਼ ਅੰਦਰ,
ਇਹੋ ਜਿਹੀ ਨਾ ਵੜੇ ਬਲਾ ਮੀਆਂ
ਸੱਚੇ ਸਾਹਬ ਦੇ ਦਰ 'ਤੇ ਟੇਕ ਮੱਥਾ,
ਜਿਹੜਾ ਸਭ ਦਾ ਕਰੇ ਭਲਾ ਮੀਆਂ
ਜਦੋਂ ਮਿਹਰ ਮੁਸਾਫ਼ਰਾ ਕਰੇ ਸੋਹਣਾ,
ਦੇਣਾ ਡੁੱਬਦਿਆਂ ਨੂੰ ਬੰਨੇ ਲਾ ਮੀਆਂ।

ਅਮਾਨਤ ਅਲੀ ਨੇ ਪਤਾ ਨਹੀਂ ਮੇਰਾ ਫੋਨ ਨੰਬਰ ਕਿੱਥੋਂ ਲਿਆ ਸੀ? ਸਾਲ ਹੋ ਗਿਆ, ਸ਼ਾਇਦ ਹੀ ਕੋਈ ਹਫ਼ਤਾ ਲੰਘਿਆ ਹੋਵੇ ਜਦੋਂ ਉਹਦਾ ਫੋਨ ਨਾ ਆਇਆ ਹੋਵੇ। ਉਹ ਬਾਪੂ ਜੀ ਸਤਿ ਸ੍ਰੀ ਅਕਾਲ ਆਖਦਾ ਹੈ ਤੇ ਮੈਂ ਮੁਸਾਫ਼ਿਰ ਨੂੰ ਸਲਾਮਾ ਲੇਕਮ ਆਖਦਾ ਹਾਂ। ਉਹ ਪਤਾ ਨਹੀਂ ਕਿੱਥੋਂ ਕੱਢ-ਕੱਢ ਕੇ ਮੇਰੀਆਂ ਤਸਵੀਰਾਂ ਨਾਲ ਪਿਆਰੇ-ਪਿਆਰੇ ਗੀਤ ਭਰੀ ਜਾਂਦਾ ਹੈ ਤੇ ਵ੍ਹਟਸਐਪ ਰਾਹੀਂ ਭੇਜਦਾ ਰਹਿੰਦਾ ਹੈ। ਕਿਸੇ ਨਾਲ ਗੀਤ ਭਰਦਾ ਹੈ-ਮੈਂਡਾ ਦਿਲਬਰ ਤੂੰ ਮੈਂਡੀ ਜਾਨ ਵੀ ਤੂੰ, ਮੈਂਡਾ ਜ਼ਿਕਰ ਵੀ ਤੂੰ ਮੈਂਡਾ ਫ਼ਿਕਰ ਵੀ ਤੂੰ, ਮੈਂਡੀ ਜਾਨ ਵੀ ਤੂੰ ਮੈਂਡੀ ਸ਼ਾਨ ਵੀ ਤੂੰ...। ਕਿਸੇ ਨਾਲ-ਨਿੱਤ ਖ਼ੈਰ ਮੰਗਾਂ ਸੋਹਣਿਆਂ ਮੈਂ ਤੇਰੀ ਦੁਆ ਨਾ ਕੋਈ ਹੋਰ ਮੰਗਦੀ, ਤੇਰੇ ਪੈਰਾਂ 'ਚ ਅਖ਼ੀਰ ਹੋਵੇ ਮੇਰੀ ਦੁਆ ਨਾ ਕੋਈ ਹੋਰ ਮੰਗਦੀ...। ਤੇ ਕਦੇ-ਮੈਂ ਕਾਗਜ਼ ਦੀ ਬੇੜੀ ਰੱਬਾ ਤੂੰ ਮੈਨੂੰ ਪਾਰ ਲੰਘਾਇਆ, ਸ਼ੁਕਰ ਕਰਾਂ ਮੈਂ ਤੇਰਾ ਹਰਦਮ ਮੈਂ ਜੋ ਮੰਗਿਆ ਸੋ ਪਾਇਆ। ਕਦੇ ਨਜ਼ਮਾਂ ਤੇ ਗੀਤ ਗੁਰਮੁਖੀ ਵਿਚ ਲਿਖ ਭੇਜਦਾ ਹੈ। ਸ਼ੁਕਰ ਹੈ ਲਹਿੰਦੇ ਪੰਜਾਬ 'ਚ ਪੰਜਾਬੀ ਦੀ ਪੜ੍ਹਾਈ ਕਰਾਉਂਦਿਆਂ ਸ਼ਾਹਮੁਖੀ ਨਾਲ ਗੁਰਮੁਖੀ ਵੀ ਸਿਖਾਈ ਜਾਣ ਲੱਗੀ ਹੈ। ਪੇਸ਼ ਹਨ ਅਮਾਨਤ ਅਲੀ ਦੀ ਸ਼ਾਇਰੀ ਦੇ ਕੁਝ ਨਮੂਨੇ:

ਅੰਬਰਸਰ, ਨਨਕਾਣਾ, ਲਾਹੌਰ, ਦਿੱਲੀ,
ਸਾਡੇ ਵੇਂਹਦਿਆਂ ਵੱਖ ਸੰਸਾਰ ਹੋ ਗਏ
'ਕੱਠੇ ਰਹੇ ਮਨਾਂਵਦੇ ਈਦ ਲੋਹੜੀ,
ਅੱਜ ਵੱਖਰੇ ਸਭ ਤਿਉਹਾਰ ਹੋ ਗਏ
ਸਾਡਾ ਦੇਸ ਪੰਜਾਬ ਜੇ ਮਾਣ ਸਾਡਾ,
ਸਾਨੂੰ ਪੁਰਖਿਆਂ ਨਾਲ ਮਿਲਾਈ ਰੱਖਦਾ
ਜਿਥੇ ਜਨਮ ਹੋਇਆ ਸਾਡੇ ਵੱਡਿਆਂ ਦਾ,
ਉਹ ਧਰਤੀ ਪਾਕਿ ਵਿਖਾਈ ਰੱਖਦਾ
ਜਿਨ੍ਹਾਂ ਰਾਹਾਂ 'ਤੇ ਬਾਪੂ ਜੀ ਰਹੇ ਫਿਰਦੇ,
ਉਨ੍ਹਾਂ ਰਾਹਾਂ ਦੀ ਸੈਰ ਕਰਾਈ ਰੱਖਦਾ
ਸਾਡਾ ਦੇਸ ਪੰਜਾਬ 'ਮੁਸਾਫ਼ਿਰਾ' ਓਏ,
ਪਈਆਂ ਦੂਰੀਆਂ ਸਦਾ ਮੁਕਾਈ ਰੱਖਦਾ।
*
ਵੱਖੋ-ਵੱਖ ਲੱਗਦਾ ਨਹੀਂ
ਚਿੱਤ ਮੇਰੇ ਮਾਲਕਾ,
ਕਰ ਦੇ ਤੂੰ ਪੰਜਾਂ ਨੂੰ ਈ ਇਕ ਮੇਰੇ ਮਾਲਕਾ।
ਡੇਗਦੇ ਤੂੰ ਦਿਲਾਂ ਵਿਚ ਵੱਜੀ ਹੋਈ ਕੰਧ ਨੂੰ,
ਜੋੜਦੇ ਤੂੰ ਮੁੱਦਤਾਂ ਦੇ ਟੁੱਟਵੇਂ ਸੰਬੰਧ ਨੂੰ।
ਠਾਰ ਦੇ ਤੂੰ ਫੇਰ ਸਾਡੀ ਹਿੱਕ ਮੇਰੇ ਮਾਲਕਾ,
ਵੱਖੋ-ਵੱਖ ਲੱਗਦਾ ਨਹੀਂ ਚਿੱਤ
ਮੇਰੇ ਮਾਲਕਾ।
ਦਿੱਲੀ ਅਜਮੇਰ ਕਦੇ ਆਗਰੇ ਨੂੰ ਚੁੰਮੀਏ,
ਲਾਹੌਰ ਮੁਲਤਾਨ
ਨਨਕਾਣਾ ਸਾਹਿਬ ਘੁੰਮੀਏ।
ਆਏ ਨਾ ਜੁਦਾਈ ਦੀ ਵੀ
ਛਿੱਕ ਮੇਰੇ ਮਾਲਕਾ,
ਕਰ ਦੇ ਤੂੰ ਪੰਜਾਂ ਨੂੰ ਈ ਇਕ ਮੇਰੇ ਮਾਲਕਾ
*

ਅਮਾਨਤ ਅਲੀ ਨੇ ਜਦ ਮੇਰੇ ਨਾਲ ਦੂਜੀ ਵਾਰ ਫੋਨ 'ਤੇ ਗੱਲ ਕੀਤੀ ਸੀ ਤਾਂ ਮੈਂ ਉਹਦਾ ਅੱਗਾ-ਪਿੱਛਾ ਪੁੱਛਣਾ ਮੁਨਾਸਿਬ ਸਮਝਿਆ ਸੀ। ਉਸ ਨੇ ਦੱਸਿਆ ਕਿ ਉਸ ਦੇ ਵਾਲਦ ਸਾਹਿਬ ਜਨਾਬ ਮੁਹੰਮਦ ਹੁਸੈਨ ਸਨ। ਉਨ੍ਹਾਂ ਨੂੰ 1947 ਦੇ ਰੌਲਿਆਂ ਵਿਚ ਆਪਣੇ ਜੱਦੀ ਪਿੰਡੋਂ ਉੱਜੜਨਾ ਪਿਆ ਸੀ। ਉਨ੍ਹਾਂ ਦਾ ਜਨਮ 1929 'ਚ ਮੀਆਂ ਅੱਲਾ ਬਖ਼ਸ਼ ਵਲਦ ਭਾਈ ਰੂੜਾ ਜੀ ਦੇ ਘਰ ਪਿੰਡ ਨੌਸ਼ਹਿਰਾ ਢਾਲਾ ਵਿਚ ਹੋਇਆ ਸੀ। ਭਾਈ ਰੂੜਾ ਜੀ ਅੱਗੋਂ ਸ. ਨਿਹਾਲ ਸਿੰਘ ਗਿੱਲ ਦੇ ਪੁੱਤਰ ਸਨ। ਨਾਲ ਇਹ ਵੀ ਦੱਸਿਆ ਕਿ ਉਸ ਦੀ ਮਾਤਾ ਬੀਬੀ ਅਜ਼ੀਜ਼ਾਂ ਦੇ ਪੇਕੇ ਜ਼ਿਲ੍ਹਾ ਅੰਮ੍ਰਿਤਸਰ ਦੇ ਹੀ ਪਿੰਡ ਛੋਟੇ ਚੀਮੇ ਸਨ। ਇਹ ਦੋਵੇਂ ਪਿੰਡ ਹੁਣ ਤਹਿਸੀਲ ਤਰਨ ਤਾਰਨ ਵਿਚ ਪੈਂਦੇ ਹਨ। ਇੰਜ ਪ੍ਰੋਫ਼ੈਸਰ ਅਮਾਨਤ ਅਲੀ ਸਰਦਾਰ ਨਿਹਾਲ ਸਿੰਘ ਗਿੱਲ ਦਾ ਪੜਪੋਤਾ ਨਿਕਲਿਆ। ਜਦ ਮੈਂ ਪੁੱਛਿਆ ਕਿ ਉਹ ਅੱਜ-ਕੱਲ੍ਹ ਕਿੱਥੇ ਰਹਿ ਰਿਹੈ? ਤਾਂ ਉਸ ਨੇ ਦੱਸਿਆ ਕਿ ਉਨ੍ਹਾਂ ਦੀ ਪੱਕੀ ਰਿਹਾਇਸ਼ ਤਾਂ ਪਿੰਡ ਘਣੀਏਕੇ ਹੈ ਪਰ ਆਰਜ਼ੀ ਤੌਰ 'ਤੇ ਲਾਹੌਰ ਰਹਿ ਰਹੇ ਨੇ। ਉਹ ਆਪ ਤੇ ਉਹਦੇ ਬੱਚੇ ਲਾਹੌਰ ਵਿਚ ਹੀ ਪੜ੍ਹਾਉਂਦੇ ਹਨ। ਛੁੱਟੀ ਵਾਲੇ ਦਿਨ ਪਿੰਡ ਗੇੜਾ ਮਾਰ ਆਉਂਦੇ ਨੇ ਜੋ ਤੀਹ ਕੁ ਕਿਲੋਮੀਟਰ ਦੂਰ ਹੈ। ਉਹਦੇ ਨੇੜੇ ਹੀ ਪਢਾਣਾ, ਸੁਰ ਸਿੰਘ ਤੇ ਲਾਗੇ ਹੀ ਨੌਸ਼ਹਿਰਾ ਢਾਲਾ ਪੈਂਦਾ ਹੈ। ਪਢਾਣੇ ਤਾਂ ਆਉਂਦੇ ਜਾਂਦੇ ਜਾ ਆਈਦੈ ਪਰ ਸੁਰ ਸਿੰਘ ਤੇ ਨੌਸ਼ਹਿਰੇ ਢਾਲੇ ਜਾਣ ਦੀ ਦੁਪਾਸੀਂ ਮਨਾਹੀ ਏ। ਰਾਹ ਵਿਚ ਬਿਜਲੀ ਦੀਆਂ ਤਾਰਾਂ ਲੱਗੀਆਂ ਹੋਈਆਂ ਨੇ। ਇਸ ਪਾਰੋਂ ਡਾਢਾ ਝੋਰਾ ਏ ਕਿ ਨੇੜੇ ਹੁੰਦਿਆਂ ਵੀ ਆਪਣੇ ਪੁਰਖਿਆਂ ਦੇ ਪਿੰਡ ਨਹੀਂ ਜਾ ਸਕਦੇ। ਉਸ ਨੇ ਲਿਖਿਆ:

ਬਹੁਤਾ ਚਿਰ ਨਹੀਂ ਹੋਇਆ,
ਏਥੇ ਚੱਲੀ ਖ਼ੂਬ ਹਨ੍ਹੇਰੀ
ਇਕੋ ਸਾਡੀ ਧਰਤੀ ਮਾਤਾ,
ਹੋ ਗਈ ਖੇਰੂੰ-ਖੇਰੀ
ਤੋੜ ਪ੍ਰੀਤਾਂ ਨੂੰ, ਕਰ ਗਈ ਵਾਟ ਲੰਮੇਰੀ,
ਤੋੜ ਪ੍ਰੀਤਾਂ ਨੂੰ...।
ਬਚਪਨ ਦੇ ਉਹ ਯਾਰ ਨੀ ਭੁੱਲਦੇ,
ਭਾਵੇਂ ਲੱਖ ਭੁਲਾਈਏ
ਦਰਸ਼ੂ, ਦੀਪਾ, ਦਾਰਾ, ਬੰਤਾ,
ਕਿੱਥੋਂ ਲੱਭ ਲਿਆਈਏ?
ਬਾਝੋਂ ਮਿੱਤਰਾਂ ਦੇ,
ਖ਼ੁਸ਼ੀਆਂ ਕਿੰਜ ਮਨਾਈਏ,
ਬਾਝੋਂ ਮਿੱਤਰਾਂ ਦੇ...।
ਦਾਦਕਾ ਪਿੰਡ ਨੁਸ਼ਹਿਰਾ ਛੱਡਿਆ,
ਨਾਨਕੇ ਛੱਡੇ ਚੀਮੇ
ਸੁਰ ਸਿੰਘ ਨੂੰ ਭੂਆ ਛੱਡਿਆ,
ਮਾਸੀ ਛੱਡੀ ਛੀਨੇ
ਤੀਰ ਵਿਛੋੜਿਆਂ ਦੇ, ਵੱਜ ਗਏ ਵਿਚ ਸੀਨੇ,
ਤੀਰ ਵਿਛੋੜਿਆਂ ਦੇ...।
ਜਿਓਂਦੇ ਜੀਅ ਮਰ ਗਏ ਮੁਸਾਫ਼ਰ,
ਜਦੋਂ ਪੰਜਾਬ ਸੀ ਟੁੱਟਿਆ
ਮਾਵਾਂ ਨਾਲੋਂ ਪੁੱਤ ਵਿਛੋੜੇ,
ਚੜ੍ਹਦੇ ਲਹਿੰਦੇ ਸੁੱਟਿਆ।
ਪਿਆਰ ਮੁਹੱਬਤਾਂ ਦਾ,
ਗੋਰਿਆਂ ਨੇ ਘਰ ਲੁੱਟਿਆ,
ਪਿਆਰ ਮੁਹੱਬਤਾਂ ਦਾ...।
*
ਪਿੰਡ ਨੌਸ਼ਹਿਰੇ ਵਾਲੇ ਕੱਚੇ ਰਾਹ
ਭੁਲਾਏ ਜਾਂਦੇ ਨੀ
ਈਦ ਵਿਸਾਖੀ 'ਤੇ ਜੋ ਚੜ੍ਹਦੇ
ਚਾਅ ਭੁਲਾਏ ਜਾਂਦੇ ਨੀ।
ਨਰੈਣ ਸੁਰੈਣ ਤੇ ਬੰਤਾ ਰਿਖੀ
ਰੌਣਕ ਲਾਈ ਰੱਖਦੇ ਸੀ,
ਆਧੀਆਂ ਵਾਲੇ ਖੂਹ 'ਤੇ ਲੱਗੇ
ਰੱਖ ਭੁਲਾਏ ਜਾਂਦੇ ਨੀ।
ਜੱਲ੍ਹਣ ਦਾਸ ਦੇ ਚਰਨਾਂ ਵਿਚ
ਮੇਲਾ ਲੱਗਿਆ ਰਹਿੰਦਾ ਸੀ
ਡਾਕੇ ਤੋਂ ਜਿਨ੍ਹਾਂ ਬਚਾਇਆ
ਓਹ ਸ਼ਾਹ ਭੁਲਾਏ ਜਾਂਦੇ ਨੀ।
ਸਿਖਰ ਦੁਪਹਿਰੇ ਹੈਦਰ ਸ਼ਾਹ ਦੇ
ਬੋਹੜਾਂ ਥੱਲੇ ਖੇਡਣ ਵੇਲੇ
ਇਕ ਦੂਜੇ ਦੀ ਖ਼ਾਤਰ ਲਏ ਜੋ
ਸਾਹ ਭੁਲਾਏ ਜਾਂਦੇ ਨੀ।
ਮਰਿਆਂ ਨਾਲੋਂ ਭੈੜੇ ਹੋ ਕੇ
ਪਿੰਡ ਤਰਕਾਲੀਂ ਛੱਡਿਆ ਸੀ
ਗੋਰਿਆਂ ਜਿਹੜੇ ਮਾਰੇ ਮੁਸਾਫ਼ਰ,
ਦਾਅ ਭੁਲਾਏ ਜਾਂਦੇ ਨੀ।
*
ਰਲਮਿਲ ਜਿਥੇ ਬਹਿੰਦੇ ਸਾਂ,
ਉਹ ਥਾਵਾਂ ਸਾਨੂੰ ਭੁੱਲੀਆਂ ਨਹੀਂ।
ਸਿਖਰ ਦੁਪਹਿਰੇ ਸੁਆਣ ਵਾਲੀਆਂ
ਛਾਵਾਂ ਸਾਨੂੰ ਭੁੱਲੀਆਂ ਨਹੀਂ।
ਦਾਣਾ-ਫੱਕਾ, ਲੀੜਾ-ਲੱਤਾ,
ਵਿਸਰ ਗਿਆ ਸਭ ਗਹਿਣਾ-ਗੱਟਾ।
ਰਾਤ ਹਨ੍ਹੇਰੇ ਭੱਜਣ ਵਾਲੀਆਂ
ਰਾਹਵਾਂ ਸਾਨੂੰ ਭੁੱਲੀਆਂ ਨਹੀਂ।
ਤਾਂਘ ਹਮੇਸ਼ਾਂ ਰਹੇ ਮੁਸਾਫ਼ਰ
ਭੋਇੰ ਪਿਆਰੀ ਵੇਖਣ ਦੀ
ਵਕਤ ਵਿਛੋੜੇ ਗਲ 'ਚ ਪਈਆਂ
ਬਾਹਵਾਂ ਸਾਨੂੰ ਭੁੱਲੀਆਂ ਨਹੀਂ।
*

1947 ਦੇ ਉਜਾੜੇ ਨੇ ਜਿਵੇਂ ਮੁਹੰਮਦ ਹੁਸੈਨ ਵਲਦ ਮੀਆਂ ਅੱਲਾ ਬਖ਼ਸ਼ ਵਲਦ ਭਾਈ ਰੂੜਾ ਦੇ ਪਰਿਵਾਰ ਨੂੰ ਨੌਸ਼ਹਿਰੇ ਢਾਲੇ ਤੋਂ ਉਜਾੜ ਕੇ ਘਣੀਏਕੇ ਸੁੱਟ ਦਿੱਤਾ ਉਵੇਂ ਪੰਜਾਬੀ ਕਹਾਣੀ ਦੇ ਸ਼ਾਹ-ਸਵਾਰ ਵਰਿਆਮ ਸਿੰਘ ਸੰਧੂ ਦੇ ਪਰਿਵਾਰ ਨੂੰ ਉਹਦੇ ਪਿਓ ਦਾਦੇ ਸਮੇਤ ਪਢਾਣੇ ਤੋਂ ਪੁੱਟ ਕੇ ਸੁਰ ਸਿੰਘ ਸੁੱਟ ਦਿੱਤਾ। ਅਜਿਹਾ ਇਕਾ-ਦੁੱਕਾ ਜਾਂ ਸੈਂਕੜੇ ਪਰਿਵਾਰਾਂ ਨਾਲ ਹੀ ਨਹੀਂ ਹੋਇਆ ਬਲਕਿ ਹਜ਼ਾਰਾਂ ਲੱਖਾਂ ਪਰਿਵਾਰਾਂ ਨਾਲ ਇਹ ਭਾਣਾ ਵਰਤਿਆ। ਹਕੂਮਤਾਂ ਤਾਂ ਪਹਿਲਾਂ ਵੀ ਬਦਲਦੀਆਂ ਰਹਿੰਦੀਆਂ ਸਨ ਪਰ ਲੋਕ ਇੰਜ ਧੱਕੇ ਨਾਲ ਜੜ੍ਹਾਂ ਤੋਂ ਪੁੱਟੇ ਨਹੀਂ ਸਨ ਜਾਂਦੇ। ਅਮਾਨਤ ਅਲੀ ਦੀ ਰੂਹ ਕੂਕਦੀ ਹੈ:

ਆ ਆਪਾਂ ਕੁਝ ਕਰ ਕੁਰ ਲਈਏ,
ਇਕ ਦੂਜੇ ਲਈ ਮਰ ਮੁਰ ਲਈਏ
ਖਾਲੀ ਭਾਂਡਾ ਖੜਕਦਾ ਰਹਿੰਦਾ,
ਨਾਲ ਪਿਆਰ ਦੇ ਭਰ ਭੁਰ ਲਈਏ
ਗੁੱਸਾ ਕੀਤਿਆਂ ਗੱਲ ਨਹੀਂ ਬਣਦੀ,
ਨਿੱਕੀ ਮੋਟੀ ਜਰ ਜੁਰ ਲਈਏ
ਜਿੱਤਣ ਦਾ ਮੁੱਲ ਕੱਖ ਨਹੀਂ ਏਥੇ,
ਕਦੇ ਤਾਂ ਆਪਾਂ ਹਰ ਹੁਰ ਲਈਏ
ਯਾਰ ਮੁਸਾਫ਼ਰ ਇਹ ਜੀਵਨ ਜੰਗਲ,
ਜੋ ਲੱਭਦਾ ਏ ਚਰ ਚੁਰ ਲਈਏ।
*

ਚੜ੍ਹਦੇ ਪੰਜਾਬ ਦੇ ਸ਼੍ਰੋਮਣੀ ਸਾਹਿਤਕਾਰ ਗੁਲਜ਼ਾਰ ਸਿੰਘ ਸੰਧੂ ਨੇ ਲਿਖਿਆ ਹੈ: ਅਮਾਨਤ ਅਲੀ ਦੇ ਬੋਲਾਂ ਵਿਚ ਪੰਜਾਬੀ ਦੀ ਵੰਡ ਦਾ ਸ਼ਿਕਾਰ ਹੋਏ ਕਿਸਾਨ ਦੀ ਹੀ ਨਹੀਂ, ਉਸ ਭੈਣ ਦੀ ਗੱਲ ਵੀ ਹੈ, ਜਿਸ ਨੇ ਆਪਣੀ ਪੱਤ ਲੁਟਾ ਕੇ ਆਜ਼ਾਦੀ ਦੀ ਕੀਮਤ ਤਾਰੀ ਅਤੇ ਉਸ ਔਰਤ ਦੀ ਵੀ ਜੋ ਸੱਤਾਂ ਪੁੱਤਰਾਂ ਦੀ ਮਾਂ ਹੋ ਕੇ ਵਾਹਗੇ ਦੇ ਇਸ ਪਾਰ ਜਾਂ ਉਸ ਪਾਰ ਨਿਪੁੱਤਰੀ ਹੋ ਕੇ ਖੱਜਲ-ਖੁਆਰ ਹੋਈ। ਉਨ੍ਹਾਂ ਮਾਵਾਂ ਦੀ ਵੀ ਜੋ ਆਪਣਾ ਧਰਮ ਗੁਆ ਕੇ ਵੱਖਰਾ ਜੀਵਨ ਬਤੀਤ ਕਰਨ ਦੇ ਰਾਹ ਪਈਆਂ। ਉਹਦੇ ਵੱਲੋਂ ਵਾਹਗੇ ਦੇ ਇਸ ਪਾਸੇ ਦੇ ਵਸਨੀਕਾਂ ਵਿਚੋਂ ਆਪਣੇ ਮਾਪਿਆਂ ਦੇ ਮੁਹਾਂਦਰੇ ਲੱਭਣਾ ਤੇ ਗੁਰਮੁਖੀ ਲਿਪੀ ਦੇ ਵਾਰੇ-ਵਾਰੇ ਜਾਣਾ ਕੇਵਲ ਉਸ ਦੇ ਆਪਣੇ ਮਨ ਦੀ ਭਾਵਨਾ ਹੀ ਨਹੀਂ ਦਰਸਾਉਂਦਾ, ਸਗੋਂ ਉਸ ਦੇ ਨਾਨਕਿਆਂ-ਦਾਦਕਿਆਂ ਦੀ ਆਤਮਾ ਨੂੰ ਵੀ ਸ਼ਾਂਤ ਕਰਦਾ ਹੈ, ਜਿਨ੍ਹਾਂ ਤੋਂ ਉਸ ਨੇ ਇਸ ਵਿਛੋੜੇ ਦੀ ਦਾਸਤਾਨ ਸੁਣੀ ਤੇ ਸਾਂਭ ਰੱਖੀ ਹੈ। ਉਹ ਸ਼ਾਇਦ ਨਹੀਂ ਜਾਣਦਾ ਕਿ ਮੈਂ ਬੇਔਲਾਦ ਹਾਂ ਤੇ ਮੈਨੂੰ ਅਠਾਸੀ ਵਰ੍ਹਿਆਂ ਦੀ ਉਮਰ ਵਿਚ ਪੜ੍ਹਿਆ-ਸੁਣਿਆ ਤੇ ਕਮਾਊ ਪੁੱਤ ਮਿਲ ਗਿਆ ਹੈ।

ਅੰਤਿਕਾ
ਅਮਾਨਤ ਅਲੀ ਮੁਸਾਫ਼ਿਰ ਲਾਹੌਰ
ਤੇਰੇ ਇਸ਼ਕ ਵਿਚ ਇੰਝ ਬਦਨਾਮ ਹੋ ਗਈ,
ਤੈਨੂੰ ਰਹੀ ਉਡੀਕਦੀ ਸ਼ਾਮ ਹੋ ਗਈ
ਤੁਸੀਂ ਸਿਖਰ ਦੁਪਹਿਰੇ ਵੀ ਸੌਂ ਲੈਂਦੇ,
ਸਾਡੀ ਰਾਤ ਦੀ ਨੀਂਦ ਹਰਾਮ ਹੋ ਗਈ
ਮਿਲ ਜਾ ਆ ਕੇ ਯਾਰ ਮੁਸਾਫ਼ਰਾ ਓਏ,
ਗੱਡੀ ਉਮਰ ਦੀ ਸਾਡੜੀ ਜਾਮ ਹੋ ਗਈ।

ਅਮਾਨਤ ਅਲੀ ਦਾ ਇਹ ਪਹਿਲਾ ਕਾਵਿ-ਸੰਗ੍ਰਹਿ ਹੈ, ਜਿਸ ਨੂੰ ਅਸੀਂ ਖ਼ੁਸ਼ਆਮਦੀਦ ਆਖਦੇ ਹਾਂ ਤੇ ਆਸ ਰੱਖਦੇ ਹਾਂ ਕਿ ਸਾਡੇ ਪੁੱਤਰ ਦੀ ਕਲਮ ਸਦਾ ਚਲਦੀ ਰਹੇਗੀ। ਅਸੀਂ ਦੁਆ ਗੋ ਹਾਂ ਅਮਾਨਤ ਅਲੀ ਸਾਂਝੇ ਪੰਜਾਬ ਦਾ ਵੱਡਾ ਨਾਮਵਰ ਸ਼ਾਇਰ ਬਣੇ ਜੀਹਦੀਆਂ ਘਰ-ਘਰ ਗੱਲਾਂ ਹੋਣ। ਉਹਦੇ ਵ੍ਹਟਸਐਪ ਸੁਨੇਹੇ ਸਾਡੇ ਕੰਨਾਂ 'ਚ ਮੁੜ-ਮੁੜ ਗੂੰਜ ਰਹੇ ਹਨ: ਮੇਰੀ ਉਮਰ ਤੈਨੂੰ ਲੱਗ ਜਾਵੇ ਜਿਊਂਦਾ ਰਹਿ ਬਾਪੂ, ਬਿਨ ਬੋਲਿਆਂ ਸਭ ਕੁਝ ਜਾਣਦਾ, ਸੱਚ ਝੂਠ ਦੀਆਂ ਰਮਜ਼ਾਂ ਪਛਾਣਦਾ, ਮੇਰੀ ਤੇਰੇ ਉਤੇ ਟੇਕ ਮੇਰੇ ਮਾਲਕਾ, ਇਕੋ ਤੱਕਿਆ ਸਹਾਰਾ ਤੇਰੇ ਨਾਮ ਦਾ। ਜੀਂਦਾ ਵੱਸਦਾ ਰਹੇ ਸਾਡਾ ਪਿਆਰਾ ਸ਼ਾਇਰ ਅਮਾਨਤ ਅਲੀ ਤੇ ਜੀਂਦੇ ਵੱਸਦੇ ਰਹਿਣ ਸਾਰੇ ਪੰਜਾਬੀ ਪਿਆਰੇ।

---

# ਮਨੋਰੰਜਨ ਭਰਪੂਰ ਫ਼ਿਲਮਾਂ ਦਾ ਸਿਰਜਕ 'ਰੰਜੀਵ ਸਿੰਗਲਾ'

ਰੰਜੀਵ ਸਿੰਗਲਾ ਪਿਛਲੇ ਕਈ ਸਾਲਾਂ ਤੋਂ ਪੰਜਾਬੀ ਸਿਨਮੇ ਨਾਲ ਜੁੜਿਆ ਫ਼ਿਲਮਕਾਰ ਹੈ। 'ਲਾਵਾਂ ਫੇਰੇ' ਉਸਦੀ ਪਹਿਲੀ ਫ਼ਿਲਮ ਸੀ, ਜਿਸਨੇ ਵਿਆਹ ਕਲਚਰ ਦੀ ਵੱਖਰੀ ਕਹਾਣੀ ਪੇਸ਼ ਕਰਦਿਆਂ ਵੱਡੀ ਸਫ਼ਲਤਾ ਹਾਸਲ ਕੀਤੀ। ਉਸ ਤੋਂ ਬਾਅਦ 'ਮਿੰਦੋ ਤਸੀਲਦਾਰਨੀ' ਨਾਲ ਸਿਰਮੌਰ ਕਾਮੇਡੀਅਨ ਕਰਮਜੀਤ ਅਨਮੋਲ ਨੂੰ ਹੀਰੋ ਬਣਾ

**ਸੁਰਜੀਤ ਜੱਸਲ**
**ਫੋਨ 98146-07737**

ਕੇ ਪਿਆਰ ਭਰੇ ਮਨੋਰੰਜਨ ਦੀ ਨਿਵੇਕਲੀ ਪੇਸ਼ਕਾਰੀ ਕੀਤੀ। 'ਲਾਵਾਂ ਫੇਰੇ', ਮਿੰਦੋ ਤਸੀਲਦਾਰਨੀ, ਕੁੜੀਆਂ ਜਵਾਨ-ਬਾਪੂ ਪ੍ਰੇਸ਼ਾਨ' ਅਤੇ 'ਹੇਟਰਜ਼' ਵਰਗੀਆਂ ਅਨੇਕਾਂ ਚਰਚਿਤ ਫ਼ਿਲਮਾਂ ਬਣਾ ਚੁੱਕੇ ਸੁਨਾਮ ਵਾਸੀ ਰੰਜੀਵ ਸਿੰਗਲਾ ਲਗਾਤਾਰ ਪੰਜਾਬੀ ਸਿਨਮੇ ਲਈ ਸਰਗਰਮ ਹਨ। ਪਿਛਲੇ ਦਿਨੀਂ ਉਨ੍ਹਾਂ ਦੀ ਇਕ ਹੋਰ ਕਾਮੇਡੀ ਤੇ ਪਰਿਵਾਰਕ ਫ਼ਿਲਮ 'ਮਾਹੀ ਮੇਰਾ ਨਿੱਕਾ ਜਿਹਾ' ਵੇਖਣ ਨੂੰ ਮਿਲੀ ਜੋ ਮੱਧਰੇ ਕੱਦ ਵਾਲੇ ਵਿਅਕਤੀ ਦੀ ਜ਼ਿੰਦਗੀ 'ਤੇ ਆਧਾਰਤ ਹੈ, ਜਿਸਨੂੰ ਘਰੇ ਉਸਦੀ ਪਤਨੀ ਦੇ ਤਾਅਨੇ-ਮਿਹਣੇ ਸੁਣਨੇ ਪੈਂਦੇ ਹਨ ਤੇ ਬਾਹਰ ਲੋਕਾਂ ਦੇ। ਭਾਵੇਂ ਕੱਦ ਦਾ ਵੱਡਾ ਛੋਟਾ ਹੋਣਾ ਬੰਦੇ ਦੇ ਹੱਥ-ਵੱਸ ਨਹੀਂ ਹੁੰਦਾ ਪਰ ਲੋਕਾਂ ਨੂੰ ਕੌਣ ਸਮਝਾਵੇ। ਇਸ ਵਿਅੰਗਮਈ ਫ਼ਿਲਮ ਰਾਹੀਂ ਸਮਾਜ ਨਾਲ ਜੁੜੇ ਲੋਕਾਂ ਦੀ ਮਾਨਸਿਕਤਾ ਨੂੰ ਮਨੋਰੰਜਨ ਰਾਹੀਂ ਪਰਦੇ 'ਤੇ ਪੇਸ਼ ਕੀਤਾ ਗਿਆ ਹੈ। ਇਸ ਫ਼ਿਲਮ ਰਾਹੀਂ ਇਹ ਦੱਸਣ



ਦਾ ਯਤਨ ਕੀਤਾ ਗਿਆ ਹੈ ਕਿ ਕਿਸੇ ਵਿਅਕਤੀ ਦੀ ਪਛਾਣ ਉਸਦਾ ਕੱਦ, ਰੰਗ-ਰੂਪ ਜਾਂ ਪਹਿਰਾਵਾ ਨਹੀਂ ਹੁੰਦਾ ਬਲਕਿ ਉਸਦੇ ਚੰਗੇ ਗੁਣ ਹੀ ਉਸਦੀ ਅਸਲ ਪਹਿਚਾਣ ਹੁੰਦੇ ਹਨ। ਇਸ ਫ਼ਿਲਮ ਵਿਚ ਜਸਵਿੰਦਰ ਭੱਲਾ ਤੇ ਪੁਖਰਾਜ ਭੱਲਾ ਪਿਉ-ਪੁੱਤ ਇਕੱਠੇ ਪਰਦੇ 'ਤੇ ਨਜ਼ਰ ਆਏ ਹਨ, ਜਿਨ੍ਹਾਂ ਨੂੰ ਦਰਸ਼ਕਾਂ ਨੇ ਪਸੰਦ ਕੀਤਾ। ਅਨੀਤਾ ਦੇਵਗਨ ਅਤੇ ਸੁੱਖੀ ਚਾਹਲ ਦੀ ਅਦਾਕਾਰੀ ਵੀ ਬਾਕਮਾਲ ਹੈ। ਫ਼ਿਲਮ ਦੀ ਹੀਰੋਇਨ ਹਸ਼ਨੀਨ ਤੇ ਹੀਰੋ ਪੁਖਰਾਜ ਭੱਲਾ ਦੀ ਰੁਮਾਂਟਿਕ ਜੋੜੀ ਵੀ ਦਰਸ਼ਕਾਂ ਨੂੰ ਪ੍ਰਭਾਵਿਤ ਕਰਦੀ ਹੈ। ਰੰਜੀਵ ਸਿੰਗਲਾ ਨੇ ਦੱਸਿਆ ਕਿ ਉਸਨੂੰ ਬਚਪਨ ਤੋਂ ਹੀ ਸਿਨਮੇ ਨਾਲ ਪਿਆਰ ਰਿਹਾ ਹੈ। ਉਸਦੀ ਸੋਚ ਫ਼ਿਲਮੀ ਖੇਤਰ ਵਿਚ ਯੋਗਦਾਨ ਪਾਉਣਾ ਸੀ। ਕਰਮਜੀਤ ਅਨਮੋਲ ਨੇ ਉਸ ਦੀਆਂ ਭਾਵਨਾਵਾਂ ਨੂੰ ਸਮਝਦਿਆਂ ਉਸ ਨੂੰ ਇਸ ਖੇਤਰ ਨਾਲ ਜੋੜਿਆ ਤੇ ਅੱਜ ਦਰਸ਼ਕਾਂ ਦੀ ਪਸੰਦ ਅਤੇ ਸਿਨਮੇ ਦੇ ਹਾਣ ਦੀਆਂ ਫ਼ਿਲਮਾਂ ਬਣਾ ਰਿਹਾ ਹੈ। ਬਹੁਤ ਜਲਦ ਉਹ ਆਪਣੀ ਅਗਲੀ ਫ਼ਿਲਮ 'ਜੀ ਵਾਇਫ਼ ਜੀ' ਵੀ ਲੈ ਕੇ ਆਉਣਗੇ। ਇਸ ਫ਼ਿਲਮ ਦੀ ਸ਼ੂਟਿੰਗ ਮੁਕੰਮਲ ਹੋ ਚੁੱਕੀ ਹੈ। ਰੰਜੀਵ ਸਿੰਗਲਾ ਨੇ ਦੱਸਿਆ ਕਿ ਉਹ ਹਮੇਸ਼ਾ ਹੀ ਚੰਗੇ ਵਿਸ਼ੇ ਦੀਆਂ ਪਰਿਵਾਰਕ ਤੇ ਸਮਾਜਿਕ ਮਨੋਰੰਜਕ ਫ਼ਿਲਮਾਂ ਬਣਾਉਣ ਦੀ ਸੋਚ ਰੱਖਦੇ ਹਨ।

# ਪੰਜਾਬੀ ਫਿਲਮਸਾਜ਼ ਐਚ.ਐਸ. ਰਵੇਲ ਦੀਆਂ ਬਰਕਤਾਂ

ਮਨਦੀਪ ਸਿੰਘ ਸਿੱਧੂ
ਫੋਨ: +91-97805-09545

ਹਰਨਾਮ ਸਿੰਘ ਰਵੇਲ ਦੀ ਪੈਦਾਇਸ਼ 21 ਅਗਸਤ 1921 ਨੂੰ ਲਾਇਲਪੁਰ (ਹੁਣ ਫੈਸਲਾਬਾਦ) ਦੇ ਪੰਜਾਬੀ ਖੱਤਰੀ ਪਰਿਵਾਰ ਵਿਚ ਹੋਈ। ਤਾਲੀਮ ਉਸ ਨੇ ਸਿਆਲਕੋਟ ਤੋਂ ਹਾਸਲ ਕੀਤੀ। ਉਨ੍ਹਾਂ ਦੇ ਪਿਤਾ ਪੁਲੀਸ ਅਧਿਕਾਰੀ ਅਤੇ ਦਾਦਾ ਜੀ ਸਰਦੇ-ਪੁੱਜਦੇ ਜ਼ਿਮੀਂਦਾਰ ਸਨ।


ਹਦਾਇਤਕਾਰ ਬਣਨ ਦੀ ਚਾਹਤ ਉਨ੍ਹਾਂ ਨੂੰ ਸੰਘਰਸ਼ ਭਰੇ ਦੌਰ 'ਚੋਂ ਲੰਘਦਿਆਂ ਪਹਿਲਾਂ ਲਾਹੌਰ, ਫਿਰ ਬੰਬੇ ਤੇ ਬਾਅਦ ਵਿਚ ਕਲਕੱਤੇ ਖਿੱਚ ਲਿਆਈ। ਆਪਣੇ ਫਿਲਮੀ ਆਗਾਜ਼ ਦੌਰਾਨ ਹਰਨਾਮ ਸਿੰਘ ਰਵੇਲ ਨੇ ਸਭ ਤੋਂ ਪਹਿਲਾਂ ਮੁਣਸ਼ੀ ਐੱਚ.ਐੱਸ. ਰਵੇਲ ਦੇ ਨਾਮ ਨਾਲ ਨਗਮਾਨਿਗਾਰ ਤੇ ਮੁਕਾਲਮਾਨਿਗਾਰ ਦੇ ਫਰਜ਼ ਅੰਜਾਮ ਦਿੱਤੇ ਅਤੇ ਫਿਰ ਐਚ.ਐੱਸ. ਰਵੇਲ ਦੇ ਨਾਮ ਨਾਲ ਪਹਿਲਾਂ ਸਹਾਇਕ ਤੇ ਬਾਅਦ 'ਚ ਮੁੱਖ ਹਦਾਇਤਕਾਰ ਤੇ ਫਿਲਮਸਾਜ਼ ਵਜੋਂ ਬਹੁਤ ਸਾਰੀਆਂ ਕਾਮਯਾਬ ਫਿਲਮਾਂ ਦਿੱਤੀਆਂ।

ਜਦੋਂ ਫਿਲਮਸਾਜ਼ ਆਰ.ਐੱਨ. ਵੈਦ ਨੇ ਹਿੰਦੀ ਫਿਲਮ 'ਬਾਂਕੇ ਸਿਪਾਹੀ' ਉਰਫ 'ਦੇਸ਼ ਸੇਵਕ' ਉਰਫ 'ਪੈਟਰੀਓਟ' (1937) ਬਣਾਈ ਤਾਂ ਰਵੇਲ ਨੂੰ ਮੁਣਸ਼ੀ ਰਵੇਲ (ਪ੍ਰਚਾਰ ਪੁਸਤਕਾ ਤੇ ਮੁਣਸ਼ੀ ਰਾਬਿਲ) ਦੇ ਨਾਮ ਨਾਲ ਪਹਿਲੀ ਵਾਰ ਨਗਮਾਨਿਗਾਰੀ ਦਾ ਮੌਕਾ ਦਿੱਤਾ। ਰਵੇਲ ਨੇ ਗੁਲਾਮ ਮੁਹੰਮਦ (ਪਹਿਲੀ ਫਿਲਮ) ਦੇ ਸੰਗੀਤ 'ਚ ਫਿਲਮ ਦੇ 9 ਗੀਤ ਲਿਖੇ। ਫਿਲਮ 'ਨਾ ਹੋਨੇ ਵਾਲੀ ਬਾਤ' ਉਰਫ 'ਇੰਪੌਸੀਬਲ' (1938) 'ਚ ਫਿਲਮ ਦੇ ਕੁਝ ਗੀਤ ਮੁਣਸ਼ੀ ਐੱਚ.ਐੱਸ. ਰਵੇਲ ਨੇ ਲਿਖੇ, ਬਾਕੀ ਗੀਤ ਸਫਦਰ ਮਿਰਜ਼ਾ ਤੇ 2 ਗਜ਼ਲਾਂ ਮਿਰਜ਼ਾ ਸ਼ੌਕ ਲਖਨਵੀ ਦੀਆਂ ਸਨ। ਕਹਾਣੀ, ਮੰਜ਼ਰਨਾਮਾ ਤੇ ਮੁਕਾਲਮੇ ਮੁਣਸ਼ੀ ਐੱਚ.ਐੱਸ. ਰਵੇਲ ਅਤੇ ਸਫਦਰ ਮਿਰਜ਼ਾ ਦੇ ਸਨ। ਫਿਲਮ 'ਵੀਰ ਕੇਸਰੀ' (1938) 'ਚ ਫਿਲਮ ਦੇ 10 ਗੀਤ ਮੁਣਸ਼ੀ ਐੱਚ.ਐੱਸ ਰਵੇਲ ਨੇ ਲਿਖੇ।

ਜਦੋਂ ਆਰ.ਐੱਲ. ਸ਼ੋਰੀ (ਸੀਨੀਅਰ) ਨੇ ਪੰਜਾਬੀ ਫਿਲਮ 'ਪੂਰਨ ਭਗਤ' (1939) ਬਣਾਈ ਤਾਂ ਇਸ ਵਿਚ 18 ਸਾਲਾ ਗੱਭਰੂ ਐੱਚ.ਐੱਸ. ਰਵੇਲ ਨੂੰ ਵੀ ਅਦਾਕਾਰੀ ਦਾ ਮੌਕਾ ਦਿੱਤਾ। ਰਵੇਲ ਨੇ ਗੁਰੂ ਗੋਰਖ ਨਾਥ ਦਾ ਕਿਰਦਾਰ ਨਿਭਾਇਆ। ਸਫਦਰ ਮਿਰਜ਼ਾ ਨਿਰਦੇਸ਼ਿਤ ਫਿਲਮ 'ਇੰਪੀਰੀਅਲ ਮੇਲ' (1939) ਸਹਾਇਕ ਹਦਾਇਤਕਾਰ ਵਜੋਂ ਐੱਚ.ਐੱਸ. ਰਵੇਲ ਦੀ ਪਹਿਲੀ ਫਿਲਮ ਸੀ। ਉਸ ਨੇ ਫਿਲਮ ਦੀ ਕਹਾਣੀ ਅਤੇ ਮੰਜ਼ਰਨਾਮਾ ਵੀ ਲਿਖੇ। ਫਿਲਮ 'ਯਾਦ ਰਹੇ' ਉਰਫ 'ਯੰਗ ਇੰਡੀਆ' (1940) 'ਚ ਐੱਚ.ਐੱਚ. ਰਵੇਲ, ਮਣੀਲਾਲ ਜਵਾਨ, ਡਾਰ ਕਸ਼ਮੀਰੀ ਨੇ ਮੁਕਾਲਮੇ ਤੇ ਗੀਤ ਲਿਖੇ।

ਆਜ਼ਾਦਾਨਾ ਹਦਾਇਤਕਾਰ ਵਜੋਂ ਐੱਚ.ਐੱਸ. ਰਵੇਲ ਦੀ ਪਹਿਲੀ ਹਿੰਦੀ ਫਿਲਮ 'ਦੋਰੰਗੀਆ ਡਾਕੂ' ਉਰਫ 'ਗੈਂਗਸਟਰ' (1940) ਸੀ। ਕਹਾਣੀ ਤੇ ਗੀਤ ਰਵੇਲ ਦੇ ਸਨ ਅਤੇ ਸੰਗੀਤ ਨਿਰਦੇਸ਼ਕ ਮਾਸਟਰ ਧੁਮੀ ਖਾਨ ਰਾਮਪੁਰੀ ਸਨ। ਰਵੇਲ ਨੇ ਪਹਿਲੀ ਵਾਰ ਪੰਜਾਬ ਦੀ ਮਸ਼ਹੂਰ ਗੁਲੂਕਾਰਾ ਤੇ ਪੰਜਾਬੀ ਫਿਲਮਾਂ ਦੀ ਅਦਾਕਾਰਾ ਬਾਲੋ ਉਰਫ ਇਕਬਾਲ ਬੇਗਮ (ਵਾਲਿਦਾ ਅਦਾਕਾਰਾ ਸਬੀਹਾ ਖਾਨੁਮ) ਨੂੰ ਮੇਨਕਾ ਦੇ ਰੋਲ ਵਿਚ ਪੇਸ਼ ਕੀਤਾ। ਮਰਕਜ਼ੀ ਕਿਰਦਾਰ ਵਿਚ ਲਾਹੌਰ ਦੀ ਮੁਟਿਆਰ ਪੁਸ਼ਪਾ ਰਾਣੀ 'ਰਜਨੀ' ਅਤੇ ਬਾਬੂ ਰਾਓ ਪਹਿਲਵਾਨ ਸਨ।

ਜਦੋਂ ਆਰ.ਸੀ. ਤਲਵਾਰ ਨੇ ਫਿਲਮ 'ਖਾਮੋਸ਼ੀ' (1941) ਸ਼ੁਰੂ ਕੀਤੀ ਤਾਂ ਐੱਚ.ਐੱਸ. ਰਵੇਲ ਤੇ ਅਮਰਨਾਥ ਨੂੰ ਸਹਾਇਕ ਹਦਾਇਤਕਾਰ ਵਜੋਂ ਪੇਸ਼ ਕੀਤਾ। ਆਰ.ਸੀ. ਤਲਵਾਰ ਦੀ ਫਿਲਮ 'ਮਨਚਲੀ' (1943) 'ਚ ਵੀ ਐੱਚ.ਐੱਸ. ਰਵੇਲ ਤੇ ਅਮਰਨਾਥ ਸਹਾਇਕ ਹਦਾਇਤਕਾਰ ਸਨ। ਤਲਵਾਰ ਪ੍ਰੋਡਕਸ਼ਨਜ਼ ਦੀ ਐੱਚ.ਐੱਸ. ਰਵੇਲ ਨਿਰਦੇਸ਼ਤ ਫਿਲਮ 'ਸ਼ੁਕਰੀਆ' (1944) 'ਚ ਅਦਾਕਾਰਾ ਰਮੋਲਾ ਤੇ ਸੁੰਦਰ ਸਿੰਘ ਨੇ ਮਰਕਜ਼ੀ ਕਿਰਦਾਰ ਨਿਭਾਏ। ਫਿਲਮ 'ਜ਼ਿਦ' (1945) ਵਿਚ ਐੱਚ.ਐੱਸ. ਰਵੇਲ ਦੀ ਹਦਾਇਤਕਾਰੀ ਵਿਚ ਅਦਾਕਾਰਾ ਰਮੋਲਾ, ਸੁੰਦਰ ਸਿੰਘ, ਹੀਰਾ ਲਾਲ, ਜ਼ਹੂਰ ਸ਼ਾਹ, ਬਾਲ ਕ੍ਰਿਸ਼ਨ, ਅਜੀਤ, ਰਮੇਸ਼ ਸਿਨਹਾ ਨੇ ਅਦਾਕਾਰੀ ਕੀਤੀ। ਫਿਲਮ 'ਝੂਠੀ ਕਸਮੇਂ' (1948) ਵਿਚ ਐੱਚ.ਐੱਸ. ਰਵੇਲ ਦੀ ਹਦਾਇਤਕਾਰੀ 'ਚ ਅਦਾਕਾਰਾ ਰਮੋਲਾ, ਰੌਬਿਨ ਮਜੂਮਦਾਰ, ਹੀਰਾਲਾਲ, ਰੂਪਲੇਖਾ (ਭੈਣ ਰਮੋਲਾ), ਸੁੰਦਰ ਸਿੰਘ, ਰਿਝਕੂ, ਪ੍ਰੇਮ ਕੁਮਾਰੀ, ਮਨੋਰਮਾ, ਇਫਤੇਖਾਰ ਨੇ ਕੰਮ ਕੀਤਾ। 'ਦੋ ਬਾਤੇਂ' (1949) 'ਚ ਐੱਚ.ਐੱਸ. ਰਵੇਲ ਦੀ ਹਦਾਇਤ ਵਿਚ ਰਮੋਲਾ, ਐੱਸ.ਡੀ. ਨਾਰੰਗ, ਹੀਰਾ ਲਾਲ, ਸੁੰਦਰ ਸਿੰਘ, ਰਿਝਕੂ ਆਦਿ ਨੇ ਸ਼ਾਨਦਾਰ ਅਦਾਕਾਰੀ ਦੀ ਨੁਮਾਇਸ਼ ਕੀਤੀ। ਜਦੋਂ ਭਗਵਾਨਦਾਸ ਵਰਮਾ ਨੇ ਫਿਲਮ 'ਪਤੰਗਾ' (1949) ਬਣਾਈ ਤਾਂ ਇਸ ਦੀ ਹਦਾਇਤਕਾਰੀ ਦੀ ਜ਼ਿੰਮੇਵਾਰੀ ਵੀ ਐੱਚ.ਐੱਸ. ਰਵੇਲ ਨੂੰ ਸੌਂਪੀ। ਇਸ ਫਿਲਮ ਦੇ ਗੀਤ 'ਮੇਰੇ ਪੀਆ ਗਏ ਰੰਗੂਨ' ਤੇ 'ਓ ਦਿਲ ਵਾਲੋ ਦਿਲ ਕਾ ਲਗਾਨਾ ਅੱਛਾ ਹੈ ਪਰ ਕਬੀ ਕਬੀ' (ਸ਼ਮਸ਼ਾਦ, ਚਿਤਲਕਰ), 'ਬੋਲੋ ਜੀ ਦਿਲ ਲੋਗੇ ਤੋ ਕਯਾ ਕਯਾ ਦੋਗੇ' (ਸ਼ਮਸ਼ਾਦ, ਰਫੀ) ਆਦਿ ਨੇ ਹੱਦ ਦਰਜਾ ਮਕਬੂਲੀਅਤ ਹਾਸਲ ਕੀਤੀ। ਇਸ ਫਿਲਮ ਦੀ ਜ਼ਬਰਦਸਤ ਕਾਮਯਾਬੀ ਤੋਂ ਬਾਅਦ ਉਨ੍ਹਾਂ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ।



ਐੱਚ.ਐੱਸ. ਰਵੇਲ ਨਿਰਦੇਸ਼ਤ ਫਿਲਮ 'ਸਗਾਈ' (1951) 'ਚ ਪ੍ਰੇਮ ਨਾਥ ਨੇ ਅਤੇ ਰੇਹਾਨਾ ਨੇ ਮਰਕਜ਼ੀ ਕਿਰਦਾਰ ਨਿਭਾਇਆ। 'ਸਾਕੀ' (1952) ਵਿਚ ਐੱਚ.ਐੱਸ. ਰਵੇਲ ਦੀ ਹਦਾਇਤਕਾਰੀ 'ਚ ਅਦਾਕਾਰ ਪ੍ਰੇਮ ਨਾਥ ਅਤੇ ਮਧੂਬਾਲਾ ਨੇ ਅਦਾਕਾਰੀ ਕੀਤੀ। ਫਿਲਮ 'ਲਹਿਰੇਂ' (1953) 'ਚ ਐੱਚ.ਐੱਸ. ਰਵੇਲ ਨੇ ਆਪਣੀ ਹਦਾਇਤਕਾਰੀ ਵਿਚ ਸ਼ਿਆਮਾ, ਕਿਸ਼ੋਰ ਕੁਮਾਰ, ਓਮ ਪ੍ਰਕਾਸ਼, ਸੁੰਦਰ, ਖਰੈਤੀ ਭੈਂਗਾ ਆਦਿ ਤੋਂ ਅਦਾਕਾਰੀ ਕਰਵਾਈ। ਫਿਲਮ 'ਸ਼ਗੂਫਾ' (1953) ਦੀ ਹਦਾਇਤਕਾਰੀ ਵੀ ਐੱਚ.ਐੱਸ. ਰਵੇਲ ਨੇ ਕੀਤੀ। ਇਸ ਫਿਲਮ ਵਿਚ ਮੁੱਖ ਭੂਮਿਕਾ ਪ੍ਰੇਮ ਨਾਥ ਤੇ ਬੀਨਾ ਰਾਏ ਦੀ ਸੀ। ਫਿਲਮ 'ਮਸਤਾਨਾ' (1954) 'ਚ ਮੋਤੀ ਲਾਲ, ਨਿਗਾਰ ਸੁਲਤਾਨਾ, ਕੁਲਦੀਪ ਕੌਰ ਦੇ ਨਾਲ ਮਹਿਮਾਨ ਅਦਾਕਾਰਾਂ ਵਜੋਂ ਰਣਧੀਰ, ਓਮ ਪ੍ਰਕਾਸ਼, ਯਸ਼ੋਧਰਾ ਕਟਜੂ ਆਦਿ ਸਨ। ਐੱਚ.ਐੱਸ. ਰਵੇਲ ਨਿਰਦੇਸ਼ਿਤ ਫਿਲਮ 'ਤੀਰਅੰਦਾਜ਼' (1955) 'ਚ ਮਧੂਬਾਲਾ ਅਤੇ ਅਜੀਤ ਮੁੱਖ ਭੂਮਿਕਾ ਵਿਚ ਤੇ ਹੋਰ ਫਨਕਾਰਾਂ ਵਿਚ ਕੁਲਦੀਪ ਕੌਰ, ਜੈਰਾਜ, ਗੋਪ, ਸੁੰਦਰ, ਰਣਧੀਰ ਸਨ। ਫਿਲਮ 'ਪਾਕੇਟਮਾਰ' (1956) 'ਚ ਗੀਤਾ ਬਾਲੀ ਅਤੇ ਦੇਵ ਆਨੰਦ ਨੇ ਉਨ੍ਹਾਂ ਦੀ ਹਦਾਇਤਕਾਰੀ ਵਿਚ ਕੰਮ ਕੀਤਾ।

ਐੱਚ.ਐੱਸ. ਰਵੇਲ ਨੇ ਆਪਣੇ ਪੁੱਤਰ ਰਾਹੁਲ ਦੇ ਨਾਮ 'ਤੇ ਤਾਮੀਰ ਕੀਤੇ ਰਾਹੁਲ ਥੀਏਟਰ (ਇੰਡੀਆ) ਦੇ ਬੈਨਰ ਹੇਠ 4 ਫਿਲਮਾਂ ਬਣਾਈਆਂ। ਪਹਿਲੀ ਫਿਲਮ ਆਪਣੀ ਹਦਾਇਤਕਾਰੀ ਵਿਚ 'ਰੂਪ ਕੀ ਰਾਨੀ ਚੋਰੋਂ ਕਾ ਰਾਜਾ' (1961), ਦੂਜੀ ਫਿਲਮ 'ਮੇਰੇ ਮਹਿਬੂਬ' (1963) ਜਿਸ ਦਾ ਉਨ੍ਹਾਂ ਨੇ ਮੰਜ਼ਰਨਾਮਾ (ਨਾਲ ਵਿਨੋਦ ਕੁਮਾਰ) ਵੀ ਲਿਖਿਆ। ਇਹ ਫਿਲਮ ਸੁਪਰਹਿੱਟ ਰਹੀ। ਤੀਜੀ ਫਿਲਮ 'ਸੰਘਰਸ਼' (1968) ਜਿਸ ਵਿਚ ਦਲੀਪ ਕੁਮਾਰ ਤੇ ਵੈਜੰਤੀ ਮਾਲਾ ਨੇ ਮੁੱਖ ਕਿਰਦਾਰ ਨਿਭਾਏ ਤੇ ਇਹ ਫਿਲਮ ਵੀ ਕਾਮਯਾਬ ਰਹੀ। ਚੌਥੀ ਫਿਲਮ 'ਮਹਿਬੂਬ ਕੀ ਮਹਿੰਦੀ' (1971) ਜਿਸ ਵਿਚ ਰਾਜੇਸ਼ ਖੰਨਾ ਅਤੇ ਲੀਨਾ ਚੰਦਰਾਵਰਕਰ ਸਨ, ਵੀ ਖੂਬ ਰਹੀ। ਲਕਸ਼ਮੀਕਾਂਤ-ਪਿਆਰੇ ਲਾਲ ਦੇ ਸੰਗੀਤ 'ਚ ਆਨੰਦ ਬਖਸ਼ੀ ਦੇ ਲਿਖੇ 'ਇਤਨਾ ਤੋ ਯਾਦ ਹੈ ਮੁਝੇ ਕਿ ਉਨਸੇ ਮੁਲਾਕਾਤ ਹੂਈ' (ਮੁਹੰਮਦ ਰਫੀ, ਲਤਾ ਮੰਗੇਸ਼ਕਰ), 'ਜਾਨੇ ਕਿਓਂ ਲੋਗ ਮੁਹੱਬਤ ਕੀਆ ਕਰਤੇ ਹੈਂ' ਤੇ 'ਯੇ ਜੋ ਚਿਲਮਨ ਹੈ ਦੁਸ਼ਮਨ ਹੈ ਹਮਾਰੀ' (ਮੁਹੰਮਦ ਰਫੀ) ਗੀਤਾਂ ਨੇ ਬੇਪਨਾਹ ਮਕਬੂਲੀਅਤ ਹਾਸਲ ਕੀਤੀ।

ਐੱਚ.ਐੱਸ. ਰਵੇਲ ਨੇ ਫਿਲਮ 'ਸ਼ਰਾਰਤ' (1959) ਅਤੇ 'ਕਾਂਚ ਕੀ ਗੁੜੀਆ' (1961) ਦਾ ਨਿਰਮਾਣ ਕੀਤਾ। ਫਿਲਮ 'ਲੈਲਾ ਮਜਨੂੰ' (1976) 'ਚ ਰਿਸ਼ੀ ਕਪੂਰ ਅਤੇ ਰਣਜੀਤਾ ਨੇ 'ਲੈਲਾ' ਦਾ ਪਾਰਟ ਸੀ। ਇਹ ਫਿਲਮ ਵੀ ਹਿੱਟ ਕਰਾਰ ਪਾਈ। ਐੱਚ.ਐੱਸ. ਰਵੇਲ ਦੀ ਹਦਾਇਤਕਾਰੀ 'ਚ ਰਿਲੀਜ਼ ਹੋਈ ਆਖਰੀ ਹਿੰਦੀ ਫਿਲਮ 'ਦੀਦਾਰ-ਏ-ਯਾਰ' (1982) ਸੀ। ਫਿਲਮ 'ਚ ਜਤਿੰਦਰ, ਰਿਸ਼ੀ ਕਪੂਰ, ਰੇਖਾ, ਟੀਨਾ ਮੁਨੀਮ ਨੇ ਕਿਰਦਾਰ ਅਦਾ ਕੀਤੇ। ਕਹਾਣੀ ਰਾਹੁਲ ਰਵੇਲ ਤੇ ਮੰਜ਼ਰਨਾਮਾ ਰੂਹੀ ਰਵੇਲ ਨੇ ਤਹਿਰੀਰ ਕੀਤਾ ਪਰ ਇਹ ਫਿਲਮ ਨਾਕਾਮ ਸਾਬਤ ਹੋਈ। ਇਸ ਤੋਂ ਬਾਅਦ ਰਵੇਲ ਨੇ ਫਿਲਮਾਂ ਤੋਂ ਮੁਕੰਮਲ ਕਿਨਾਰਾ ਕਰ ਲਿਆ।

ਭਾਰਤੀ ਫਿਲਮਾਂ ਦੇ ਪੰਜਾਬੀ ਫਿਲਮਸਾਜ਼ ਐੱਚ.ਐੱਸ. ਰਵੇਲ 17 ਸਤੰਬਰ 2004 ਨੂੰ 83 ਸਾਲਾਂ ਦੀ ਉਮਰ ਵਿਚ ਮੁੰਬਈ ਵਿਚ ਫੌਤ ਹੋ ਗਏ। ਇਨ੍ਹਾਂ ਦਾ ਪੁੱਤਰ ਰਾਹੁਲ ਰਵੇਲ ਵੀ ਭਾਰਤੀ ਫਿਲਮਾਂ ਦਾ ਹਦਾਇਤਕਾਰ ਹੈ ਜਿਸ ਨੇ 'ਲਵ ਸਟੋਰੀ' (1981), 'ਬੇਤਾਬ' (1983), 'ਅਰਜੁਨ' (1985), 'ਡਕੈਤ' (1987) ਵਰਗੀਆਂ ਕਾਮਯਾਬ ਹਿੰਦੀ ਫਿਲਮਾਂ ਦਿੱਤੀਆਂ। ਰਾਹੁਲ ਰਵੇਲ ਨੇ ਆਪਣੀ ਹਦਾਇਤਕਾਰੀ ਵਿਚ ਫਿਲਮ 'ਜੀਵਨ ਏਕ ਸੰਘਰਸ਼' (1990) ਬਣਾ ਕੇ ਆਪਣੇ ਪਿਤਾ ਦੀ ਬਣਾਈ ਸ਼ਾਨਦਾਰ ਫਿਲਮ 'ਸੰਘਰਸ਼' (1968) ਨੂੰ ਸ਼ਰਧਾਂਜਲੀ ਦਿੱਤੀ।

# ਜੱਗੀ: ਮੁੰਡਿਆਂ ਲਈ ਵੀ ਬਹੁਤਾ ਭਲਾ ਨਹੀਂ ਹੈ ਸਮਾਜ

ਦਵੀ ਦਵਿੰਦਰ ਕੌਰ
ਫੋਨ: +91-98760-82982

ਮੁੰਡਿਆਂ ਦੇ ਦਰਦ ਨੂੰ ਬਿਆਨ ਕਰਦੀ ਪੰਜਾਬੀ ਫਿਲਮ 'ਜੱਗੀ' ਨੇ ਇੰਡੀਅਨ ਫਿਲਮ ਫੈਸਟੀਵਲ ਆਫ ਲਾਸ ਏਂਜਲਸ (ਆਈ.ਐੱਫ.ਐੱਫ.ਐੱਲ.ਏ.) ਵਿਚ ਦੋ ਪੁਰਸਕਾਰ ਹਾਸਲ ਕੀਤੇ ਹਨ। ਇੱਕ ਪੁਰਸਕਾਰ ਬੈਸਟ ਡੈਬਿਊ ਫਿਲਮ 'ਉਮਾ ਦਾ ਕੁਨਾਹ' ਹੈ ਜੋ ਫੈਸਟੀਵਲ ਆਰੰਭ ਕਰਨ ਵਾਲੀ ਔਰਤ ਦੇ ਨਾਮ 'ਤੇ ਹੈ। ਇਸ ਫਿਲਮ ਨੂੰ ਦੂਜਾ ਪੁਰਸਕਾਰ ਦਰਸ਼ਕਾਂ ਦੀ ਪਸੰਦੀਦਾ ਬਿਹਤਰੀਨ ਫਿਲਮ ਵਜੋਂ ਮਿਲਿਆ ਹੈ।

ਪੰਜਾਬ ਵਿਚ ਜਿੱਥੇ ਮਰਦਾਨਗੀ ਤੇ ਹਥਿਆਰਾਂ ਦਾ ਮੁਜ਼ਾਹਰਾ ਕਰਦੀਆਂ ਜਾਂ ਫਿਰ ਹੋਛੀ ਕਾਮੇਡੀ ਵਾਲੀਆਂ ਫਿਲਮਾਂ ਬਣਦੀਆਂ ਹਨ, ਉੱਥੇ 'ਜੱਗੀ' ਬੇਹੱਦ ਨਾਜ਼ੁਕ ਪਰ ਅਤਿ ਗੰਭੀਰ ਮਸਲੇ ਦੀ ਬਾਤ ਆਉਂਦੀ ਹੈ। 'ਮਰਦ ਰੋਂਦੇ ਨਹੀਂ', 'ਮਰਦ ਡਰਦੇ ਨਹੀਂ' ਜਿਹੀਆਂ ਧਾਰਨਾਵਾਂ ਵਾਲੇ ਸਮਾਜ ਵਿਚ ਸਕੂਲ ਪੜ੍ਹਦੇ ਗਭਰੇਟ ਉਮਰ ਵੱਲ ਵਧ ਰਹੇ ਲੜਕੇ ਦੀਆਂ ਸਰੀਰਕ ਸਬੰਧਾਂ ਨੂੰ ਲੈ ਕੇ ਕੀ ਸਮੱਸਿਆਵਾਂ ਹੋ ਸਕਦੀਆਂ ਹਨ? ਉਸ ਨਾਲ ਕਿਹੜੀ ਹੋਣੀ ਵਰਤ ਰਹੀ ਹੈ? ਇਹੋ ਜਿਹੇ ਸਵਾਲਾਂ 'ਤੇ ਹੁਣ ਤੱਕ ਪੰਜਾਬੀ ਸਮਾਜ ਚਰਚਾ ਕਰਨੋਂ ਕੰਨੀਂ ਕਤਰਾਉਂਦਾ ਰਿਹਾ ਹੈ। ਪੰਜਾਬੀ ਸਿਨੇਮਾ ਅਜਿਹੇ ਸੰਵੇਦਨਸ਼ੀਲ ਮੁੱਦੇ ਦੇ ਰੂ-ਬ-ਰੂ ਹੀ ਨਹੀਂ ਹੋਣਾ ਚਾਹੁੰਦਾ ਪਰ ਜਿਵੇਂ-ਜਿਵੇਂ ਨਵਾਂ ਪੋਚ ਆ ਰਿਹਾ ਹੈ, ਜਿਨ੍ਹਾਂ ਨੇ ਦੁਨੀਆ ਭਰ ਦੇ ਕਲਾ ਜਗਤ ਨੂੰ ਵਾਚਿਆ ਹੈ ਜਾਂ ਪੇਂਡੂ ਤੇ ਕਸਬਈ ਧਰਾਤਲ 'ਤੇ ਅਜਿਹੇ ਮਸਲੇ ਦੇਖੇ ਸੁਣੇ ਹਨ, ਉਨ੍ਹਾਂ ਵਿਚੋਂ ਕਈਆਂ ਕੋਲ ਇਸ 'ਤੇ ਗੱਲ ਕਰ ਸਕਣ ਦਾ ਜਿਗਰਾ ਅਤੇ ਵੱਲ ਹੈ। ਫਿਲਮ ਨਿਰਦੇਸ਼ਕ ਅਨਮੋਲ ਸਿੱਧੂ ਨੇ 'ਜੱਗੀ' ਰਾਹੀਂ ਮੁੰਡਿਆਂ ਦੇ ਇਸ ਦਰਦ ਨੂੰ ਛੋਹਿਆ ਹੈ। ਅਨਮੋਲ ਸਿੱਧੂ ਨੇ ਪੜ੍ਹਾਈ ਤਾਂ ਬਿਜ਼ਨਸ ਮੈਨੇਜਮੈਂਟ ਦੇ ਖੇਤਰ ਵਿਚ ਕੀਤੀ ਹੈ ਪਰ ਰੰਗਮੰਚ ਤੇ ਸਿਨੇਮਾ ਨੂੰ ਉਸ ਨੇ ਆਪਣਾ ਕਰੀਅਰ ਚੁਣਿਆ ਹੈ।





ਫਿਲਮਸਾਜ਼ ਅਨਮੋਲ ਸਿੱਧੂ ਅਤੇ (ਸੱਜੇ) ਫਿਲਮ 'ਜੱਗੀ' ਦਾ ਇਕ ਦ੍ਰਿਸ਼।

8ਵੀਂ 'ਚ ਪੜ੍ਹਦਾ ਜਗਦੀਪ ਸਿੰਘ ਉਰਫ 'ਜੱਗੀ' ਚੁੱਪ ਕੀਤਾ ਜਿਹਾ ਬੱਚਾ ਹੈ। ਉਮਰ ਦੇ ਲਿਹਾਜ਼ ਨਾਲ ਉਸ ਦੇ ਸਕੂਲ ਦੇ ਮੁੰਡੇ ਅਧਿਆਪਕਾਵਾਂ ਦੇ ਜਿਸਮਾਂ ਅਤੇ ਆਪਣੇ ਬਾਰੇ ਗੁੱਝੇ ਜਿਹੇ ਢੰਗ ਨਾਲ ਗੱਲਾਂ ਕਰਦੇ ਮੁਸਕਰਾਉਂਦੇ, ਹੱਸਦੇ ਹਨ। ਹੌਲੀ-ਹੌਲੀ ਪਤਾ ਲੱਗਦਾ ਹੈ ਕਿ ਚੁੱਪ ਕੀਤਾ ਇਹ ਲੜਕਾ ਸਰੀਰਕ ਪੱਖੋਂ ਬਹੁਤਾ ਸਮਰੱਥ ਨਹੀਂ। ਇੱਥੋਂ ਹੀ ਜੱਗੀ ਦੇ ਦੁੱਖਾਂ 'ਚ ਵਾਧਾ ਸ਼ੁਰੂ ਹੁੰਦਾ ਹੈ। ਆਪਣੀ ਇਸ 'ਤਥਾ ਕਥਿਤ' ਕਮਜ਼ੋਰੀ ਬਾਰੇ ਉਹ ਆਪਣੇ ਦੋਸਤ ਨੂੰ ਦੱਸਦਾ ਹੈ। ਦੋਸਤ ਅੱਗੇ ਸਾਰਿਆਂ ਵਿਚ ਉਸ ਦੀ ਗੱਲ ਫੈਲਾ ਕੇ ਉਸ ਨੂੰ ਸਮਲਿੰਗੀ ਤੇ ਛੱਕਾ ਕਰਾਰ ਦਿੰਦਾ ਹੈ। ਇਸ ਦੇ ਨਾਲ ਹੀ 13-14 ਸਾਲ ਦੇ ਇਸ ਲੜਕੇ ਦਾ ਜਿਨਸੀ ਸ਼ੋਸ਼ਣ ਸ਼ੁਰੂ ਹੋ ਜਾਂਦਾ ਹੈ। ਨੌਵੀਂ ਜਮਾਤ ਵਿਚ ਹਾਰ ਕੇ ਉਹ ਪੜ੍ਹਾਈ ਛੱਡ ਕੇ ਖੇਤੀ ਦੇ ਕੰਮ ਵਿਚ ਰੁੱਝ ਜਾਂਦਾ ਹੈ। ਵੱਡੇ ਹੋਏ ਨੂੰ ਘਰਦੇ ਵਿਆਹ ਲਈ ਮਜਬੂਰ ਕਰਦੇ ਹਨ ਪਰ ਉਸ ਦੀ ਹੋਣੀ ਕੁਝ ਹੋਰ ਸੀ। ਤ੍ਰਿਸਕਾਰ ਝੱਲ ਰਹੇ ਇਸ ਲੜਕੇ ਦੀ ਮਨੋਦਸ਼ਾ ਪ੍ਰਗਟ ਕਰਨ ਲਈ ਨਿਰਦੇਸ਼ਕ ਨੇ ਖੇਤਾਂ ਦੀ ਸੁੰਨ, ਧੁੰਦ ਤੇ ਇਕੱਲ ਨੂੰ ਵਧੀਆ ਢੰਗ ਨਾਲ ਵਰਤਿਆ ਹੈ।

ਅਨਮੋਲ ਸਿੱਧੂ ਦਾ ਕਹਿਣਾ ਹੈ ਕਿ ਪੰਜਾਬ ਦਾ ਆਮ ਸਿਨੇਮਾ ਪੰਜਾਬੀਆਂ ਨੂੰ ਦਰਪੇਸ਼ ਅਸਲ ਸੰਕਟਾਂ ਅਤੇ ਮੁੱਦਿਆਂ ਦੀ ਤਾਂ ਚਰਚਾ ਹੀ ਨਹੀਂ ਕਰਨੀ ਚਾਹੁੰਦਾ। ਉਹਨੂੰ ਗਿਲਾ ਹੈ ਕਿ ਬਲਾਤਕਾਰ ਤੇ (ਭਾਵੇਂ ਔਰਤ ਨਾਲ, ਭਾਵੇਂ ਮਰਦ ਨਾਲ) ਟਰਾਂਸਜੈਂਡਰ ਭਾਈਚਾਰਿਆਂ ਦੇ ਮਸਲਿਆਂ ਬਾਰੇ ਸੰਵਾਦ ਵਰਗਾ ਕੁਝ ਨਹੀਂ ਹੋ ਰਿਹਾ। ਉਹ ਪੰਜਾਬੀ 'ਚ ਲਗਾਤਾਰ ਬਣ ਰਹੀਆਂ ਕਾਮੇਡੀ ਫਿਲਮਾਂ ਬਾਰੇ ਆਖਦਾ ਹੈ ਕਿ ਜੇਕਰ ਕੋਈ ਕੌਮ ਇਹੋ ਜਿਹੀ ਕਾਮੇਡੀ ਵੱਲ ਤੁਰ ਪਵੇ ਤਾਂ ਇਹ ਨਿਰਾਸ਼ਾ ਵਾਲੀ ਗੱਲ ਹੈ। ਉਹ ਕਹਿੰਦਾ ਹੈ ਕਿ ਚੰਗੀ ਫਿਲਮ ਉਹ ਹੈ ਜੋ ਸਾਨੂੰ ਸੋਚਣ ਲਾਵੇ ਪਰ ਪੰਜਾਬੀ ਸਿਨਮਾ ਕੀ ਕਰ ਰਿਹਾ ਹੈ? ਉਹ ਅਜਿਹਾ ਕਰਕੇ ਕੌਮ ਨਾਲ ਧ੍ਰੋਹ ਕਮਾ ਰਹੇ ਹਨ।

ਫਿਲਮ ਲਈ ਇੰਨਾ ਕਠਿਨ ਵਿਸ਼ਾ ਚੁਣਨ ਦੇ ਸਵਾਲ 'ਤੇ ਸਿੱਧੂ ਦੱਸਦਾ ਹੈ ਕਿ ਜਦੋਂ ਉਹ ਸਕੂਲ ਪੜ੍ਹਦਾ ਸੀ ਤਾਂ ਆਲੇ-ਦੁਆਲੇ ਇਹੋ ਜਿਹੇ ਬਹੁਤ ਕਿਰਦਾਰ ਮਿਲਦੇ ਸਨ। ਮੁੰਡਿਆਂ ਦੇ ਸਕੂਲਾਂ ਵਿਚ ਇਹੋ ਜਿਹਾ ਬੜਾ ਕੁਝ ਵਾਪਰਦਾ ਸੀ। ਦੁੱਖ ਇਸ ਗੱਲ ਦਾ ਹੈ ਕਿ ਸਾਡਾ ਸਮਾਜ ਇੰਨਾ ਸਿਆਣਾ ਨਹੀਂ ਹੋ ਰਿਹਾ ਕਿ ਇਸ ਵੇਦਨਾ ਨੂੰ ਸਮਝ ਸਕੇ। ਉਹ ਇਹ ਵੀ ਆਖਦਾ ਹੈ ਕਿ ਸਮਾਜ ਮੁੰਡਿਆਂ ਲਈ ਵੀ ਬਹੁਤਾ ਭਲਾ ਨਹੀਂ ਹੈ। ਫਿਲਮ ਵਿਚ ਨਾਇਕ ਨੂੰ 'ਸਮਲਿੰਗੀ' ਸਮਝ ਲਿਆ ਗਿਆ, ਜਦੋਂਕਿ ਉਹ ਅਸਲ ਵਿਚ ਨਹੀਂ ਸੀ ਤੇ ਜਿਹੜੇ ਲੋਕ ਸਚਮੁੱਚ 'ਸਮਲਿੰਗੀ' ਹਨ, ਉਨ੍ਹਾਂ ਨਾਲ ਕੀ ਬੀਤਦੀ ਹੋਵੇਗੀ? ਅਨਮੋਲ ਅਨੁਸਾਰ ਫਿਲਮ ਦੀ ਕਹਾਣੀ ਆਲੇ-ਦੁਆਲੇ ਵਾਪਰੀਆਂ ਸੱਚੀਆਂ ਘਟਨਾਵਾਂ 'ਤੇ ਆਧਾਰਿਤ ਹੈ। ਅਜਿਹੇ ਵਿਸ਼ੇ 'ਤੇ ਫਿਲਮ ਬਣਾਉਣ ਵਿਚ ਉਸ ਨੂੰ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਕੋਈ ਵੀ ਲੜਕੀ ਫਿਲਮ ਵਿਚ ਭੂਮਿਕਾ ਕਰਨ ਲਈ ਤਿਆਰ ਨਹੀਂ ਸੀ ਹਾਲਾਂਕਿ ਪ੍ਰਤੱਖ ਤੌਰ 'ਤੇ ਫਿਲਮ ਵਿਚ ਅਜਿਹਾ ਕੋਈ ਦ੍ਰਿਸ਼ ਨਹੀਂ। ਉਸ ਦਾ ਮੰਨਣਾ ਹੈ ਕਿ ਅਜਿਹੇ ਵਿਸ਼ੇ ਲੈਣ ਨਾਲ ਸਮਾਜ ਅਜਿਹੇ ਲੋਕਾਂ ਪ੍ਰਤੀ ਸੰਵੇਦਨਸ਼ੀਲ ਹੋਵੇਗਾ। ਆਪਣੇ ਪਿੰਡਾਂ ਵੱਲ ਉਸ ਨੇ ਇਹ ਫਿਲਮ ਆਮ ਲੋਕਾਂ ਨੂੰ ਦਿਖਾਈ। ਫਿਲਮ ਦੇਖਣ ਵਾਲੇ ਜਿਹੜੇ ਵਿਅਕਤੀ ਬੱਚਿਆਂ ਦਾ ਜਿਨਸੀ ਸ਼ੋਸ਼ਣ ਕਰਦੇ ਰਹੇ ਸਨ, ਉਹ ਇਹ ਫਿਲਮ ਦੇਖ ਕੇ ਰੋ ਪਏ।

ਧਰੁਵ ਬਖ਼ਸ਼ੀ ਨਿਰਮਾਤਾ ਹੈ। ਪ੍ਰਦੀਪ ਟੈਨਾ ਇਸ ਫਿਲਮ ਦਾ ਸਿਨੇਮੈਟੋਗ੍ਰਾਫਰ ਤੇ ਸਹਿ ਨਿਰਮਾਤਾ ਹੈ। ਫਿਲਮ ਦੇ ਖਰਚੇ ਘਟਾਉਣ ਲਈ ਫਿਲਮ ਦੀ ਸ਼ੂਟਿੰਗ ਅਨਮੋਲ ਦੇ ਨਾਨਕੇ ਤੇ ਆਪਣੇ ਘਰ ਤੇ ਖੇਤਾਂ ਵਿਚ ਕੀਤੀ ਗਈ। ਫਿਲਮ ਦੇ ਨਾਇਕ ਰਮਨੀਸ਼ ਚੌਧਰੀ ਨੇ ਇਹ ਚੁਣੌਤੀ ਭਰਪੂਰ ਭੂਮਿਕਾ ਬਹੁਤ ਖੂਬ ਕੇ ਨਿਭਾਈ ਹੈ। ਅਜੇ ਇਹ ਫਿਲਮ ਹੋਰ ਕੌਮਾਂਤਰੀ ਮੇਲਿਆਂ ਵਿਚ ਭੇਜੀ ਗਈ ਹੈ।

# Golden State Realty

Real Estate and Loans Under One Roof

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ ’ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 35 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021

## *Call for Listing Special 2022*

## Ph: 510-304-9292 or 408-666-8279



Anmol Singh Gill
REALTOR
Bre. # 02062952



Jaswinder (Jassi) Gill
M.Sc (PAU)
CA BRE# 00966763
Broker/Owner/Notary



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com
for hot listings

## Recent Sales

1. 32320 Jacklynn dr
Union City CA, 94587
2. 3315 Mount Everest dr
San Jose ca 95127
3. 16765 oak view Cir
Morgan hill ca 95037
4. 4732 Zinnia ct
Livermore CA 94551
5. 1977 Westport St
Manteca, CA, 95337
6. 24552, Karina Ct
Hayward,CA,94542
7. 36738 Matiz Cmn
Fremont, CA, 94536
8. 1465 Veteran St
Manteca, CA, 95337
9. 1441 Divine Ln
Tracy, CA, 95376
10. 415 W Cupertino Ave
Mountain House, CA, 95391
11. 36401 Bridgepointe Dr
Newark, CA, 94560
12. 27490 Mangrove rd
Hayward CA 94544
13. 5177 Roycroft Way
Fremont, CA, 94538
14. 2447 Remy Cantos Dr
Tracy, CA, 95376

**Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.**

## Purchase Loan and Refinance

15 & 30 Yr Fixed Rates Are Still Better!!! Refinance Now At Zero Cost

Call Sukhveer (Sukhi) Gill Ph: 510-207-9067
DHMS, Loan Broker

CA BRE Lic.#01180969
NMLS# 352095